Start CDL TRAINING
Become Professional Truck Driver
www.cdlstart.com
startcdl@gmail.com
(844) 227-2162
We speak Hindi and English
START CDL TRAINING

Singh Auto Group
3983 ST RD 38E
Lafayette, IN 47905
Ph: 765-607-1300
www.singhautosgroup.com

University Motors
3312 Klondike Rd, West Lafayette, IN 47906
Ph: 765-497-1100
ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:
Jaspal S. Ghotra: 765-337-5151

ੴ
Regal Jewels
2025 W. Devon Ave. Chicago
22kt Gold, & Diamonds
Best Jewelry Selection in the Midwest
SEE HOW YOU CAN SECURE YOUR FUTURE.
ਕਿਸ ਦਾ ਇੰਤਜ਼ਾਰ ਕਰ ਰਹੇ ਹੁਣ
24KT GOLD
ਦੁਨੀਆ ਦੀ ਸਭ ਤੋਂ ਫਾਇਦੇਮੰਦ ਇਨਵੈਸਟਮੈਂਟ
TALK TO OUR GOLD SPECIALIST
Rajveer Singh Gill
847-907-1525
www.RegalJewels.com
ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣੇ ਸਟੋਰ

Twenty-Third Year of Publication
ਨਿਊ ਯਾਰਕ ਐਡੀਸ਼ਨ Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 23, Issue 24, June 11, 2022 20451 N. Plum Grove Rd., Palatine, IL 60074 Ph:847-359-0746, Fax:847-705-9388

# ਆਪਣੇ ਹੀ ਏਜੰਡੇ ’ਚ ਉਲਝੀ ਭਾਜਪਾ

## ਇਸਲਾਮੀ ਮੁਲਕਾਂ ਦੇ ਰੋਹ ਨੇ ਭਗਵਾ ਧਿਰ ਦੇ ਪੈਰਾਂ ਹੇਠੋਂ ਜ਼ਮੀਨ ਖਿਸਕਾਈ

**ਨਵੀਂ ਦਿੱਲੀ:** ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਬਾਰੇ ਮਾੜੀਆਂ ਟਿੱਪਣੀਆਂ ਤੇ ਜੰਮੂ ਕਸ਼ਮੀਰ ਵਿਚ ਕਸ਼ਮੀਰੀ ਪੰਡਿਤਾਂ ਦੀ ਵੱਡੇ ਪੱਧਰ ਉਤੇ ਹਿਜਰਤ ਨੇ ਕੇਂਦਰ ਵਿਚ ਸੱਤਾਧਾਰੀ ਭਾਜਪਾ ਨੂੰ ਪੈਰੋਂ ਕੱਢ ਦਿੱਤਾ ਹੈ। ਭਾਵੇਂ ਚੁਫੇਰਿਓਂ ਘਿਰੀ ਭਾਜਪਾ ਨੇ ਆਪਣੀ ਰਾਸ਼ਟਰੀ ਤਰਜਮਾਨ ਨੂਪੁਰ ਸ਼ਰਮਾ ਦੀ ਮੁਅੱਤਲੀ ਅਤੇ ਦਿੱਲੀ ਦੇ ਮੀਡੀਆ ਇੰਚਾਰਜ ਦੀ ਬਰਖ਼ਾਸਤਗੀ ਨਾਲ ਇਸ ਵਿਵਾਦ ਵਿਚੋਂ ਨਿਕਲਣ ਦੀ ਕੋਸ਼ਿਸ਼ ਕੀਤੀ ਪਰ ਇਸ ਦੇ ਬਾਵਜੂਦ ਪਾਰਟੀ ਦਾ ਸੰਕਟ ਘਟ ਨਹੀਂ ਰਿਹਾ। ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਬਾਰੇ ਇਕ ਟੀਵੀ ਬਹਿਸ ਸਮੇਂ ਕੀਤੀ ਬਿਆਨਬਾਜ਼ੀ ਨੇ ਇਸਲਾਮੀ ਦੇਸ਼ਾਂ ਵਿਚ ਵਿਆਪਕ ਰੋਸ ਪੈਦਾ ਕਰ ਦਿੱਤਾ ਹੈ। 57 ਦੇਸ਼ਾਂ ਦੀ ਸੰਸਥਾ ਆਰਗੇਨਾਈਜੇਸ਼ਨ ਆਫ ਇਸਲਾਮਿਕ ਕੋਆਪਰੇਸ਼ਨ ਨੇ ਸੰਯੁਕਤ ਰਾਸ਼ਟਰ ਸੰਘ ਨੂੰ ਇਸ ਮਾਮਲੇ ਵਿਚ ਦਖਲ ਦੇਣ ਲਈ ਕਿਹਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਮਾਮਲੇ ਵਿਚ ਪ੍ਰਧਾਨ ਮੰਤਰੀ ਤੱਕ ਨੂੰ ਮੁਆਫੀ ਮੰਗਣੀ ਚਾਹੀਦੀ ਹੈ।

ਇਨ੍ਹਾਂ ਟਿੱਪਣੀਆਂ ਦਾ ਅਸਰ ਉਪ ਰਾਸ਼ਟਰਪਤੀ ਐੱਮ ਵੈਂਕਈਆ ਨਾਇਡੂ ਦੇ ਕਤਰ ਦੌਰੇ ’ਤੇ ਵੀ ਪਿਆ। ਆਰਥਿਕ ਤੇ ਸੁਰੱਖਿਆ ਮਾਮਲਿਆਂ ਬਾਰੇ ਡਿਪਟੀ ਅਮੀਰ ਸ਼ੇਖ ਅਬਦੁੱਲਾ ਬਿਨ ਅਹਿਮਦ ਅਲ ਥਾਨੀ ਨੇ ਅਚਾਨਕ ਹੀ ਉਨ੍ਹਾਂ ਨਾਲ ਹੋਣ ਵਾਲੀ ਮੀਟਿੰਗ ਰੱਦ ਕਰ ਦਿੱਤੀ। ਅਮੀਰ ਨੇ ਉਪ ਰਾਸ਼ਟਰਪਤੀ ਦੇ ਸਨਮਾਨ ’ਚ ਰਾਤਰੀ ਭੋਜ ਦੇਣਾ ਸੀ। ਉਧਰ, ਕੁਵੈਤ ਦੀ ਇਕ ਸੁਪਰ ਮਾਰਕੀਟ ਨੇ ਭਾਰਤੀ ਉਤਪਾਦਾਂ ਨੂੰ ਆਪਣੀਆਂ ਅਲਮਾਰੀਆਂ ’ਚੋਂ ਬਾਹਰ ਕਰ ਦਿੱਤਾ ਹੈ।

ਸਾਊਦੀ ਅਰਬ, ਇੰਡੋਨੇਸ਼ੀਆ, ਜਾਰਡਨ, ਬਹਿਰੀਨ ਅਤੇ ਅਫ਼ਗਾਨਿਸਤਾਨ ਨੇ ਅਰਬ ਮੁਲਕਾਂ ਦੇ ਰੋਸ ’ਚ ਸ਼ਾਮਲ ਹੁੰਦਿਆਂ ਵਿਵਾਦਤ ਬਿਆਨਾਂ ਦੀ ਨਿਖੇਧੀ ਕਰਦਿਆਂ ਭਾਰਤ ਨੂੰ ਸਾਰੇ ਧਰਮਾਂ ਦਾ ਆਦਰ ਕਰਨ ’ਤੇ ਜ਼ੋਰ ਦਿੱਤਾ ਤੇ ਸਰਕਾਰ ਤੋਂ ਮੰਗ ਕੀਤੀ ਕਿ ਉਹ ਜਨਤਕ ਤੌਰ ’ਤੇ ਮੁਆਫੀ ਮੰਗੇ। ਇਸ ਤੋਂ ਪਹਿਲਾਂ ਕਤਰ, ਕੁਵੈਤ ਅਤੇ ਇਰਾਨ ਨੇ ਭਾਰਤੀ ਸਫੀਰਾਂ ਨੂੰ ਸੱਦ ਕੇ ਆਪਣਾ




ਰੋਸ ਜਤਾਇਆ ਸੀ। ਇਸ ਦਬਾਅ ਦੇ ਚੱਲਦਿਆਂ ਭਾਜਪਾ ਨੇ ਇਕ ਹੋਰ ਐਡਵਾਈਜ਼ਰੀ ਜਾਰੀ ਕਰਦਿਆਂ ਕਿਹਾ ਹੈ ਕਿ ਕੋਈ ਵੀ ਬੁਲਾਰਾ ਆਪਣੇ ਆਪ ਕਿਸੇ ਟੀ.ਵੀ. ਸ਼ੋਅ ਵਿਚ ਨਹੀਂ ਜਾਵੇਗਾ; ਇਸ ਦੀ ਮੀਡੀਆ ਸੈੱਲ ਤੋਂ ਅਧਿਕਾਰਤ ਮਨਜ਼ੂਰੀ ਲੈਣੀ ਜ਼ਰੂਰੀ ਹੈ। ਪਤਾ ਲੱਗਾ ਹੈ ਕਿ ਭਾਜਪਾ ਨੇ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰਨ ਵਾਲੇ ਆਪਣੇ 38 ਆਗੂਆਂ ਦੀ ਪਛਾਣ ਕਰ ਲਈ ਹੈ। ਭਾਜਪਾ ਨੇ ਇਨ੍ਹਾਂ ਵਿਚੋਂ 27 ਚੁਣੇ ਹੋਏ ਆਗੂਆਂ ਨੂੰ ਅਜਿਹੇ ਬਿਆਨ ਦੇਣ ਤੋਂ ਬਚਣ ਦੀ ਹਦਾਇਤ ਕੀਤੀ ਹੈ। ਨੂਪੁਰ ਸ਼ਰਮਾ ਤੇ ਨਵੀਨ ਕੁਮਾਰ ਜਿੰਦਲ ਖਿਲਾਫ ਕਾਰਵਾਈ ਤੋਂ ਬਾਅਦ ਭਾਜਪਾ ਨੇ ਪਿਛਲੇ ਅੱਠ ਸਾਲਾਂ ਦੌਰਾਨ ਆਪਣੇ ਆਗੂਆਂ ਵੱਲੋਂ ਦਿੱਤੇ ਬਿਆਨਾਂ ਨੂੰ ਆਈ.ਟੀ. ਮਾਹਿਰਾਂ ਦੀ ਮਦਦ ਨਾਲ ਘੋਖਿਆ ਹੈ। ਇਨ੍ਹਾਂ ਵਿਚੋਂ 5200 ਦੇ ਕਰੀਬ ਬਿਆਨ ਗੈਰ-ਜ਼ਰੂਰੀ ਤੇ 2700 ਬਿਆਨ ਸੰਵੇਦਨਸ਼ੀਲ ਮੰਨੇ ਹਨ। 38 ਆਗੂਆਂ ਦੇ ਬਿਆਨ ਧਾਰਮਿਕ ਰਵਾਇਤਾਂ ਨੂੰ ਸੱਟ ਮਾਰਨ ਦੀ ਸ਼੍ਰੇਣੀ ਵਿਚ ਸ਼ਾਮਲ ਦੱਸੇ ਜਾਂਦੇ ਹਨ।

ਭਾਵੇਂ ਭਾਜਪਾ ਇਸ ਵਿਵਾਦ ਵਿਚੋਂ ਨਿਕਲਣ ਲਈ ਹਰ ਹਰਬਾ ਵਰਤ ਰਹੀ ਹੈ ਪਰ ਇਸ ਦੇ ਬਾਵਜੂਦ ਮਾਮਲਾ ਭਗਵਾ ਧਿਰ ਦੇ ਗਲੇ ਦੀ ਹੱਡੀ ਬਣ ਗਿਆ ਹੈ। ਹਜ਼ਰਤ ਮੁਹੰਮਦ ਉਤੇ ਕੀਤੀਆਂ ਇਤਰਾਜ਼ਯੋਗ ਟਿੱਪਣੀਆਂ ਕਾਰਨ ਉਠੇ ਵਿਵਾਦ ਉਤੇ ਨਾਰਾਜ਼ਗੀ ਪ੍ਰਗਟਾਉਣ ਵਾਲੇ ਦੇਸ਼ਾਂ ਦੀ ਸੂਚੀ ਲੰਮੀ ਹੋ ਰਹੀ ਹੈ। ਇਸ ਸੂਚੀ ਵਿਚ ਪਾਕਿਸਤਾਨ, ਅਫ਼ਗਾਨਿਸਤਾਨ, ਕਤਰ, ਕੁਵੈਤ, ਈਰਾਨ, ਓਮਾਨ, ਸਾਊਦੀ ਅਰਬ, ਇੰਡੋਨੇਸ਼ੀਆ, ਜੌਰਡਨ ਅਤੇ 57 ਇਸਲਾਮਿਕ ਦੇਸ਼ਾਂ ਦੇ ਸੰਗਠਨ ਓ.ਆਈ.ਸੀ. ਦਾ ਨਾਂ ਸ਼ਾਮਲ ਹੈ। ਵਿਰੋਧ ਦਾ ਸੇਕ ਝੱਲ ਰਹੀ ਸਰਕਾਰ ਵੱਲੋਂ ਦਿੱਤੇ ਅਧਿਕਾਰਤ ਬਿਆਨ ਵਿਚ ਭਾਵੇਂ ਦੋਵਾਂ ਆਗੂਆਂ ਨੂੰ ਬਦਅਮਨੀ ਫੈਲਾਉਣ ਵਾਲੇ ਅਨਸਰ ਕਹਿ ਕੇ ਉਨ੍ਹਾਂ ਦੇ ਬਿਆਨ ਤੋਂ ਕਿਨਾਰਾ ਕੀਤਾ ਗਿਆ ਹੈ ਪਰ ਇਨ੍ਹਾਂ ਮੁਲਕਾਂ ਵੱਲੋਂ ਭਾਰਤੀ ਰਾਜਦੂਤਾਂ ਨੂੰ ਤਲਬ ਕਰਕੇ ਰੋਸ ਪ੍ਰਗਟਾਇਆ ਗਿਆ। ਬਾਹਰਲੇ ਮੁਲਕਾਂ ਤੋਂ ਜਤਾਏ ਜਾ ਰਹੇ ਵਿਰੋਧ ਤੋਂ ਇਲਾਵਾ ਦੇਸ਼ ਵਿਚ

(ਬਾਕੀ ਸਫਾ 6 ‘ਤੇ)

## ਕਸ਼ਮੀਰੀ ਪੰਡਿਤਾਂ ਤੇ ਡੋਗਰਾ ਮੁਲਾਜ਼ਮਾਂ ਦਾ ਪ੍ਰਦਰਸ਼ਨ ਜਾਰੀ

**ਜੰਮੂ:** ਕਸ਼ਮੀਰ ਵਿਚ ਤਾਇਨਾਤ ਸਰਕਾਰੀ ਮੁਲਾਜ਼ਮਾਂ ਦੇ ਤਬਾਦਲਿਆਂ ਦੀ ਮੰਗ ਨੂੰ ਲੈ ਕੇ ਡੋਗਰਾ ਅਤੇ ਕਸ਼ਮੀਰੀ ਪੰਡਿਤਾਂ ਨੇ ਆਪਣਾ ਰੋਸ ਪ੍ਰਦਰਸ਼ਨ ਜਾਰੀ ਰੱਖਿਆ। ਟਾਰਗੈੱਟ ਕਿਲਿੰਗਜ਼ ਦੇ ਹਵਾਲੇ ਇਹ ਭਾਈਚਾਰੇ ਕਸ਼ਮੀਰ ਤੋਂ ਬਾਹਰ ਤਬਾਦਲਿਆਂ ਦੀ ਮੰਗ ਲਈ ਬਜ਼ਿੱਦ ਹਨ। ਡੋਗਰਾ ਭਾਈਚਾਰੇ ਨਾਲ ਸਬੰਧਤ ਮੁਲਾਜ਼ਮਾਂ ਨੇ ਪਨਾਮਾ ਚੌਕ ਵਿਚ ‘ਆਲ ਜੰਮੂ ਬੇਸਡ ਰਿਜ਼ਰਵਡ ਕੈਟਾਗਰੀਜ਼ ਐਂਪਲਾਈਜ ਐਸੋਸੀਏਸ਼ਨ’ ਦੇ ਬੈਨਰ ਹੇਠ ਧਰਨਾ ਦਿੱਤਾ। ਆਪਣੀ ਕੁਲੀਗ ਤੇ ਮਹਿਲਾ ਅਧਿਆਪਕ ਰਜਨੀ ਬਾਲਾ ਦੀ ਹੱਤਿਆ ਮਗਰੋਂ ਇਹ ਮੁਲਾਜ਼ਮ ਜੰਮੂ ਪਰਤ ਆਏ ਸਨ। ਉਧਰ, ਪਰਵਾਸੀ ਕਸ਼ਮੀਰੀ ਪੰਡਿਤ ਕਾਰਕੁਨਾਂ ਦੇ ਸਮੂਹ ਨੇ ਵੱਖਰੇ ਤੌਰ ’ਤੇ ਪ੍ਰਦਰਸ਼ਨ ਕੀਤਾ।

# ਜਥੇਦਾਰ ਦੇ ਬਿਆਨ ’ਤੇ ਫਿਰ ਵਿਵਾਦ



**ਅੰਮ੍ਰਿਤਸਰ:** ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਾਕਾ ਨੀਲਾ ਤਾਰਾ ਦੇ ਵਰ੍ਹੇਗੰਢ ਸਮਾਗਮ ਮੌਕੇ ਕੌਮ ਦੇ ਨਾਮ ਆਪਣੇ ਸੰਦੇਸ਼ ਵਿਚ ਸਿੱਖ ਨੌਜਵਾਨਾਂ ਨੂੰ ਆਧੁਨਿਕ ਅਥਿਆਰਾਂ ਦੀ ਸਿ

ਖਲਾਈ ਬਾਰੇ ਆਪਣੇ ਬਿਆਨ ਨੂੰ ਮੁੜ ਦੁਹਰਾਇਆ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਨੂੰ ਵਿਰਸੇ ਵਿਚ ਮਿਲੀ ਸਿੱਖ ਸ਼ਸਤਰ ਕਲਾ ਵਿਚ ਵੀ ਨਿਪੁੰਨ ਹੋਣਾ ਬੇਹੱਦ ਜ਼ਰੂਰੀ ਹੈ। ਉਨ੍ਹਾਂ ਸਿੱਖ ਜਥੇਬੰਦੀਆਂ ਤੇ ਸੰਗਤ ਨੂੰ ਹਦਾਇਤ ਕੀਤੀ ਕਿ ਸਿੱਖ ਨੌਜਵਾਨਾਂ ਲਈ ਗਤਕਾ ਅਖਾੜਿਆਂ ਤੇ ਅਕੈਡਮੀਆਂ ਅਤੇ ਆਧੁਨਿਕ ਹਥਿਆਰਾਂ ਦੇ ਅਭਿਆਸ ਲਈ ਸ਼ੂਟਿੰਗ ਰੇਂਜਾਂ ਸਥਾਪਤ ਕੀਤੀਆਂ ਜਾਣ। ਉਨ੍ਹਾਂ ਕਿਹਾ ਕਿ ਅੱਜ ਕੌਮ ਨੂੰ ਧਾਰਮਿਕ, ਸਮਾਜਿਕ, ਆਰਥਿਕ ਤੇ ਰਾਜਨੀਤਕ ਤੌਰ ਉਤੇ ਮਜ਼ਬੂਤ ਹੋਣ ਦੀ ਜ਼ਰੂਰਤ ਹੈ। ਕੁਝ ਦੂਜੇ ਲੋਕ ਲੁਕ-ਛਿਪ ਕੇ ਆਪਣੇ ਲੋਕਾਂ ਨੂੰ ਹਥਿਆਰਾਂ ਦੀ ਸਿਖਲਾਈ ਦੇ ਰਹੇ ਹਨ ਪਰ ਅਸੀਂ ਆਪਣੇ ਨੌਜਵਾਨਾਂ ਨੂੰ ਸ਼ਰੇਆਮ ਸ਼ਸਤਰ ਸਿਖਲਾਈ

(ਬਾਕੀ ਸਫਾ 6 ‘ਤੇ)


M Vivek Malik
Law Office of M Vivek Malik
Toll free no 866-424-4000
ACCOMPLISHED
IMMIGRATION Attorneys
Help FAMILIES
REUNITE in the UNITED STATES
Our Global & Nationwide Services in the field of U.S. Immigration & Nationality law
ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰੋ
Business immigration & worksite compliance
ਬਿਜ਼ਨੈਸ ਇਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇੰਸ
Family & general immigration
ਫੈਮਿਲੀ ਐਂਡ ਜਨਰਲ ਇਮੀਗਰੇਸ਼ਨ
Naturalization & citizenship
ਨੈਚੁਰਲਾਈਜੇਸ਼ਨ ਐਂਡ ਸਿਟੀਜ਼ਨਸ਼ਿਪ
Removal defense & waivers
Our offices
432 S. Emerson Ave, Suite 220, Greenwood, IN 46143
Ph: 317 560 4777
1067 N Mason Rd, Suite 4, St Louis, Missouri 63141
Ph: 314-416-8000
2440 W Shaw Ave, Suite 205, Fresno, California 93711
Ph: 559-578-4344
www.usa.immigrationlaw.com


ਬੌਬੀ ਸਿੰਘ
ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
ਪੰਜਾਬੀ ਭਰਾਵਾਂ ਦੀ ਸੇਵਾ ’ਚ ਹਰ ਪਲ ਹਾਜ਼ਰ
120-20 101 Ave. S. Richmond Hill, New York 11419

Tel.: 317-426-5410
Ext. 2001 & 2403

XPressCargo

100% ਓਨਰ ਆਪਰੇਟਰ ਕੰਪਨੀ

Pay Every Week

Pay Single 60 Cent + Team 70 Cent

100% OWNER OPERATOR COMPANY

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ

ਵੀਕਲੀ ਹੋਮ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com

# ਲਾਰੈਂਸ ਬਿਸ਼ਨੋਈ ਦੇ ਗਰੋਹ ਨੇ ਘੜੀ ਸੀ ਮੂਸੇਵਾਲਾ ਦੀ ਹੱਤਿਆ ਦੀ ਸਾਜ਼ਿਸ਼

**ਚੰਡੀਗੜ੍ਹ:** ਗੈਂਗਸਟਰ ਲਾਰੈਂਸ ਬਿਸ਼ਨੋਈ ਨੇ ਪੰਜਾਬੀ ਗਾਇਕ ਸ਼ੁਭਦੀਪ ਸਿੰਘ ਸਿੱਧੂ ਉਰਫ ਸਿੱਧੂ ਮੂਸੇਵਾਲਾ ਨੂੰ ਮਰਵਾਉਣ ਦੀ ਸਾਜ਼ਿਸ਼ ਕੈਨੇਡਾ ਬੈਠੇ ਗੋਲਡੀ ਬਰਾੜ ਸਣੇ ਉਸ ਦੇ ਗਰੋਹ ਮੈਂਬਰਾਂ ਵੱਲੋਂ ਘੜੇ ਜਾਣ ਦੀ ਗੱਲ ਕਬੂਲੀ ਹੈ। ਬਿਸ਼ਨੋਈ, ਜੋ ਇਸ ਵੇਲੇ ਦਿੱਲੀ ਪੁਲਿਸ ਦੇ ਵਿਸ਼ੇਸ਼ ਸੈੱਲ ਦੀ ਹਿਰਾਸਤ ਵਿਚ ਹੈ, ਮੁਤਾਬਕ ਮੂਸੇਵਾਲਾ ਅਕਾਲੀ ਦਲ ਦੇ ਨੌਜਵਾਨ ਆਗੂ ਵਿਕਰਮਜੀਤ ਸਿੰਘ ਉਰਫ ਵਿੱਕੀ ਮਿੱਡੂਖੇੜਾ ਦੀ ਪਿਛਲੇ ਸਾਲ 7 ਅਗਸਤ ਨੂੰ ਹੋਈ ਹੱਤਿਆ ਵਿਚ ਸ਼ਾਮਲ ਸੀ, ਜੋ ਉਸ ਅਤੇ ਪੰਜਾਬੀ ਗਾਇਕ ਦਰਮਿਆਨ 'ਟਕਰਾਅ' ਦੀ ਵਜ੍ਹਾ ਸੀ।

ਤਫਤੀਸ਼ੀ ਅਧਿਕਾਰੀਆਂ ਨੇ ਕਿਹਾ ਕਿ ਬਿਸ਼ਨੋਈ ਜਾਂਚ ਵਿਚ ਸਹਿਯੋਗ ਦੇਣ ਤੋਂ ਇਨਕਾਰੀ ਹੈ ਅਤੇ ਉਸ ਨੇ ਮੂਸੇਵਾਲਾ ਦੀ ਹੱਤਿਆ ਦੀ ਸਾਜ਼ਿਸ਼ ਘੜਨ ਤੇ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਅਸਲ ਬੰਦਿਆਂ ਦੇ ਨਾਂ ਅਜੇ ਤੱਕ ਨਹੀਂ ਦੱਸੇ। ਗਾਇਕੀ ਤੋਂ ਸਿਆਸਤ ਦੇ ਪਿੜ ਵਿਚ ਨਿੱਤਰੇ ਸਿੱਧੂ ਮੂਸੇਵਾਲਾ ਦੀ ਕੁਝ ਅਣਪਛਾਤੇ ਹਮਲਾਵਰਾਂ ਨੇ 29 ਮਈ ਨੂੰ ਮਾਨਸਾ ਜਿਲ੍ਹੇ ਦੇ ਪਿੰਡ ਜਵਾਹਰਕੇ ਵਿਚ ਹੱਤਿਆ ਕਰ ਦਿੱਤੀ ਸੀ। ਹਮਲੇ ਤੋਂ ਇਕ ਦਿਨ ਪਹਿਲਾਂ ਹੀ ਪੰਜਾਬ ਸਰਕਾਰ ਨੇ ਗਾਇਕ ਦੀ ਸੁਰੱਖਿਆ 'ਚ ਕਟੌਤੀ ਕੀਤੀ ਸੀ।



ਤਿਹਾੜ ਜੇਲ੍ਹ ਵਿਚ ਬੰਦ ਲਾਰੈਂਸ਼ ਬਿਸ਼ਨੋਈ ਤੋਂ ਦਿੱਲੀ ਪੁਲਿਸ ਦਾ ਵਿਸ਼ੇਸ਼ ਸੈੱਲ ਆਰਮਜ ਐਕਟ ਤਹਿਤ ਦਰਜ ਕੇਸ ਵਿਚ ਪੁੱਛਗਿੱਛ ਕਰ ਰਿਹਾ ਹੈ। ਵਿਸ਼ੇਸ਼ ਸੈੱਲ ਨੇ ਬਿਸ਼ਨੋਈ ਨੂੰ ਤਿਹਾੜ ਜੇਲ੍ਹ 'ਚੋਂ ਗ੍ਰਿਫਤਾਰ ਕਰਕੇ ਪੁੱਛਗਿੱਛ ਲਈ ਰਿਮਾਂਡ ਤਹਿਤ ਹਿਰਾਸਤ ਵਿਚ ਲਿਆ ਸੀ। ਪੁਲਿਸ ਅਧਿਕਾਰੀ ਨੇ ਕਿਹਾ, "ਬਿਸ਼ਨੋਈ, ਹੁਣ ਤੱਕ ਜਾਂਚ ਵਿਚ ਸਹਿਯੋਗ ਦੇਣ ਤੋਂ ਇਨਕਾਰੀ ਹੈ, ਪਰ ਪੁੱਛਗਿੱਛ ਦੌਰਾਨ ਉਸ ਨੇ ਮੰਨਿਆ ਹੈ ਕਿ ਉਸ ਦੀ ਮੂਸੇਵਾਲਾ ਨਾਲ ਸ਼ਰੀਕੇਬਾਜ਼ੀ ਸੀ ਤੇ ਇਹ ਦਾਅਵਾ ਵੀ ਕੀਤਾ ਕਿ ਉਹਦੇ ਗਰੋਹ ਮੈਂਬਰਾਂ ਨੇ ਗਾਇਕ ਦੀ ਹੱਤਿਆ ਕੀਤੀ ਹੈ। ਉਸ ਨੇ ਖੁਲਾਸਾ ਕੀਤਾ ਕਿ ਸਿੱਧੂ ਮੂਸੇਵਾਲਾ 'ਤੇ ਹਮਲੇ ਤੇ ਹੱਤਿਆ ਦੀ ਸਾਜ਼ਿਸ਼ ਘੜਨ ਵਾਲੇ ਗਰੋਹ ਮੈਂਬਰਾਂ 'ਚੋਂ ਗੋਲਡੀ ਬਰਾੜ ਇਕ ਸੀ, ਪਰ ਉਸ ਨੇ ਗਾਇਕ ਦੀ ਹੱਤਿਆ ਦੇ ਅਸਲ ਸਾਜ਼ਿਸ਼ਘਾੜਿਆਂ ਤੇ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਹਮਲਾਵਰਾਂ ਦੇ ਨਾਵਾਂ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ।" ਅਧਿਕਾਰੀ ਨੇ ਕਿਹਾ ਕਿ ਬਿਸ਼ਨੋਈ ਨੇ ਮੂਸੇਵਾਲਾ ਦੀ ਹੱਤਿਆ ਪਿਛਲੇ ਅਸਲ ਮੰਤਵ ਬਾਰੇ ਕੁਝ ਨਹੀਂ ਦੱਸਿਆ ਤੇ ਉਹ ਕਤਲ ਬਾਰੇ ਹੋਰ ਤਫ਼ਸੀਲ ਦੇਣ ਤੋਂ ਆਨਾ-ਕਾਨੀ ਕਰ ਰਿਹਾ ਹੈ।" ਬਿਸ਼ਨੋਈ, ਜਿਸ ਖਿਲਾਫ 60 ਦੇ ਕਰੀਬ ਕੇਸ ਦਰਜ ਹਨ, ਨੂੰ ਤਿਹਾੜ ਦੀ 8 ਨੰਬਰ ਕੇਂਦਰੀ ਜੇਲ੍ਹ ਵਿਚ ਰੱਖਿਆ ਗਿਆ ਹੈ।

ਗੈਂਗਸਟਰ ਕਾਲਾ ਜਠੇੜੀ ਤੇ ਉਸ ਦਾ ਸਾਥੀ ਕਾਲਾ ਰਾਣਾ, ਜੋ ਇਕ ਵੱਖਰੇ ਕੇਸ ਵਿਚ ਪੁਲਿਸ ਦੀ ਹਿਰਾਸਤ ਵਿਚ ਹਨ, ਤੋਂ ਵੀ ਮੂਸੇਵਾਲਾ ਕਤਲ ਕੇਸ ਵਿਚ ਪੁੱਛਗਿਛ ਕੀਤੀ ਗਈ ਹੈ। ਸੀਨੀਅਰ ਪੁਲਿਸ ਅਧਿਕਾਰੀ ਨੇ ਕਿਹਾ ਕਿ ਪੁੱਛਗਿੱਛ ਦੌਰਾਨ ਗ੍ਰਿਫਤਾਰ ਕੀਤੇ ਅਪਰਾਧੀਆਂ ਨੇ ਦੱਸਿਆ ਸੀ ਕਿ ਉਨ੍ਹਾਂ ਕੋਲੋਂ ਬਰਾਮਦ ਹਥਿਆਰ ਬਿਸ਼ਨੋਈ ਨੇ ਸਪਲਾਈ ਕੀਤੇ ਸਨ।

## ਲਾਰੈਂਸ ਨੇ ਹਥਿਆਰ ਸਪਲਾਈ ਕਰਨ ਵਾਲਿਆਂ ਦੇ ਨਾਮ ਦੱਸੇ



**ਨਵੀਂ ਦਿੱਲੀ:** ਗੈਂਗਸਟਰ ਲਾਰੈਂਸ ਬਿਸ਼ਨੋਈ ਨੇ ਹਥਿਆਰਾਂ ਦੀ ਸਪਲਾਈ ਕਰਨ ਵਾਲਿਆਂ ਦੇ ਨਾਮ ਅਤੇ ਟਿਕਾਣਿਆਂ ਬਾਰੇ ਖੁਲਾਸਾ ਕੀਤਾ ਹੈ ਜੋ ਪੰਜਾਬ, ਹਰਿਆਣਾ, ਉੱਤਰਾਖੰਡ ਅਤੇ ਰਾਜਸਥਾਨ ਆਧਾਰਿਤ ਹਨ। ਪੁਲਿਸ ਨੂੰ ਸ਼ੱਕ ਹੈ ਕਿ ਹਥਿਆਰ ਸਪਲਾਈ ਕਰਨ ਵਾਲਿਆਂ ਨੇ ਹੀ ਸਿੱਧੂ ਮੂਸੇਵਾਲਾ ਦੇ ਕਾਤਲਾਂ ਦੀ ਸਹਾਇਤਾ ਕੀਤੀ ਹੈ। ਹਥਿਆਰਾਂ ਦੀ ਸਪਲਾਈ ਕਰਨ ਵਾਲਿਆਂ 'ਚ ਫਰੀਦਕੋਟ ਦਾ ਵਸਨੀਕ ਰਣਜੀਤ, ਹਰਿਆਣਾ-ਰਾਜਸਥਾਨ ਸਰਹੱਦ ਨੇੜੇ ਰਹਿੰਦਾ ਵਿਜੈ ਅਤੇ ਰਾਕਾ ਸ਼ਾਮਲ ਹਨ। ਬਿਸ਼ਨੋਈ ਨੇ ਇਹ ਵੀ ਖੁਲਾਸਾ ਕੀਤਾ ਹੈ ਕਿ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਦੀ ਸਾਜ਼ਿਸ਼ ਕੈਨੇਡਾ ਸਥਿਤ ਗੈਂਗਸਟਰ ਗੋਲਡੀ ਬਰਾੜ ਨੇ ਘੜੀ ਸੀ।

# ਸਿੱਧੂ ਮੂਸੇਵਾਲਾ ਕਤਲ ਕੇਸ ਵਿਚ ਅੱਠ ਸ਼ੂਟਰਾਂ ਦੀ ਪਛਾਣ




**ਚੰਡੀਗੜ੍ਹ:** ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਹੱਤਿਆ ਦੇ ਮਾਮਲੇ ਵਿਚ ਪੰਜਾਬ ਪੁਲਿਸ ਨੇ ਅੱਠ ਜਣਿਆਂ ਦੀ ਪਛਾਣ ਕਰ ਲਈ ਹੈ। ਇਹ ਸਾਰੇ ਪੰਜਾਬ, ਹਰਿਆਣਾ, ਰਾਜਸਥਾਨ ਅਤੇ ਮਹਾਰਾਸ਼ਟਰ ਦੇ ਵਾਸੀ ਹਨ ਤੇ ਗੈਂਗਸਟਰ ਲਾਰੈਂਸ ਦੇ ਗੈਂਗ ਨਾਲ ਸਬੰਧਤ ਹਨ। ਪੰਜਾਬ ਪੁਲਿਸ ਨੂੰ ਸੱਕ ਹੈ ਕਿ ਉਨ੍ਹਾਂ ਨੇ ਹੀ 29 ਮਈ ਨੂੰ ਮਾਨਸਾ ਵਿਚ ਪੰਜਾਬੀ ਗਾਇਕ ਦੀ ਹੱਤਿਆ ਕੀਤੀ ਸੀ। ਇਸ ਦੌਰਾਨ ਪੰਜਾਬ ਪੁਲਿਸ ਨੇ ਕੇਕੜਾ ਨਾਂ ਦੇ ਵਿਅਕਤੀ ਨੂੰ ਮਾਨਸਾ ਤੋਂ ਗ੍ਰਿਫਤਾਰ ਕੀਤਾ ਹੈ। ਇਹ ਉਹੀ ਨੌਜਵਾਨ ਸੀ ਜਿਸ ਨੇ ਮੂਸੇਵਾਲਾ ਦਾ ਪ੍ਰਸੰਸਕ ਬਣ ਕੇ ਰੇਕੀ ਕੀਤੀ ਸੀ। ਪੁਲਿਸ ਅਨੁਸਾਰ ਉਸ ਨੇ ਹੀ ਮੂਸੇਵਾਲਾ ਦੀ ਘਰ ਤੋਂ ਜਾਣ ਵੇਲੇ ਵੀ ਸੂਚਨਾ ਸ਼ਾਰਪ ਸ਼ੂਟਰਾਂ ਨੂੰ ਦਿੱਤੀ ਸੀ।

ਉਧਰ, ਸਿੱਧੂ ਮੂਸੇਵਾਲਾ ਦੇ ਕਤਲ ਮਾਮਲੇ ਵਿਚ ਪੱਟੀ ਹਲਕੇ ਦੇ ਇਕ ਨੌਜਵਾਨ ਦਾ ਨਾਮ ਸਾਹਮਣੇ ਆਇਆ ਹੈ। ਸਰਹਾਲੀ ਥਾਣੇ ਅਧੀਨ ਪੈਂਦੇ ਪਿੰਡ ਜੋੜਾ ਦੇ ਜਗਰੂਪ ਸਿੰਘ ਉਰਫ ਰੂਪਾ ਦਾ ਨਾਮ ਸਾਹਮਣੇ ਆਉਣ ਮਗਰੋਂ ਸਥਾਨਕ ਮੀਡੀਆ ਵੱਲੋਂ ਉਸ ਦੇ ਘਰ ਤੱਕ ਪਹੁੰਚ ਕੀਤੀ ਗਈ। ਉਸ ਦੇ ਘਰ ਵਿਚ ਕੋਈ ਪਰਿਵਾਰਕ ਮੈਂਬਰ ਮੌਜੂਦ ਨਹੀਂ ਸੀ ਤੇ ਘਰ ਦੇ ਗੇਟ ਨੂੰ ਬਾਹਰੋਂ ਜਿੰਦਾ ਲੱਗਾ ਹੋਇਆ ਸੀ। ਸਰਹਾਲੀ ਪੁਲਿਸ ਨੇ ਵੀ ਮੂਸੇਵਾਲਾ ਦੇ ਕਤਲ ਮਗਰੋਂ ਪਹਿਲੀ ਵਾਰ ਜਗਰੂਪ ਸਿੰਘ ਦੇ ਘਰ ਪਹੁੰਚ ਕੀਤੀ ਹੈ, ਪਰ ਉਸ ਨੂੰ ਘਰ ਵਿਚ ਕੋਈ ਵਿਅਕਤੀ ਨਹੀਂ ਮਿਲਿਆ। ਪੁਲਿਸ ਸੂਤਰਾਂ ਮੁਤਾਬਕ, ਜਗਰੂਪ ਸਿੰਘ ਖਿਲਾਫ ਵੱਖ ਵੱਖ ਥਾਣਿਆਂ ਅੰਦਰ ਚੋਰੀ, ਲੁੱਟ-ਖੋਹ, ਡਿਕੈਤੀ ਤੇ ਨਾਜਾਇਜ਼ ਅਸਲਾ ਰੱਖਣ ਦੇ ਅੱਧੀ ਦਰਜਨ ਤੋਂ ਵੱਧ ਅਪਰਾਧਿਕ ਕੇਸ ਦਰਜ ਹਨ।

## ਮੂਸੇਵਾਲਾ ਦੇ ਮਾਪਿਆਂ ਵੱਲੋਂ ਸ਼ਾਹ ਨਾਲ ਮੁਲਾਕਾਤ

**ਚੰਡੀਗੜ੍ਹ:** ਮਰਹੂਮ ਪੰਜਾਬੀ ਗਾਇਕ ਸ਼ੁਭਦੀਪ ਸਿੰਘ ਸਿੱਧੂ ਉਰਫ਼ ਸਿੱਧੂ ਮੂਸੇਵਾਲਾ ਦੀ ਮਾਤਾ ਚਰਨ ਕੌਰ ਅਤੇ ਪਿਤਾ ਬਲਕੌਰ ਸਿੰਘ ਨੇ ਇਥੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕਰਕੇ ਆਪਣੇ ਪੁੱਤ ਦੇ ਕਾਤਲਾਂ ਨੂੰ ਕਾਬੂ ਕਰਨ 'ਚ ਮਦਦ ਮੰਗੀ। ਮਹਰੂਮ ਗਾਇਕ ਦੇ ਮਾਪਿਆਂ ਨੇ ਆਪਣੇ ਪੁੱਤ ਦੇ ਕਤਲ ਦੀ ਸਾਰੀ ਘਟਨਾ ਕੇਂਦਰੀ ਗ੍ਰਹਿ ਮੰਤਰੀ ਨਾਲ ਸਾਂਝੀ ਕੀਤੀ ਅਤੇ ਪੁਲਿਸ ਵੱਲੋਂ ਹੁਣ ਤੱਕ ਕੀਤੀ ਗਈ ਕਾਰਵਾਈ 'ਤੇ ਨਾਖੁਸ਼ੀ ਵੀ ਪ੍ਰਗਟਾਈ। ਉਨ੍ਹਾਂ ਆਪਣੇ ਪੁੱਤ ਦੇ ਕਤਲ ਦੀ ਉੱਚ ਪੱਧਰੀ ਜਾਂਚ ਦੀ ਮੰਗ ਕੀਤੀ। ਕੇਂਦਰੀ ਮੰਤਰੀ ਨਾਲ ਗੱਲਬਾਤ ਕਰਦਿਆਂ ਬਲਕੌਰ ਸਿੰਘ ਭਾਵੁਕ ਹੋ ਗਏ।

## ਜਾਂਚ ਸਬੰਧੀ ਬੇਨਤੀ ਹਾਈ ਕੋਰਟ ਵੱਲੋਂ ਖਾਰਜ

**ਚੰਡੀਗੜ੍ਹ:** ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਕੇਸ ਦੀ ਜਾਂਚ ਹਾਈ ਕੋਰਟ ਦੇ ਕਿਸੇ ਮੌਜੂਦਾ ਜੱਜ ਤੋਂ ਕਰਵਾਉਣ ਦੀ ਪੰਜਾਬ ਸਰਕਾਰ ਦੀ ਬੇਨਤੀ ਸਵੀਕਾਰ ਨਹੀਂ ਕੀਤੀ ਗਈ ਹੈ। ਸੂਤਰਾਂ ਨੇ ਦੱਸਿਆ ਕਿ ਅਦਾਲਤ ਪ੍ਰਸ਼ਾਸਨ ਵੱਲੋਂ ਇਸ ਸਬੰਧ 'ਚ ਪੱਤਰ ਰਾਜ ਸਰਕਾਰ ਨੂੰ ਭੇਜਿਆ ਗਿਆ ਹੈ। ਹਾਈ ਕੋਰਟ ਪ੍ਰਸ਼ਾਸਨ ਨੇ ਸਰਕਾਰ ਨੂੰ ਕਿਹਾ ਹੈ ਕਿ ਹਾਈ ਕੋਰਟ ਕੋਲ ਪਹਿਲਾਂ ਹੀ ਜੱਜਾਂ ਦੀ ਘਾਟ ਹੈ ਤੇ ਉਹ ਇਸ ਜਾਂਚ ਲਈ ਕਿਸੇ ਜੱਜ ਦੀ ਨਿਯੁਕਤੀ ਕਰਨ ਤੋਂ ਅਸਮਰੱਥ ਹੈ। ਹਾਈ ਕੋਰਟ 'ਚ 4.50 ਲੱਖ ਕੇਸ ਬਕਾਇਆ ਹਨ।

## ਸਿੱਧੂ ਮੂਸੇਵਾਲੇ ਦੀ ਹੱਤਿਆ ਪਿੱਛੋਂ ਆਪਸ ਵਿਚ ਹੀ ਉਲਝੇ ਗੈਂਗਸਟਰ



**ਚੰਡੀਗੜ੍ਹ:** ਗਾਇਕ ਸਿੱਧੂ ਮੂਸੇਵਾਲੇ ਦੇ ਕਤਲ ਕਾਂਡ ਮਗਰੋਂ ਪੰਜਾਬ ਵਿਚ ਕਈ ਗੈਂਗ ਸਰਗਰਮ ਹੋ ਗਏ ਹਨ ਅਤੇ ਇਕ-ਦੂਜੇ ਨੂੰ ਵੰਗਾਰ ਰਹੇ ਹਨ। ਇਸ ਨਾਲ ਪੰਜਾਬ ਪੁਲਿਸ ਅਤੇ ਸਰਕਾਰ ਦੀ ਸਿਰਦਰਦੀ ਵਧਦੀ ਨਜ਼ਰ ਆ ਰਹੀ ਹੈ। ਸਿੱਧੂ ਮੂਸੇਵਾਲੇ ਦੇ ਕਤਲ ਮਗਰੋਂ ਕਈ ਗੈਂਗ ਮੂਸੇਵਾਲਾ ਦੇ ਹੱਕ ਅਤੇ ਵਿਰੋਧ ਵਿਚ ਖੜ੍ਹੇ ਹੁੰਦੇ ਦਿਖਾਈ ਦੇ ਰਹੇ ਹਨ। ਉਧਰ, ਮਿਲੀ ਸੂਚਨਾ ਅਨੁਸਾਰ ਖੁਦ ਨੂੰ ਗੈਂਗਸਟਰ ਲਾਰੈਂਸ ਬਿਸ਼ਨੋਈ ਦਾ ਭਾਣਜਾ ਦੱਸ ਕੇ ਇਕ ਸ਼ਖਸ ਨੇ ਸਿੱਧੂ ਮੂਸੇਵਾਲਾ ਦੇ ਪੱਖ ਵਿਚ ਖੜ੍ਹੇ ਗੈਂਗਸਟਰਾਂ ਨੂੰ ਸਾਹਮਣੇ ਆ ਕੇ ਲੜਨ ਦੀ ਚੁਣੌਤੀ ਦੇ ਦਿੱਤੀ ਹੈ। ਇਸ ਤੋਂ ਪਹਿਲਾਂ ਦੋ ਗੈਂਗ ਅਜਿਹੇ ਸਾਹਮਣੇ ਆਏ ਸਨ, ਜਿਨ੍ਹਾਂ ਸਿੱਧੂ ਮੂਸੇਵਾਲਾ ਦੇ ਕਤਲ ਦਾ ਬਦਲਾ ਲੈਣ ਦੀ ਗੱਲ ਕਹੀ ਸੀ। ਗੈਂਗਸਟਰ ਭੂਪੀ ਰਾਣਾ ਨੇ ਖੁੱਲ੍ਹ ਕੇ ਮੈਦਾਨ ਵਿਚ ਉਤਰਦੇ ਹੋਏ ਕਿਹਾ ਕਿ ਸਿੱਧੂ ਮੂਸੇਵਾਲਾ ਦੇ ਕਤਲ ਦਾ ਬਦਲਾ ਲੈਣਗੇ। ਇਸ ਦੇ ਨਾਲ ਹੀ ਸਿੱਧੂ ਮੂਸੇਵਾਲਾ ਦੇ ਕਾਤਲਾਂ ਦਾ ਪਤਾ ਦੱਸਣ ਵਾਲੇ ਲਈ ਪੰਜ ਲੱਖ ਦੇ ਇਨਾਮ ਦਾ ਐਲਾਨ ਵੀ ਕੀਤਾ ਗਿਆ ਹੈ।

# 'ਆਪ' ਨੇ ਮੂਸੇਵਾਲਾ ਦੀ ਮੌਤ ਉਤੇ ਵਿਰੋਧੀਆਂ ਨੂੰ ਘੇਰਿਆ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਮੁੱਖ ਬੁਲਾਰੇ ਮਾਲਵਿੰਦਰ ਸਿੰਘ ਕੰਗ ਨੇ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਮੌਤ 'ਤੇ ਸਿਆਸਤ ਕਰਨ ਵਾਲਿਆਂ ਨੂੰ ਘੇਰਿਆ ਹੈ। ਉਨ੍ਹਾਂ ਕਿਹਾ ਕਿ ਗਾਇਕ ਨੇ ਆਪਣੇ ਗੀਤਾਂ ਰਾਹੀਂ ਦੇਸ਼-ਵਿਦੇਸ਼ ਵਿਚ ਪੰਜਾਬੀ ਸੱਭਿਆਚਾਰ ਦਾ ਮਾਣ ਵਧਾਇਆ ਅਤੇ ਛੋਟੀ ਉਮਰ 'ਚ ਵੱਡੀ ਸਫਲਤਾ ਅਤੇ ਸ਼ੋਹਰਤ ਹਾਸਲ ਕੀਤੀ ਸੀ, ਅਜਿਹੀ ਪ੍ਰਸਿੱਧ ਸ਼ਖਸੀਅਤ ਦੀ ਮੌਤ 'ਤੇ ਰਾਜਨੀਤੀ ਕਰਨਾ ਬੇਹੱਦ ਮੰਦਭਾਗਾ ਹੈ।

ਕੰਗ ਨੇ ਸ਼੍ਰੋਮਣੀ ਅਕਾਲੀ ਦਲ, ਭਾਜਪਾ ਅਤੇ ਹੋਰਨਾਂ ਸਿਆਸੀ ਪਾਰਟੀਆਂ ਦੇ ਆਗੂਆਂ ਦੀਆਂ ਪੁਰਾਣੀਆਂ ਵੀਡੀਓ ਪੇਸ਼ ਕੀਤੀਆਂ, ਜਿਸ ਵਿਚ ਇਹ ਸਾਰੇ ਆਗੂ ਸਿੱਧੂ ਮੂਸੇਵਾਲਾ ਨੂੰ ਗੈਂਗਸਟਰ ਦੱਸ ਰਹੇ ਹਨ। 'ਆਪ' ਆਗੂ ਨੇ ਕਿਹਾ ਕਿ 'ਆਪ' ਗੈਂਗਸਟਰਾਂ ਨੂੰ ਜੜ੍ਹ ਤੋਂ ਖ਼ਤਮ ਕਰਨ ਲਈ ਕਾਰਵਾਈ ਕਰ ਰਹੀ ਹੈ। ਕੰਗ ਨੇ ਕਿਹਾ ਕਿ 'ਆਪ' ਸਰਕਾਰ ਸਿੱਧੂ ਮੂਸੇਵਾਲਾ ਦੀ ਹੱਤਿਆ ਵਿਚ ਸ਼ਾਮਲ ਸਾਰੇ ਦੋਸ਼ੀਆਂ ਅਤੇ ਸਾਜ਼ਿਸ਼ਘਾੜਿਆਂ ਨੂੰ ਸਖ਼ਤ ਸਜ਼ਾ ਦੇਵੇਗੀ।

ਪੰਜਾਬ ਸਰਕਾਰ ਨੇ ਮੂਸੇਵਾਲਾ ਦੀ ਹੱਤਿਆ ਮਾਮਲੇ ਦੀ ਜਾਂਚ ਲਈ ਛੇ ਮੈਂਬਰੀ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਦਾ ਗਠਨ ਕੀਤਾ ਹੈ, ਜਦੋਂ ਕਿ ਮੁੱਖ ਮੰਤਰੀ ਭਗਵੰਤ ਮਾਨ ਖੁਦ ਜਾਂਚ ਕਮੇਟੀ ਤੋਂ ਮਾਮਲੇ ਦੀ ਰਿਪੋਰਟ ਲੈ ਰਹੇ ਹਨ ਅਤੇ ਮੁਲਜ਼ਮਾਂ ਨੂੰ ਜਲਦੀ ਗ੍ਰਿਫਤਾਰ ਕਰ ਲਿਆ ਜਾਵੇਗਾ।

## ਗੈਂਗਸਟਰ ਪਿਛਲੀਆਂ ਸਰਕਾਰਾਂ ਦੀ ਪੈਦਾਇਸ਼ ਕਰਾਰ

**ਬਠਿੰਡਾ:** ਪੰਜਾਬ ਦੇ ਜੇਲ੍ਹ ਮੰਤਰੀ ਹਰਜੋਤ ਸਿੰਘ ਬੈਂਸ ਨੇ ਸਥਾਨਕ ਕੇਂਦਰੀ ਜੇਲ੍ਹ ਦਾ ਦੌਰਾ ਕਰਕੇ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲਿਆ। ਉਨ੍ਹਾਂ ਜੇਲ੍ਹ 'ਚ ਬੰਦ ਗੈਂਗਸਟਰਾਂ ਨਾਲ ਵੀ ਗੱਲਬਾਤ ਕੀਤੀ। ਸ੍ਰੀ ਬੈਂਸ ਨੂੰ ਕੇਂਦਰੀ ਜੇਲ੍ਹ ਅੰਦਰ ਕੁਝ ਛੋਟੀਆਂ-ਮੋਟੀਆਂ ਕਮੀਆਂ ਨਜ਼ਰ ਆਈਆਂ, ਜਿਨ੍ਹਾਂ ਨੂੰ ਦੂਰ ਕਰਨ ਸਬੰਧੀ ਉਨ੍ਹਾਂ ਮੌਕੇ 'ਤੇ ਹੀ ਅਧਿਕਾਰੀਆਂ ਨੂੰ ਹਦਾਇਤ ਕੀਤੀ। ਸ੍ਰੀ ਬੈਂਸ ਨੇ ਗੈਂਗਸਟਰਾਂ ਦੇ ਹਵਾਲੇ ਨਾਲ ਦੱਸਿਆ ਕਿ ਕਈਆਂ ਦਾ ਕਹਿਣਾ ਹੈ ਕਿ ਪਿਛਲੀਆਂ ਸਰਕਾਰਾਂ ਦੀ ਬਦੌਲਤ ਉਹ ਜੁਰਮ ਦੀ ਦੁਨੀਆ 'ਚ ਆਏ ਤੇ ਇਕ ਵਾਰ ਅਪਰਾਧ ਕਰਨ ਮਗਰੋਂ ਉਨ੍ਹਾਂ ਲਈ ਵਾਪਸੀ ਦੇ ਦਰਵਾਜ਼ੇ ਸਦਾ ਲਈ ਬੰਦ ਕਰ ਦਿੱਤੇ ਗਏ। ਮੰਤਰੀ ਨੇ ਦੱਸਿਆ ਕਿ ਬਹੁਤੇ ਗੈਂਗਸਟਰ ਚੜ੍ਹਦੀ ਉਮਰ ਦੇ ਹਨ ਤੇ ਜੇਲ੍ਹ 'ਚੋਂ ਬਾਹਰ ਜਾ ਕੇ ਆਮ ਲੋਕਾਂ ਵਾਂਗ ਸ਼ਾਂਤੀ ਨਾਲ ਜ਼ਿੰਦਗੀ ਬਤੀਤ ਕਰਨਾ ਚਾਹੁੰਦੇ ਹਨ।

# ਨੰਗਲ ਅੰਬੀਆਂ ਕਤਲ ਕਾਂਡ 'ਚ ਦੋ ਸ਼ਾਰਪ ਸ਼ੂਟਰਾਂ ਸਣੇ 5 ਕਾਬੂ

**ਜਲੰਧਰ:** ਕੌਮਾਂਤਰੀ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਕੇ ਕਤਲ ਕੇਸ ਵਿਚ ਪੰਜਾਬ ਪੁਲਿਸ ਨੇ ਦੋ ਸ਼ਾਰਪ ਸ਼ੂਟਰਾਂ ਸਣੇ ਪੰਜ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਹੈ। ਦਿਹਾਤੀ ਪੁਲਿਸ ਦੇ ਐਸ.ਐਸ.ਪੀ. ਸਵਪਨ ਸ਼ਰਮਾ ਨੇ ਦੱਸਿਆ ਕਿ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਦੇ ਕਤਲ ਦੀ ਸਾਜ਼ਿਸ਼ ਘੜਨ ਵਾਲੇ ਮੁੱਖ ਮੁਲਜ਼ਮ ਦੋ ਸ਼ਾਰਪ ਸ਼ੂਟਰਾਂ ਸਣੇ ਕੁੱਲ ਪੰਜ ਜਣੇ ਕਾਬੂ ਕੀਤੇ ਗਏ ਹਨ। ਮੁਲਜ਼ਮਾਂ ਵਿਚ ਇਕ ਔਰਤ ਵੀ ਸ਼ਾਮਲ ਹੈ। ਉਨ੍ਹਾਂ ਦੱਸਿਆ ਕਿ ਪੁਲਿਸ ਵੱਲੋਂ ਇਸ ਵਾਰਦਾਤ ਵਿਚ ਵਰਤੇ ਗਏ 7 ਹਥਿਆਰ ਤੇ 3 ਵਾਹਨ ਵੀ ਜ਼ਬਤ ਕਰ ਲਏ ਗਏ ਹਨ। ਇਸ ਤੋਂ ਪਹਿਲਾਂ ਪੁਲਿਸ ਇਸ ਕੇਸ ਵਿਚ ਚਾਰ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਚੁੱਕੀ ਹੈ।

ਐਸ.ਐਸ.ਪੀ. ਸਵਪਨ ਸ਼ਰਮਾ ਨੇ ਦੱਸਿਆ ਕਿ ਪੰਜਾਬ ਪੁਲਿਸ ਵੱਲੋਂ ਇਸ ਕੇਸ ਵਿਚ ਫੜੇ ਗਏ ਮੁਲਜ਼ਮਾਂ ਦੀ ਪਛਾਣ ਹਰਵਿੰਦਰ ਸਿੰਘ ਉਰਫ ਫੌਜੀ ਵਾਸੀ ਬੁਲੰਦਸ਼ਹਿਰ, ਵਿਕਾਸ ਮਾਹਲੇ ਵਾਸੀ ਗੁਰੂਗ੍ਰਾਮ (ਹਰਿਆਣਾ), ਸਚਿਨ ਧੂਲੀਆ ਵਾਸੀ ਅਲਵਰ (ਰਾਜਸਥਾਨ) ਮਨਜੋਤ ਕੌਰ ਵਾਸੀ ਸੰਗਰੂਰ ਅਤੇ ਯਾਦਵਿੰਦਰ ਸਿੰਘ ਵਾਸੀ ਪੀਲੀਭੀਤ (ਉੱਤਰ ਪ੍ਰਦੇਸ਼) ਵਜੋਂ ਹੋਈ ਹੈ। ਪੁਲਿਸ ਨੇ ਇਨ੍ਹਾਂ ਮੁਲਜ਼ਮਾਂ ਕੋਲੋਂ 7 ਪਿਸਤੌਲ ਬਰਾਮਦ ਕੀਤੇ ਹਨ, ਜਿਨ੍ਹਾਂ ਵਿਚ ਪੰਜ ਵਿਦੇਸ਼ੀ 30 ਬੋਰ ਦੇ ਹਨ। ਮੁਲਜ਼ਮਾਂ ਕੋਲੋਂ 3 ਵਾਹਨ ਮਹਿੰਦਰਾ ਐਕਸ.ਯੂ.ਵੀ, ਟੋਇਟਾ ਈ.ਟੀ.ਓਸ. ਤੇ ਹੁੰਡਈ ਵਰਨਾ ਵੀ ਬਰਾਮਦ ਕੀਤੇ ਗਏ ਹਨ। ਐਸ.ਐਸ.ਪੀ. ਨੇ ਦੱਸਿਆ ਕਿ ਯੂਪੀ ਦੇ ਬੁਲੰਦਸ਼ਹਿਰ ਤੋਂ ਫੜਿਆ ਗਿਆ ਹਰਵਿੰਦਰ ਸਿੰਘ ਉਰਫ ਫੌਜੀ ਇਸ ਕਤਲ ਵਿਚ ਮੁੱਖ ਕੋਆਰਡੀਨੇਟਰ ਸੀ ਤੇ ਉਸ ਨੇ ਹੀ ਸ਼ਾਰਪ ਸ਼ੂਟਰਾਂ ਨੂੰ ਵਾਹਨ, ਹਥਿਆਰ ਤੇ ਸੁਰੱਖਿਅਤ ਟਿਕਾਣਾ ਮੁਹੱਈਆ ਕਰਵਾਉਣ ਵਿਚ ਵੱਡੀ ਭੂਮਿਕਾ ਨਿਭਾਈ ਸੀ। ਹਰਵਿੰਦਰ ਨੇ ਹੀ ਹਥਿਆਰ ਸੰਭਾਲਣ ਦੀ ਸਿਖਲਾਈ ਦਿੱਤੀ ਅਤੇ ਵਿੱਤੀ ਸਹਾਇਤਾ ਦੇ ਨਾਲ-ਨਾਲ ਵਾਰਦਾਤ ਅੰਜਾਮ ਦੇਣ ਤੋਂ ਪਹਿਲਾਂ ਰੇਕੀ ਵੀ ਕੀਤੀ ਸੀ। ਉਨ੍ਹਾਂ ਦੱਸਿਆ ਕਿ ਫਰੀਦਾਬਾਦ ਤੋਂ ਫੜੇ ਗਏ ਮੁੱਖ ਸ਼ੂਟਰ ਵਿਕਾਸ ਮਾਹਲੇ ਨੂੰ ਗੋਲੀਬਾਰੀ ਕਰਨ ਵਾਲਿਆਂ ਦੀ ਪਛਾਣ ਕਰਨ ਤੇ ਉਨ੍ਹਾਂ ਨੂੰ ਸਿਖਲਾਈ ਦੇਣ ਦਾ ਕੰਮ ਸੌਂਪਿਆ ਗਿਆ ਸੀ। ਬਾਅਦ ਵਿਚ ਉਸ ਨੇ ਵੀ ਫੌਜੀ ਨਾਲ ਮਿਲ ਕੇ ਸੰਦੀਪ ਦੇ ਕਤਲ ਵਿਚ ਭੂਮਿਕਾ ਨਿਭਾਈ। ਜਾਂਚ ਦੌਰਾਨ ਵਿਕਾਸ ਮਾਹਲੇ ਨੇ ਪੰਜਾਬ ਵਿਚ ਦੋ ਹੋਰ ਕਤਲ ਕੇਸਾਂ ਵਿਚ ਆਪਣੀ ਸ਼ਮੂਲੀਅਤ ਦੀ ਗੱਲ ਮੰਨੀ ਹੈ, ਜਿਨ੍ਹਾਂ ਬਾਰੇ ਪੁਲਿਸ ਨੂੰ ਪਹਿਲਾਂ ਜਾਣਕਾਰੀ ਨਹੀਂ ਸੀ।




ਜ਼ਿਕਰਯੋਗ ਹੈ ਕਿ 14 ਮਾਰਚ ਨੂੰ ਸ਼ਾਮ 6 ਵਜੇ ਦੇ ਕਰੀਬ ਪਿੰਡ ਮੱਲੀਆਂ ਵਿਚ ਚੱਲ ਰਹੇ ਕਬੱਡੀ ਟੂਰਨਾਮੈਂਟ ਦੌਰਾਨ ਪੰਜ ਹਮਲਾਵਰਾਂ ਨੇ ਕਬੱਡੀ ਖਿਡਾਰੀ ਸੰਦੀਪ ਸਿੰਘ ਉਰਫ ਸੰਦੀਪ ਨੰਗਲ ਅੰਬੀਆਂ 'ਤੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਉਸ ਦੀ ਹੱਤਿਆ ਕਰ ਦਿੱਤੀ ਸੀ।

# ਕਾਂਗਰਸ ਲਈ ਅੰਦਰੂਨੀ ਕਲੇਸ਼ ਵੱਡੀ ਚੁਣੌਤੀ ਬਣਿਆ

**ਚੰਡੀਗੜ੍ਹ:** ਵਿਧਾਨ ਸਭਾ ਚੋਣਾਂ ਵਿਚ ਵੱਡੀ ਹਾਰ ਤੋਂ ਬਾਅਦ ਵੀ ਕਾਂਗਰਸ ਅੰਦਰੂਨੀ ਕਾਟੋ ਕਲੇਸ਼ ਅਤੇ ਮਾਯੂਸੀ ਦੇ ਦੌਰ ਵਿਚੋਂ ਉਭਰ ਨਹੀਂ ਪਾ ਰਹੀ। ਚੋਣਾਂ ਵਿਚ ਮਿਲੀ ਕਰਾਰੀ ਹਾਰ ਤੋਂ ਬਾਅਦ ਕਾਂਗਰਸ ਹਾਈਕਮਾਨ ਲਈ ਸੂਬੇ ਅੰਦਰ ਪਾਰਟੀ ਨੂੰ ਇਕਜੁੱਟ ਰੱਖਣਾ ਵੱਡੀ ਚੁਣੌਤੀ ਬਣਿਆ ਹੋਇਆ ਹੈ।

ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਤੋਂ ਬਾਅਦ ਹੁਣ ਕਈ ਸਾਬਕਾ ਮੰਤਰੀਆਂ ਵੱਲੋਂ ਵੀ ਕਾਂਗਰਸ ਨੂੰ ਅਲਵਿਦਾ ਆਖ ਕੇ ਭਾਜਪਾ ਵਿਚ ਸ਼ਾਮਲ ਹੋਣ ਨਾਲ ਜਿਥੇ ਸੂਬੇ ਅੰਦਰ ਕਾਂਗਰਸ ਨੂੰ ਵੱਡਾ ਝਟਕਾ ਲੱਗਾ ਹੈ, ਉਥੇ ਮੌਜੂਦਾ ਪਾਰਟੀ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਕਾਰਜਸ਼ੈਲੀ ਉਤੇ ਵੀ ਸਵਾਲ ਉੱਠਣ ਲੱਗੇ ਹਨ। ਉਨ੍ਹਾਂ ਦੀ ਅਗਵਾਈ ਵੀ ਕਾਂਗਰਸ ਨੂੰ ਇਕਜੁੱਟ ਰੱਖਣ ਵਿਚ ਸਫਲ ਹੁੰਦੀ ਦਿਖਾਈ ਨਹੀਂ ਦੇ ਰਹੀ। ਇਸ ਸਮੇਂ ਉਨ੍ਹਾਂ ਸਾਹਮਣੇ ਪਾਰਟੀ ਨੂੰ ਲਗਾਤਾਰ ਲੱਗ ਰਹੇ ਖੋਰੇ ਤੋਂ ਬਚਾਉਣਾ ਵੱਡੀ ਚੁਣੌਤੀ ਹੈ।

ਹਾਈਕਮਾਨ ਵੱਲੋਂ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਪੰਜਾਬ ਦੀ ਕਮਾਨ ਸੌਂਪਣ ਪਿੱਛੋਂ ਕਾਂਗਰਸ ਨੂੰ ਲਗਾਤਾਰ ਝਟਕੇ ਲੱਗ ਰਹੇ ਹਨ।



ਪਹਿਲਾਂ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਕਾਂਗਰਸ ਛੱਡ ਕੇ ਭਾਜਪਾ ਵਿਚ ਸ਼ਾਮਲ ਹੋ ਗਏ ਸਨ ਅਤੇ ਹੁਣ ਕੇਂਦਰੀ ਗ੍ਰਿਹ ਮੰਤਰੀ ਅਮਿਤ ਸ਼ਾਹ ਦੀ ਮੌਜੂਦਗੀ ਵਿਚ ਕਾਂਗਰਸ ਦੇ 5 ਸੀਨੀਅਰ ਆਗੂਆਂ ਤੇ ਸਾਬਕਾ ਮੰਤਰੀਆਂ ਵੱਲੋਂ ਭਾਜਪਾ ਦੇ ਰੱਥ ਵਿਚ ਸਵਾਰ ਹੋ ਜਾਣ ਨਾਲ ਕਾਂਗਰਸ ਦੀ ਹਾਲਤ ਕਾਫੀ ਪਤਲੀ ਹੋ ਗਈ ਹੈ। ਕਾਂਗਰਸ ਛੱਡ ਕੇ ਭਾਜਪਾ ਵਿਚ ਸ਼ਾਮਲ ਹੋਏ ਸਾਬਕਾ ਕੈਬਨਿਟ ਮੰਤਰੀ ਡਾ. ਰਾਜ ਕੁਮਾਰ ਵੇਰਕਾ ਦੁਆਬੇ ਤੇ ਮਾਝੇ ਸਮੇਤ ਰਾਜ ਦੇ ਸਮੁੱਚੇ ਦਲਿਤ ਵਰਗ ਵਿਚ ਵੱਡਾ ਪ੍ਰਭਾਵ ਰੱਖਦੇ ਹਨ, ਜਦਕਿ ਸਾਬਕਾ ਕੈਬਨਿਟ ਮੰਤਰੀ ਸ਼ਾਮ ਸੁੰਦਰ ਅਰੋੜਾ, ਬਲਬੀਰ ਸਿੰਘ ਸਿੱਧੂ, ਕੇਵਲ ਸਿੰਘ ਢਿੱਲੋਂ ਤੇ ਗੁਰਪ੍ਰੀਤ ਸਿੰਘ ਕਾਂਗੜ ਦਾ ਵੀ ਆਪੋ-ਆਪਣੇ ਹਲਕਿਆਂ ਵਿਚ ਚੰਗਾ ਪ੍ਰਭਾਵ ਹੈ, ਹਾਲਾਂਕਿ ਕਾਂਗਰਸ ਨੂੰ ਲੱਗਣ ਵਾਲੇ ਖੋਰੇ ਦੇ ਕਿਆਸ ਉਸ ਸਮੇਂ ਹੀ ਲਗਾਏ ਜਾਣ ਲੱਗੇ ਸਨ, ਜਦੋਂ ਸੁਨੀਲ ਜਾਖੜ ਵੱਲੋਂ ਭਾਜਪਾ ਦਾ ਪੱਲਾ ਫੜ ਲਿਆ ਗਿਆ ਸੀ। ਕਾਂਗਰਸ ਲਈ ਵੱਡੀ ਚਿੰਤਾ ਦੀ ਗੱਲ ਇਹ ਹੈ ਕਿ ਕਾਂਗਰਸ ਛੱਡ ਕੇ ਭਾਜਪਾ ਵਿਚ ਸ਼ਾਮਲ ਹੋਣ ਵਾਲੇ ਆਗੂ ਕੋਈ ਆਮ ਵਰਕਰ ਨਹੀਂ ਬਲਕਿ ਪਿਛਲੀ ਕਾਂਗਰਸ ਸਰਕਾਰ ਵਿਚ ਕੈਬਨਿਟ ਮੰਤਰੀ ਦੇ ਅਹੁਦਿਆਂ ਉਤੇ ਰਹੇ ਹਨ ਤੇ ਹਾਈਕਮਾਨ ਵੱਲੋਂ ਵੀ ਉਨ੍ਹਾਂ ਨੂੰ ਪਾਰਟੀ ਵਿਚ ਵੱਡਾ ਮਾਣ ਸਤਿਕਾਰ ਦਿੱਤਾ ਜਾਂਦਾ ਰਿਹਾ ਹੈ ਪਰ ਇਸ ਦੇ ਬਾਵਜੂਦ ਉਨ੍ਹਾਂ ਵੱਲੋਂ ਕਾਂਗਰਸ ਤੋਂ ਕਿਨਾਰਾ ਕਰਨਾ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰਦਾ ਹੈ।


## ਹੈਲਪਰ ਅਤੇ ਡਿਸ਼ਵਾਸ਼ਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਇੰਡੀਅਨ ਰੈਸਟੋਰੈਂਟ ਲਈ ਕਿਚਨ ਹੈਲਪਰ ਤੇ ਡਿਸ਼ਵਾਸ਼ਰ ਦੀ ਲੋੜ ਹੈ

ਚੰਗੀ ਤਨਖਾਹ ਤੇ ਰਿਹਾਇਸ਼ ਦਾ ਪ੍ਰਬੰਧ



ਚਾਹਵਾਨ ਸੰਪਰਕ ਕਰਨ:
608-886-2500

23-26



## Chef Wanted

Wanted Chef for 300+Resturant and banquet with complete kitchen. For Indian and American food . Willing to work in partnership or lease. Experienced persons only



Call: Tony Singh
515-208-3861


## ਕਨਵੈਨਸ਼ਨ ਵਿਚ 'ਧਰਮ ਯੁੱਧ ਮੋਰਚਾ' ਸੁਰਜੀਤ ਕਰਨ ਦਾ ਫੈਸਲਾ

**ਅੰਮ੍ਰਿਤਸਰ:** ਯੂਨਾਈਟਿਡ ਅਕਾਲੀ ਦਲ ਤੇ ਉਸ ਦੀਆਂ ਸਹਿਯੋਗੀ ਜਥੇਬੰਦੀਆਂ ਨੇ ਇਥੇ ਪੱਗ ਅਤੇ ਪੰਜਾਬ ਸੰਭਾਲ ਕਨਵੈਨਸ਼ਨ ਕਰਵਾਈ, ਜਿਸ ਵਿਚ ਧਰਮ ਯੁੱਗ ਮੋਰਚੇ ਨੂੰ ਸੁਰਜੀਤ ਕਰਨ ਦਾ ਫੈਸਲਾ ਕੀਤਾ ਗਿਆ। ਇਸ ਸਬੰਧੀ 18 ਤੇ 19 ਜੂਨ ਨੂੰ ਫਤਹਿਗੜ੍ਹ ਸਾਹਿਬ ਵਿਚ ਦੋ ਰੋਜ਼ਾ ਕੈਂਪ ਲਾਉਣ ਦਾ ਵੀ ਫੈਸਲਾ ਲਿਆ ਗਿਆ ਹੈ, ਜਿਸ ਵਿਚ ਮੋਰਚੇ ਦੀ ਰੂਪ-ਰੇਖਾ ਬਾਰੇ ਵਿਚਾਰ-ਚਰਚਾ ਕੀਤੀ ਜਾਵੇਗੀ। ਇਥੇ ਸਿਟੀ ਸੈਂਟਰ ਸਥਿਤ ਗੁਰੂ ਨਾਨਕ ਭਵਨ ਵਿਚ ਕਰਵਾਈ ਇਸ ਕਨਵੈਨਸ਼ਨ ਵਿਚ ਯੂਨਾਈਟਿਡ ਅਕਾਲੀ ਦਲ ਨਾਲ ਲੋਕ ਅਧਿਕਾਰ ਲਹਿਰ, ਭਾਰਤੀ ਵਪਾਰ ਅਤੇ ਉਦਯੋਗ ਮਹਾਂ ਸੰਘ, ਕਿਰਤੀ ਅਕਾਲੀ ਦਲ ਅਤੇ ਸੁਤੰਤਰ ਅਕਾਲੀ ਦਲ ਨਾਂ ਦੀਆਂ ਜਥੇਬੰਦੀਆਂ ਦੇ ਨੁਮਾਇੰਦੇ ਵੀ ਸ਼ਾਮਲ ਹੋਏ।


## ਟਰੱਕ ਵਾਸ਼ ਵਿਕਾਊ ਜਾਂ ਲੀਜ਼ 'ਤੇ ਉਪਲੱਬਧ ਹੈ

I-80 'ਤੇ 'ਟੂ ਵੇਅ' ਟਰੱਕ ਵਾਸ਼ ਵਿਕਾਊ ਜਾਂ ਲੀਜ਼ 'ਤੇ ਉਪਲੱਬਧ ਹੈ

ਚਾਹਵਾਨ ਸੰਪਰਕ ਕਰਨ

ਫੋਨ: 815-603-5877


# Matrimonials

## ਲੜਕੇ ਦੀ ਲੋੜ ਹੈ

Khatri Sikh Family looking for a USA Citizen, Green Card, H1 or Work Permit match for their 37 years, MBA, MS Finance, divorcee issue-less USA Green Card holder daughter working USA Fortune 500 Company in New York upstate. Please contact us at: ajsw399@gmail.com or +1 913 602 9071 18-21

39 ਸਾਲਾ 5'2.5" ਅੰਮ੍ਰਿਤਧਾਰੀ ਪੋਸਟ ਗ੍ਰੈਜੂਏਟ ਅਮਰੀਕਾ ਵਿਚ ਗਰੀਨ ਕਾਰਡ ਹੋਲਡਰ ਤਲਾਕਸ਼ੁਦਾ ਲੜਕੀ ਲਈ 35 ਸਾਲ ਜਾਂ ਵੱਧ ਉਮਰ ਦੇ ਅੰਮ੍ਰਿਤਧਾਰੀ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਅਮਰੀਕਾ/ਕੈਨੇਡਾ ਨੂੰ ਪਹਿਲ। ਆਪਣਾ ਬਾਇਓਡਾਟਾ kaurgurvinder1965@yahoo.com 'ਤੇ ਭੇਜੋ। ਚਾਹਵਾਨ 734 968 1195 'ਤੇ ਛੇ ਵਜੇ ਤੋਂ ਸ਼ਾਮ 10 ਵਜੇ (*E.T.*) ਤੱਕ ਸੰਪਰਕ ਕਰ ਸਕਦੇ ਹਨ। 18-21

Ramgahria, Sikh family looking for USA or CANADA green card or PR holder match for their 1988 born 5`4" msc fashion designer beautiful daughter working as professor in Barnala (Punjab). Caste no bar. Please Contact us at: USA 2699061331 or India no. 9646206393 6-9

Ravidasia, Sikh Punjabi family looking for USA citizen, Green card holder, H1 or Work permit match for their USA citizen (vegetarian) Daughter, 36 years, 5'2" working, Lives in Streamwood, IL, Grew up in India. Please Contact us at: 8583665909 and e-mail us at zor92126@yahoo.com

## ਲੜਕੀ ਦੀ ਲੋੜ ਹੈ

Looking for suitable match for 42, 6", clean shaven Jatt Sikh Neuro-surgeon boy, working in Chicago. Divorcee, one daughter custody with mother. Contact us at: 917-238-3060 23-26

Khatri Sikh family looking for USA or Canadian citizen match for their 49, 5'10" divorced son. Now in USA, having training Hotel Management and has worked for Chef in Canada for 4 years, Family owns Hotel , Banquet, Bar & Restaurant in Wisconsin. Contact us at: 5152083861 23-26

Sikh Kamboj family, looking for a suitable match for their Oct 73, 5' 8" well educated, Electronics Engineer son working as a Director in the IT field. USA Citizen based in Bay Area, CA. Divorcee (issue less). Contact us at: +1 (510) 806-7385 21-24

**ਸੈਣੀ ਸਿੱਖ 37, 5'-8" ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਚਾਹਵਾਨ ਸੰਪਰਕ ਕਰਨ: 319-670-8892** 21-24

Jatt Sikh Canadian Parents Looking for a suitable match for their 45, 5'10" divorced son. For more information please contact us at po55ible@yahoo.com or 647-474-5473 20-23

Sikh Ramgarhia family looking for a simple Punjabi Girl in USA or Canada for their 36 years, 5' 10" son. Working as a professional CDL driver in Canada. Please contact us at: Hunjan.Inders@gmail.com

Sikh Kamboj family looking for Well educated girl for their B.Com, 29, 5'10" son, well settled (2 stores), Own home in Arkansas. Mom, dad & brother live in India. Contact us at: 417-846-3741

***ਸਿੱਖ ਕੰਬੋਜ 29 ਸਾਲਾ 5'10", ਅਮਰੀਕਾ ਵਿਚ ਵਧੀਆ ਸਥਾਪਿਤ, ਆਪਣਾ ਬਿਜ਼ਨਸ ਕਰਦੇ ਬੀ. ਕਾਮ ਲੜਕੇ ਲਈ ਸੋਹਣੀ-ਸੁਨੱਖੀ, ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਇੰਡੀਆ ਵਿਚ ਹੈ। ਚਾਹਵਾਨ*** 417-846-3741 ***'ਤੇ ਸੰਪਰਕ ਕਰ ਸਕਦੇ ਹਨ।***

apr16- may16


Jatt Sikh family in search of an outgoing, educated, family-orientated, health/fitness-minded match for their son, 31, tall, handsome, clean shaven, never married, private school educated, athletic, US born and financially secure business executive. Contact GurdeepMidwestUSA@outlook.com or message at 513-212-6478 (will respond to all).

LAW OFFICES OF
**VIVEK MALIK**

Follow us on :



**ACCOMPLISHED IMMIGRATION Attorneys help FAMILIES REUNITE in the**



**UNITED STATES**

Our Global & Nationwide Services in the field of
**U.S. Immigration & Nationality Law**

Come talk to an experienced immigration attorney
Toll Free No.
**866-424-4000**

OUR OFFICES
- 432 S Emerson Ave, Suite 220, Greenwood, IN 46143 Phone: 317.560.4777
- 1067 N Mason Rd., Suite 4, St Louis, Missouri 63141 Phone: 314.416.8000
- 2440 W Shaw Ave., Suite 205, Fresno, California 93711 Phone: 559.578.4344

www.usa-immigrationlaw.com

- Business Immigration & Worksite Compliance
  ਬਿਜ਼ਨੈਸ ਇੰਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ
- Family & General Immigration
  ਫੈਮਿਲੀ ਐਂਡ ਜਨਰਲ ਇੰਮੀਗਰੇਸ਼ਨ
- Naturalization & Citizenship
  ਨੈਚੁਰਲਾਈਜ਼ੇਸ਼ਨ ਐਂਡ ਸਿਟੀਜ਼ਨਸ਼ਿਪ
- Removal Defense & Waivers
  ਰੀਮੂਵਲ ਡਿਫੈਂਸ ਐਂਡ ਵੇਵੇਰਸ

Languages SPOKEN Punjabi | Hindi | Urdu | Spanish & English

---

# ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਅਤੇ ਡਿਸ਼ਵਾਸ਼ਰ ਦੀ ਲੋੜ ਹੈ

**ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ 'ਢਾਬਾ' ਲਈ ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਤੇ ਡਿਸ਼ਵਾਸ਼ਰ ਦੀ ਲੋੜ ਹੈ।**

**ਮੁਫਤ ਖਾਣਾ ਤੇ ਹੋਰ ਸਹੂਲਤਾਂ**

***ਸੰਪਰਕ ਕਰੋ: ਮਿਸਟਰ ਸਿੰਘ***

**ਫੋਨ: 608-886-2500**

41-48

---

***ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ***

**ਫੋਨ (408) 687-1899**

**Gurdip Singh Sandhu**
Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**Live on Jas TV**
Saturday 9:30AM and Sunday 4PM (Pacific Time)

7021 Village Park Way, Dublin, CA 94568

Email:
Homeomedicine@yahoo.com

---

# ਸੀ. ਡੀ. ਐੱਲ. ਸਟਾਰ ਲਰਨਿੰਗ ਸਕੂਲ




**ਕੀ ਤੁਸੀਂ ਆਪਣੀ ਜ਼ਿੰਦਗੀ ਨੂੰ ਉਚਾਈ 'ਤੇ ਲੈ ਕੇ ਜਾਣਾ ਚਾਹੁੰਦੇ ਹੋ? ਕੀ ਤੁਸੀਂ ਨਵੇਂ ਕੈਰੀਅਰ ਲਈ ਤਿਆਰ ਹੋ? ਜੇ ਹਾਂ ਤਾਂ ਅੱਜ ਹੀ ਯੂ. ਐੱਸ. ਏ ਦੇ ਬਿਹਤਰੀਨ ਟਰੇਨਿੰਗ ਸਕੂਲ 'ਸੀ. ਡੀ. ਐੱਲ. ਸਟਾਰਟ' ਵਿਚ ਆਓ।**

**ਸੀ. ਡੀ. ਐੱਲ. ਸਟਾਰਟ ਟਰੇਨਿੰਗ ਸਕੂਲ ਦੀਆਂ ਵਿਸ਼ੇਸ਼ਤਾਵਾਂ:**

*ਵਧੀਆ ਤੇ ਮਦਦਗਾਰ ਸਟਾਫ, ਜੋ ਪੂਰੀ ਪ੍ਰਕਿਰਿਆ ਦੌਰਾਨ ਤੁਹਾਡਾ ਮਾਰਗਦਰਸ਼ਨ ਕਰੇਗਾ।
*ਹਰੇਕ ਵਿਦਿਆਰਥੀ ਨੂੰ ਨਿੱਜੀ ਸਮਾਂ ਦਿੱਤਾ ਜਾਂਦਾ ਹੈ।
*ਸਿਖਲਾਈ ਅੰਗਰੇਜ਼ੀ ਵਿਚ ਦਿੱਤੀ ਜਾਂਦੀ ਹੈ।
*ਦੋ ਤੋਂ ਤਿੰਨ ਹਫਤਿਆਂ ਵਿਚ ਤਿਆਰੀ।
*ਦੂਜੇ ਸੂਬਿਆਂ ਤੋਂ ਆਉਣ ਵਾਲੇ ਵਿਦਿਆਰਥੀਆਂ ਲਈ ਹੋਸਟਲ ਦੀ ਸੁਵਿਧਾ।

**ਲੋੜੀਂਦੇ ਦਸਤਾਵੇਜ਼:**

*ਯੂ. ਐੱਸ. ਏ. ਦੀ ਨਾਗਰਿਕਤਾ, ਗਰੀਨ ਕਾਰਡ ਜਾਂ ਵਰਕ ਪਰਮਿਟ।
*ਡਰਾਈਵਿੰਗ ਲਾਇਸੈਂਸ (ਕਲਾਸ ਸੀ)
*ਮੈਡੀਕਲ ਕਾਰਡ (ਫਿਜ਼ੀਕਲ ਡੀ. ਓ. ਟੀ. ਕਾਰਡ)
*ਟਰੱਕ ਡਰਾਈਵਿੰਗ ਪਰਮਿਟ (ਲਰਨਿੰਗ)

**ਸਿਖਲਾਈ ਦੀਆਂ ਸੱਤ ਸਟੇਜਾਂ:**

*ਪ੍ਰੀ-ਟਰਿੱਪ ਨਿਰੀਖਣ *ਬੈਕਿੰਗ
*ਖੱਬੇ ਤੋਂ ਸੱਜੇ ਅਤੇ ਸੱਜੇ ਤੋਂ ਖੱਬੇ ਦੋਵੇਂ ਪਾਸੇ ਪਾਰਕਿੰਗ
*ਐਲੇ ਡਾਕ ਪਾਰਕਿੰਗ (Alley Dock Parking)
*ਸ਼ਹਿਰ 'ਚ ਡਰਾਈਵਿੰਗ
*ਪ੍ਰੀ-ਟੈਸਟ (ਇੰਟਰਨਲ ਪ੍ਰੀਖਿਆ)
*ਡੀ. ਐੱਮ. ਵੀ. ਵਿਚ ਪ੍ਰੀਖਿਆ (ਫਾਈਨਲ ਪ੍ਰੀਖਿਆ)

**ਤਿੰਨ ਸਿਖਲਾਈ ਪ੍ਰੋਗਰਾਮ:**

*ਆਟੋਮੈਟਿਕ ਗੇਅਰ ਬੌਕਸ
*ਮੈਨੂਅਲ ਗੇਅਰ ਬੌਕਸ
*ਘੰਟਾਬੱਧ ਕੋਰਸ

***ਸਫਲਤਾਪੂਰਵਕ ਸਿਖਲਾਈ ਪੂਰੀ ਹੋਣ 'ਤੇ ਸੌ ਫੀਸਦੀ ਨੌਕਰੀ ਦੀ ਗਾਰੰਟੀ।***

*ਵਿਦਿਆਰਥੀਆਂ ਲਈ: ਕੋਵਿਡ ਮਹਾਮਾਰੀ ਮਗਰੋਂ ਕੰਪਨੀਆਂ ਪ੍ਰੋਫੈਸ਼ਨਲ ਡਰਾਈਵਰਾਂ ਦੀ ਭਾਲ 'ਚ ਹਨ ਤੇ ਉਹ ਸਾਡੇ ਵਿਦਿਆਰਥੀਆਂ ਨੂੰ ਪਹਿਲ ਦਿੰਦੀਆਂ ਹਨ।*

**ਸੰਪਰਕ ਕਰੋ: 1-844-227-2162 (ਸਵੇਰੇ 9 ਤੋਂ ਸ਼ਾਮ 7 ਵਜੇ)**
**ਈ-ਮੇਲ: info@cdlstart.com / www.cdlstart.com**

**Punjab Times**
**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**California**
Shiara Dhindsa
661-703-6664
**New York**
Iqbal S. Jabowalia
917-375-6395
**Circulation**
Harbhajan Singh
917-856-5229
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਭ੍ਰਿਸ਼ਟਾਚਾਰ ਦੇ ਦੋਸ਼ 'ਚ ਕਾਂਗਰਸ ਆਗੂ ਸਾਧੂ ਸਿੰਘ ਧਰਮਸੋਤ ਗ੍ਰਿਫਤਾਰ

**ਅਮਲੋਹ:** ਕਾਂਗਰਸ ਦੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵਿਚ ਜੰਗਲਾਤ ਅਤੇ ਸਮਾਜ ਭਲਾਈ ਵਿਭਾਗ ਦੇ ਰਹੇ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ ਨੂੰ ਵਿਜੀਲੈਂਸ ਵਿਭਾਗ ਮੁਹਾਲੀ ਦੀ ਟੀਮ ਨੇ ਉਸ ਦੇ ਅਮਲੋਹ ਸਥਿਤ ਨਿਵਾਸ ਸਥਾਨ ਤੋਂ ਤੜਕੇ 3 ਵਜੇ ਦੇ ਕਰੀਬ ਭ੍ਰਿਸ਼ਟਾਚਾਰ ਦੇ ਦੋਸ਼ ਤਹਿਤ ਗ੍ਰਿਫਤਾਰ ਕਰ ਲਿਆ।



ਉਸ ਦੇ ਨਾਲ ਖੰਨਾ ਦੇ ਜਲੰਧਰ ਵਿਚ ਛਪਦੇ ਅਖ਼ਬਾਰ ਦਾ ਪੱਤਰਕਾਰ ਅਤੇ ਜੰਗਲਾਤ ਵਿਭਾਗ ਦਾ ਮੁਲਾਜ਼ਮ ਗ੍ਰਿਫਤਾਰ ਕੀਤਾ ਗਿਆ ਹੈ। ਪ੍ਰਾਪਤ ਸੂਚਨਾ ਅਨੁਸਾਰ ਵਿਜੀਲੈਂਸ ਦੀ ਟੀਮ ਨੇ ਇਸ ਗ੍ਰਿਫਤਾਰੀ ਸਮੇਂ ਇਸ ਮਾਮਲੇ ਨੂੰ ਬਹੁਤ ਹੀ ਗੁਪਤ ਰੱਖਿਆ ਅਤੇ ਅਮਲੋਹ ਪੁਲਿਸ ਨੂੰ ਵੀ ਇਸ ਬਾਰੇ ਕੋਈ ਸੂਚਨਾ ਨਹੀਂ ਦਿੱਤੀ ਗਈ। ਵਿਜੀਲੈਂਸ ਟੀਮ ਨੇ ਗ੍ਰਿਫਤਾਰੀ ਸਮੇਂ ਧਰਮਸੋਤ ਦੀ ਅਮਲੋਹ ਸਥਿਤ ਕੋਠੀ ਨੂੰ ਚਾਰੇ ਪਾਸਿਓਂ ਘੇਰ ਲਿਆ ਅਤੇ ਕਈ ਕਰਮਚਾਰੀ ਕੋਠੀ ਦੇ ਉੱਪਰ ਵੀ ਮੌਜੂਦ ਸਨ। ਧਰਮਸੋਤ ਦੀ ਗ੍ਰਿਫਤਾਰੀ ਕਾਂਗਰਸ ਨੇਤਾ ਰਾਹੁਲ ਗਾਂਧੀ ਦੇ ਪੰਜਾਬ ਦੌਰੇ ਤੋਂ ਕੁਝ ਘੰਟੇ ਪਹਿਲਾਂ ਹੋਈ ਹੈ। ਕਾਂਗਰਸ ਦੇ ਸਾਬਕਾ ਪ੍ਰਧਾਨ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਮਾਨਸਾ ਸਥਿਤ ਘਰ ਜਾ ਕੇ ਪਰਿਵਾਰ ਨਾਲ ਦੁੱਖ ਸਾਂਝਾ ਕਰ ਰਹੇ ਹਨ। ਕੁਝ ਦਿਨ ਪਹਿਲਾਂ ਜ਼ਿਲ੍ਹਾ ਜੰਗਲਾਤ ਅਫਸਰ ਗੁਰਅਮਨਪ੍ਰੀਤ ਸਿੰਘ ਅਤੇ ਠੇਕੇਦਾਰ ਹਰਮਿੰਦਰ ਸਿੰਘ ਹੈਮੀ ਨੂੰ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਸੂਤਰਾਂ ਨੇ ਦੱਸਿਆ ਕਿ ਇਹ ਜਾਣਕਾਰੀ ਮਿਲੀ ਸੀ ਕਿ ਧਰਮਸੋਤ ਦੇ ਮੰਤਰੀ ਹੁੰਦਿਆਂ ਇਨ੍ਹਾਂ ਦੋਵਾਂ ਨੇ ਜੰਗਲਾਤ ਵਿਭਾਗ ਵਿਚ ਹੋਈਆਂ ਕਥਿਤ ਗਲਤੀਆਂ ਦੇ ਵੇਰਵੇ ਮੁਹੱਈਆ ਕਰਵਾਏ ਸਨ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅਪਰੈਲ ਵਿਚ ਧਰਮਸੋਤ ਖਿਲਾਫ ਕਾਰਵਾਈ ਦੀ ਚਿਤਾਵਨੀ ਦਿੱਤੀ ਸੀ।

## ਸਿੱਖ ਸ਼ਰਧਾਲੂਆਂ ਨੂੰ ਵੀਜ਼ੇ ਜਾਰੀ ਕੀਤੇ

**ਨਵੀਂ ਦਿੱਲੀ:** ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਦੀ ਪੂਰਵ ਸੰਧਿਆ ਉਤੇ ਨਵੀਂ ਦਿੱਲੀ ਸਥਿਤ ਪਾਕਿਸਤਾਨ ਹਾਈ ਕਮਿਸ਼ਨ ਨੇ 8 ਤੋਂ 17 ਜੂਨ ਤੱਕ ਪਾਕਿਸਤਾਨ ਵਿਚ ਹੋਣ ਵਾਲੇ ਸਾਲਾਨਾ ਸਮਾਗਮ ਵਿਚ ਹਿੱਸਾ ਲੈਣ ਲਈ ਭਾਰਤ ਦੇ ਸਿੱਖ ਸ਼ਰਧਾਲੂਆਂ ਨੂੰ 163 ਵੀਜ਼ੇ ਜਾਰੀ ਕੀਤੇ ਹਨ।

## ਪੰਜਾਬ ਬਜਟ 27 ਨੂੰ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ 27 ਜੂਨ ਨੂੰ ਪਹਿਲਾ ਆਮ ਬਜਟ ਪੇਸ਼ ਕੀਤਾ ਜਾਵੇਗਾ। ਇਹ ਫੈਸਲਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਹੋਈ ਪੰਜਾਬ ਵਜ਼ਾਰਤ ਦੀ ਮੀਟਿੰਗ ਵਿਚ ਲਿਆ ਗਿਆ। ਪੰਜਾਬ ਸਰਕਾਰ ਦੀ ਕੈਬਨਿਟ ਮੀਟਿੰਗ ਦੌਰਾਨ ਫੈਸਲਾ ਕੀਤਾ ਕਿ ਬਜਟ ਸੈਸ਼ਨ 24 ਤੋਂ 30 ਜੂਨ ਤੱਕ ਚੱਲੇਗਾ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਕਾਗ਼ਜ਼ ਮੁਕਤ ਬਜਟ ਪੇਸ਼ ਕਰਨਗੇ।

# ਪੰਜਾਬ ਵਿਚ ਦਸਤੀ ਅਸ਼ਟਾਮ ਪੇਪਰ ਖਤਮ ਕਰਨ ਨੂੰ ਪ੍ਰਵਾਨਗੀ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਮਾਲ ਵਿਭਾਗ ਵਿਚ ਈ-ਪ੍ਰਣਾਲੀ ਬਾਰੇ ਕਈ ਸੁਧਾਰਾਂ ਨੂੰ ਹਰੀ ਝੰਡੀ ਦਿੱਤੀ ਹੈ। ਮੁੱਖ ਮੰਤਰੀ ਨੇ ਰਾਜ ਦੇ ਮਾਲੀਏ ਦੀ ਲੁੱਟ ਨੂੰ ਰੋਕਣ ਲਈ ਦਸਤੀ ਅਸ਼ਟਾਮ ਪੇਪਰਾਂ ਨੂੰ ਖਤਮ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਕਿਸੇ ਵੀ ਮੁੱਲ ਦਾ ਅਸ਼ਟਾਮ ਹੁਣ ਕਿਸੇ ਵੀ ਅਸ਼ਟਾਮ ਵਿਕਰੇਤਾ ਜਾਂ ਰਾਜ ਸਰਕਾਰ ਵੱਲੋਂ ਅਧਿਕਾਰਤ ਬੈਂਕਾਂ ਤੋਂ ਈ-ਸਟੈਂਪ ਭਾਵ ਕੰਪਿਊਟਰਾਈਜ਼ਡ ਪ੍ਰਿੰਟ-ਆਊਟ ਰਾਹੀਂ ਪ੍ਰਾਪਤ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਇਸ ਕਦਮ ਨਾਲ ਅਸ਼ਟਾਮ ਪ੍ਰਾਪਤ ਕਰਨ ਵਿੱਚ ਆਮ ਲੋਕਾਂ ਨੂੰ ਆਉਣ ਵਾਲੀ ਪਰੇਸ਼ਾਨੀ ਘਟੇਗੀ ਤੇ ਅਸ਼ਟਾਮਾਂ ਨਾਲ ਸਬੰਧਤ ਧੋਖਾਧੜੀਆਂ ਨੂੰ ਵੀ ਠੱਲ੍ਹ ਪਵੇਗੀ। ਮੁੱਖ ਮੰਤਰੀ ਨੇ ਮਾਲ ਮਹਿਕਮੇ ਦੀ ਸਮੀਖਿਆ ਮੀਟਿੰਗ ਦੌਰਾਨ ਕਿਹਾ ਕਿ ਵਿਭਾਗ ਨੇ ਰਿਕਾਰਡ ਇੰਟਰਨੈੱਟ ਉਤੇ ਪਾ ਦਿੱਤਾ ਹੈ। ਮੁੱਖ ਮੰਤਰੀ ਨੇ ਖਸਰਾ ਗਿਰਦਾਵਰੀ (ਈ-ਗਿਰਦਾਵਰੀ) ਦੀ ਆਨਲਾਈਨ ਰਿਕਾਰਡਿੰਗ ਲਈ ਵੀ ਪ੍ਰਵਾਨਗੀ ਦਿੱਤੀ ਹੈ, ਜਿਸ ਲਈ ਵਿਭਾਗ ਵੱਲੋਂ ਮੋਬਾਈਲ ਐਪ ਤੇ ਵੈੱਬਸਾਈਟ ਵਿਕਸਿਤ ਕੀਤੀ ਗਈ ਹੈ।

## ਘੱਟ ਉਮਰ ਵਾਲੇ ਨਹੀਂ ਖਰੀਦ ਸਕਣਗੇ ਸੈਮੀ ਆਟੋਮੈਟਿਕ ਬੰਦੂਕ

**ਨਿਊ ਯਾਰਕ:** ਨਿਊ ਯਾਰਕ ਦੀ ਗਵਰਨਰ ਕੈਥੀ ਹੋਚੁਲ ਨੇ ਗੋਲੀਬਾਰੀ ਦੀਆਂ ਵਧਦੀਆਂ ਘਟਨਾਵਾਂ ਦੇ ਮੱਦੇਨਜ਼ਰ ਸੂਬੇ ਵਿਚ 21 ਸਾਲ ਤੋਂ ਘੱਟ ਉਮਰ ਦੇ ਲੋਕਾਂ ਨੂੰ ਸੈਮੀ-ਆਟੋਮੈਟਿਕ ਰਾਈਫਲਾਂ ਖਰੀਦਣ ਦੀ ਇਜਾਜ਼ਤ ਨਾ ਦੇਣ ਵਾਲੇ ਨਵੇਂ ਕਾਨੂੰਨ ਉਤੇ ਦਸਤਖ਼ਤ ਕੀਤੇ ਹਨ। ਨਿਊ ਯਾਰਕ ਅਮਰੀਕਾ ਦਾ ਪਹਿਲਾ ਸੂਬਾ ਹੈ, ਜਿਸ ਨੇ ਗੋਲੀਬਾਰੀ ਦੀਆਂ ਘਟਨਾਵਾਂ ਨੂੰ ਰੋਕਣ ਲਈ ਇੰਨਾ ਵੱਡਾ ਕਦਮ ਚੁੱਕਿਆ ਹੈ। ਹੋਚੁਲ ਨੇ 10 ਜਨਤਕ ਸੁਰੱਖਿਆ ਬਿੱਲਾਂ ਉਤੇ ਦਸਤਖ਼ਤ ਕੀਤੇ, ਜਿਨ੍ਹਾਂ ਵਿਚੋਂ ਇਕ ਤਹਿਤ ਨਵੇਂ ਹਥਿਆਰਾਂ ਉਤੇ 'ਮਾਈਕ੍ਰੋਸਟੈਂਪਿੰਗ' ਦੀ ਲੋੜ ਹੋਵੇਗੀ।

# ਬੰਦੀ ਸਿੰਘਾਂ ਦੀ ਰਿਹਾਈ: ਸਿਮਰਨਜੀਤ ਸਿੰਘ ਮਾਨ ਦਾ ਬਾਦਲਾਂ ਨੂੰ ਘੇਰਾ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਬੰਦੀ ਸਿੰਘਾਂ ਦੀ ਰਿਹਾਈ ਦੇ ਮਾਮਲੇ ਵਿਚ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਕਮੇਟੀ ਅਤੇ ਦਮਦਮੀ ਟਕਸਾਲ ਦੇ ਆਗੂਆਂ ਨੂੰ ਕਿਹਾ ਕਿ ਜੇ ਉਹ ਬੰਦੀ ਸਿੰਘਾਂ ਦੀ ਰਿਹਾਈ ਲਈ ਸੁਹਿਰਦ ਹਨ ਤਾਂ ਉਹ ਆਪੋ-ਆਪਣੇ ਅਹੁਦੇ ਛੱਡਣ ਅਤੇ ਇਨ੍ਹਾਂ ਸਾਰੇ ਅਹੁਦਿਆਂ 'ਤੇ ਬੰਦੀ ਸਿੰਘਾਂ ਨੂੰ ਨਾਮਜ਼ਦ ਕੀਤਾ ਜਾਵੇ। ਉਹ ਇਥੇ ਘੱਲੂਘਾਰਾ ਦਿਹਾੜੇ ਮੌਕੇ ਅਰਦਾਸ ਸਮਾਗਮ ਵਿਚ ਸ਼ਾਮਲ ਹੋਣ ਲਈ ਪੁੱਜੇ ਸਨ।

ਸ੍ਰੀ ਅਕਾਲ ਤਖ਼ਤ ਦੇ ਬਾਹਰ ਸੰਗਤਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ, ਹਰਜਿੰਦਰ ਸਿੰਘ ਧਾਮੀ, ਪ੍ਰੇਮ ਸਿੰਘ ਚੰਦੂਮਾਜਰਾ, ਬਲਵਿੰਦਰ ਸਿੰਘ ਭੂੰਦੜ ਤੇ ਹੋਰ ਬੰਦੀ ਸਿੰਘਾਂ ਦੀ ਰਿਹਾਈ ਦੇ ਮਾਮਲੇ ਵਿਚ ਉਨ੍ਹਾਂ ਨੂੰ ਮਿਲਣ ਲਈ ਆਏ ਸਨ। ਉਨ੍ਹਾਂ ਇਨ੍ਹਾਂ ਆਗੂਆਂ ਨੂੰ ਕਿਹਾ ਕਿ ਜੇ ਉਹ ਇਸ ਮਾਮਲੇ ਵਿਚ ਸੁਹਿਰਦ ਹਨ ਤਾਂ ਪਹਿਲਾਂ ਆਪਣੇ ਅਹੁਦੇ ਛੱਡਣ। ਉਨ੍ਹਾਂ ਕਿਹਾ ਕਿ ਇਸ ਕੰਮ ਦੀ ਸ਼ੁਰੂਆਤ ਘਰ ਤੋਂ ਕਰਨੀ ਚਾਹੀਦੀ ਹੈ। ਇਸ ਲਈ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨੂੰ ਨਾਮਜ਼ਦ ਕੀਤਾ ਜਾਵੇ, ਦਮਦਮੀ ਟਕਸਾਲ ਦਾ ਮੁਖੀ ਭਾਈ ਦਯਾ ਸਿੰਘ ਲਾਹੌਰੀਆ ਨੂੰ ਨਾਮਜ਼ਦ ਕੀਤਾ ਜਾਵੇ ਅਤੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵਜੋਂ ਭਾਈ ਜਗਤਾਰ ਸਿੰਘ ਹਵਾਰਾ ਨੂੰ ਨਾਮਜ਼ਦ ਕੀਤਾ ਜਾਵੇ। ਉਨ੍ਹਾਂ ਸੁਖਬੀਰ ਸਿੰਘ ਬਾਦਲ ਨੂੰ ਵੀ ਕਿਹਾ ਕਿ ਉਹ ਵੀ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦਾ ਅਹੁਦਾ ਛੱਡੇ ਅਤੇ ਇਸ ਅਹੁਦੇ 'ਤੇ ਵੀ ਕਿਸੇ ਬੰਦੀ ਸਿੱਖ ਨੂੰ ਨਾਮਜ਼ਦ ਕੀਤਾ ਜਾਵੇ।

## ਬੰਦੀ ਸਿੰਘਾਂ ਦਾ ਸਨਮਾਨ

**ਚੰਡੀਗੜ੍ਹ:** ਪੰਜਾਬ ਵਿਚ 'ਆਪ' ਸਰਕਾਰ ਵੱਲੋਂ 27 ਜੂਨ ਨੂੰ ਪਹਿਲਾ ਆਮ ਬਜਟ ਪੇਸ਼ ਕੀਤਾ ਜਾਵੇਗਾ। ਇਹ ਫੈਸਲਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਹੋਈ ਪੰਜਾਬ ਵਜ਼ਾਰਤ ਦੀ ਮੀਟਿੰਗ ਵਿਚ ਲਿਆ ਗਿਆ। ਪੰਜਾਬ ਸਰਕਾਰ ਦੀ ਕੈਬਨਿਟ ਮੀਟਿੰਗ ਦੌਰਾਨ ਫੈਸਲਾ ਕੀਤਾ ਕਿ ਬਜਟ ਸੈਸ਼ਨ 24 ਤੋਂ 30 ਜੂਨ ਤੱਕ ਚੱਲੇਗਾ। ਦੱਸਣਯੋਗ ਹੈ ਕਿ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਕਾਗ਼ਜ਼ ਮੁਕਤ ਬਜਟ ਪੇਸ਼ ਕਰਨਗੇ। ਪੰਜਾਬ ਸਰਕਾਰ ਦਾ ਦਾਅਵਾ ਹੈ ਕਿ ਇਸ ਵਾਰ ਦਾ ਬਜਟ ਲੋਕ ਪੱਖੀ ਹੋਵੇਗਾ, ਜਿਸ ਨੂੰ ਲੋਕਾਂ ਦੀ ਰਾਇ ਨਾਲ ਤਿਆਰ ਕੀਤਾ ਹੈ।

# ਆਪਣੇ ਹੀ ਏਜੰਡੇ 'ਚ ਉਲਝੀ ਭਾਜਪਾ

*(ਪਹਿਲੇ ਸਫੇ ਦੀ ਬਾਕੀ)*

ਵੀ ਦੋਵਾਂ ਆਗੂਆਂ ਦੇ ਬਿਆਨਾਂ ਉਤੇ ਤਿੱਖਾ ਪ੍ਰਤੀਕਰਮ ਕਰਦਿਆਂ ਇਸ ਨੂੰ ਦੇਸ਼ ਤੋੜਨ ਦੀਆਂ ਕੋਸ਼ਿਸ਼ਾਂ ਕਰਾਰ ਦਿੱਤਾ। ਵਿਰੋਧੀ ਧਿਰਾਂ ਨੇ ਭਾਜਪਾ ਵੱਲੋਂ ਦੋਹਾਂ ਆਗੂਆਂ ਖ਼ਿਲਾਫ਼ ਕੀਤੀ ਕਾਰਵਾਈ ਨੂੰ ਢੋਂਗ ਕਰਾਰ ਦਿੰਦਿਆਂ ਕਿਹਾ ਕਿ ਇਹ ਭਾਜਪਾ ਵਲੋਂ ਕੀਤੀ 'ਡੈਮੇਜ ਕੰਟਰੋਲ' ਕਾਰਵਾਈ ਹੈ।

ਦਰਅਸਲ, ਭਾਜਪਾ ਲਈ ਇਹ ਵਿਵਾਦ ਉਸ ਸਮੇਂ ਖੜ੍ਹਾ ਹੋਇਆ ਹੈ ਜਦੋਂ ਇਹ ਜੰਮੂ ਕਸ਼ਮੀਰ ਵਿਚ ਕਸ਼ਮੀਰੀ ਪੰਡਿਤਾਂ ਦੀਆਂ ਮਿਥ ਕੇ ਹੋ ਰਹੀਆਂ ਹੱਤਿਆਵਾਂ ਦੇ ਮਾਮਲੇ ਉਤੇ ਘਿਰੀ ਹੋਈ ਹੈ। ਇਥੋਂ ਵੱਡੀ ਗਿਣਤੀ ਕਸ਼ਮੀਰੀ ਪੰਡਿਤ ਹਿਜਰਤ ਕਰ ਰਹੇ ਹਨ। ਭਾਜਪਾ ਨੇ ਧਾਰਾ 370 ਖਤਮ ਕਰਕੇ ਦਾਅਵਾ ਕੀਤਾ ਸੀ ਕਿ ਹੁਣ ਮਾਹੌਲ ਬਿਲਕੁਲ ਸ਼ਾਂਤ ਹੋ ਗਿਆ ਹੈ ਤੇ ਕਸ਼ਮੀਰੀ ਪੰਡਿਤ ਆਪਣੇ ਘਰਾਂ ਨੂੰ ਪਰਤ ਆਏ ਹਨ। ਭਗਵਾ ਧਿਰ ਨੇ ਇਸ ਦਾ ਸਿਆਸੀ ਲਾਹਾ ਲੈਣ ਲਈ ਇਸ 'ਪ੍ਰਾਪਤੀ' ਨੂੰ ਖੂਬ ਪ੍ਰਚਾਰਿਆ ਸੀ ਪਰ ਪਿਛਲੇ ਦਿਨਾਂ ਤੋਂ ਮਿਥ ਕੇ ਹੱਤਿਆਵਾਂ ਦਾ ਸਿਲਸਲਾ ਲਗਾਤਾਰ ਜਾਰੀ ਹੈ। ਦੋਸ਼ ਲੱਗ ਰਹੇ ਹਨ ਕਿ ਭਾਜਪਾ ਵੱਲੋਂ ਉਤਰ ਪ੍ਰਦੇਸ਼ ਵਿਚ ਮੁਸਲਿਮ ਪਰਿਵਾਰਾਂ ਦੇ ਘਰਾਂ ਉਤੇ ਬੁਲਡੋਜ਼ਰ ਚਲਾਉਣ, ਗਿਆਨਵਾਪੀ ਸਣੇ ਮਸੀਤਾਂ ਦੀ ਕੀਤੀ ਜਾ ਰਹੀ ਖੁਦਾਈ ਦੇ ਰੋਸ ਵਜੋਂ ਕਸ਼ਮੀਰੀ ਪੰਡਿਤਾਂ ਉਤੇ ਹਮਲੇ ਹੋ ਰਹੇ ਹਨ। ਇਸ ਤੋਂ ਇਲਾਵਾ ਕਸ਼ਮੀਰੀ ਪੰਡਿਤ ਉਤੇ ਬਣੀ ਫਿਲਮ 'ਦਿ ਕਸ਼ਮੀਰ ਫਾਈਲ' ਨੇ ਅੱਗ ਵਿਚ ਘਿਓ ਦਾ ਕੰਮ ਕੀਤਾ ਹੈ, ਜਿਸ ਵਿਚ ਮਿਥ ਕੇ ਇਕ ਘੱਟ ਗਿਣਤੀ ਭਾਈਚਾਰੇ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਯਾਦ ਰਹੇ ਕਿ ਭਾਜਪਾ ਦੀ ਘੱਟ ਗਿਣਤੀਆਂ ਅਤੇ ਖਾਸ ਤੌਰ ਉਤੇ ਮੁਸਲਿਮ ਭਾਈਚਾਰੇ ਬਾਰੇ ਪਹੁੰਚ ਇਸ ਤੱਥ ਤੋਂ ਵੀ ਦੇਖੀ ਜਾ ਰਹੀ ਹੈ ਕਿ ਇਸ ਸਮੇਂ ਦੇਸ਼ ਦੀ ਸਭ ਤੋਂ ਵੱਡੀ ਪਾਰਟੀ ਦਾ ਸੰਸਦ ਦੇ ਦੋਵਾਂ ਸਦਨਾਂ (ਲੋਕ ਸਭਾ ਤੇ ਰਾਜ ਸਭਾ) ਅਤੇ ਵਿਧਾਨ ਸਭਾਵਾਂ ਵਿਚ ਇਕ ਵੀ ਮੁਸਲਮਾਨ ਮੈਂਬਰ ਨਹੀਂ ਹੈ। ਗਿਆਨਵਾਪੀ ਸਮੇਤ ਅਨੇਕ ਟਕਰਾਵੇਂ ਮੁੱਦੇ ਉਭਾਰਨੇ ਅਤੇ ਬੁਲਡੋਜ਼ਰ ਚਲਾਉਣ ਦੀ ਸਿਆਸਤ ਬੇਹੱਦ ਸੰਵੇਦਨਸ਼ੀਲ ਮਸਲੇ ਹਨ। ਕਸ਼ਮੀਰ ਵਿਚ ਨਿਸ਼ਾਨਾ ਬਣਾ ਕੇ ਕੀਤੀਆਂ ਹੱਤਿਆਵਾਂ ਦੇ ਹਵਾਲੇ ਨਾਲ ਨਰਿੰਦਰ ਮੋਦੀ ਸਰਕਾਰ 'ਤੇ ਤਨਜ਼ ਕਸਦਿਆਂ ਸ਼ਿਵ ਸੈਨਾ ਨੇ ਕਿਹਾ ਕਿ ਕੇਂਦਰ ਸ਼ਾਸਿਤ ਪ੍ਰਦੇਸ਼ ਵਿਚ ਲੋਕ ਸੰਤਾਪ ਝੱਲ ਰਹੇ ਹਨ, ਪਰ 'ਰਾਜਾ' ਜਸ਼ਨਾਂ ਵਿਚ ਰੁੱਝਿਆ ਹੋਇਆ ਹੈ। ਪਾਰਟੀ ਦੇ ਰੋਜ਼ਨਾਮਚੇ 'ਸਾਮਨਾ' ਦੀ ਸੰਪਾਦਕੀ ਵਿਚ ਮੋਦੀ ਸਰਕਾਰ ਦੇ ਅੱਠ ਸਾਲ ਦੇ ਕਾਰਜਕਾਲ ਦੀ 8ਵੀਂ ਵਰ੍ਹੇਗੰਢ 'ਤੇ ਤਨਜ਼ ਕਸਦਿਆਂ ਸ਼ਿਵ ਸੈਨਾ ਨੇ ਕਿਹਾ ਕਿ ਭਾਜਪਾ ਧਾਰਾ 370 ਦੀਆਂ ਵਿਵਸਥਾਵਾਂ ਨੂੰ ਮਨਸੂਖ ਕਰਨ ਤੇ ਪਾਕਿਸਤਾਨ ਆਧਾਰਿਤ ਦਹਿਸ਼ਤਗਰਦਾਂ 'ਤੇ ਕੀਤੇ ਸਰਜੀਕਲ ਹਮਲਿਆਂ ਦੇ ਪ੍ਰਚਾਰ ਪਾਸਾਰ ਵਿਚ ਰੁੱਝੀ ਹੈ ਪਰ ਇਸ ਗੱਲੋਂ ਹੈਰਾਨੀ ਹੁੰਦੀ ਹੈ ਕਿ ਉਹ ਕਸ਼ਮੀਰੀ ਪੰਡਿਤਾਂ ਦੀਆਂ ਦੁੱਖ ਤਕਲੀਫਾਂ ਤੋਂ ਪੂਰੀ ਤਰ੍ਹਾਂ ਅਣਜਾਣ ਬਣੀ ਹੋਈ ਹੈ।

ਇਸੇ ਦੌਰਾਨ ਨੂਪੁਰ ਸ਼ਰਮਾ ਤੇ ਮੀਡੀਆ ਇੰਚਾਰਜ ਨਵੀਨ ਕੁਮਾਰ ਜਿੰਦਲ ਵੱਲੋਂ ਪੈਗੰਬਰ ਮੁਹੰਮਦ ਬਾਰੇ ਕੀਤੀਆਂ ਵਿਵਾਦਿਤ ਟਿੱਪਣੀਆਂ ਲਈ ਭਾਜਪਾ ਨੂੰ ਨਿਸ਼ਾਨੇ 'ਤੇ ਲੈਂਦਿਆਂ ਕਾਂਗਰਸ ਨੇ ਦੋਸ਼ ਲਾਇਆ ਕਿ ਭਗਵਾ ਪਾਰਟੀ ਕੌਮਾਂਤਰੀ ਪੱਧਰ 'ਤੇ ਦੇਸ਼ ਨੂੰ ਬਦਨਾਮ ਕਰ ਰਹੀ ਹੈ। ਕਾਂਗਰਸ ਦੇ ਤਰਜਮਾਨ ਪਵਨ ਖੇੜਾ ਨੇ ਕਿਹਾ ਕਿ ਭਾਜਪਾ ਦੀਆਂ ਗਲਤੀਆਂ ਲਈ ਦੇਸ਼ ਨੂੰ ਮੁਆਫੀ ਮੰਗਣੀ ਪਏ, ਇਹ ਸਵੀਕਾਰ ਨਹੀਂ ਹੈ। ਕਾਂਗਰਸ ਨੇ ਪੈਗੰਬਰ ਖਿਲਾਫ ਵਿਵਾਦਿਤ ਟਿੱਪਣੀਆਂ ਕਰਨ ਵਾਲੇ ਦੋਵੇਂ ਭਾਜਪਾ ਕਾਰਕੁਨਾਂ ਨੂੰ ਗ੍ਰਿਫਤਾਰ ਕਰਨ ਦੀ ਮੰਗ ਵੀ ਕੀਤੀ।

## ਜਥੇਦਾਰ ਦੇ ਬਿਆਨ 'ਤੇ ਫਿਰ ਵਿਵਾਦ

*(ਪਹਿਲੇ ਸਫੇ ਦੀ ਬਾਕੀ)*

ਦੇਵਾਂਗੇ। ਪੰਜਾਬ ਦੇ ਸਰਹੱਦੀ ਇਲਾਕਿਆਂ ਵਿਚ ਸਿੱਖੀ ਪ੍ਰਚਾਰ ਦੀ ਲੋੜ ਉਤੇ ਜ਼ੋਰ ਦਿੱਤਾ। ਉਧਰ, ਸਿਆਸੀ ਧਿਰਾਂ ਨੇ ਜਥੇਦਾਰ ਦੇ ਬਿਆਨ ਉਤੇ ਸਵਾਲ ਵੀ ਚੁੱਕੇ ਹਨ। ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਨੇ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਗੁਰੂ ਘਰਾਂ ਵਿਚ ਆਧੁਨਿਕ ਹਥਿਆਰਾਂ ਦੀ ਸਿਖਲਾਈ ਦਿੱਤੇ ਜਾਣ ਦੇ ਸੱਦੇ ਦੀ ਨਿਖੇਧੀ ਕਰਦਿਆਂ ਕਿਹਾ ਕਿ ਜਥੇਦਾਰ ਦੁਨੀਆਂ ਅਤੇ ਖਾਸ ਕਰਕੇ ਖਾਸ ਕਰਕੇ ਸਿੱਖ ਕੌਮ ਨੂੰ ਕੀ ਦੱਸਣ ਦੀ ਕੋਸ਼ਿਸ਼ ਕਰ ਰਹੇ ਹਨ। ਰਾਜਾ ਵੜਿੰਗ ਨੇ ਜਥੇਦਾਰ ਨੂੰ ਸੁਆਲ ਕੀਤਾ, "ਕੀ ਤੁਸੀਂ ਸਾਰਿਆਂ ਜਾਂ ਸਿਰਫ ਸਿੱਖਾਂ ਲਈ ਹਥਿਆਰਾਂ ਦੀ ਸਿਖਲਾਈ ਦੀ ਵਕਾਲਤ ਕਰ ਰਹੇ ਹੋ ਅਤੇ ਕੀ ਇਸ ਨਾਲ ਦੂਜਿਆਂ ਵਿਚ ਅਸੁਰੱਖਿਆ ਅਤੇ ਅਵਿਸ਼ਵਾਸ ਦੀ ਭਾਵਨਾ ਪੈਦਾ ਨਹੀਂ ਹੋਵੇਗੀ।" ਉਨ੍ਹਾਂ ਅਪੀਲ ਕੀਤੀ ਕਿ ਹਥਿਆਰਾਂ ਨੂੰ ਉਤਸ਼ਾਹਿਤ ਕਰਨ ਦੀ ਥਾਂ ਜਥੇਦਾਰ ਸ਼ਾਂਤੀ ਦਾ ਸੰਦੇਸ਼ ਫੈਲਾਉਣ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੁਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਉਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਚੁਫੇਰਿਓਂ ਘਿਰੀ ਮਾਨ ਸਰਕਾਰ ਵੱਲੋਂ ਅਹਿਮ ਹਸਤੀਆਂ ਦੀ ਸੁਰੱਖਿਆ ਬਹਾਲ

**ਚੰਡੀਗੜ੍ਹ:** ਪੰਜਾਬ ਦੇ ਸਿਆਸਤਦਾਨਾਂ, ਡੇਰੇਦਾਰਾਂ, ਸੇਵਾ ਮੁਕਤ ਅਤੇ ਸੇਵਾ ਕਰ ਰਹੇ ਸਿਵਲ ਤੇ ਪੁਲਿਸ ਅਫਸਰਾਂ ਦੀ ਸੁਰੱਖਿਆ ਵਾਪਸ ਲਏ ਜਾਣ ਨੂੰ ਲੈ ਕੇ ਵਿਵਾਦਾਂ 'ਚ ਘਿਰੀ 'ਆਪ' ਸਰਕਾਰ ਨੇ ਇਨ੍ਹਾਂ ਸਾਰਿਆਂ ਦੀ ਸੁਰੱਖਿਆ ਬਹਾਲ ਕਰਨ ਦਾ ਫੈਸਲਾ ਕੀਤਾ ਹੈ। ਪੰਜਾਬ ਸਰਕਾਰ ਨੇ ਇਸ ਫੈਸਲੇ ਸਬੰਧੀ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੂੰ ਸੂਚਿਤ ਕਰ ਦਿੱਤਾ ਹੈ। ਉਂਜ ਅਦਾਲਤ ਵਿਚ ਸੁਣਵਾਈ ਦੌਰਾਨ ਪੰਜਾਬ ਪੁਲਿਸ ਵੱਲੋਂ ਪੇਸ਼ ਸਰਕਾਰੀ ਵਕੀਲ ਨੇ ਕਿਹਾ ਕਿ 424 ਵਿਅਕਤੀਆਂ ਦੀ ਸੁਰੱਖਿਆ ਵਾਪਸੀ ਦਾ ਫੈਸਲਾ ਸਾਕਾ ਨੀਲਾ ਤਾਰਾ ਦੀ ਵਰ੍ਹੇਗੰਢ ਕਰ ਕੇ ਹੀ ਲਿਆ ਗਿਆ ਸੀ, ਜੋ 'ਘੱਲੂਘਾਰਾ' ਮਗਰੋਂ ਖੁਦ ਬਖੁਦ ਬਹਾਲ ਹੋ ਜਾਵੇਗੀ।



ਹਾਈ ਕੋਰਟ ਵਿਚ ਸੁਣਵਾਈ ਦੌਰਾਨ ਪੰਜਾਬ ਸਰਕਾਰ ਵੱਲੋਂ ਪੇਸ਼ ਸੀਨੀਅਰ ਡਿਪਟੀ ਐਡਵੋਕੇਟ ਜਨਰਲ ਗੌਰਵ ਗਰਗ ਧੂਰੀਵਾਲਾ ਨੇ ਜਸਟਿਸ ਰਾਜ ਮੋਹਨ ਸਿੰਘ ਨੂੰ ਦੱਸਿਆ ਸੂਬਾ ਸਰਕਾਰ ਵੱਲੋਂ 26 ਮਈ ਨੂੰ ਜਾਰੀ ਹੁਕਮ ਖੁਦ ਇਹ ਸਪਸ਼ਟ ਕਰਦੇ ਹਨ ਕਿ ਸੁਰੱਖਿਆ ਵਾਪਸੀ ਦਾ ਫੈਸਲਾ ਆਰਜ਼ੀ ਸੀ। ਧੂਰੀਵਾਲਾ ਨੇ ਸਾਫ ਕਰ ਦਿੱਤਾ ਕਿ 26 ਮਈ ਦੇ ਇਹ ਹੁਕਮ ਪੰਜਾਬ ਪੁਲਿਸ ਦੀ ਸੁਰੱਖਿਆ ਛਤਰੀ ਹਾਸਲ ਕਰਨ ਵਾਲੇ 424 ਵਿਅਕਤੀਆਂ ਨਾਲ ਹੀ ਸਬੰਧਤ ਸਨ, ਹੋਰਨਾਂ ਦਾ ਇਸ ਨਾਲ ਕੋਈ ਲਾਗਾ-ਦੇਗਾ ਨਹੀਂ। ਧੂਰੀਵਾਲਾ ਨੇ ਬੈਂਚ ਅੱਗੇ ਸੀਲਬੰਦ ਰਿਪੋਰਟ ਵੀ ਰੱਖੀ। ਜਸਟਿਸ ਰਾਜ ਮੋਹਨ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਓ.ਪੀ.ਸੋਨੀ ਵੱਲੋਂ ਆਪਣੇ ਵਕੀਲ ਮਧੂ ਦਿਆਲ ਰਾਹੀਂ ਦਾਖਲ ਪਟੀਸ਼ਨ 'ਤੇ ਸੁਣਵਾਈ ਕਰ ਰਹੇ ਸਨ। ਪੰਜਾਬ ਸਰਕਾਰ ਨੇ 11 ਮਈ ਨੂੰ ਕੀਤੇ ਹੁਕਮਾਂ ਵਿਚ ਪਹਿਲਾਂ ਸੋਨੀ ਦੀ 'ਜ਼ੈਡ' ਪਲੱਸ ਸੁਰੱਖਿਆ ਘਟਾ ਦਿੱਤੀ ਸੀ ਤੇ ਮਗਰੋਂ (26 ਮਈ ਦੇ ਹੁਕਮਾਂ ਮੁਤਾਬਕ) ਸੁਰੱਖਿਆ ਵਾਪਸ ਲੈ ਲਈ।

ਸੋਨੀ ਨੇ ਸਰਕਾਰ ਦੇ ਇਸੇ ਫੈਸਲੇ ਨੂੰ ਖਾਰਜ ਕਰਨ ਲਈ ਪਟੀਸ਼ਨ ਦਾਖਲ ਕੀਤੀ ਸੀ। ਦਿਆਲ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸੁਰੱਖਿਆ ਵਾਪਸੀ ਦੇ ਫੈਸਲੇ ਲਈ ਇਨ੍ਹਾਂ ਵਿਅਕਤੀਆਂ ਨੂੰ ਦਰਪੇਸ਼ ਖਤਰੇ ਦੀ ਸਮੀਖਿਆ ਨਹੀਂ ਕੀਤੀ ਬਲਕਿ ਇਹ ਸਿਆਸਤ ਤੋਂ ਪ੍ਰੇਰਿਤ ਫੈਸਲਾ ਸੀ। ਜਸਟਿਸ ਰਾਜ ਮੋਹਨ ਨੇ ਸਰਕਾਰ ਵੱਲੋਂ ਪੇਸ਼ ਰਿਕਾਰਡ ਨੂੰ ਮੁੜ ਸੀਲਬੰਦ ਕਰਨ ਦੇ ਹੁਕਮ ਦਿੰਦਿਆਂ ਕਿਹਾ ਕਿ ਕੇਸ ਦੀ ਅਗਲੀ ਸੁਣਵਾਈ ਦੌਰਾਨ ਇਸ 'ਤੇ ਗੌਰ ਕੀਤੀ ਜਾਵੇਗੀ। ਏ.ਆਈ.ਜੀ. ਪੁਲਿਸ (ਸੁਰੱਖਿਆ) ਵਰਿੰਦਰ ਪਾਲ ਸਿੰਘ ਦੇ ਜਵਾਬ ਨੂੰ ਰਿਕਾਰਡ 'ਤੇ ਲੈਂਦਿਆਂ ਕਿ ਸਰਕਾਰੀ ਵਕੀਲ ਕੇਸ ਨਾਲ ਸਬੰਧਤ ਜਾਣਕਾਰੀ, ਜੋ ਮੌਜੂਦਾ ਸੰਦਰਭ ਵਿਚ ਢੁਕਵੀਂ ਹੋਵੇ, ਨੂੰ ਅਗਲੀ ਪੇਸ਼ੀ ਮੌਕੇ ਸੀਲਬੰਦ ਕਵਰ 'ਚ ਪੇਸ਼ ਕਰ ਸਕਦਾ ਹੈ।

ਕਾਬਲੇਗੌਰ ਹੈ ਕਿ ਪੰਜਾਬ ਦੇ ਵਧੀਕ ਡੀ.ਜੀ.ਪੀ. (ਸੁਰੱਖਿਆ) ਐਸ.ਐਸ. ਚੌਹਾਨ ਨੇ 26 ਮਈ ਨੂੰ 424 ਵਿਅਕਤੀਆਂ ਦੀ ਸੁਰੱਖਿਆ ਘਟਾਉਣ ਅਤੇ ਕਈਆਂ ਦੀ ਵਾਪਸ ਲੈਣ ਦੇ ਹੁਕਮ ਜਾਰੀ ਕੀਤੇ ਸਨ। ਹਾਕਮ ਧਿਰ ਵੱਲੋਂ 28 ਮਈ ਨੂੰ ਇਹ ਹੁਕਮ ਸੋਸ਼ਲ ਮੀਡੀਆ ਰਾਹੀਂ ਜਨਤਕ ਕੀਤੇ ਜਾਣ ਮਗਰੋਂ ਸੁਰੱਖਿਆ ਵਾਪਸ ਲੈਣ ਦੇ ਮੁੱਦੇ 'ਤੇ ਵੱਡਾ ਹੰਗਾਮਾ ਖੜ੍ਹਾ ਹੋ ਗਿਆ ਸੀ। 29 ਮਈ ਨੂੰ ਪੰਜਾਬੀ ਗਾਇਕ ਸ਼ੁਭਦੀਪ ਸਿੰਘ ਸਿੱਧੂ ਉਰਫ ਸਿੱਧੂ ਮੂਸੇਵਾਲਾ ਦਾ ਮਾਨਸਾ ਜ਼ਿਲ੍ਹੇ ਦੇ ਪਿੰਡ ਜਵਾਹਰਕੇ ਵਿਚ ਦਿਨ ਦਿਹਾੜੇ ਬੇਰਹਿਮੀ ਨਾਲ ਕਤਲ ਹੋਣ ਮਗਰੋਂ ਪੰਜਾਬ ਸਰਕਾਰ ਚੁਫੇਰਿਓਂ ਘਿਰ ਗਈ, ਕਿਉਂਕਿ ਜਿਨ੍ਹਾਂ 424 ਵਿਅਕਤੀਆਂ ਦੀ ਸੁਰੱਖਿਆ ਘਟਾਈ ਗਈ ਸੀ, ਉਨ੍ਹਾਂ ਵਿਚ ਇਸ ਮਰਹੂਮ ਗਾਇਕ ਦਾ ਨਾਮ ਵੀ ਸ਼ਾਮਲ ਸੀ। ਇਸ ਘਟਨਾ ਤੋਂ ਬਾਅਦ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਤੋਂ ਸੁਰੱਖਿਆ ਵਾਪਸ ਲੈਣ ਜਾਂ ਕਟੌਤੀ ਕਰਨ ਦੇ ਕਾਰਨਾਂ ਦੀ ਮੁਕੰਮਲ ਜਾਣਕਾਰੀ ਹੀ ਨਹੀਂ ਮੰਗੀ, ਸਗੋਂ ਸੁਰੱਖਿਆ ਨਾਲ ਜੁੜਿਆ ਸੰਵੇਦਨਸ਼ੀਲ ਦੇ 'ਗੁਪਤ' ਦਸਤਾਵੇਜ਼ ਲੀਕ ਹੋਣ ਸਬੰਧੀ ਵੀ ਸਵਾਲ ਖੜ੍ਹੇ ਕੀਤੇ ਸਨ। ਸੂਤਰਾਂ ਦਾ ਦੱਸਣਾ ਹੈ ਕਿ ਜਨਤਕ ਤੌਰ 'ਤੇ ਹੋ ਰਹੀ ਨੁਕਤਾਚੀਨੀ ਤੇ ਅਦਾਲਤ ਵਿਚ ਘਿਰਨ ਤੋਂ ਬਾਅਦ ਸਰਕਾਰੀ ਪੱਧਰ 'ਤੇ ਇਹੀ ਫੈਸਲਾ ਕੀਤਾ ਗਿਆ ਕਿ ਜਿਨ੍ਹਾਂ ਵਿਅਕਤੀਆਂ ਦੀ ਸੁਰੱਖਿਆ ਵਾਪਸ ਲਈ ਗਈ ਹੈ ਉਹ ਹੁਕਮ ਵਾਪਸ ਲਿਆ ਜਾਵੇ।

ਮਹੱਤਵਪੂਰਨ ਤੱਥ ਇਹ ਵੀ ਹੈ ਕਿ ਸਿੱਧੂ ਮੂਸੇਵਾਲਾ ਦੀ ਹੱਤਿਆ ਤੋਂ ਬਾਅਦ ਸੁਰੱਖਿਆ ਦੇ ਨਾਮ 'ਤੇ ਪੰਜਾਬ ਪੁਲਿਸ ਦੇ ਅਧਿਕਾਰੀਆਂ ਨੂੰ ਵਿਰੋਧੀ ਪਾਰਟੀਆਂ ਦੇ ਆਗੂਆਂ ਵੱਲੋਂ ਸਿੱਧੇ ਜਾਂ ਅਸਿੱਧੇ ਤੌਰ 'ਤੇ ਬਲੈਕਮੇਲ ਕੀਤਾ ਜਾ ਰਿਹਾ ਹੈ। ਪੁਲਿਸ ਵੱਲੋਂ ਵੀ ਇਸ ਤੋਂ ਪਹਿਲਾਂ ਦੋ ਦਰਜਨ ਵਿਅਕਤੀਆਂ ਦੀ ਸੁਰੱਖਿਆ ਬਹਾਲ ਕਰ ਦਿੱਤੀ ਗਈ ਸੀ। ਪੰਜਾਬ ਪੁਲਿਸ ਨੇ 26 ਮਈ ਦੇ ਹੁਕਮਾਂ ਵਿਚ 424 ਵਿਅਕਤੀਆਂ ਦੀ ਸੁਰੱਖਿਆ ਘਟਾਉਣ ਜਾਂ ਵਾਪਸ ਲੈਂਦਿਆਂ 500 ਤੋਂ ਵੱਧ ਪੁਲਿਸ ਕਰਮਚਾਰੀਆਂ ਨੂੰ ਵਾਪਸ ਪੁਲਿਸ ਡਿਊਟੀ 'ਤੇ ਹਾਜ਼ਰ ਹੋਣ ਦੇ ਨਿਰਦੇਸ਼ ਦਿੱਤੇ ਸਨ।

ਪੁਲਿਸ ਨੇ ਜਿਨ੍ਹਾਂ ਧਾਰਮਿਕ ਆਗੂਆਂ ਦੀ ਸੁਰੱਖਿਆ 'ਚ ਕਟੌਤੀ ਕੀਤੀ ਸੀ, ਉਨ੍ਹਾਂ ਵਿਚ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਡੇਰਾ ਰਾਧਾ ਸੁਆਮੀ ਬਿਆਸ, ਦੁਆਬੇ ਦੇ ਮਸ਼ਹੂਰ ਡੇਰਾ ਬੱਲਾਂ, ਦਿਵਿਆ ਜੋਤੀ ਜਾਗਰਣ ਸੰਸਥਾਨ ਡੇਰਾ ਨੂਰਮਹਿਲ, ਬਾਬਾ ਸੁਖਦੇਵ ਸਿੰਘ ਡੇਰਾ ਰੂਮੀ ਭੁੱਚੋਂ, ਡੇਰਾ ਭੈਣੀ ਸਾਹਿਬ ਨਾਲ ਸਬੰਧਤ ਨਾਮਧਾਰੀ ਆਗੂ, ਨਾਨਕਸਰ ਕਲੇਰਾਂ, ਬਾਬਾ ਕਸ਼ਮੀਰਾ ਸਿੰਘ ਜਲੰਧਰ ਸਮੇਤ ਕਈ ਧਾਰਮਿਕ ਆਗੂਆਂ ਸ਼ਾਮਲ ਸਨ।

## ਸੰਭਾਲਿਆ ਨਹੀਂ ਜਾ ਰਿਹਾ ਗ੍ਰਹਿ ਵਿਭਾਗ: ਪਰਗਟ

**ਜਲੰਧਰ:** ਕਾਂਗਰਸ ਦੇ ਵਿਧਾਇਕ ਪਰਗਟ ਸਿੰਘ ਨੇ ਸੂਬੇ ਵਿਚ ਵਿਗੜ ਰਹੀ ਅਮਨ ਕਾਨੂੰਨ ਦੀ ਸਥਿਤੀ ਸਬੰਧੀ ਭਗਵੰਤ ਸਿੰਘ ਮਾਨ ਦੀ ਸਰਕਾਰ 'ਤੇ ਨਿਸ਼ਾਨਾ ਸਾਧਿਆ ਹੈ। ਉਨ੍ਹਾਂ ਕਿਹਾ ਕਿ ਕਤਲਾਂ ਕਾਰਨ ਸੂਬੇ ਭਰ ਵਿਚ ਸਹਿਮ ਦਾ ਮਾਹੌਲ ਹੈ। ਉਨ੍ਹਾਂ ਕਿਹਾ ਕਿ ਸਿੱਧੂ ਮੂਸੇਵਾਲਾ ਦੇ ਕਤਲ ਨੇ ਪੰਜਾਬੀਆਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਅਮਨ ਕਾਨੂੰਨ ਦੀ ਦਿਨੋਂ-ਦਿਨ ਵਿਗੜਦੀ ਜਾ ਰਹੀ ਸਥਿਤੀ ਤੋਂ ਸਾਬਤ ਹੋ ਰਿਹਾ ਹੈ ਕਿ ਸੂਬੇ ਵਿਚ ਗ੍ਰਹਿ ਵਿਭਾਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਕੋਲੋਂ ਸੰਭਾਲਿਆ ਨਹੀਂ ਜਾ ਰਿਹਾ।

## ਭਗਵੰਤ ਲੋਕਾਂ ਨੂੰ ਸੁਰੱਖਿਆ ਦੇਣ ਵਿਚ ਨਾਕਾਮ: ਸੁਖਬੀਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦੋਸ਼ ਲਾਇਆ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਗ੍ਰਹਿ ਮੰਤਰੀ ਵਜੋਂ ਬੁਰੀ ਤਰ੍ਹਾਂ ਫੇਲ੍ਹ ਸਾਬਤ ਹੋਏ ਹਨ। ਉਨ੍ਹਾਂ ਭਗਵੰਤ ਮਾਨ 'ਤੇ ਸੂਬੇ ਨੂੰ ਜੰਗਲ ਰਾਜ ਵੱਲ ਧੱਕਣ ਦਾ ਦੋਸ਼ ਲਾਉਂਦਿਆਂ ਮੁੱਖ ਮੰਤਰੀ ਦੀ ਬਰਖਾਸਤਗੀ ਮੰਗੀ ਹੈ। ਉਨ੍ਹਾਂ ਕਿਹਾ ਕਿ ਅਜਿਹਾ ਜਾਪਦਾ ਹੈ ਕਿ ਪੰਜਾਬ ਵਿਚ ਜੰਗਲ ਰਾਜ ਆ ਗਿਆ ਹੈ ਅਤੇ ਇਥੇ ਕੋਈ ਵੀ ਸੁਰੱਖਿਅਤ ਨਹੀਂ ਹੈ। ਉਨ੍ਹਾਂ ਕਿਹਾ ਕਿ ਪ੍ਰਸਿੱਧ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਤੋਂ ਲੈ ਕੇ ਪੰਜਾਬ ਇੰਟੈਲੀਜੈਂਸ ਹੈਡਕੁਆਰਟਰ 'ਤੇ ਹਮਲਾ, ਝੜਪਾਂ, ਪੁਲਿਸ ਅਫਸਰਾਂ ਦੇ ਕਤਲ ਅਤੇ ਹੁਣ ਦਿਨ-ਦਿਹਾੜੇ ਪੰਜਾਬ ਰੋਡਵੇਜ਼ ਦੀ ਬੱਸ ਦੀ ਲੁੱਟ ਤੋਂ ਜਾਪਦਾ ਹੈ ਕਿ ਸੂਬੇ ਵਿਚ ਅਮਨ ਕਾਨੂੰਨ ਵਿਵਸਥਾ ਸੁਧਾਰੀ ਨਹੀਂ ਜਾ ਸਕੇਗੀ।

# ਬੁਲੇਟ ਪਰੂਫ ਗੱਡੀਆਂ ਬਣਵਾਉਣ ਦੀ ਮੰਗ ਰਾਤੋ-ਰਾਤ ਵਧੀ

**ਚੰਡੀਗੜ੍ਹ:** ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਗੈਂਗਸਟਰਾਂ ਵੱਲੋਂ ਦਿਨ-ਦਿਹਾੜੇ ਕੀਤੀ ਗਈ ਹੱਤਿਆ ਮਗਰੋਂ ਪੈਦਾ ਹੋਈ ਦਹਿਸ਼ਤ ਕਾਰਨ ਬਹੁਤ ਸਾਰੇ ਪੰਜਾਬੀ ਕਲਾਕਾਰਾਂ ਅਤੇ ਰਾਜਸੀ ਆਗੂਆਂ ਨੇ ਬੁਲੇਟ ਪਰੂਫ ਗੱਡੀਆਂ ਬਣਵਾਉਣ ਦੇ ਆਰਡਰ ਦਿੱਤੇ ਹਨ। ਜਲੰਧਰ ਵਿਚ ਬੁਲੇਟ ਪਰੂਫ ਗੱਡੀਆਂ ਬਣਾਉਣ ਵਾਲੀ ਕੰਪਨੀ ਕੋਲ ਪਿਛਲੇ ਚਾਰ ਦਿਨਾਂ ਵਿਚ 150 ਤੋਂ ਵੱਧ ਕਲਾਕਾਰਾਂ ਤੇ ਹੋਰ ਪ੍ਰਮੁੱਖ ਸ਼ਖਸੀਅਤਾਂ ਨੇ ਆਪਣੀ ਗੱਡੀਆਂ ਨੂੰ ਬੁਲੇਟ ਪਰੂਫ ਕਰਾਉਣ ਲਈ ਸਲਾਹ ਮਸ਼ਵਰਾ ਕੀਤਾ ਹੈ। ਜਲੰਧਰ ਦੀ ਬੁਲੇਟ ਪਰੂਫ ਗੱਡੀਆਂ ਤਿਆਰ ਕਰਨ ਵਾਲੀ ਕੰਪਨੀ ਪੂਰੇ ਦੇਸ਼ 'ਚ ਮਸ਼ਹੂਰ ਹੈ।

ਜਾਣਕਾਰੀ ਅਨੁਸਾਰ ਬੁਲੇਟ ਪਰੂਫ ਗੱਡੀਆਂ ਬਣਵਾਉਣ ਲਈ ਸੰਪਰਕ ਕਰਨ ਵਾਲਿਆਂ ਵਿਚ ਪੰਜਾਬ, ਦਿੱਲੀ, ਹਰਿਆਣਾ, ਰਾਜਸਥਾਨ ਅਤੇ ਉੱਤਰ ਪ੍ਰਦੇਸ਼ ਸਮੇਤ ਹੋਰ ਸੂਬਿਆਂ ਦੇ ਕਲਾਕਾਰ, ਰਾਜਸੀ ਆਗੂ ਅਤੇ ਉਦਯੋਗਪਤੀ ਸ਼ਾਮਲ ਹਨ। ਕੰਪਨੀ ਨਾਲ ਸੰਪਰਕ ਕਰਨ ਵਾਲਿਆਂ ਵਿਚ ਸਭ ਤੋਂ ਵੱਧ ਰਾਜਸਥਾਨ ਦੇ ਲੋਕ ਸ਼ਾਮਲ ਹਨ, ਜਿਨ੍ਹਾਂ ਦੀ ਗਿਣਤੀ 37



ਦੱਸੀ ਜਾ ਰਹੀ ਹੈ, ਜਦਕਿ ਹਰਿਆਣੇ ਦੇ 30 ਜਣਿਆਂ ਨੇ ਸੰਪਰਕ ਕੀਤਾ ਹੈ। ਉੱਤਰ ਪ੍ਰਦੇਸ਼ ਦੇ 19 ਜਣਿਆਂ ਨੇ ਬੁਲੇਟ ਪਰੂਫ ਗੱਡੀਆਂ ਬਣਾਉਣ ਲਈ ਸੰਪਰਕ ਕੀਤਾ ਹੈ। ਪੂਨੇ ਤੇ ਮੁੰਬਈ ਤੋਂ 13, ਦਿੱਲੀ ਤੋਂ 24 ਜਣੇ ਅਤੇ ਬਾਕੀ ਸ਼ਖਸੀਅਤਾਂ ਤੇ ਕਲਾਕਾਰ ਪੰਜਾਬ ਨਾਲ ਸਬੰਧਤ ਦੱਸੇ ਜਾ ਰਹੇ ਹਨ।

ਜਾਣਕਾਰੀ ਅਨੁਸਾਰ ਦੇਸ਼ ਭਰ ਵਿਚ ਪੰਜਾਬ ਅਤੇ ਮੁੰਬਈ 'ਚ ਸਿਰਫ ਚਾਰ ਕੰਪਨੀਆਂ ਹੀ ਬੁਲੇਟ ਪਰੂਫ ਗੱਡੀਆਂ ਤਿਆਰ ਕਰਦੀਆਂ ਹਨ। ਪੰਜਾਬ ਵਿਚ ਜਲੰਧਰ ਅਤੇ ਮੁਹਾਲੀ ਵਿਚ ਬੁਲੇਟ ਪਰੂਫ ਗੱਡੀਆਂ ਤਿਆਰ ਕਰਨ ਦੀ ਇੰਡਸਟਰੀ ਹੈ।

# ਕੇਂਦਰ ਵੱਲੋਂ ਜਥੇਦਾਰ ਨੂੰ ਜ਼ੈੱਡ ਸੁਰੱਖਿਆ ਦੀ ਪੇਸ਼ਕਸ਼

**ਨਵੀਂ ਦਿੱਲੀ:** ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕੇਂਦਰ ਸਰਕਾਰ ਵੱਲੋਂ ਮੁਹੱਈਆ ਕਰਵਾਈ ਜਾ ਰਹੀ 'ਜ਼ੈਡ' ਸ਼੍ਰੇਣੀ ਦੀ ਸੁਰੱਖਿਆ ਲੈਣ ਤੋਂ ਇਨਕਾਰ ਕਰਦਿਆਂ ਕੇਂਦਰ ਸਰਕਾਰ ਨੂੰ ਆਖਿਆ ਹੈ ਕਿ ਉਹ ਆਪਣਾ ਇਹ ਫੈਸਲਾ ਵਾਪਸ ਲੈ ਲਵੇ। ਉਨ੍ਹਾਂ ਕਿਹਾ ਕਿ ਸੁਰੱਖਿਆ ਬਾਰੇ ਜਾਣਕਾਰੀ ਮੀਡੀਆ ਰਾਹੀਂ ਹੀ ਮਿਲੀ ਹੈ। ਉਨ੍ਹਾਂ ਬਤੌਰ ਸ੍ਰੀ ਅਕਾਲ ਤਖਤ ਦੇ ਜਥੇਦਾਰ ਵਜੋਂ ਕੇਂਦਰ ਸਰਕਾਰ ਵੱਲੋਂ ਇਹ ਸੁਰੱਖਿਆ ਛਤਰੀ ਮੁਹੱਈਆ ਕਰਨ 'ਤੇ ਸਰਕਾਰ ਦਾ ਧੰਨਵਾਦ ਕੀਤਾ ਹੈ ਤੇ ਨਾਲ ਹੀ 'ਜ਼ੈਡ' ਸੁਰੱਖਿਆ ਲੈਣ ਮਗਰੋਂ ਪੇਸ਼ ਆਉਣ ਵਾਲੀਆਂ ਮੁਸ਼ਕਿਲਾਂ ਬਾਰੇ ਖੁਲਾਸਾ ਕੀਤਾ ਹੈ।

ਜਥੇਦਾਰ ਨੇ ਕਿਹਾ ਕਿ ਉਨ੍ਹਾਂ ਦਾ ਕਾਰਜ ਖੇਤਰ ਧਰਮ ਪ੍ਰਚਾਰ ਨਾਲ ਜੁੜਿਆ ਹੋਇਆ ਹੈ, ਜਿਸ ਲਈ ਉਨ੍ਹਾਂ ਨੂੰ ਦੇਸ਼ ਅਤੇ ਵਿਦੇਸ਼ ਵੱਖ-ਵੱਖ ਥਾਵਾਂ 'ਤੇ ਜਾਣਾ ਪੈਂਦਾ ਹੈ। ਇਸ ਦੌਰਾਨ ਸੰਗਤ ਨੂੰ ਵੀ ਮਿਲਣਾ ਹੁੰਦਾ ਹੈ ਅਤੇ ਕਈ ਵਾਰ ਗੁਰਸਿੱਖਾਂ ਦੇ ਘਰਾਂ ਵਿਚ ਰਹਿਣ ਦਾ ਵੀ ਪ੍ਰਬੰਧ ਕੀਤਾ ਜਾਂਦਾ ਹੈ। ਅਜਿਹੇ ਵਿਚ ਜ਼ੈਡ ਸੁਰੱਖਿਆ ਕਾਰਨ ਉਨ੍ਹਾਂ ਨੂੰ ਕਈ ਔਕੜਾਂ ਪੇਸ਼ ਆਉਣਗੀਆਂ। ਉਨ੍ਹਾਂ ਕੇਂਦਰ ਸਰਕਾਰ ਨੂੰ ਫੈਸਲਾ ਵਾਪਸ ਲੈਣ ਲਈ ਕਿਹਾ।



ਦੱਸ ਦਈਏ ਕਿ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਕੇਂਦਰ ਸਰਕਾਰ ਨੇ 'ਜ਼ੈਡ' ਸ਼੍ਰੇਣੀ ਦੀ ਸੁਰੱਖਿਆ ਦੇਣ ਦਾ ਫੈਸਲਾ ਕੀਤਾ ਸੀ। ਕੇਂਦਰੀ ਗ੍ਰਹਿ ਮੰਤਰਾਲੇ ਨੇ ਸਿੱਖ ਆਗੂ ਲਈ ਸੰਭਾਵੀ ਖਤਰਾ ਵਧਣ ਦੇ ਮੱਦੇਨਜ਼ਰ ਇਹ ਕਦਮ ਚੁੱਕਿਆ ਹੈ ਤੇ ਉਨ੍ਹਾਂ ਨੂੰ ਮੁਲਕ ਦੀ ਦੂਜੀ ਸਭ ਤੋਂ ਅਹਿਮ ਸ਼੍ਰੇਣੀ ਦੀ ਸੁਰੱਖਿਆ ਦੇਣ ਦਾ ਫੈਸਲਾ ਲਿਆ ਸੀ।

ਇਕ ਅਧਿਕਾਰੀ ਨੇ ਕਿਹਾ ਕਿ ਜਥੇਦਾਰ ਨੂੰ ਮਿਲਣ ਵਾਲੀ ਜ਼ੈਡ ਵਰਗ ਦੀ ਸੁਰੱਖਿਆ ਦੀ ਕਮਾਨ ਸੀ.ਆਰ.ਪੀ.ਐਫ. ਕਮਾਂਡੋਜ਼ ਕੋਲ ਹੋਵੇਗੀ। ਜ਼ਿਕਰਯੋਗ ਹੈ ਕਿ ਅਕਾਲ ਤਖਤ ਦੇ ਜਥੇਦਾਰ ਉਨ੍ਹਾਂ 400 ਤੋਂ ਵੱਧ ਹਸਤੀਆਂ ਵਿਚੋਂ ਇਕ ਸਨ ਜਿਨ੍ਹਾਂ ਦੀ ਸੁਰੱਖਿਆ ਹਾਲ ਹੀ ਵਿਚ ਪੰਜਾਬ ਦੀ ਨਵੀਂ ਬਣੀ 'ਆਪ' ਸਰਕਾਰ ਨੇ ਵਾਪਸ ਲੈ ਲਈ ਸੀ। ਹਾਲਾਂਕਿ ਜਥੇਦਾਰ ਦੀ ਸੁਰੱਖਿਆ ਮਗਰੋਂ ਬਹਾਲ ਕਰ ਦਿੱਤੀ ਗਈ ਸੀ ਪਰ ਉਨ੍ਹਾਂ ਸੁਰੱਖਿਆ ਲੈਣ ਤੋਂ ਇਨਕਾਰ ਕਰ ਦਿੱਤਾ ਸੀ।

## ਸ਼੍ਰੋਮਣੀ ਕਮੇਟੀ ਜਥੇਦਾਰਾਂ ਦੀ ਸੁਰੱਖਿਆ ਕਰਨ ਦੇ ਸਮਰੱਥ: ਧਾਮੀ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਕੇਂਦਰ ਦੀ ਜ਼ੈਡ ਸੁਰੱਖਿਆ ਨਾ ਲੈਣ ਫੈਸਲੇ ਮਗਰੋਂ ਸ਼੍ਰੋਮਣੀ ਕਮੇਟੀ ਨੇ ਆਖਿਆ ਕਿ ਉਹ ਜਥੇਦਾਰਾਂ ਅਤੇ ਹੋਰ ਸਿੰਘ ਸਾਹਿਬਾਨਾਂ ਦੀ ਸੁਰੱਖਿਆ ਦਾ ਪ੍ਰਬੰਧ ਖੁਦ ਕਰਨ ਦੇ ਸਮਰੱਥ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸੂਬਾਈ ਤੇ ਕੇਂਦਰੀ ਸੁਰੱਖਿਆ ਛਤਰੀ ਲੈਣ ਤੋਂ ਇਨਕਾਰ ਕਰਕੇ ਪੰਥਕ ਰਵਾਇਤਾਂ ਅਨੁਸਾਰ ਇਕ ਸਹੀ ਫੈਸਲਾ ਲਿਆ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਪੰਜਾਬ ਸਰਕਾਰ ਵੱਲੋਂ ਘੱਲੂਘਾਰਾ ਦਿਵਸ ਦੇ ਨਾਂ ਹੇਠ ਅੰਮ੍ਰਿਤਸਰ ਸ਼ਹਿਰ ਨੂੰ ਪੁਲਿਸ ਛਾਉਣੀ ਵਿਚ ਤਬਦੀਲ ਕਰਨ ਦੀ ਵੀ ਨਿਖੇਧੀ ਕੀਤੀ।

# ਪੰਜਾਬ ਦੇ ਗੁਆਂਢੀ ਸੂਬਿਆਂ ਤੋਂ ਮੰਗਵਾਏ ਜਾ ਰਹੇ ਨੇ ਭਾੜੇ ਦੇ ਕਾਤਲ

**ਚੰਡੀਗੜ੍ਹ:** ਪੰਜਾਬ ਵਿਚ ਵਾਪਰ ਰਹੀਆਂ ਸਿਲਸਿਲੇਵਾਰ ਅਪਰਾਧਕ ਘਟਨਾਵਾਂ ਵਿਚ ਸੂਬੇ ਵਿਚ ਸਰਗਰਮ ਗੈਂਗਸਟਰ ਧੜਿਆਂ ਵੱਲੋਂ ਭਾੜੇ ਦੇ ਕਾਤਲ ਪੰਜਾਬ ਤੋਂ ਬਾਹਰੋਂ ਮੰਗਵਾਏ ਜਾਣ ਨੇ ਪੰਜਾਬ ਪੁਲਿਸ ਦੀਆਂ ਚਿੰਤਾਵਾਂ ਵਧਾ ਦਿੱਤੀਆਂ ਹਨ। ਪੰਜਾਬੀ ਦੇ ਪ੍ਰਸਿੱਧ ਗਾਇਕ ਸਿੱਧੂ ਮੂਸੇਵਾਲਾ ਦੀ ਹੱਤਿਆ ਵਿਚ ਪੰਜਾਬ ਤੇ ਹਰਿਆਣਾ ਨਾਲ ਸਬੰਧਤ ਵਿਅਕਤੀਆਂ ਦੀ ਭੂਮਿਕਾ ਸਾਹਮਣੇ ਆਈ ਹੈ।

ਪੰਜਾਬ ਪੁਲਿਸ ਲਈ ਵੱਡੀ ਚੁਣੌਤੀ ਇਹ ਵੀ ਹੈ ਕਿ ਲੰਘੇ ਮਹੀਨੇ ਪੰਜਾਬ ਪੁਲਿਸ ਦੇ ਇੰਟੈਲੀਜੈਂਸ ਵਿੰਗ ਦੀ ਇਮਾਰਤ 'ਤੇ ਜਿਨ੍ਹਾਂ ਵਿਅਕਤੀਆਂ ਨੇ ਰਾਕੇਟ ਲਾਂਚਰ ਨਾਲ ਗਰਨੇਡ ਦਾਗਿਆ ਸੀ, ਉਹ ਵੀ ਪੰਜਾਬ ਤੋਂ ਬਾਹਰਲੇ ਵਿਅਕਤੀ ਸਨ। ਇਸ ਮਾਮਲੇ ਦੀ ਤਫਤੀਸ਼ ਮੁਤਾਬਕ ਗ੍ਰਨੇਡ ਦਾਗਣ ਵਾਲੇ ਵਿਅਕਤੀ ਹਰਿਆਣਾ ਨਾਲ ਸਬੰਧਤ ਸਨ। ਪੁਲਿਸ ਮੁਤਾਬਕ ਇੰਟੈਲੀਜੈਂਸ ਵਿੰਗ ਦੀ ਇਮਾਰਤ 'ਤੇ ਯੋਜਨਾ ਖਾਲਿਸਤਾਨ ਪੱਖੀਆਂ ਨੇ ਘੜੀ ਤੇ ਅੰਜਾਮ ਗੈਂਗਸਟਰਾਂ ਦੇ ਬੰਦਿਆਂ ਨੇ ਦਿੱਤਾ। ਇਨ੍ਹਾਂ ਵਿਅਕਤੀਆਂ ਦੀ ਪਛਾਣ ਤਾਂ ਹੋ ਗਈ ਹੈ ਪਰ ਕਾਬੂ ਨਹੀਂ ਕੀਤੇ ਜਾ ਸਕੇ। ਪੰਜਾਬ ਪੁਲਿਸ ਅਤੇ ਦਿੱਲੀ ਪੁਲਿਸ ਵੱਲੋਂ ਸਿੱਧੂ ਮੂਸੇਵਾਲਾ ਦੀ ਹੱਤਿਆ ਨਾਲ ਸਬੰਧਤ ਮਾਮਲੇ ਦੀ ਕੀਤੀ ਜਾ ਰਹੀ ਜਾਂਚ ਦੌਰਾਨ ਹੈਰਾਨੀਜਨਕ ਤੱਥ ਸਾਹਮਣੇ ਆਏ ਹਨ। ਪੁਲਿਸ ਮੁਤਾਬਕ ਪੰਜਾਬ, ਹਰਿਆਣਾ, ਦਿੱਲੀ ਅਤੇ ਉਤਰ ਪ੍ਰਦੇਸ਼ ਆਦਿ ਸੂਬਿਆਂ ਵਿਚ ਸਰਗਰਮ ਗੈਂਗਸਟਰਾਂ ਦੇ ਜ਼ਿਆਦਾਤਰ ਧੜਿਆਂ ਵੱਲੋਂ ਹੱਥ ਮਿਲਾ ਲਏ ਜਾਣ ਕਾਰਨ ਇਹ ਮਾਮਲਾ ਅੰਤਰਰਾਜੀ ਅਤੇ ਪੇਚੀਦਾ ਬਣ ਗਿਆ ਹੈ। ਪੁਲਿਸ ਵੱਲੋਂ ਹੁਣ ਤੱਕ ਅੱਧੀ



ਦਰਜਨ ਤੋਂ ਵੱਧ ਵਿਅਕਤੀਆਂ ਤੋਂ ਪੁੱਛ ਪੜਤਾਲ ਕੀਤੀ ਜਾ ਚੁੱਕੀ ਹੈ। ਇਸ ਪੁੱਛ ਪੜਤਾਲ ਦੌਰਾਨ ਇਹੀ ਗੱਲ ਸਾਹਮਣੇ ਆਈ ਹੈ ਕਿ ਸਿੱਧੂ ਮੂਸੇਵਾਲਾ ਦੀ ਹੱਤਿਆ ਕਰਨ ਲਈ ਗੈਂਗਸਟਰਾਂ ਦੇ ਗਰੁੱਪਾਂ ਵੱਲੋਂ ਲੰਮੀ ਯੋਜਨਾ ਘੜੀ ਗਈ ਸੀ। ਪੁਲਿਸ ਵੱਲੋਂ ਹੁਣ ਤੱਕ ਸੀ.ਸੀ.ਟੀ.ਟੀ.ਵੀ. ਕੈਮਰਿਆਂ ਦੀ ਘੋਖ ਕਰਨ ਤੋਂ ਇਹ ਵੀ ਪਤਾ ਲੱਗਾ ਹੈ ਕਿ ਤਿੰਨਾਂ ਕਾਰਾਂ ਵਿਚ ਸਵਾਰ ਹਮਲਾਵਰ ਵੱਖੋ ਵੱਖਰੇ ਰਸਤਿਆਂ ਰਾਹੀਂ ਮਾਨਸਾ ਜ਼ਿਲ੍ਹੇ ਵਿਚ ਘਟਨਾ ਵਾਲੀ ਥਾਂ ਦੇ ਨਜ਼ਦੀਕ ਇਕੱਠੇ ਹੋਏ। ਦਿੱਲੀ ਪੁਲਿਸ ਦੇ ਤਫਤੀਸ਼ੀ ਅਫਸਰਾਂ ਵੱਲੋਂ ਪੰਜਾਬ ਪੁਲਿਸ ਦੇ ਅਧਿਕਾਰੀਆਂ ਨਾਲ ਜੋ ਜਾਣਕਾਰੀ ਸਾਂਝੀ ਕੀਤੀ ਗਈ ਹੈ, ਉਸ ਮੁਤਾਬਕ ਲਾਰੈਂਸ ਬਿਸ਼ਨੋਈ ਗਰੁੱਪ ਵੱਲੋਂ ਮੂਸੇਵਾਲਾ ਨੂੰ ਕਤਲ ਕਰਨ ਦੀ ਯੋਜਨਾ ਪਿਛਲੇ ਤਿੰਨ ਮਹੀਨਿਆਂ ਤੋਂ ਘੜੀ ਜਾ ਰਹੀ ਸੀ। ਬਿਸ਼ਨੋਈ ਵੱਲੋਂ ਭੇਜੇ ਭਾੜੇ ਦੇ ਕਾਤਲਾਂ ਦੀਆਂ ਕੋਸ਼ਿਸ਼ਾਂ ਤਿੰਨ ਵਾਰੀ ਅਸਫਲ ਵੀ ਹੋਈਆਂ ਸਨ।

ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਵਿਚ ਵਰਤੀ ਗਈ ਬੋਲੈਰੋ ਗੱਡੀ ਦੇ ਫਤਿਹਾਬਾਦ 'ਚ ਘੁੰਮਣ ਦੇ ਸੁਰਾਗ ਮਿਲਦੇ ਹੀ ਪੰਜਾਬ ਪੁਲਿਸ ਨੇ ਸਥਾਨਕ ਪੁਲਿਸ ਦੀ ਸਹਾਇਤਾ ਨਾਲ ਪਿੰਡ ਭਿਰੜਾਨਾ ਦੇ ਦੋ ਨੌਜਵਾਨਾਂ ਨੂੰ ਹਿਰਾਸਤ ਵਿਚ ਲਿਆ ਹੈ। ਸੂਤਰਾਂ ਮੁਤਾਬਕ ਇਨ੍ਹਾਂ ਦੀ ਪਛਾਣ ਪਵਨ ਬਿਸ਼ਨੋਈ ਅਤੇ ਨਸੀਬ ਖਾਨ ਵਜੋਂ ਹੋਈ ਹੈ। ਫਤਿਹਾਬਾਦ ਦੇ ਐਸ.ਪੀ. ਸੁਰਿੰਦਰ ਭੋਰੀਆਂ ਮੁਤਾਬਕ ਦੋ ਨੌਜਵਾਨਾਂ ਨੂੰ ਸਾਂਝੇ ਪੁਲਿਸ ਅਪਰੇਸ਼ਨ ਵਿਚ ਕਾਬੂ ਕੀਤਾ ਗਿਆ ਹੈ। ਮੋਗਾ ਪੁਲਿਸ ਇਨ੍ਹਾਂ ਨੌਜਵਾਨਾਂ ਤੋਂ ਪੁੱਛ-ਪੜਤਾਲ ਕਰੇਗੀ। ਪੁਲਿਸ ਨੂੰ ਇਨ੍ਹਾਂ ਨੌਜਵਾਨਾਂ ਤੋਂ ਹੋਰ ਕਈ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ।

# ਲੋਕ ਸਭਾ ਹਲਕੇ ਸੰਗਰੂਰ ਦੀ ਜ਼ਿਮਨੀ ਚੋਣ ਲਈ ਸਿਆਸੀ ਮੈਦਾਨ ਭਖਿਆ



**ਸੰਗਰੂਰ:** ਸੰਗਰੂਰ ਸੰਸਦੀ ਹਲਕੇ ਦੀ ਜ਼ਿਮਨੀ ਚੋਣ ਲਈ ਸਿਆਸੀ ਮੈਦਾਨ ਭਖ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਤੇ ਆਮ ਆਦਮੀ ਪਾਰਟੀ ਤੋਂ ਬਾਅਦ ਆਖਰੀ ਦਿਨ ਤਿੰਨ ਸਿਆਸੀ ਪਾਰਟੀਆਂ ਦੇ ਉਮੀਦਵਾਰਾਂ ਨੇ ਇਥੇ ਚੋਣ ਰਿਟਰਨਿੰਗ ਅਫਸਰ ਦੇ ਦਫਤਰ ਪੁੱਜ ਕੇ ਆਪਣੇ ਨਾਮਜ਼ਦਗੀ ਪੱਤਰ ਦਾਖਲ ਕੀਤੇ। ਇਨ੍ਹਾਂ ਵਿਚ ਅਕਾਲੀ ਦਲ ਅਤੇ ਬਸਪਾ ਗਠਜੋੜ ਦੀ ਉਮੀਦਵਾਰ ਤੇ ਬਲਵੰਤ ਸਿੰਘ ਰਾਜੋਆਣਾ ਦੀ ਭੈਣ ਕਮਲਦੀਪ ਕੌਰ, ਭਾਜਪਾ ਦੇ ਉਮੀਦਵਾਰ ਕੇਵਲ ਸਿੰਘ ਢਿੱਲੋਂ ਅਤੇ ਕਾਂਗਰਸ ਦੇ ਉਮੀਦਵਾਰ ਦਲਵੀਰ ਸਿੰਘ ਗੋਲਡੀ ਸ਼ਾਮਲ ਹਨ।

ਆਮ ਆਦਮੀ ਪਾਰਟੀ ਨੇ ਸੰਗਰੂਰ ਲੋਕ ਸਭਾ ਜ਼ਿਮਨੀ ਚੋਣ ਲਈ ਪਿੰਡ ਘਰਾਚੋਂ ਦੇ ਸਰਪੰਚ ਗੁਰਮੇਲ ਸਿੰਘ ਘਰਾਚੋਂ ਨੂੰ ਉਮੀਦਵਾਰ ਐਲਾਨਿਆ ਹੈ। ਗੁਰਮੇਲ ਸਿੰਘ ਸਾਲ 2013 ਵਿਚ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਏ ਸਨ। ਭਾਜਪਾ ਨੇ ਇਸੇ ਹਫਤੇ ਕਾਂਗਰਸ ਛੱਡ ਕੇ ਭਗਵਾ ਪਾਰਟੀ ਵਿਚ ਸ਼ਾਮਲ ਹੋਏ ਕੇਵਲ ਢਿੱਲੋਂ ਨੂੰ ਮੈਦਾਨ ਵਿਚ ਉਤਾਰਿਆ ਹੈ। ਕਾਂਗਰਸ ਆਖਰੀ ਦਿਨ ਤੱਕ ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਪਰਿਵਾਰ ਵਿਚੋਂ ਕਿਸੇ ਨੂੰ ਟਿਕਟ ਦੇਣ ਲਈ ਚਾਰਾਜੋਈ ਕਰਦੀ ਰਹੀ ਪਰ ਆਖਰ ਕਿਸੇ ਪਾਸੇ ਦਾਲ ਨਾ ਗਲਦੀ ਵੇਖ ਪਾਰਟੀ ਨੇ ਦਲਵੀਰ ਸਿੰਘ ਗੋਲਡੀ ਨੂੰ ਉਮੀਦਵਾਰ ਬਣਾ ਦਿੱਤਾ। ਅਕਾਲੀ ਦਲ ਬਾਦਲ ਇਸ ਵਾਰ ਪੰਥਕ ਹਮਦਰਦੀ ਆਸਰੇ ਮੈਦਾਨ ਫਤਿਹ ਕਰਨ ਦੀ ਤਿਆਰੀ ਵਿਚ ਹੈ। ਅਕਾਲੀ ਦਲ ਨੇ ਬਲਵੰਤ ਸਿੰਘ ਰਾਜੋਆਣਾ ਦੀ ਭੈਣ ਕਮਲਦੀਪ ਕੌਰ ਉਮੀਦਵਾਰ ਬਣਾਇਆ ਹੈ ਤੇ ਪੰਥਕ ਏਕਤਾ ਦਾ ਵਾਸਤਾ ਪਾ ਕੇ ਵੋਟਾਂ ਮੰਗੀਆਂ ਜਾ ਰਹੀਆਂ ਹਨ।

ਬੀਬੀ ਕਮਲਦੀਪ ਕੌਰ ਰਾਜੋਆਣਾ ਦਾ ਕਹਿਣਾ ਹੈ ਕਿ ਬਲਵੰਤ ਸਿੰਘ ਰਾਜੋਆਣਾ ਵਾਂਗ ਕਈ ਹੋਰ ਸਿੰਘ ਦਹਾਕਿਆਂ ਤੋਂ ਜੇਲ੍ਹਾਂ ਵਿਚ ਬੰਦ ਹਨ, ਜਿਨ੍ਹਾਂ ਦੀ ਰਿਹਾਈ ਕਰਾਉਣ ਦੇ ਉਦੇਸ਼ ਨਾਲ ਹੀ ਉਹ ਸਿਆਸੀ ਮੈਦਾਨ ਵਿਚ ਉਤਰੇ ਹਨ। ਉਨ੍ਹਾਂ ਸਮੂਹ ਸਿੱਖਾਂ ਨੂੰ ਅਪੀਲ ਕੀਤੀ ਕਿ ਉਹ ਬੰਦੀ ਸਿੰਘਾਂ ਦੀ ਰਿਹਾਈ ਲਈ ਆਰੰਭੇ ਯਤਨਾਂ ਵਿਚ ਸਹਾਇਕ ਬਣਨ। ਬੀਬੀ ਰਾਜੋਆਣਾ ਨੇ ਸੰਗਰੂਰ ਲੋਕ ਸਭਾ ਜ਼ਿਮਨੀ ਚੋਣ ਵਾਸਤੇ ਮੈਦਾਨ ਵਿਚ ਨਿੱਤਰੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੂੰ ਵੀ ਇਸ ਮੁਹਿੰਮ ਵਿਚ ਸਹਿਯੋਗ ਦਿੰਦਿਆਂ ਨਾਮਜ਼ਦਗੀ ਪੱਤਰ ਵਾਪਸ ਲੈਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸਿਮਰਨਜੀਤ ਸਿੰਘ ਮਾਨ ਕੌਮ ਦੇ ਬਜ਼ੁਰਗ ਆਗੂ ਹਨ ਅਤੇ ਸੰਘਰਸ਼ੀ ਪਰਿਵਾਰ ਨਾਲ ਸਬੰਧਤ ਹਨ, ਇਸ ਲਈ ਉਹ ਵੀ ਬੰਦੀ ਸਿੰਘਾਂ ਦੀ ਰਿਹਾਈ ਵਾਸਤੇ ਆਰੰਭੇ ਸੰਘਰਸ਼ ਵਿਚ ਸਹਿਯੋਗ ਦੇਣ।

### ਲੋਕ ਮੁੜ ਸਾਡੇ 'ਤੇ ਭਰੋਸਾ ਕਰਨਗੇ: ਭਗਵੰਤ ਮਾਨ

**ਸੰਗਰੂਰ:** ਮੁੱਖ ਮੰਤਰੀ ਭਗਵੰਤ ਮਾਨ ਦੀ ਹਾਜ਼ਰੀ ਵਿਚ ਇਥੇ ਆਮ ਆਦਮੀ ਪਾਰਟੀ ਵੱਲੋਂ ਸੰਗਰੂਰ ਲੋਕ ਸਭਾ ਹਲਕਾ ਦੀ ਜ਼ਿਮਨੀ ਚੋਣ ਲਈ ਐਲਾਨੇ ਗਏ ਉਮੀਦਵਾਰ ਗੁਰਮੇਲ ਸਿੰਘ ਘਰਾਚੋਂ ਨੇ ਚੋਣ ਰਿਟਰਨਿੰਗ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਜਤਿੰਦਰ ਜ਼ੋਰਵਾਲ ਦੇ ਦਫਤਰ ਪੁੱਜ ਕੇ ਆਪਣਾ ਨਾਮਜ਼ਦਗੀ ਪੱਤਰ ਦਾਖਲ ਕੀਤਾ। ਇਸ ਮੌਕੇ ਮੁੱਖ ਮੰਤਰੀ ਦੇ ਮਾਤਾ ਹਰਪਾਲ ਕੌਰ ਵੀ ਮੌਜੂਦ ਸਨ। ਨਾਮਜ਼ਦਗੀ ਪੱਤਰ ਦਾਖਲ ਕਰਵਾਉਣ ਮਗਰੋਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਆਮ ਘਰਾਂ ਦੇ ਧੀਆਂ-ਪੁੱਤਾਂ ਨੂੰ ਵਿਧਾਨ ਸਭਾ ਅਤੇ ਲੋਕ ਸਭਾ ਲਈ ਟਿਕਟ ਦੇ ਕੇ ਨਿਵਾਜਿਆ ਜਾਂਦਾ ਹੈ। ਉਨ੍ਹਾਂ ਉਮੀਦ ਜਤਾਈ ਕਿ ਜਿਵੇਂ ਪਹਿਲਾਂ ਸੰਗਰੂਰ ਸੰਸਦੀ ਹਲਕੇ ਦੇ ਲੋਕਾਂ ਨੇ ਦੋ ਵਾਰ 'ਆਪ' ਦੇ ਹੱਕ ਵਿਚ ਫਤਵਾ ਦਿੱਤਾ ਹੈ, ਇਸ ਵਾਰ ਵੀ ਲੋਕ ਸਾਡੇ 'ਤੇ ਭਰੋਸਾ ਕਰਦਿਆਂ ਗੁਰਮੇਲ ਸਿੰਘ ਘਰਾਚੋਂ ਨੂੰ ਜਿਤਾਉਣਗੇ।

## ਪਿਛਲੀਆਂ ਸਰਕਾਰਾਂ ਵੇਲੇ ਹੋਏ ਘਪਲਿਆਂ ਦੀਆਂ ਪਰਤਾਂ ਖੋਲ੍ਹਣ ਦੀ ਤਿਆਰੀ

**ਚੰਡੀਗੜ੍ਹ:** ਭਗਵੰਤ ਮਾਨ ਸਰਕਾਰ ਪਿਛਲੀਆਂ ਕਾਂਗਰਸ ਤੇ ਅਕਾਲੀ ਦਲ ਦੀਆਂ ਸਰਕਾਰਾਂ ਦੌਰਾਨ ਵਾਪਰੇ ਘਪਲਿਆਂ ਦੀਆਂ ਜਾਂਚਾਂ ਹਾਈਕੋਰਟ ਦੀ ਰਿਟਾਇਰਡ ਜੱਜਾਂ ਰਾਹੀਂ ਕਰਵਾਉਣਾ ਚਾਹੁੰਦੀ ਹੈ ਅਤੇ ਇਸ ਮੰਤਵ ਲਈ ਜੱਜਾਂ ਦੇ ਨਾਵਾਂ ਦੀ ਚੋਣ ਲਈ ਵੀ ਹਾਈਕੋਰਟ ਕੋਲ ਪਹੁੰਚ ਕੀਤੀ ਜਾ ਰਹੀ ਹੈ।

ਸੂਬਾ ਸਰਕਾਰ ਇਸ ਮੰਤਵ ਲਈ ਹਾਈਕੋਰਟ ਨੂੰ ਦੋ ਰਿਟਾਇਰਡ ਜੱਜ ਮੁਹੱਈਆ ਕਰਵਾਉਣ ਲਈ ਕਹਿ ਰਹੀ ਹੈ। ਰਾਜ ਸਰਕਾਰ ਇਸ ਜਾਂਚ ਅਥਾਰਿਟੀ ਨੂੰ ਰੇਤ-ਬਜਰੀ ਤੇ ਸ਼ਰਾਬ ਦੇ ਵਪਾਰ ਵਿਚਲੀਆਂ ਘਪਲੇਬਾਜ਼ੀਆਂ, ਬਿਜਲੀ ਸਮਝੌਤਿਆਂ ਅਤੇ ਦਿਹਾਤੀ ਵਿਕਾਸ ਤੇ ਪੰਚਾਇਤੀ ਵਿਭਾਗ ਨਾਲ ਸਬੰਧਤ ਘਪਲਿਆਂ ਸਮੇਤ ਸਾਹਮਣੇ ਆਉਣ ਵਾਲੇ ਕੁਝ ਹੋਰ ਅਹਿਮ ਘਪਲਿਆਂ ਦੀਆਂ ਜਾਂਚਾਂ ਦੇ ਸਕਦੀ ਹੈ। ਰਾਜ ਸਰਕਾਰ ਵੱਲੋਂ ਬੀਤੇ ਦਿਨਾਂ ਦੌਰਾਨ ਵਿਜੀਲੈਂਸ ਬਿਊਰੋ ਵਿਚ ਕੀਤੇ ਗਏ ਰੱਦੋਬਦਲ ਤੋਂ ਬਾਅਦ ਸੂਚਨਾ ਅਨੁਸਾਰ ਹੁਣ ਵਿਜੀਲੈਂਸ ਬਿਊਰੋ ਵਿਚ ਵੀ ਲਟਕ ਰਹੀਆਂ ਜਾਂਚਾਂ ਸਬੰਧੀ ਅੱਗੋਂ ਕਾਰਵਾਈ ਤੁਰ ਪਈ ਹੈ। ਸੂਚਨਾ ਅਨੁਸਾਰ ਬੀਤੇ ਸਮੇਂ ਦੌਰਾਨ ਰੇਤ ਤੇ ਸ਼ਰਾਬ ਮਾਫੀਆ ਵੱਲੋਂ ਕੀਤੀ ਗਈ ਲੁੱਟ ਸਬੰਧੀ ਆਮ ਆਦਮੀ ਪਾਰਟੀ ਵੱਲੋਂ ਪਹਿਲਾਂ ਵੀ ਕਾਫੀ ਡਾਟਾ ਇਕੱਠਾ ਕੀਤਾ ਹੋਇਆ ਹੈ, ਪਰ ਭਗਵੰਤ ਸਰਕਾਰ ਉਨ੍ਹਾਂ ਮਾਮਲਿਆਂ ਨੂੰ ਹੀ ਹੱਥ ਪਾਉਣਾ ਚਾਹੁੰਦੀ ਹੈ ਜਿਨ੍ਹਾਂ ਸਬੰਧੀ ਮੁਢਲੇ ਤੌਰ ਉਤੇ ਮਜ਼ਬੂਤ ਸਬੂਤ ਸਰਕਾਰ ਨੂੰ ਮਿਲ ਜਾਣ। ਮੁੱਖ ਮੰਤਰੀ ਇਸ ਸਬੰਧੀ ਸੀਨੀਅਰ ਅਧਿਕਾਰੀਆਂ ਨਾਲ ਖੁਦ ਮੀਟਿੰਗ ਵੀ ਲੈ ਚੁੱਕੇ ਹਨ। ਇਸ ਦੌਰਾਨ ਇਹ ਵੀ ਪਤਾ ਲੱਗਾ ਹੈ ਕਿ ਸਿੱਧੂ ਮੂਸੇਵਾਲਾ ਦੇ ਕਤਲ ਅਤੇ ਅਮਨ ਕਾਨੂੰਨ ਨੂੰ ਵਿਗਾੜਨ ਵਾਲੀਆਂ ਮਗਰਲੇ ਦਿਨਾਂ ਦੌਰਾਨ ਵਾਪਰੀਆਂ ਕੁਝ ਘਟਨਾਵਾਂ ਕਾਰਨ ਲੱਗੇ ਝਟਕੇ ਤੋਂ ਬਾਹਰ ਨਿਕਲਣ ਤੋਂ ਬਾਅਦ ਮੁੱਖ ਮੰਤਰੀ ਮਾਨ ਹੁਣ ਅਗਲੇ ਕੁਝ ਦਿਨਾਂ ਵਿਚ ਕੈਪਟਨ ਅਮਰਿੰਦਰ ਸਿੰਘ ਤੋਂ ਉਨ੍ਹਾਂ ਦੀ ਸਰਕਾਰ ਵਿਚਲੇ ਨਾਜਾਇਜ਼ ਰੇਤ ਕੱਢਣ ਵਾਲੇ ਮੰਤਰੀਆਂ, ਵਿਧਾਇਕਾਂ ਸਬੰਧੀ ਜਾਣਕਾਰੀ ਹਾਸਲ ਕਰਨਗੇ। ਕਾਂਗਰਸ ਦੇ ਸਾਬਕਾ ਮੰਤਰੀਆਂ ਤੇ ਵਿਧਾਇਕਾਂ ਵਿਚ ਇਸ ਸਬੰਧੀ ਕਾਫੀ ਘਬਰਾਹਟ ਵੀ ਹੈ ਅਤੇ ਕਾਂਗਰਸ ਹਲਕਿਆਂ ਵਿਚ ਚਰਚਾ ਹੈ ਕਿ ਪਾਰਟੀ ਨੂੰ ਛੱਡ ਭਾਜਪਾ ਵੱਲ ਦੌੜਨ ਵਾਲੇ ਬਹੁਤੇ ਆਗੂਆਂ ਨੂੰ ਇਹੋ ਜਿਹੇ ਡਰ ਹੀ ਸਤਾ ਰਹੇ ਹਨ।

## ਪੰਜਾਬ 'ਚ ਪਹਿਲੀ ਵਾਰ ਐਮ.ਐਸ.ਪੀ. 'ਤੇ ਮੂੰਗੀ ਦੀ ਖਰੀਦ



**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਕਣਕ ਤੇ ਝੋਨੇ ਦੇ ਨਾਲ-ਨਾਲ ਪਹਿਲੀ ਵਾਰ ਐਮ.ਐਸ.ਪੀ. ਉਤੇ ਮੂੰਗੀ ਦੀ ਫਸਲ ਦੀ ਖਰੀਦ ਸ਼ੁਰੂ ਕੀਤੀ ਗਈ ਹੈ। ਪੰਜਾਬ ਸਰਕਾਰ ਦੇ ਹੁਕਮਾਂ ਤਹਿਤ ਮਾਰਕਫੈੱਡ ਨੇ 7275 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਮੂੰਗੀ ਦੀ ਖਰੀਦ ਸ਼ੁਰੂ ਕਰ ਦਿੱਤੀ ਹੈ।

ਮਾਰਕਫੈੱਡ ਦੇ ਪ੍ਰਬੰਧਕ ਨਿਰਦੇਸ਼ਕ ਰਾਮਵੀਰ ਸਿੰਘ ਨੇ ਦੱਸਿਆ ਕਿ ਮਾਰਕਫੈੱਡ ਨੇ ਪਹਿਲੇ ਦਿਨ ਸੁਨਾਮ ਵਾਸੀ ਰਵਿੰਦਰ ਸਿੰਘ ਤੋਂ 5 ਕੁਇੰਟਲ ਮੂੰਗੀ ਖਰੀਦੀ ਹੈ। ਮੂੰਗੀ ਦੀ ਖਰੀਦ 31 ਜੁਲਾਈ ਤੱਕ ਜਾਰੀ ਰਹੇਗੀ। ਰਾਮਵੀਰ ਸਿੰਘ ਨੇ ਦੱਸਿਆ ਕਿ ਮੂੰਗੀ ਦੀ ਖਰੀਦ ਤੋਂ ਪਹਿਲਾਂ ਮਾਰਕੀਟ ਕਮੇਟੀ ਦਫ਼ਤਰ ਵਿਚ ਕਿਸਾਨਾਂ ਦੀ ਰਜਿਸਟਰੇਸ਼ਨ ਹੋਵੇਗੀ, ਉਸ ਮਗਰੋਂ ਪਟਵਾਰੀ ਦੁਆਰਾ ਤਸਦੀਕ ਕੀਤੀ ਜਾਵੇਗੀ ਅਤੇ ਅਦਾਇਗੀ ਸਿੱਧੀ ਕਿਸਾਨਾਂ ਦੇ ਬੈਂਕ ਖਾਤਿਆਂ ਵਿਚ ਕੀਤੀ ਜਾਵੇਗੀ। ਮਾਰਕਫੈੱਡ ਦੇ ਅਧਿਕਾਰੀਆਂ ਨੇ ਕਿਹਾ ਕਿ ਮੂੰਗੀ ਦੀ ਨਮੀ 12 ਫ਼ੀਸਦ ਤੋਂ ਵੱਧ ਨਾ ਹੋਵੇ।

### ਲਖੀਮਪੁਰ ਖੀਰੀ ਕਾਂਡ ਦੇ ਗਵਾਹ 'ਤੇ ਹਮਲੇ ਦੀ ਸਖਤ ਨਿੰਦਾ

**ਚੰਡੀਗੜ੍ਹ:** ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੇ ਗੋਲਾ ਕੋਤਵਾਲੀ (ਯੂਪੀ) ਦੇ ਇਲਾਕੇ ਵਿਚ ਲਖੀਮਪੁਰ ਖੀਰੀ ਕਤਲਕਾਂਡ ਦੇ ਚਸ਼ਮਦੀਦ ਗਵਾਹ ਦਿਲਬਾਗ ਸਿੰਘ ਦੀ ਕਾਰ ਉਤੇ ਗੋਲੀਆਂ ਚਲਾ ਕੇ ਕੀਤੇ ਜਾਨਲੇਵਾ ਹਮਲੇ ਦੀ ਸਖਤ ਸ਼ਬਦਾਂ 'ਚ ਨਿੰਦਾ ਕੀਤੀ ਹੈ। ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਜੋਗਿੰਦਰ ਸਿੰਘ ਉਗਰਾਹਾਂ ਅਤੇ ਸੁਖਦੇਵ ਸਿੰਘ ਕੋਕਰੀ ਕਲਾਂ, ਭਾਰਤੀ ਕਿਸਾਨ ਯੂਨੀਅਨ-ਏਕਤਾ (ਡਕੌਂਦਾ) ਦੇ ਬੂਟਾ ਸਿੰਘ ਬੁਰਜਗਿੱਲ ਤੇ ਜਗਮੋਹਨ ਸਿੰਘ, ਬਲਬੀਰ ਸਿੰਘ ਰਾਜੇਵਾਲ, ਪ੍ਰੇਮ ਸਿੰਘ ਭੰਗੂ, ਕੰਵਲਪ੍ਰੀਤ ਸਿੰਘ ਪੰਨੂ, ਬੋਘ ਸਿੰਘ ਮਾਨਸਾ ਅਤੇ ਹਰਜਿੰਦਰ ਸਿੰਘ ਟਾਂਡਾ, ਸਤਨਾਮ ਸਿੰਘ ਪੰਨੂ, ਸਰਬਨ ਸਿੰਘ ਪੰਧੇਰ ਆਦਿ ਕਿਸਾਨ ਆਗੂਆਂ ਨੇ ਵੱਖੋ-ਵੱਖਰੇ ਬਿਆਨਾਂ ਰਾਹੀਂ ਹਮਲਾਵਰਾਂ ਨੂੰ ਤੁਰਤ ਗ੍ਰਿਫਤਾਰ ਕਰਨ ਅਤੇ ਇਸ ਕੇਸ ਦੇ ਸਾਰੇ ਗਵਾਹਾਂ ਨੂੰ ਸੁਰੱਖਿਆ ਦੇਣ ਦੀ ਮੰਗ ਕੀਤੀ ਹੈ।

## ਨਸ਼ਿਆਂ ਬਾਰੇ ਸਵਾਲਾਂ ਤੋਂ ਭੜਕਿਆ 'ਆਪ' ਵਿਧਾਇਕ



**ਨਾਭਾ:** ਇਥੋਂ ਦੇ ਪਿੰਡ ਮੈਹਸ ਵਿਚ ਨਸ਼ਿਆਂ ਖਿਲਾਫ ਜਾਗਰੂਕਤਾ ਕੈਂਪ ਵਿਚ ਪਹੁੰਚੇ ਨਾਭਾ ਦੇ ਵਿਧਾਇਕ ਦੇਵ ਮਾਨ ਨੂੰ ਤਿੱਖੇ ਸਵਾਲਾਂ ਦਾ ਸਾਹਮਣਾ ਕਰਨਾ ਪਿਆ।

ਇਸ ਕੈਂਪ ਦੌਰਾਨ ਪਿੰਡ ਦੇ ਇਕ ਵਸਨੀਕ ਸਰਕਾਰੀ ਮੁਲਾਜ਼ਮ ਨੇ ਮਾਈਕ ਉਤੇ ਆ ਕੇ ਵਿਧਾਇਕ ਨੂੰ ਸ਼ੋਸ਼ੇਬਾਜ਼ੀ ਛੱਡ ਕੇ ਨਸ਼ੇ ਦੇ ਮੁੱਦੇ ਦੀ ਗੰਭੀਰਤਾ ਨੂੰ ਸਮਝਣ ਦੀ ਅਪੀਲ ਕੀਤੀ ਤਾਂ ਵਿਧਾਇਕ ਭੜਕ ਗਏ ਤੇ ਉਨ੍ਹਾਂ ਨੂੰ ਮੁਸ਼ਕਲ ਨਾਲ ਸ਼ਾਂਤ ਕੀਤਾ ਗਿਆ।

ਇਸ ਮਾਮਲੇ ਦੀ ਵੀਡੀਓ ਵਾਇਰਲ ਹੋ ਰਹੀ ਹੈ। ਸਰਕਾਰੀ ਅਧਿਆਪਕ ਗੁਰਪ੍ਰੀਤ ਸਿੰਘ ਵੜੈਚ ਨੇ ਵਿਧਾਇਕ ਨੂੰ ਸਵਾਲ ਕੀਤੇ ਕਿ ਇਸ ਪਿੰਡ ਵਿਚ ਨਸ਼ੇ ਦੇ ਦੈਂਤ ਨੇ ਕਿੰਨੇ ਹੀ ਘਰ ਬਰਬਾਦ ਕਰ ਛੱਡੇ ਹਨ ਤੇ ਹੁਣ ਤਾਂ ਬੱਚੇ ਵੀ ਇਸ ਦੀ ਚਪੇਟ ਵਿਚ ਆ ਰਹੇ ਹਨ।

ਇਸ 'ਤੇ ਵਿਧਾਇਕ ਦੇਵ ਮਾਨ ਗੁੱਸੇ ਵਿਚ ਆ ਗਏ ਤੇ ਮੋਹਤਬਰਾਂ ਨੇ ਵਿਧਾਇਕ ਨੂੰ ਸ਼ਾਂਤ ਕੀਤਾ। ਵਿਧਾਇਕ ਨੇ ਕਿਹਾ ਕਿ ਸਰਕਾਰ ਨਸ਼ਿਆਂ ਦੇ ਮਾਮਲੇ 'ਤੇ ਪੂਰੀ ਗੰਭੀਰ ਹੈ।

## ਪੰਜਾਬ ਦੇ ਪਾਣੀਆਂ 'ਤੇ ਪਹਿਲਾ ਹੱਕ ਪੰਜਾਬੀਆਂ ਦਾ: ਰਾਜੇਵਾਲ



**ਮੁਹਾਲੀ:** ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਪੰਜਾਬ ਦੇ ਪਾਣੀਆਂ ਦੀ ਵਕਾਲਤ ਕਰਦਿਆਂ ਕਿਹਾ ਕਿ ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਥੱਲੇ ਜਾਣਾ ਗੰਭੀਰ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਦੇ ਪਾਣੀਆਂ 'ਤੇ ਪਹਿਲਾ ਹੱਕ ਪੰਜਾਬੀਆਂ ਦਾ ਹੈ। ਰਾਜੇਵਾਲ ਨੇ ਕਿਹਾ ਕਿ ਨਹਿਰੀ ਪਾਣੀ ਨਾਲ ਪਹਿਲਾਂ ਪੰਜਾਬ ਦੀ ਲੋੜ ਪੂਰੀ ਕੀਤੀ ਜਾਵੇ। ਇਸ ਮਗਰੋਂ ਜੇਕਰ ਪਾਣੀ ਬਚਦਾ ਹੈ ਤਾਂ ਬਾਕੀ ਸੂਬਿਆਂ ਨੂੰ ਦੇਣ ਬਾਰੇ ਕੋਈ ਇਤਰਾਜ਼ ਨਹੀਂ ਕੀਤਾ ਜਾਵੇਗਾ। ਕਿਸਾਨ ਆਗੂ ਕੁਲਵੰਤ ਸਿੰਘ ਤ੍ਰਿਪੜੀ ਅਤੇ ਕਿਰਪਾਲ ਸਿੰਘ ਸਿਆਊ ਨੇ ਕਿਹਾ ਕਿ 5 ਅਗਸਤ ਨੂੰ ਗੁਰਦੁਆਰਾ ਅੰਬ ਸਾਹਿਬ ਵਿਚ ਕਿਸਾਨਾਂ ਦਾ ਇਕੱਠ ਕੀਤਾ ਜਾਵੇਗਾ, ਜਿਸ ਮਗਰੋਂ ਕੇਂਦਰ ਤੇ ਪੰਜਾਬ ਸਰਕਾਰ ਨੂੰ ਮੰਗ ਪੱਤਰ ਦੇਣ ਲਈ ਚੰਡੀਗੜ੍ਹ ਵੱਲ ਕੂਚ ਕੀਤਾ ਜਾਵੇਗਾ।

## ਬੇਰੁਜ਼ਗਾਰ ਸਿਹਤ ਕਾਮਿਆਂ ਵੱਲੋਂ ਮੁੱਖ ਮੰਤਰੀ ਦੀ ਕੋਠੀ ਨੂੰ ਘੇਰਾ



**ਸੰਗਰੂਰ:** ਪੰਜਾਬ ਭਰ ਤੋਂ ਇਥੇ ਪੁੱਜੇ ਬੇਰੁਜ਼ਗਾਰ ਮਲਟੀਪਰਪਜ਼ ਹੈਲਥ ਵਰਕਰਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਅੱਗੇ ਰੋਸ ਪ੍ਰਦਰਸ਼ਨ ਕਰਦਿਆਂ ਆਪਣੀਆਂ ਮੰਗਾਂ ਦੇ ਹੱਕ ਵਿਚ ਪੱਕਾ ਮੋਰਚਾ ਸ਼ੁਰੂ ਕਰ ਦਿੱਤਾ।

ਪ੍ਰਦਰਸ਼ਨਕਾਰੀ ਮਲਟੀਪਰਪਜ਼ ਹੈਲਥ ਵਰਕਰ (ਮੇਲ) ਸਰਕਾਰ ਤੋਂ ਅਸਾਮੀਆਂ ਕੱਢਣ ਦੀ ਮੰਗ ਕਰ ਰਹੇ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਬੇਰੁਜ਼ਗਾਰ ਮਲਟੀਪਰਪਜ਼ ਹੈਲਥ ਵਰਕਰਜ਼, ਪੰਜਾਬ ਦੇ ਝੰਡੇ ਹੇਠ ਸੈਂਕੜੇ ਵਰਕਰ ਵੱਖ-ਵੱਖ ਜ਼ਿਲ੍ਹਿਆਂ ਤੋਂ ਪਟਿਆਲਾ-ਸੰਗਰੂਰ ਬਾਈਪਾਸ ਓਵਰਬ੍ਰਿਜ ਨੇੜੇ ਇਕੱਠੇ ਹੋਏ, ਜਿਥੋਂ ਯੂਨੀਅਨ ਦੇ ਸੂਬਾ ਆਗੂ ਸੁਖਵਿੰਦਰ ਸਿੰਘ ਢਿੱਲਵਾਂ ਤੇ ਸੁਖਦੇਵ ਸਿੰਘ ਜਲਾਲਾਬਾਦ ਦੀ ਅਗਵਾਈ ਹੇਠ ਮੁੱਖ ਮੰਤਰੀ ਦੀ ਕੋਠੀ ਤੱਕ ਰੋਸ ਮਾਰਚ ਕੱਢਿਆ ਗਿਆ। ਜਿਉਂ ਹੀ ਪ੍ਰਦਰਸ਼ਨਕਾਰੀ ਮੁੱਖ ਮੰਤਰੀ ਦੀ ਰਿਹਾਇਸ਼ ਵਾਲੀ ਕਲੋਨੀ ਦੇ ਗੇਟ 'ਤੇ ਪਹੁੰਚੇ ਤਾਂ ਪੁਲਿਸ ਵੱਲੋਂ ਕੀਤੀ ਗਈ ਨਾਕਾਬੰਦੀ 'ਤੇ ਉਨ੍ਹਾਂ ਨੂੰ ਰੋਕ ਲਿਆ ਗਿਆ। ਇਥੇ ਮੁਜ਼ਾਹਰਾਕਾਰੀਆਂ ਨੇ 'ਆਪ' ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ।

ਇਸ ਮਗਰੋਂ ਯੂਨੀਅਨ ਵੱਲੋਂ ਆਪਣੀਆਂ ਮੰਗਾਂ ਦੀ ਪੂਰਤੀ ਤੱਕ ਇਥੇ ਪੱਕਾ ਮੋਰਚਾ ਆਰੰਭ ਦਿੱਤਾ ਗਿਆ। ਮੁਜ਼ਾਹਰਾਕਾਰੀਆਂ ਨੇ ਐਲਾਨ ਕੀਤਾ ਹੈ ਕਿ ਜ਼ਿਮਨੀ ਚੋਣਾਂ ਦੌਰਾਨ ਉਨ੍ਹਾਂ ਵੱਲੋਂ 'ਆਪ' ਸਰਕਾਰ ਦਾ ਵਿਰੋਧ ਕੀਤਾ ਜਾਵੇਗਾ। ਇਸ ਮੌਕੇ ਸੁਖਵਿੰਦਰ ਸਿੰਘ ਢਿੱਲਵਾਂ ਨੇ ਕਿਹਾ ਕਿ ਪੰਜਾਬ ਵਿਚ ਇਸ ਵੇਲੇ ਲਗਭਗ ਦੋ ਹਜ਼ਾਰ ਬੇਰੁਜ਼ਗਾਰ ਮਲਟੀਪਰਪਜ਼ ਹੈਲਥ ਵਰਕਰ ਹਨ, ਜੋ ਰੁਜ਼ਗਾਰ ਦੀ ਉਡੀਕ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਸਰਕਾਰ ਨੇ ਹੁਣ ਮਲਟੀਪਰਪਜ਼ ਹੈਲਥ ਵਰਕਰ (ਫੀਮੇਲ) ਦੀਆਂ ਅਸਾਮੀਆਂ ਤਾਂ ਕੱਢ ਦਿੱਤੀਆਂ ਹਨ, ਪਰ ਪੁਰਸ਼ਾਂ ਲਈ ਅਸਾਮੀਆਂ ਨਹੀਂ ਕੱਢੀਆਂ ਗਈਆਂ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪਿੰਡ-ਪਿੰਡ ਮੁਹੱਲਾ ਕਲੀਨਿਕ ਖੋਲ੍ਹਣ ਦਾ ਐਲਾਨ ਕਰ ਰਹੀ ਹੈ, ਪਰ ਵਿਸ਼ਵ ਸਿਹਤ ਸੰਸਥਾ ਅਨੁਸਾਰ ਪੰਜ ਹਜ਼ਾਰ ਦੀ ਆਬਾਦੀ ਪਿੱਛੇ ਇਕ ਪੁਰਸ਼ ਤੇ ਇਕ ਮਹਿਲਾ ਵਰਕਰ ਦੀ ਨਿਯੁਕਤੀ ਲਾਜ਼ਮੀ ਹੈ, ਜਿਸ ਦਾ ਸਰਕਾਰ ਵੱਲੋਂ ਪਾਲਣ ਨਹੀਂ ਕੀਤਾ ਜਾ ਰਿਹਾ। ਇਸ ਮੌਕੇ ਡਿਊਟੀ ਮੈਜਿਸਟ੍ਰੇਟ ਨੇ ਪ੍ਰਦਰਸ਼ਨਕਾਰੀਆਂ ਤੋਂ ਮੰਗ ਪੱਤਰ ਫੜਦੇ ਹੋਏ ਛੇਤੀ ਹੀ ਮੁੱਖ ਮੰਤਰੀ ਨਾਲ ਮੀਟਿੰਗ ਦਾ ਸਮਾਂ ਤੈਅ ਕਰਵਾਉਣ ਦਾ ਭਰੋਸਾ ਦਿੱਤਾ, ਪਰ ਯੂਨੀਅਨ ਵੱਲੋਂ ਪੱਕਾ ਮੋਰਚਾ ਆਰੰਭ ਦਿੱਤਾ ਗਿਆ ਹੈ।

# 'ਆਪ' ਵਿਰੁੱਧ ਨਾ ਹੋ ਸਕੀ ਵਿਰੋਧੀ ਦਲਾਂ ਦੀ ਏਕਤਾ

## ਸਰਕਾਰ ਦੀ ਘੇਰਾਬੰਦੀ ਲਈ ਸੱਦੀ ਮੀਟਿੰਗ ਪਹਿਲਾਂ ਹੀ ਪਾਟੋਧਾੜ ਦਾ ਸ਼ਿਕਾਰ

**ਚੰਡੀਗੜ੍ਹ:** ਪੰਜਾਬ ਦੀਆਂ ਵਿਰੋਧੀ ਪਾਰਟੀਆਂ ਵੱਲੋਂ ਅਮਨ-ਕਾਨੂੰਨ ਦੇ ਮੁੱਦੇ 'ਤੇ 'ਆਪ' ਸਰਕਾਰ ਦੀ ਘੇਰਾਬੰਦੀ ਲਈ ਸੱਦੀ ਗਈ ਮੀਟਿੰਗ ਪਹਿਲਾਂ ਹੀ ਪਾਟੋਧਾੜ ਦਾ ਸ਼ਿਕਾਰ ਹੋ ਗਈ ਹੈ। ਵਿਰੋਧੀਆਂ ਦੀ ਇਕਜੁੱਟਤਾ ਸਿਰੇ ਨਾ ਲੱਗਣ 'ਤੇ ਸਰਕਾਰ ਨੇ ਰਾਹਤ ਮਹਿਸੂਸ ਕੀਤੀ ਹੈ ਕਿਉਂਕਿ ਉਹ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਮਗਰੋਂ ਆਪਣੇ ਆਪ ਨੂੰ ਘਿਰੀ ਹੋਈ ਮਹਿਸੂਸ ਕਰ ਰਹੀ ਸੀ।

ਜਾਣਕਾਰੀ ਮੁਤਾਬਕ ਹਰੇਕ ਪਾਰਟੀ ਮੀਟਿੰਗ ਦੀ ਅਗਵਾਈ ਕਰਨ ਦੀ ਇੱਛੁਕ ਸੀ ਜਿਸ ਕਾਰਨ ਸਹਿਮਤੀ ਨਹੀਂ ਬਣ ਸਕੀ। ਕਾਂਗਰਸ ਪਾਰਟੀ ਨੇ ਪਹਿਲ ਕਰਦਿਆਂ ਕਿਹਾ ਸੀ ਕਿ ਸੂਬੇ ਵਿਚ ਅਮਨ-ਕਾਨੂੰਨ ਦੀ ਵਿਗੜ ਰਹੀ ਸਥਿਤੀ ਨੂੰ ਦੇਖਦਿਆਂ ਸਾਰੀਆਂ ਵਿਰੋਧੀ ਧਿਰਾਂ ਨੂੰ ਇਕ ਮੰਚ 'ਤੇ ਇਕੱਠਾ ਹੋਣਾ ਚਾਹੀਦਾ ਹੈ। ਵਿਰੋਧੀ ਪਾਰਟੀਆਂ ਦੀ ਇਹ ਮੀਟਿੰਗ ਪੰਜਾਬ ਭਵਨ ਵਿਚ ਹੋਣੀ ਸੀ ਪਰ ਇਸ ਤੋਂ ਪਹਿਲਾਂ ਹੀ ਸੂਚਨਾ ਆ ਗਈ ਕਿ ਇਹ ਮੀਟਿੰਗ ਨਹੀਂ ਹੋ ਰਹੀ ਹੈ।



ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਨੇ ਟਵੀਟ ਕਰਕੇ ਜਾਣਕਾਰੀ ਦਿੱਤੀ ਕਿ ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਰੁਝੇਵਿਆਂ ਕਰਕੇ ਮੀਟਿੰਗ ਮੁਲਤਵੀ ਕੀਤੀ ਗਈ ਹੈ। ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਨੇ ਕਿਹਾ ਕਿ ਉਹ ਇਹ ਮਾਮਲਾ ਪਾਰਟੀ ਦੀ ਕੋਰ ਕਮੇਟੀ ਵਿਚ ਵਿਚਾਰਨਾ ਚਾਹੁੰਦੇ ਹਨ ਅਤੇ ਉਸ ਵਿਚ ਲਏ ਗਏ ਫੈਸਲੇ ਮੁਤਾਬਕ ਹੀ ਅਗਲੀ ਜਾਣਕਾਰੀ ਸਾਂਝੀ ਕੀਤੀ ਜਾਵੇਗੀ। ਅੰਦਰਲੀ ਗੱਲ ਇਹ ਹੈ ਕਿ ਸਾਂਝੇ ਮੰਚ ਨੂੰ ਲੀਡ ਕਰਨ ਦੀ ਵਿਰੋਧੀ ਧਿਰਾਂ 'ਚ ਲੜਾਈ ਹੈ। ਕੋਈ ਵੀ ਪਾਰਟੀ ਇਹ ਨਹੀਂ ਚਾਹੁੰਦੀ ਕਿ ਇਸ ਸਾਂਝੇ ਮੰਚ ਦਾ ਕਿਸੇ ਹੋਰ ਧਿਰ ਨੂੰ ਸਿਆਸੀ ਲਾਹਾ ਮਿਲੇ। ਵਿਰੋਧੀ ਮੰਚ ਬਣਨ ਦਾ ਮਾਮਲਾ ਫਿਲਹਾਲ ਟਲ ਗਿਆ ਹੈ ਪ੍ਰੰਤੂ ਜੇ ਇਹ ਮੰਚ ਜੁੜ ਜਾਂਦਾ ਤਾਂ 'ਆਪ' ਸਰਕਾਰ ਲਈ ਉਹ ਚੁਣੌਤੀ ਖੜ੍ਹੀ ਕਰ ਸਕਦਾ ਸੀ। ਇਸੇ ਮਹੀਨੇ 'ਆਪ' ਸਰਕਾਰ ਦਾ ਪਹਿਲਾ ਬਜਟ ਸੈਸ਼ਨ ਵੀ ਆ ਰਿਹਾ ਹੈ। ਵਿਰੋਧੀ ਦਲਾਂ ਵਿਚ ਇਕਸੁਰਤਾ ਬਣਦੀ ਤਾਂ ਵਿਧਾਨ ਸਭਾ ਵਿਚ ਵੀ ਸਰਕਾਰ ਲਈ ਮੁਸ਼ਕਲ ਖੜ੍ਹੀ ਹੋ ਸਕਦੀ ਸੀ।

ਕਾਂਗਰਸ ਤਰਫੋਂ ਸ਼੍ਰੋਮਣੀ ਅਕਾਲੀ ਦਲ, ਭਾਜਪਾ, ਬਸਪਾ ਤੋਂ ਇਲਾਵਾ ਸਾਰੀਆਂ ਕਮਿਊਨਿਸਟ ਧਿਰਾਂ ਆਦਿ ਨੂੰ ਵੀ ਮੀਟਿੰਗ ਲਈ ਸੱਦਾ ਦਿੱਤਾ ਗਿਆ ਸੀ।

## ਪੁਲਿਸ ਕੋਲ ਸੁਰੱਖਿਆ ਦੀ ਮੰਗ ਵਾਲੀਆਂ ਅਰਜ਼ੀਆਂ ਦਾ ਢੇਰ ਲੱਗਿਆ

**ਚੰਡੀਗੜ੍ਹ:** ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਤੋਂ ਬਾਅਦ ਸੂਬੇ ਵਿਚ ਉਪਜੀ ਕਾਨੂੰਨ ਵਿਵਸਥਾ ਦੀ ਸਥਿਤੀ ਦੇ ਮੱਦੇਨਜ਼ਰ ਸਿਆਸਤਦਾਨਾਂ ਨੇ ਸੁਰੱਖਿਆ ਵਾਪਸ ਮੁਹੱਈਆ ਕਰਾਉਣ ਲਈ ਸਰਕਾਰ 'ਤੇ ਦਬਾਅ ਵਧਾਉਣਾ ਸ਼ੁਰੂ ਕਰ ਦਿੱਤਾ ਹੈ। ਸੂਬਾਈ ਪੁਲਿਸ ਲਈ ਸਰਕਾਰ ਦੀਆਂ ਹਦਾਇਤਾਂ 'ਤੇ ਕਾਂਗਰਸ, ਅਕਾਲੀ ਦਲ ਨਾਲ ਸਬੰਧਤ ਸਿਆਸਤਦਾਨਾਂ, ਡੇਰੇਦਾਰਾਂ ਅਤੇ ਅਧਿਕਾਰੀਆਂ ਤੋਂ ਸੁਰੱਖਿਆ ਵਾਪਸ ਲੈਣ ਤੋਂ ਬਾਅਦ ਪੁਲਿਸ ਲਈ ਇਕ ਤਰ੍ਹਾਂ ਨਾਲ ਨਵਾਂ ਸੰਕਟ ਖੜ੍ਹਾ ਹੋ ਗਿਆ ਹੈ। ਸੂਤਰਾਂ ਦਾ ਦੱਸਣਾ ਹੈ ਕਿ ਸੁਰੱਖਿਆ ਕਰਮਚਾਰੀਆਂ ਦੇ ਦਾਇਰੇ ਵਿਚ ਘਿਰੇ ਰਹਿਣ ਵਾਲੇ ਕਾਂਗਰਸ ਅਤੇ ਅਕਾਲੀ ਦਲ ਦੇ ਸਿਆਸਤਦਾਨਾਂ ਨੇ ਸੁਰੱਖਿਆ ਵਾਪਸੀ ਲਈ ਪੁਲਿਸ ਅਧਿਕਾਰੀਆਂ ਨੂੰ ਲਿਖਣਾ ਸ਼ੁਰੂ ਕਰ ਦਿੱਤਾ ਹੈ ਤੇ ਹੁਣ ਤੱਕ 100 ਦੇ ਕਰੀਬ ਵਿਅਕਤੀਆਂ ਵੱਲੋਂ ਪੁਲਿਸ ਤੱਕ ਪਹੁੰਚ ਕੀਤੀ ਗਈ ਹੈ।

## ਪੰਜਾਬ ਤੋਂ ਰਾਜ ਸਭਾ ਲਈ ਸੰਤ ਸੀਚੇਵਾਲ ਤੇ ਸਾਹਨੀ ਦੀ ਨਿਰਵਿਰੋਧ ਚੋਣ



**ਚੰਡੀਗੜ੍ਹ:** ਪੰਜਾਬ ਤੋਂ ਰਾਜ ਸਭਾ ਦੀਆਂ ਦੋਵੇਂ ਸੀਟਾਂ ਲਈ 'ਆਪ' ਦੇ ਉਮੀਦਵਾਰ ਸੰਤ ਬਲਬੀਰ ਸਿੰਘ ਸੀਚੇਵਾਲ ਅਤੇ ਵਿਕਰਮਜੀਤ ਸਿੰਘ ਸਾਹਨੀ ਦੀ ਚੋਣ ਨਿਰਵਿਰੋਧ ਹੋ ਗਈ ਹੈ। ਨਾਮਜ਼ਦਗੀਆਂ ਵਾਪਸ ਲੈਣ ਦੇ ਆਖਰੀ ਦਿਨ ਕਿਸੇ ਉਮੀਦਵਾਰ ਵੱਲੋਂ ਨਾਮਜ਼ਦਗੀ ਵਾਪਸ ਨਾ ਲਏ ਜਾਣ 'ਤੇ ਰਾਜ ਸਭਾ ਚੋਣ ਰਿਟਰਨਿੰਗ ਅਫਸਰ-ਕਮ ਸਕੱਤਰ ਪੰਜਾਬ ਵਿਧਾਨ ਸਭਾ ਸੁਰਿੰਦਰ ਪਾਲ ਨੇ ਸੰਤ ਬਲਬੀਰ ਸਿੰਘ ਸੀਚੇਵਾਲ ਅਤੇ ਵਿਕਰਮਜੀਤ ਸਿੰਘ ਸਾਹਨੀ ਨੂੰ ਰਾਜ ਸਭਾ ਮੈਂਬਰ ਐਲਾਨਦਿਆਂ ਦੋਵਾਂ ਨੂੰ 'ਚੋਣ ਸਰਟੀਫਿਕੇਟ' ਸੌਂਪ ਦਿੱਤੇ ਹਨ। ਇਸ ਮੌਕੇ ਸੰਤ ਸੀਚੇਵਾਲ ਤੇ ਸ੍ਰੀ ਸਾਹਨੀ ਨੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨਾਲ ਮੁਲਾਕਾਤ ਕੀਤੀ ਤੇ ਸ੍ਰੀ ਸੰਧਵਾਂ ਨੇ ਦੋਵੇਂ ਮੈਂਬਰਾਂ ਨੂੰ ਵਧਾਈ ਦਿੰਦਿਆਂ ਆਸ ਪ੍ਰਗਟਾਈ ਕਿ ਉਹ ਉੱਪਰਲੇ ਸਦਨ ਵਿਚ ਪੰਜਾਬੀਆਂ ਦੀ ਆਵਾਜ਼ ਬੁਲੰਦ ਕਰਨਗੇ ਅਤੇ ਪੰਜਾਬ ਦੀ ਬਿਹਤਰੀ ਲਈ ਕੰਮ ਕਰਨਗੇ। ਜ਼ਿਕਰਯੋਗ ਹੈ ਕਿ ਪੰਜਾਬ ਤੋਂ ਰਾਜ ਸਭਾ ਦੀਆਂ ਸਾਰੀਆਂ ਸੀਟਾਂ 'ਆਪ' ਦੀ ਝੋਲੀ ਵਿਚ ਪੈ ਗਈਆਂ ਹਨ। ਇਸ ਤੋਂ ਪਹਿਲਾਂ ਅਪਰੈਲ ਮਹੀਨੇ ਵਿਚ ਵੀ ਚਾਰ ਮੈਂਬਰ 'ਆਪ' ਦੇ ਹੀ ਚੁਣੇ ਗਏ ਸਨ।

# ਪਾਰਟੀ ਲਈ ਸੁਖਬੀਰ ਦਾ ਤੋੜ ਲੱਭਣਾ ਬਣਿਆ ਚੁਣੌਤੀ

**ਸੰਗਰੂਰ:** ਸ਼੍ਰੋਮਣੀ ਅਕਾਲੀ ਦਲ (ਬ) ਵਿਚ ਆਏ ਨਿਘਾਰ ਲਈ ਬਣੀ ਪੜਚੋਲ ਕਮੇਟੀ ਦੀ ਰਿਪੋਰਟ ਠੰਢੇ ਬਸਤੇ ਵਿਚ ਪੈਣ ਦੀ ਸੰਭਾਵਨਾ ਬਣ ਗਈ ਹੈ। ਰਿਪੋਰਟ ਅੰਦਰ ਅਕਾਲੀ ਦਲ ਦੇ ਵੱਡੇ ਹਿੱਸੇ ਵੱਲੋਂ ਪਾਰਟੀ ਲੀਡਰਸ਼ਿਪ ਵਿਚ ਤਬਦੀਲੀ ਦੀ ਮੰਗ ਕੀਤੀ ਗਈ ਹੈ।

ਪਾਰਟੀ ਹਾਈਕਮਾਨ ਇਸ ਗੱਲ ਉਤੇ ਭੰਬਲਭੂਸੇ ਵਿਚ ਹੈ ਕਿ ਜੇ ਇਸ ਰਿਪੋਰਟ ਉਤੇ ਅਮਲ ਕੀਤਾ ਜਾਵੇ ਤਾਂ ਨਵਾਂ ਪਾਰਟੀ ਪ੍ਰਧਾਨ ਕੌਣ ਹੋਵੇਗਾ। ਪਾਰਟੀ ਦੇ ਸੀਨੀਅਰ ਆਗੂਆਂ ਦੀ ਗੈਰ ਰਸਮੀ ਮੀਟਿੰਗ ਦੌਰਾਨ ਇਹ ਗੱਲ ਉੱਭਰ ਕੇ ਸਾਹਮਣੇ ਆਈ ਕਿ ਇਸ ਸਮੇਂ ਪਾਰਟੀ ਵਿਚ ਕੋਈ ਅਜਿਹਾ ਆਗੂ ਨਹੀਂ ਹੈ ਜੋ ਸਰਬਪ੍ਰਵਾਨਿਤ ਪ੍ਰਧਾਨ ਦੀ ਜ਼ਿੰਮੇਵਾਰੀ ਸੰਭਾਲ ਸਕੇ। ਇਸ ਮੀਟਿੰਗ ਦੌਰਾਨ ਪ੍ਰਧਾਨ ਦੀ ਥਾਂ ਪ੍ਰਜ਼ੀਡੀਅਮ (ਪ੍ਰਧਾਨਗੀ ਮੰਡਲ) ਬਾਰੇ ਵੀ ਵਿਚਾਰ ਕੀਤੀ ਗਈ ਤਾਂ ਇਹ ਖਦਸ਼ਾ ਪ੍ਰਗਟ ਕੀਤਾ ਗਿਆ ਕਿ ਪ੍ਰਜ਼ੀਡੀਅਮ ਵਿਚ ਜੇ ਭਾਜਪਾ ਦੇ ਅੰਦਰੂਨੀ ਆਸ਼ੀਰਵਾਦ ਵਾਲੇ ਆਗੂ ਸ਼ਾਮਲ ਹੋ ਗਏ ਤਾਂ ਅਕਾਲੀ ਦਲ ਦੀ ਹੋਂਦ ਖਤਰੇ ਵਿਚ ਪੈ ਜਾਵੇਗੀ। ਮਾਲਵੇ ਦੇ ਇਕ ਟਕਸਾਲੀ ਆਗੂ ਦਾ ਕਹਿਣਾ



ਹੈ ਕਿ ਬਾਦਲ ਪਰਿਵਾਰ ਨੇ ਕਿਸੇ ਹੋਰ ਆਗੂ ਨੂੰ ਆਪਣੇ ਹਾਣ ਦਾ ਨਹੀਂ ਹੋਣ ਦਿੱਤਾ ਜਿਸ ਕਾਰਨ ਹੁਣ ਪਾਰਟੀ ਨੂੰ ਬਦਲਵੇਂ ਆਗੂ ਦੀ ਘਾਟ ਮਹਿਸੂਸ ਹੋਣ ਲੱਗੀ ਹੈ। ਇਸੇ ਦੌਰਾਨ ਪਾਰਟੀ ਲੀਡਰਸ਼ਿਪ ਵਿਚ ਇਹ ਗੱਲ ਵੀ ਚੱਲ ਰਹੀ ਹੈ ਕਿ ਮਾਹੌਲ ਨੂੰ ਵੇਖਦਿਆਂ ਜੇ ਬਾਦਲ ਪਰਿਵਾਰ ਨੂੰ ਕੁਝ ਸਮੇਂ ਲਈ ਪ੍ਰਧਾਨਗੀ ਛੱਡਣੀ ਪੈ ਜਾਵੇ ਤਾਂ ਕੋਈ ਅਜਿਹੀ ਧਾਰਮਿਕ ਸ਼ਖਸੀਅਤ ਨੂੰ ਅੱਗੇ ਲਿਆਂਦਾ ਜਾਣਾ ਚਾਹੀਦਾ ਹੈ ਜਿਸ ਨੂੰ ਸਾਰੀਆਂ ਧਿਰਾਂ ਪ੍ਰਵਾਨ ਕਰ ਲੈਣ।

# ਓਂਟਾਰੀਓ ਅਸੈਂਬਲੀ ਲਈ ਛੇ ਪੰਜਾਬੀ ਚੁਣੇ

**ਬਰੈਪਟਨ:** ਓਂਟਾਰੀਓ ਸੂਬੇ ਵਿਚ ਹੋਈਆਂ ਚੋਣਾਂ 'ਚ ਛੇ ਪੰਜਾਬੀ ਉਮੀਦਵਾਰਾਂ ਨੇ ਜਿੱਤ ਪ੍ਰਾਪਤ ਕੀਤੀ ਹੈ। ਅਸੈਂਬਲੀ ਚੋਣਾਂ (ਵਿਧਾਨ ਸਭਾ) ਵਿਚ ਕੰਜ਼ਰਵੇਟਿਵ ਪਾਰਟੀ ਨੂੰ ਭਾਰੀ ਬਹੁਮਤ ਮਿਲਿਆ ਹੈ। ਜਿੱਤਣ ਵਾਲੇ ਸਾਰੇ ਛੇ ਉਮੀਦਵਾਰ ਪੀਸੀ ਪਾਰਟੀ (ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ) ਦੀ ਟਿਕਟ 'ਤੇ ਚੋਣ ਲੜੇ ਸਨ।

ਪੰਜਾਬੀਆਂ ਦੀ ਸੰਘਣੀ ਆਬਾਦੀ ਵਾਲੇ ਇਲਾਕੇ ਬਰੈਪਟਨ ਦੱਖਣੀ ਤੋਂ ਸਾਬਕਾ ਮੰਤਰੀ ਪ੍ਰਭਜੀਤ ਸਰਕਾਰੀਆ (31) ਨੇ ਜਿੱਤ ਦਰਜ ਕੀਤੀ ਹੈ। ਉਹ ਚਾਰ ਸਾਲ ਪਹਿਲਾਂ ਓਂਟਾਰੀਓ ਵਿਚ ਕੈਬਨਿਟ ਮੰਤਰੀ ਬਣਨ ਵਾਲੇ ਪਹਿਲੇ ਪੱਗੜੀਧਾਰੀ ਸਿੱਖ ਸਨ। ਸਰਕਾਰੀਆ ਦਾ ਪਰਿਵਾਰ ਸੰਨ 1980 ਵਿਚ ਅੰਮ੍ਰਿਤਸਰ ਤੋਂ ਕੈਨੇਡਾ ਆਇਆ ਸੀ। ਇਸ ਤੋਂ ਇਲਾਵਾ ਪਰਮ ਗਿੱਲ, ਦੀਪਕ ਆਨੰਦ, ਹਰਦੀਪ ਗਰੇਵਾਲ, ਅਮਰਜੋਤ ਸੰਧੂ, ਨੀਨਾ ਤਾਂਗੜੀ ਨੇ ਵੀ ਆਪੋ-ਆਪਣੇ ਹਲਕਿਆਂ ਵਿਚ ਜਿੱਤ ਦਰਜ ਕੀਤੀ ਹੈ। ਮੋਗਾ ਨਾਲ ਸਬੰਧਤ ਪਰਮ ਗਿੱਲ (48) ਨੇ ਮਿਲਟਨ (ਟੋਰਾਂਟੋ ਖੇਤਰ) ਤੋਂ ਚੋਣ ਜਿੱਤੀ ਹੈ। ਨੀਨਾ ਨੇ ਮਿਸੀਸਾਗਾ-ਸਟ੍ਰੀਟਸਵਿਲੇ ਤੋਂ ਚੋਣ ਜਿੱਤੀ ਹੈ। ਨੀਨਾ ਦਾ ਪਰਿਵਾਰ ਜਲੰਧਰ ਨਾਲ ਸਬੰਧਤ ਹੈ।

ਅਮਰਜੋਤ ਸੰਧੂ ਨੇ ਵੀ ਆਪਣੀ ਬਰੈਪਟਨ ਪੱਛਮੀ ਸੀਟ ਬਰਕਰਾਰ ਰੱਖੀ ਹੈ। ਦੀਪਕ ਆਨੰਦ ਵੀ ਮਿਸੀਸਾਗਾ-ਮਾਲਟਨ ਤੋਂ ਜਿੱਤ ਗਏ ਹਨ। ਲਿਬਰਲ ਪਾਰਟੀ ਦੀ ਟਿਕਟ ਤੋਂ ਚੋਣ ਲੜਤੇ ਸਾਰੇ ਪੰਜਾਬੀ ਹਾਰ ਗਏ ਹਨ। ਜਗਮੀਤ ਸਿੰਘ ਦੀ ਪਾਰਟੀ ਐਨ.ਡੀ.ਪੀ. ਚੋਣਾਂ ਵਿਚ 31 ਸੀਟਾਂ ਜਿੱਤ ਕੇ ਦੂਜੀ ਵੱਡੀ ਪਾਰਟੀ ਵਜੋਂ ਉੱਭਰੀ ਹੈ। ਪਰ ਜਗਮੀਤ ਸਿੰਘ ਦੀ ਪਾਰਟੀ ਦੀ ਟਿਕਟ ਤੋਂ ਚੋਣ ਲੜੇ ਉਨ੍ਹਾਂ ਦੇ ਭਰਾ ਗੁਰਰਤਨ ਸਿੰਘ ਹਾਰ ਗਏ ਹਨ। ਉਨ੍ਹਾਂ ਨੂੰ ਪੀਸੀ ਪਾਰਟੀ ਦੇ ਹਰਦੀਪ ਗਰੇਵਾਲ ਨੇ ਹਰਾਇਆ ਹੈ।

# ਪੈਂਡਿੰਗ ਕੇਸਾਂ ਹੇਠਾਂ ਦੱਬੀ ਨਿਆਂ ਪ੍ਰਣਾਲੀ

**ਚੰਡੀਗੜ੍ਹ:** ਪੰਜਾਬ ਦੀਆਂ ਅਦਾਲਤਾਂ 'ਚ ਫੌਜਦਾਰੀ ਕੇਸਾਂ ਦੇ ਢੇਰ ਲੱਗੇ ਹੋਏ ਹਨ। ਅਦਾਲਤੀ ਕੇਸਾਂ ਦਾ ਅੰਕੜਾ ਵੱਡਾ ਹੈ, ਜਦੋਂਕਿ ਨਿਪਟਾਰੇ ਲਈ ਪ੍ਰਬੰਧ ਛੋਟੇ ਹਨ। ਆਮ ਲੋਕਾਂ ਲਈ ਨਿਆਂ ਦੀ ਉਡੀਕ ਲਮੇਰੀ ਹੋ ਰਹੀ ਹੈ। ਜੱਜਾਂ ਦੀ ਵੱਡੀ ਘਾਟ ਹੈ, ਜਿਸ ਕਾਰਨ ਅਦਾਲਤਾਂ 'ਚ ਪੈਂਡਿੰਗ ਕੇਸ ਵਧ ਰਹੇ ਹਨ। ਪੰਜਾਬ ਵਿਚ ਇਸ ਵੇਲੇ 68 ਅਦਾਲਤੀ ਕੰਪਲੈਕਸ ਹਨ। ਇਨ੍ਹਾਂ ਅਦਾਲਤਾਂ 'ਚ ਇਸ ਵੇਲੇ ਕੁੱਲ 9.31 ਲੱਖ ਕੇਸ ਪੈਂਡਿੰਗ ਪਏ ਹਨ, ਜਿਨ੍ਹਾਂ ਵਿਚ 5.22 ਲੱਖ ਫ਼ੌਜਦਾਰੀ ਕੇਸ ਹਨ।

ਵੇਰਵਿਆਂ ਅਨੁਸਾਰ ਪੰਜਾਬ ਦੀਆਂ ਅਦਾਲਤਾਂ 'ਚ 41 ਕੇਸ ਅਜਿਹੇ ਹਨ, ਜਿਨ੍ਹਾਂ ਦਾ ਨਿਪਟਾਰਾ 30 ਸਾਲਾਂ ਤੋਂ ਹੋ ਹੀ ਨਹੀਂ ਸਕਿਆ ਅਤੇ ਇਨ੍ਹਾਂ 'ਚੋਂ 35 ਫੌਜਦਾਰੀ ਕੇਸ ਹਨ। ਇਸ ਤਰ੍ਹਾਂ 111 ਕੇਸਾਂ ਵਿਚ ਫੈਸਲਾ 20 ਤੋਂ 30 ਸਾਲਾਂ ਦੌਰਾਨ ਵੀ ਨਹੀਂ ਹੋਇਆ ਹੈ, ਜਿਨ੍ਹਾਂ 'ਚੋਂ 52 ਕੇਸ ਫੌਜਦਾਰੀ ਹਨ। 10 ਤੋਂ 20 ਸਾਲਾਂ ਤੋਂ ਪੈਂਡਿੰਗ ਪਏ ਕੇਸਾਂ ਦੀ ਗਿਣਤੀ ਵੀ 2,284 ਬਣਦੀ ਹੈ। ਇਸ ਤੋਂ ਇਲਾਵਾ 5 ਤੋਂ 10 ਸਾਲ ਦੇ ਪੈਂਡਿੰਗ ਕੇਸਾਂ ਦੀ ਗਿਣਤੀ 36,179 ਹੈ, ਜਿਨ੍ਹਾਂ 'ਚੋਂ 17,861 ਫ਼ੌਜਦਾਰੀ ਕੇਸ ਹਨ। ਜਾਣਕਾਰੀ ਅਨੁਸਾਰ ਜੱਜਾਂ ਦੀ ਪ੍ਰਵਾਨਿਤ ਅਸਾਮੀਆਂ ਮੁਤਾਬਕ ਪੋਸਟਿੰਗ ਨਹੀਂ ਹੈ ਅਤੇ ਕਾਫ਼ੀ ਗਿਣਤੀ ਵਿਚ ਅਸਾਮੀਆਂ ਖਾਲੀ ਪਈਆਂ ਹਨ। ਜੱਜਾਂ ਦੀ ਨਿਯੁਕਤੀ ਦੀ ਲੰਮੀ ਪ੍ਰਕਿਰਿਆ ਕਰਕੇ ਵੀ ਕਈ ਦਰਪੇਸ਼ ਮੁਸ਼ਕਲਾਂ ਹਨ। ਨਿਆਂ ਪ੍ਰਣਾਲੀ ਵਿਚ ਕਮੀਆਂ ਦਾ ਖ਼ਮਿਆਜ਼ਾ ਆਮ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ, ਜਿਹੜੇ ਕਿ ਇਨਸਾਫ ਦੀ ਉਡੀਕ ਵਿਚ ਬੁੱਢੇ ਹੋ ਜਾਂਦੇ ਹਨ। ਇਸ ਮਾਮਲੇ 'ਚ ਪੰਜਾਬ 'ਚੋਂ ਲੁਧਿਆਣਾ ਜ਼ਿਲ੍ਹਾ ਸਭ ਤੋਂ ਅੱਗੇ ਹੈ, ਜਿੱਥੇ ਅਦਾਲਤਾਂ ਵਿਚ ਇਕ ਲੱਖ ਕੇਸ ਪੈਂਡਿੰਗ ਪਏ ਹਨ, ਜਿਨ੍ਹਾਂ ਵਿਚੋਂ 65,541 ਕੇਸ ਫੌਜਦਾਰੀ ਹਨ। ਦੂਜਾ ਨੰਬਰ ਜ਼ਿਲ੍ਹਾ ਅੰਮ੍ਰਿਤਸਰ ਦਾ ਹੈ, ਇਥੋਂ ਦੀਆਂ ਅਦਾਲਤਾਂ ਵਿਚ 50,992 ਕੇਸ ਬਕਾਇਆ ਹਨ। ਇਨ੍ਹਾਂ 'ਚੋਂ 32,151 ਕੇਸ ਫ਼ੌਜਦਾਰੀ ਹਨ। ਜਲੰਧਰ ਜ਼ਿਲ੍ਹਾ ਤੀਜੇ ਨੰਬਰ 'ਤੇ ਆਉਂਦਾ ਹੈ, ਜਿਥੋਂ ਦੀਆਂ ਅਦਾਲਤਾਂ ਵਿਚ 46,154 ਕੇਸ ਪੈਂਡਿੰਗ ਪਏ ਹਨ। ਚੌਥੇ ਨੰਬਰ 'ਤੇ ਪਟਿਆਲਾ ਹੈ। ਇਸ ਜ਼ਿਲ੍ਹੇ ਵਿਚ 42,665 ਕੇਸ ਬਕਾਇਆ ਪਏ ਹਨ, ਜਿਨ੍ਹਾਂ ਵਿਚੋਂ 38,246 ਫੌਜਦਾਰੀ ਕੇਸ ਹਨ। ਦੇਸ਼ ਵਿਚ 4.17 ਕਰੋੜ ਕੇਸ ਬਕਾਇਆ ਹਨ। ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਕੁੱਲ 4.49 ਲੱਖ ਕੇਸ ਪੈਂਡਿੰਗ ਪਏ ਹਨ, ਜਿਨ੍ਹਾਂ 'ਚੋਂ 1.65 ਲੱਖ ਫ਼ੌਜਦਾਰੀ ਕੇਸ ਹਨ। ਹਾਈਕੋਰਟ ਵਿਚ 19.75 ਫ਼ੀਸਦੀ ਕੇਸ ਤਾਂ 10 ਤੋਂ 20 ਵਰ੍ਹਿਆਂ ਦੇ ਪੈਂਡਿੰਗ ਹਨ, ਜਿਨ੍ਹਾਂ ਦਾ ਅੰਕੜਾ 88,774 ਬਣਦਾ ਹੈ। ਇਸੇ ਤਰ੍ਹਾਂ 20 ਤੋਂ 30 ਵਰ੍ਹਿਆਂ ਤੋਂ ਬਕਾਇਆ ਪਏ ਕੇਸਾਂ ਦੀ ਗਿਣਤੀ 13,053 ਬਣਦੀ ਹੈ।

# ਤਖਤ ਕੇਸਗੜ੍ਹ ਸਾਹਿਬ: ਗਲਿਆਰਾ ਸੁੰਦਰੀਕਰਨ ਪ੍ਰੋਜੈਕਟ ਜ਼ੋਰਾਂ 'ਤੇ

**ਸ੍ਰੀ ਅਨੰਦਪੁਰ ਸਾਹਿਬ:** ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਚੌਗਿਰਦੇ ਦਾ ਸੁੰਦਰੀਕਰਨ ਪ੍ਰੋਜੈਕਟ ਜ਼ੋਰਾਂ 'ਤੇ ਹੈ। ਇਹ ਪ੍ਰੋਜੈਕਟ ਹੋਲੇ ਮਹੱਲੇ ਮੌਕੇ ਸ਼ੁਰੂ ਕੀਤਾ ਗਿਆ ਸੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਨਿਸ਼ਕਾਮ ਸੇਵਕ ਜਥਾ ਯੂਕੇ ਦੇ ਮੁਖੀ ਬਾਬਾ ਮਹਿੰਦਰ ਸਿੰਘ ਵੱਲੋਂ ਇਸ ਸੁੰਦਰੀਕਰਨ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ ਗਈ ਸੀ।

ਇਸ ਪ੍ਰੋਜੈਕਟ ਦੀ ਕਾਰ ਸੇਵਾ ਨਿਸ਼ਕਾਮ ਸੇਵਕ ਜਥਾ ਯੂਕੇ ਵਾਲਿਆਂ ਵੱਲੋਂ ਕੀਤੀ ਜਾ ਰਹੀ ਹੈ। ਇਸ ਪ੍ਰੋਜੈਕਟ ਤਹਿਤ ਤਖ਼ਤ ਸਾਹਿਬ ਦੇ ਆਲੇ-ਦੁਆਲੇ ਨੂੰ ਖ਼ੂਬਸੂਰਤ ਬਣਾਉਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਸਿੰਘ ਸਾਹਿਬ ਅਤੇ ਮੈਨੇਜਰ ਦੀਆਂ ਪੁਰਾਣੀਆਂ ਰਿਹਾਇਸ਼ਾਂ ਤੋੜਨ ਉਪਰੰਤ ਇਸ ਸਥਾਨ 'ਤੇ ਬਣਾਏ ਜਾ ਰਹੇ ਤਖ਼ਤ ਸਾਹਿਬ ਦੇ ਪ੍ਰਬੰਧਕੀ ਬਲਾਕ, ਸਿੰਘ ਸਾਹਿਬ ਦੀ ਨਵੀਂ ਰਿਹਾਇਸ਼, ਸਕੱਤਰੇਤ, ਗੱਠੜੀ ਘਰ ਆਦਿ ਦੀ ਉਸਾਰੀ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ।

ਪ੍ਰੋਜੈਕਟ ਨਾਲ ਜੁੜੇ ਪਤਵੰਤਿਆਂ ਨੇ ਦੱਸਿਆ ਕਿ ਤਖ਼ਤ ਸਾਹਿਬ ਦੇ ਸਾਹਮਣੇ ਪੈਂਦੇ ਨੰਗਲ-ਰੂਪਨਗਰ ਮੁੱਖ ਮਾਰਗ ਤੋਂ ਆਉਂਦੀ ਸੜਕ 'ਤੇ ਵਿਸ਼ਾਲ ਗੇਟ ਉਸਾਰਿਆ ਜਾਵੇਗਾ। ਸਰੋਵਰ ਦੇ ਸਾਹਮਣੇ ਪਾਰਕਿੰਗ ਤੋਂ ਪੁਲ ਰਾਹੀਂ ਸਿੱਧਾ ਤਖ਼ਤ ਸਾਹਿਬ ਨੂੰ ਰਸਤਾ ਵੀ ਜੋੜਿਆ ਜਾਵੇਗਾ ਅਤੇ ਲਿਫਟ ਦੀ ਵਿਵਸਥਾ ਵੀ ਕੀਤੀ ਜਾਵੇਗੀ। ਇਸੇ ਤਰ੍ਹਾਂ ਤਖ਼ਤ ਸਾਹਿਬ ਨੂੰ ਆਉਂਦੇ ਸਾਰੇ ਰਸਤਿਆਂ 'ਤੇ ਗੇਟ ਉਸਾਰੇ ਜਾਣਗੇ।

ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ ਅਤੇ ਨਿਸ਼ਕਾਮ ਸੇਵਾ ਜਥੇ ਦੇ ਭਾਈ ਇੰਦਰਜੀਤ ਸਿੰਘ ਨੇ ਦੱਸਿਆ ਕਿ ਇਸ ਪ੍ਰੋਜੈਕਟ 'ਚ ਜ਼ਮੀਨਦੋਜ਼ ਵਿਸ਼ਾਲ ਗੱਠੜੀਘਰ, ਜੋੜਾ ਘਰ, ਪਹਿਲੀ ਮੰਜ਼ਿਲ 'ਤੇ ਪ੍ਰਬੰਧਕੀ ਬਲਾਕ, ਸਕੱਤਰੇਤ, ਰਿਹਾਇਸ਼ ਅਤੇ ਇੱਕ ਵਿਸ਼ਰਾਮਘਰ ਦੀ ਉਸਾਰੀ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪ੍ਰੋਜੈਕਟ ਵਾਲੀ ਸੰਗ ਦਾ ਹਰ ਤਰ੍ਹਾਂ ਨਾਲ ਖਿਆਲ ਰੱਖਿਆ ਜਾਵੇਗਾ। ਸ਼ਰਧਾਲੂਆਂ ਨੂੰ ਕਿਸੇ ਵੀ ਕਿਸਮ ਦੀ ਕੋਈ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ।

# ਹੁਣ ਪੰਜਾਬ ਦੇ ਕਿਸੇ ਵੀ ਕੇਂਦਰ ਤੋਂ ਪ੍ਰਾਪਤ ਕੀਤੀ ਜਾ ਸਕੇਗੀ ਫਰਦ

**ਜਲੰਧਰ:** ਮਾਲ ਵਿਭਾਗ ਦਾ ਕੰਮ-ਕਾਜ ਹੋਰ ਪਾਰਦਰਸ਼ੀ ਬਣਾਉਂਦਿਆਂ ਪੰਜਾਬ ਲੈਂਡ ਰਿਕਾਰਡ ਸੁਸਾਇਟੀ ਦੀ ਤਕਨੀਕੀ ਟੀਮ ਨੇ ਮਾਲ ਵਿਭਾਗ ਦੇ ਸਾਫਟਵੇਅਰ ਵਿਚ ਸੁਧਾਰ ਕੀਤੇ ਹਨ, ਜਿਸ ਨਾਲ ਹੁਣ ਲੋਕਾਂ ਨੂੰ ਹੋਰ ਸੌਖ ਹੋਵੇਗੀ। ਪ੍ਰਾਪਤ ਜਾਣਕਾਰੀ ਅਨੁਸਾਰ ਪਹਿਲਾਂ ਜ਼ਮੀਨ ਦੀ ਨਕਲ ਸਬੰਧਤ ਫਰਦ ਕੇਂਦਰ ਵਿਚੋਂ ਹੀ ਪ੍ਰਾਪਤ ਕੀਤੀ ਜਾ ਸਕਦੀ ਸੀ, ਪਰ ਹੁਣ ਸੂਬੇ ਦੇ ਕਿਸੇ ਵੀ ਫਰਦ ਕੇਂਦਰ ਤੋਂ ਕਿਸੇ ਵੀ ਜ਼ਮੀਨ ਦੀ ਨਕਲ ਪ੍ਰਾਪਤ ਕੀਤੀ ਜਾ ਸਕੇਗੀ ਤੇ ਇਸ ਉੱਪਰ ਜਾਰੀਕਰਤਾ ਫਰਦ ਕੇਂਦਰ ਦਾ ਨਾਂ ਦਰਜ ਹੋਵੇਗਾ।

# ਪੰਜਾਬ ਦੀਆਂ ਰਵਾਇਤੀ ਧਿਰਾਂ ਲਈ ਸਿਰਦਰਦੀ ਬਣਨ ਲੱਗੀ ਭਾਜਪਾ

**ਚੰਡੀਗੜ੍ਹ:** ਰਵਾਇਤੀ ਧਿਰਾਂ ਲਈ ਭਾਜਪਾ ਵੱਡੀ ਸਿਰਦਰਦੀ ਬਣਦੀ ਜਾਪ ਹੈ। ਪੰਜਾਬ ਦੇ ਚਾਰ ਸਾਬਕਾ ਕਾਂਗਰਸੀ ਮੰਤਰੀਆਂ, ਸਾਬਕਾ ਵਿਧਾਇਕਾਂ ਅਤੇ ਅਕਾਲੀ ਦਲ ਦੇ ਦੋ ਸਾਬਕਾ ਵਿਧਾਇਕਾਂ ਨੇ ਭਾਜਪਾ ਵਿਚ ਇਕੱਠਿਆਂ ਸ਼ਮੂਲੀਅਤ ਕਰਕੇ ਸੂਬੇ ਵਿਚ ਇਕ ਦਿਨ 'ਚ ਹੋਣ ਵਾਲੀ ਸਭ ਤੋਂ ਵੱਡੀ ਦਲਬਦਲੀ ਕੀਤੀ ਹੈ। ਅਸਲ ਵਿਚ, ਕਿਸਾਨ ਅੰਦੋਲਨ ਦੇ ਮੁਲਤਵੀ ਹੋਣ ਤੋਂ ਬਾਅਦ ਇਹ ਸਿਲਸਿਲਾ ਇਸੇ ਤਰ੍ਹਾਂ ਚੱਲ ਰਿਹਾ ਹੈ।

ਪੰਜਾਬ 'ਚ ਸਾਲ 2017 ਤੋਂ 2022 ਤੱਕ ਕਾਂਗਰਸ ਦੇ ਮੰਤਰੀ ਰਹੇ ਬਲਬੀਰ ਸਿੰਘ ਸਿੱਧੂ, ਗੁਰਪ੍ਰੀਤ ਸਿੰਘ ਕਾਂਗੜ, ਸ਼ਾਮ ਸੁੰਦਰ ਅਰੋੜਾ, ਡਾ. ਰਾਜ ਕੁਮਾਰ ਵੇਰਕਾ, ਕੇਵਲ ਸਿੰਘ ਢਿੱਲੋਂ, ਮੁਹਾਲੀ ਦੇ ਮੇਅਰ ਅਮਰਜੀਤ ਸਿੰਘ ਉਰਫ਼ ਜੀਤੀ ਸਿੱਧੂ, ਅਕਾਲੀ ਦਲ ਦੀ ਸਾਬਕਾ ਮੰਤਰੀ ਮਹਿੰਦਰ ਕੌਰ ਜੋਸ਼ ਅਤੇ ਸਾਬਕਾ ਵਿਧਾਇਕ ਸਰੂਪ ਚੰਦ ਸਿੰਗਲਾ ਨੇ ਇਥੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਹਾਜ਼ਰੀ 'ਚ ਭਾਜਪਾ ਵਿਚ ਸ਼ਾਮਲ ਹੋਣ ਦਾ ਐਲਾਨ ਕੀਤਾ।



ਰਾਜਸੀ ਹਲਕਿਆਂ ਵਿਚ ਇਹ ਵੀ ਚਰਚਾ ਹੈ ਕਿ ਆਉਂਦੇ ਦਿਨਾਂ ਦੌਰਾਨ ਕਾਂਗਰਸ ਦੇ ਕਈ ਹੋਰ ਆਗੂ ਵੀ ਭਾਜਪਾ ਵਿਚ ਸ਼ਾਮਲ ਹੋਣ ਦੀ ਤਿਆਰੀ ਕਰ ਰਹੇ ਹਨ। ਪੰਜਾਬ ਵਿਧਾਨ ਸਭਾ ਦੀਆਂ ਹਾਲ ਹੀ 'ਚ ਹੋਈਆਂ ਚੋਣਾਂ ਤੋਂ ਬਾਅਦ ਕਾਂਗਰਸ ਨੂੰ ਲਗਾਤਾਰ ਲੱਗਣ ਵਾਲੇ ਝਟਕਿਆਂ ਵਿਚ ਇਹ ਦਿਨ ਸਭ ਤੋਂ ਨਮੋਸ਼ੀ ਵਾਲਾ ਹੋ ਨਿੱਬੜਿਆ। ਮਹੱਤਵਪੂਰਨ ਤੱਥ ਇਹ ਵੀ ਹੈ ਕਿ ਸ਼ਾਮ ਸੁੰਦਰ ਅਰੋੜਾ ਨੂੰ ਪਾਰਟੀ ਨੇ ਹਾਲ ਹੀ 'ਚ ਵਰਕਿੰਗ ਪ੍ਰਧਾਨ ਵੀ ਨਿਯੁਕਤ ਕੀਤਾ ਸੀ। ਸੰਗਰੂਰ ਸੰਸਦੀ ਹਲਕੇ ਦੀ ਜ਼ਿਮਨੀ ਚੋਣ ਤੋਂ ਪਹਿਲਾਂ ਹੋਈ ਇਸ ਵੱਡੀ ਦਲਬਦਲੀ ਨੇ ਕਾਂਗਰਸ ਦੇ ਪੈਰਾਂ ਹੇਠੋਂ ਜ਼ਮੀਨ ਖਿਸਕਾ ਦਿੱਤੀ ਹੈ। ਇਸ ਦੇ ਨਾਲ ਹੀ ਭਾਜਪਾ ਨੇ ਸਾਲ 2024 ਵਿਚ ਹੋਣ ਵਾਲੀਆਂ ਲੋਕ ਸਭਾ ਚੋਣਾਂ 'ਚ ਇਕ ਮਜ਼ਬੂਤ ਧਿਰ ਵਜੋਂ ਉਭਰਨ ਲਈ ਆਪਣੇ ਪੱਤੇ ਪੂਰੀ ਤਰ੍ਹਾਂ ਖੋਲ੍ਹ ਦਿੱਤੇ ਹਨ।

ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ, ਜੋ ਪਿਛਲੇ ਦਿਨੀਂ ਦੌਰਾਨ ਭਾਜਪਾ ਵਿੱਚ ਸ਼ਾਮਲ ਹੋਏ ਸਨ, ਨੇ ਵੀ ਇਸ ਮੌਕੇ ਸਰਗਰਮ ਭੂਮਿਕਾ ਨਿਭਾਈ। ਸੂਬੇ ਦੇ ਸਿਆਸੀ ਹਲਕਿਆਂ ਵਿਚ ਪਿਛਲੇ ਕਈ ਦਿਨਾਂ ਤੋਂ ਕਾਂਗਰਸ ਦੇ ਸਾਬਕਾ ਮੰਤਰੀਆਂ ਅਤੇ ਹੋਰ ਆਗੂਆਂ ਵੱਲੋਂ ਭਾਜਪਾ ਵਿਚ ਸ਼ਾਮਲ ਹੋਣ ਦੀਆਂ ਅਫ਼ਵਾਹਾਂ ਦਾ ਦੌਰ ਚੱਲ ਰਿਹਾ ਸੀ ਜੋ ਹੁਣ ਸੱਚ ਹੋ ਗਿਆ। ਭਾਜਪਾ ਵਿਚ ਸ਼ਾਮਲ ਹੋਣ ਵਾਲੇ ਕਾਂਗਰਸ ਦੇ ਚਾਰੇ ਮੰਤਰੀਆਂ ਨੇ ਲੰਘੀਆਂ ਵਿਧਾਨ ਸਭਾ ਚੋਣਾਂ ਦੌਰਾਨ ਚੋਣ ਲੜੀ ਸੀ ਪਰ ਨਮੋਸ਼ੀ ਭਰੀ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਕਾਂਗਰਸ ਦੇ ਸਾਬਕਾ ਵਿਧਾਇਕ ਕੇਵਲ ਸਿੰਘ ਢਿੱਲੋਂ ਨੂੰ ਪਾਰਟੀ ਨੇ ਕੱਢ ਦਿੱਤਾ ਸੀ। ਇਸੇ ਤਰ੍ਹਾਂ ਸਰੂਪ ਚੰਦ ਸਿੰਗਲਾ ਅਤੇ ਬੀਬੀ ਮਹਿੰਦਰ ਕੌਰ ਜੋਸ਼ ਨੇ ਵੀ ਅਕਾਲੀ ਦਲ ਛੱਡ ਦਿੱਤਾ ਸੀ। ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਕਾਂਗਰਸ ਪਾਟੋ-ਧਾੜ ਦਾ ਸ਼ਿਕਾਰ ਹੈ ਤੇ ਸ਼੍ਰੋਮਣੀ ਅਕਾਲੀ ਦਲ ਅੰਦਰੂਨੀ ਸੰਕਟ ਨਾਲ ਜੂਝ ਰਿਹਾ ਹੈ। ਦਿੱਲੀ ਦੇ ਆਗੂ ਮਨਜਿੰਦਰ ਸਿੰਘ ਸਿਰਸਾ ਵੱਲੋਂ ਪੰਜਾਬ ਦੇ ਸਿਆਸੀ ਆਗੂਆਂ ਨਾਲ ਰਾਬਤਾ ਕਾਇਮ ਕਰਕੇ ਭਾਜਪਾ ਵਿਚ ਸ਼ਮੂਲੀਅਤ ਕਰਵਾਈ ਜਾ ਰਹੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸਿੱਖ ਆਗੂਆਂ ਦੇ ਵੱਖ-ਵੱਖ ਵਫ਼ਦ ਨਾਲ ਮੀਟਿੰਗਾਂ ਕਰਕੇ ਵੀ ਪੰਜਾਬ ਨਾਲ ਲਗਾਓ ਹੋਣ ਦਾ ਪ੍ਰਭਾਵ ਦਿੱਤਾ ਜਾ ਰਿਹਾ ਹੈ।

ਇਸ ਮੌਕੇ ਸ਼ਾਹ ਨੇ ਕਿਹਾ ਕਿ ਆਉਣ ਵਾਲੇ ਸਮੇਂ ਦੌਰਾਨ ਪਾਰਟੀ ਸੂਬੇ ਵਿਚ ਵੱਡੀ ਭੂਮਿਕਾ ਨਿਭਾਏਗੀ। ਪਾਰਟੀ ਆਗੂਆਂ ਨੂੰ ਮੁਖ਼ਾਤਬ ਹੁੰਦਿਆਂ ਉਨ੍ਹਾਂ ਕਿਹਾ ਕਿ ਹਿੰਦੂ-ਸਿੱਖ ਏਕਤਾ ਬਣਾਈ ਰੱਖਣ ਲਈ ਭਾਜਪਾ ਨੇ ਇਸ ਤੋਂ ਪਹਿਲਾਂ ਛੋਟੇ ਭਾਈਵਾਲ ਵਾਲੀ ਭੂਮਿਕਾ ਨਿਭਾਉਣਾ ਹੀ ਆਪਣਾ ਧਰਮ ਸਮਝਿਆ ਸੀ। ਪੰਜਾਬ ਸਰਕਾਰ 'ਤੇ ਤਨਜ਼ ਕੱਸਦਿਆਂ ਉਨ੍ਹਾਂ ਕਿਹਾ ਕਿ ਤਿੰਨ ਮਹੀਨਿਆਂ 'ਚ ਹੀ ਜਿਵੇਂ ਸੂਬੇ ਦੀ ਹਾਲਤ ਨਿੱਘਰ ਗਈ ਹੈ, ਉਸ ਤੋਂ ਸਾਫ ਝਲਕਦਾ ਹੈ ਕਿ ਆਉਣ ਵਾਲੇ 5 ਸਾਲਾਂ ਦੌਰਾਨ ਇਸ ਸਰਹੱਦੀ ਸੂਬੇ ਵਿਚ ਕੀ ਹੋਣ ਵਾਲਾ ਹੈ। ਸ੍ਰੀ ਸ਼ਾਹ ਨੇ ਕਿਹਾ ਕਿ ਪੰਜਾਬ ਦੇ ਮਾਮਲੇ 'ਚ ਕੇਂਦਰ ਸਰਕਾਰ ਕਦੇ ਵੀ ਪਾਣੀ ਸਿਰ ਉਪਰੋਂ ਨਹੀਂ ਲੰਘਣ ਦੇਵੇਗੀ।

ਉਨ੍ਹਾਂ ਕਿਹਾ ਕਿ ਪੰਜਾਬੀਆਂ ਦੀਆਂ ਕੁਰਬਾਨੀਆਂ ਨੂੰ ਭੁਲਾਇਆ ਨਹੀਂ ਜਾ ਸਕਦਾ ਹੈ। ਪੰਜਾਬ ਨੇ ਭਾਵੇਂ ਸਰਹੱਦ 'ਤੇ ਲੜਾਈ ਲੜਨੀ ਹੋਵੇ ਤੇ ਭਾਵੇਂ ਦੇਸ਼ ਦਾ ਢਿੱਡ ਭਰਨ ਲਈ ਖੇਤਾਂ ਵਿੱਚ ਮਿਹਨਤ ਕਰਨੀ ਹੋਵੇ, ਹਮੇਸ਼ਾ ਹੀ ਮੋਹਰੀ ਭੂਮਿਕਾ ਨਿਭਾਈ ਹੈ। ਕੇਂਦਰੀ ਗ੍ਰਹਿ ਮੰਤਰੀ ਨੇ ਕਿਹਾ ਕਿ ਪੂਰੇ ਦੇਸ਼ ਵਾਸੀਆਂ ਨੂੰ ਪੰਜਾਬੀਆਂ ਦੀਆਂ ਕੁਰਬਾਨੀਆਂ ਦਾ ਅਹਿਸਾਸ ਹੈ। ਇਸ ਲਈ ਪੰਜਾਬ 'ਤੇ ਕਿਸੇ ਵੀ ਤਰ੍ਹਾਂ ਦੇ ਸੰਕਟ ਦੀ ਘੜੀ ਵਿਚ ਪੂਰਾ ਮੁਲਕ ਹੀ ਇਸ ਸਰਹੱਦੀ ਸੂਬੇ ਦੇ ਨਾਲ ਖੜ੍ਹਾ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਸਮੇਤ ਭਾਜਪਾ ਦੇ ਹੋਰ ਆਗੂਆਂ ਨੇ ਪਾਰਟੀ 'ਚ ਸ਼ਾਮਲ ਹੋਏ ਨਵੇਂ ਸਿਆਸੀ ਮਹਿਮਾਨਾਂ ਦਾ ਸਵਾਗਤ ਕੀਤਾ। ਉਨ੍ਹਾਂ ਦਾਅਵਾ ਕੀਤਾ ਕਿ ਕਾਂਗਰਸ ਦਾ ਪੰਜਾਬ ਵਿਚ ਸਫਾਇਆ ਤੈਅ ਹੈ। ਉਨ੍ਹਾਂ ਕਿਹਾ ਕਿ ਭਾਜਪਾ ਆਉਣ ਵਾਲੇ ਸਮੇਂ 'ਚ ਪੰਜਾਬ ਦਾ ਗੌਰਵ ਬਹਾਲ ਕਰੇਗੀ।

## ਕਾਂਗਰਸ ਦਾ ਕੂੜਾ ਭਾਜਪਾ 'ਚ ਜਾ ਰਿਹੈ: ਰਾਘਵ ਚੱਢਾ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਦੇ ਪੰਜਾਬ ਤੋਂ ਰਾਜ ਸਭਾ ਲਈ ਚੁਣੇ ਗਏ ਆਗੂ ਰਾਘਵ ਚੱਢਾ ਨੇ ਕਾਂਗਰਸ ਦੇ ਕੁਝ ਸਾਬਕਾ ਮੰਤਰੀਆਂ ਦੇ ਭਾਜਪਾ ਵਿਚ ਸ਼ਾਮਲ ਹੋਣ 'ਤੇ ਕਾਂਗਰਸ ਅਤੇ ਭਾਜਪਾ ਨੂੰ ਨਿਸ਼ਾਨੇ 'ਤੇ ਲਿਆ ਹੈ। ਉਨ੍ਹਾਂ ਟਵੀਟ ਕਰਕੇ ਕਿਹਾ, "ਪੰਜਾਬ ਕਾਂਗਰਸ ਦਾ ਸਾਰਾ ਕੂੜਾ ਭਾਜਪਾ ਵਿਚ ਸ਼ਾਮਲ ਹੋ ਰਿਹਾ ਹੈ, ਜਦੋਂ ਕਿ ਭਾਜਪਾ ਕਾਂਗਰਸ ਦਾ ਕੂੜਾਦਾਨ ਬਣ ਗਈ ਹੈ।"

## ਹਮਾਇਤ ਮੰਗਣ ਗਏ ਅਕਾਲੀਆਂ ਨੂੰ ਸਿਮਰਨਜੀਤ ਦਾ ਦੋ-ਟੁਕ ਜਵਾਬ

**ਸੰਗਰੂਰ:** ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਸੰਗਰੂਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਲਈ ਪਾਰਟੀ ਉਮੀਦਵਾਰ ਵਜੋਂ ਨਾਮਜ਼ਦਗੀ ਪੱਤਰ ਦਾਖ਼ਲ ਕੀਤੇ ਹਨ। ਇਸ ਤੋਂ ਪਹਿਲਾਂ ਸਿਮਰਨਜੀਤ ਸਿੰਘ ਮਾਨ ਨੇ ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ ਵਿਖੇ ਮੱਥਾ ਟੇਕਿਆ।

ਨਾਮਜ਼ਦਗੀ ਪੱਤਰ ਦਾਖਲ ਕਰਨ ਮਗਰੋਂ ਮਾਨ ਨੇ ਕਿਹਾ ਕਿ ਉਨ੍ਹਾਂ ਨੂੰ ਲੱਗਦਾ ਹੈ, ਅਕਾਲੀ ਦਲ ਦੇ ਆਗੂ ਉਨ੍ਹਾਂ ਦੀ ਹਮਾਇਤ ਨਹੀਂ ਆਏ ਸਗੋਂ ਮਜ਼ਾਕ ਕਰਨ ਲਈ ਆਏ ਸਨ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਐਸ.ਜੀ.ਪੀ.ਸੀ. ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਅਤੇ ਹੋਰ ਆਗੂ ਉਨ੍ਹਾਂ ਨਾਲ ਸੰਗਰੂਰ ਹਲਕੇ ਦੀ ਚੋਣ ਬਾਰੇ ਮਿਲਣ ਲਈ ਆਏ ਜਿਨ੍ਹਾਂ ਵੱਲੋਂ ਚੋਣ ਮੈਦਾਨ 'ਚ ਸਾਂਝੇ ਤੌਰ 'ਤੇ ਕਿਸੇ ਬੰਦੀ ਸਿੰਘ ਨੂੰ ਉਮੀਦਵਾਰ ਐਲਾਨਣ ਬਾਰੇ ਆਪਣਾ ਪ੍ਰਸਤਾਵ ਉਨ੍ਹਾਂ ਕੋਲ ਰੱਖਿਆ ਸੀ। ਇਸ ਪ੍ਰਸਤਾਵ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਉਹ ਤਾਂ ਖੁਦ ਬੰਦੀ ਸਿੰਘ ਹਨ ਅਤੇ ਜੇਲ੍ਹਾਂ ਕੱਟ ਚੁੱਕੇ ਹਨ। ਇਸ ਲਈ ਦੇਸ਼ ਦੀ ਸੰਸਦ ਵਿਚ ਬੰਦੀ ਸਿੰਘਾਂ ਦੀ ਆਵਾਜ਼ ਉਨ੍ਹਾਂ ਤੋਂ ਵਧੀਆ ਹੋਰ ਕੌਣ ਚੁੱਕ ਸਕਦਾ ਹੈ। ਮਾਨ ਨੇ ਕਿਹਾ ਕਿ ਉਨ੍ਹਾਂ ਵੱਲੋਂ ਸ਼੍ਰੋਮਣੀ ਅਕਾਲੀ ਦਲ ਵਾਲਿਆਂ ਨੂੰ ਕਿਹਾ ਕਿ ਜੇਕਰ ਉਹ ਬੰਦੀ ਸਿੰਘਾਂ ਨੂੰ ਹੀ ਤਰਜੀਹ ਦੇਣ ਦੀ ਗੱਲ ਕਰਦੇ ਹਨ ਤਾਂ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਵੀ ਬੰਦੀ ਸਿੰਘਾਂ ਵਿਚੋਂ ਐਲਾਨਿਆ ਜਾਵੇ। ਮਾਨ ਨੇ ਕਿਹਾ ਕਿ ਉਨ੍ਹਾਂ ਨੂੰ ਜਾਪਦਾ ਹੈ ਕਿ ਅਕਾਲੀ ਦਲ ਵਾਲੇ ਉਨ੍ਹਾਂ ਦੀ ਹਮਾਇਤ ਕਰਨ ਲਈ ਨਹੀਂ ਆਏ ਸਨ ਸਗੋਂ ਉਨ੍ਹਾਂ ਨਾਲ ਮਜ਼ਾਕ ਕਰਨ ਆਏ ਸਨ।

# ਅਕਾਲੀ ਦਲ ਵੱਲੋਂ ਸੰਗਰੂਰ ਲੋਕ ਸਭਾ ਚੋਣ ਲੜੇਗੀ ਰਾਜੋਆਣਾ ਦੀ ਭੈਣ

**ਪਟਿਆਲਾ:** ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ ਵਿਚ ਪਟਿਆਲਾ ਦੀ ਜੇਲ੍ਹ ਵਿਚ ਫਾਂਸੀ ਦੀ ਸਜ਼ਾ ਤਹਿਤ ਬੰਦ ਬਲਵੰਤ ਸਿੰਘ ਰਾਜੋਆਣਾ ਦੀ ਭੈਣ ਕਮਲਦੀਪ ਕੌਰ ਨੇ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਵਜੋਂ ਲੋਕ ਸਭਾ ਹਲਕਾ ਸੰਗਰੂਰ ਦੀ ਚੋਣ ਲੜਨ ਲਈ ਹਾਮੀ ਭਰ ਦਿੱਤੀ ਹੈ ਪਰ ਨਾਲ ਹੀ ਸਮੁੱਚੀਆਂ ਸਿੱਖ ਜਥੇਬੰਦੀਆਂ ਨੂੰ ਵੀ ਪੁਰਜ਼ੋਰ ਅਪੀਲ ਕੀਤੀ ਹੈ ਕਿ ਬੰਦੀ ਸਿੰਘਾਂ ਦੀ ਰਿਹਾਈ ਅਤੇ ਹੋਰ ਸਿੱਖ ਮਸਲਿਆਂ ਦੇ ਹੱਲ ਲਈ ਉਹ ਸਾਰੀਆਂ ਧਿਰਾਂ ਵੀ ਉਸ ਨੂੰ ਆਪਣੇ ਸਾਂਝੇ ਉਮੀਦਵਾਰ ਵਜੋਂ ਸਵੀਕਾਰ ਕਰਨ।

ਜ਼ਿਕਰਯੋਗ ਹੈ ਕਿ ਭਗਵੰਤ ਮਾਨ ਦੇ ਮੁੱਖ ਮੰਤਰੀ ਬਣਨ ਮਗਰੋਂ ਸੰਗਰੂਰ ਲੋਕ ਸਭਾ ਹਲਕੇ ਦੀ ਖਾਲੀ ਹੋਈ ਸੀਟ ਲਈ ਵੱਖ ਵੱਖ ਸਿੱਖ ਜਥੇਬੰਦੀਆਂ ਇਥੋਂ ਤੱਕ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋਂ ਵੀ ਕਮਲਦੀਪ ਕੌਰ ਰਾਜੋਆਣਾ ਉਤੇ ਇਹ ਚੋਣ ਲੜਨ ਲਈ ਦਬਾਅ ਪਾਇਆ ਜਾ ਰਿਹਾ ਸੀ। ਜ਼ਿਕਰਯੋਗ ਹੈ ਕਿ ਬੀਬੀ ਕਮਲਦੀਪ ਕੌਰ ਰਾਜੋਆਣਾ ਇਸ ਤੋਂ ਪਹਿਲਾਂ ਇਕ ਵਾਰ ਪਟਿਆਲਾ ਹਲਕੇ ਤੋਂ ਵੀ ਆਜ਼ਾਦ ਉਮੀਦਵਾਰ



ਵਜੋਂ ਵੀ ਲੋਕ ਸਭਾ ਦੀ ਚੋਣ ਲੜ ਚੁੱਕੇ ਹਨ ਪਰ ਹਾਰ ਗਏ ਸਨ।

ਕਮਲਦੀਪ ਕੌਰ ਨੇ ਨਾਲ ਹੀ ਬੰਦੀ ਸਿੰਘਾਂ ਦੀ ਰਿਹਾਈ ਲਈ ਸਮੂਹ ਸਿੱਖ ਜਥੇਬੰਦੀਆਂ ਅਤੇ ਸਮੁੱਚੇ ਸਿੱਖ ਪੰਥ ਨੂੰ ਇਕਜੁੱਟ ਹੋਣ ਦੀ ਅਪੀਲ ਵੀ ਕੀਤੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਚੋਣ ਲੜਨ ਦਾ ਕੋਈ ਵਿਚਾਰ ਨਹੀਂ ਸੀ ਪਰ ਸ਼੍ਰੋਮਣੀ ਅਕਾਲੀ ਦਲ ਸਮੇਤ ਕੁਝ ਹੋਰ ਸਿੱਖ ਜਥੇਬੰਦੀਆਂ, ਜਿਨ੍ਹਾਂ 'ਚ ਸੰਤ ਸਮਾਜ, ਦਮਦਮੀ ਟਕਸਾਲ ਅਤੇ ਬੰਦੀ ਸਿੰਘਾਂ ਦੀ ਰਿਹਾਈ ਲਈ ਬਣੀ ਕਮੇਟੀ ਤੋਂ ਇਲਾਵਾ ਕੁਝ ਹੋਰ ਧਿਰਾਂ ਨੇ ਉਨ੍ਹਾਂ ਨੂੰ ਇਹ ਚੋਣ ਲੜਨ ਦਾ ਸੁਝਾਅ ਦਿੱਤਾ ਸੀ।

ਉਨ੍ਹਾਂ ਕਿਹਾ ਕਿ ਜੇਕਰ ਸਮੂਹ ਸਿੱਖ ਪੰਥ ਇਸ ਚੋਣ ਬਹਾਨੇ ਇਕਜੁੱਟ ਹੋ ਜਾਵੇ ਤਾਂ ਇਹ ਸ਼ੁਭ ਸ਼ਗਨ ਹੋਵੇਗਾ। ਉਧਰ, ਕਮਲਦੀਪ ਕੌਰ ਵੱਲੋਂ ਹਾਮੀ ਭਰੇ ਜਾਣ ਮਗਰੋਂ ਅਕਾਲੀ ਦਲ ਨੇ ਰਸਮੀ ਤੌਰ 'ਤੇ ਉਸ ਨੂੰ ਆਪਣਾ ਉਮੀਦਵਾਰ ਵੀ ਐਲਾਨ ਦਿੱਤਾ ਹੈ।

## ਅਕਾਲੀ ਦਲ ਹਮੇਸ਼ਾ ਸਿੱਖ ਮਸਲਿਆਂ ਲਈ ਖੜ੍ਹਾ: ਚੀਮਾ

ਸ਼੍ਰੋਮਣੀ ਅਕਾਲੀ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਪਾਰਟੀ ਹਮੇਸ਼ਾ ਹੀ ਸਿੱਖ ਮਸਲਿਆਂ ਲਈ ਖੜ੍ਹੀ ਹੈ। ਉਨ੍ਹਾਂ ਕਿਹਾ, 'ਅਸੀਂ ਸਿੱਖ ਬੰਦੀਆਂ ਦਾ ਮਸਲਾ ਕਿਸੇ ਨਾਲੋਂ ਵੀ ਵੱਧ ਚੁੱਕਿਆ ਹੈ। ਇੱਥੋਂ ਤੱਕ ਕਿ ਸਾਡੀਆਂ ਕੋਸ਼ਿਸ਼ਾਂ ਕਾਰਨ ਹੀ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਰੁਕੀ ਸੀ। ਅਕਾਲੀ ਦਲ ਹੀ ਇਕ ਪਾਰਟੀ ਹੈ ਜਿਸ ਨੇ ਸਿੱਖ ਮਸਲਿਆਂ ਲਈ ਕੇਂਦਰ ਤੇ ਹੋਰ ਰਾਜਾਂ ਦੀਆਂ ਸਰਕਾਰਾਂ ਨਾਲ ਤਾਲਮੇਲ ਕੀਤਾ। ਇਸੇ ਲਈ ਅਸੀਂ ਰਾਜੋਆਣਾ ਦੀ ਭੈਣ ਸਾਡੀ ਪਾਰਟੀ ਵੱਲੋਂ ਚੋਣ ਲੜ ਰਹੀ ਹੈ।'

## ਅਕਾਲੀ ਦਲ ਵੱਲੋਂ ਜਥੇਦਾਰ ਦੇ ਬਿਆਨ ਦਾ ਸਮਰਥਨ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਉਸ ਬਿਆਨ ਦਾ ਸਵਾਗਤ ਕੀਤਾ ਹੈ, ਜਿਸ ਵਿਚ ਉਨ੍ਹਾਂ ਨੇ ਸਾਰੀਆਂ ਪੰਥਕ ਧਿਰਾਂ ਨੂੰ ਇਕਜੁੱਟ ਹੋ ਕੇ ਸੰਗਰੂਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਲਈ ਬੰਦੀ ਸਿੰਘਾਂ ਦੇ ਪਰਿਵਾਰਾਂ ਤੋਂ ਸਾਂਝਾ ਉਮੀਦਵਾਰ ਖੜ੍ਹਾ ਕਰਨ ਦਾ ਸੱਦਾ ਦਿੱਤਾ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਹੋਈ ਕੋਰ ਕਮੇਟੀ ਦੀ ਮੀਟਿੰਗ 'ਚ ਕਿਹਾ ਗਿਆ ਕਿ ਪਾਰਟੀ ਹਾਲੇ ਵੀ ਪੰਥਕ ਏਕੇ ਲਈ ਯਤਨਸ਼ੀਲ ਹੈ। ਕੋਰ ਕਮੇਟੀ ਨੇ ਸਾਰੀਆਂ ਪੰਥਕ ਧਿਰਾਂ ਨੂੰ ਅਪੀਲ ਕੀਤੀ ਕਿ ਉਹ ਜ਼ਿਮਨੀ ਚੋਣ ਵਿਚ ਸਾਂਝਾ ਉਮੀਦਵਾਰ ਉਤਾਰਨ ਲਈ ਜਥੇਦਾਰ ਸਾਹਿਬ ਦੀ ਅਪੀਲ 'ਤੇ ਗੌਰ ਕਰਨ।

# ਭਾਜਪਾ 'ਚ ਗਏ ਬਹੁਤੇ ਕਾਂਗਰਸੀ ਆਗੂ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਘਿਰੇ ਰਹੇ

**ਚੰਡੀਗੜ੍ਹ:** ਭਾਜਪਾ ਵਿਚ ਸ਼ਾਮਲ ਹੋਣ ਵਾਲੇ ਕਈ ਕਾਂਗਰਸ ਆਗੂ ਪਿਛਲੀ ਕਾਂਗਰਸ ਸਰਕਾਰ ਦੇ ਕਾਰਜਕਾਲ ਦੌਰਾਨ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਵੀ ਘਿਰੇ ਰਹੇ ਹਨ। ਆਮ ਆਦਮੀ ਪਾਰਟੀ (ਆਪ) ਵੱਲੋਂ ਇਨ੍ਹਾਂ ਮਾਮਲਿਆਂ ਵਿਚ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਤੇ ਮਿਲੀਭੁਗਤ ਦੇ ਦੋਸ਼ ਵੀ ਲਾਏ ਗਏ ਸਨ। 'ਆਪ' ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਭਾਜਪਾ ਵਿੱਚ ਸ਼ਾਮਲ ਹੋਏ ਕਾਂਗਰਸ ਦੇ ਸਾਬਕਾ ਮੰਤਰੀ ਬਲਬੀਰ ਸਿੰਘ ਸਿੱਧੂ, ਗੁਰਪ੍ਰੀਤ ਸਿੰਘ ਕਾਂਗੜ, ਸ਼ਾਮ ਸੁੰਦਰ ਅਰੋੜਾ, ਰਾਜ ਕੁਮਾਰ ਵੇਰਕਾ ਅਤੇ ਵਿਧਾਇਕ ਕੇਵਲ ਸਿੰਘ ਢਿੱਲੋਂ ਕਾਂਗਰਸ ਸਰਕਾਰ ਦੇ ਕਾਰਜਕਾਲ ਦੌਰਾਨ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਘਿਰੇ ਰਹੇ ਹਨ। ਉਨ੍ਹਾਂ ਕਿਹਾ ਕਿ ਬਲਬੀਰ ਸਿੰਘ ਸਿੱਧੂ 'ਤੇ ਜ਼ਮੀਨਾਂ ਉਤੇ ਕਬਜ਼ਾ ਕਰਨ ਤੇ ਰੇਤ ਮਾਫ਼ੀਆ ਨੂੰ ਪਨਾਹ ਦੇਣ ਦੇ ਦੋਸ਼ ਵੀ ਲੱਗਦੇ ਰਹੇ ਹਨ। ਇਸ ਤੋਂ ਇਲਾਵਾ ਕਰੋਨਾ ਦੀਆਂ ਕਿੱਟਾਂ ਦੀ ਖਰੀਦ ਵਿਚ ਵੀ ਹੇਰਾਫੇਰੀ ਦੇ ਦੋਸ਼ ਲੱਗੇ ਸਨ।



ਕੰਗ ਨੇ ਕਿਹਾ ਕਿ ਸਾਬਕਾ ਮੰਤਰੀ ਸ਼ਾਮ ਸੁੰਦਰ ਅਰੋੜਾ 'ਤੇ ਵੀ ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ (ਪੀ.ਐਸ.ਆਈ.ਈ.ਸੀ.) ਦੀ ਮੁਹਾਲੀ ਵਿਚ 31 ਏਕੜ ਜ਼ਮੀਨ ਇਕ ਪ੍ਰਾਈਵੇਟ ਡੀਲਰ ਨੂੰ ਘਾਟੇ 'ਚ ਵੇਚਣ ਦੇ ਕਥਿਤ ਦੋਸ਼ ਲੱਗੇ ਸਨ। ਇਸੇ ਤਰ੍ਹਾਂ ਗੁਰਪ੍ਰੀਤ ਸਿੰਘ ਕਾਂਗੜ ਸਣੇ ਹੋਰਨਾਂ ਕਾਂਗਰਸੀ ਆਗੂਆਂ 'ਤੇ ਵੀ ਮਾਫੀਆ ਰਾਜ ਦੀ ਪੁਸ਼ਤਪਨਾਹੀ ਕਰਨ ਦੇ ਦੋਸ਼ ਲੱਗਦੇ ਰਹੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸੀ ਆਗੂ ਆਪਣੇ ਗੁਨਾਹਾਂ ਨੂੰ ਲੁਕੋਣ ਲਈ ਭਾਜਪਾ ਦੀ ਪਨਾਹ ਲੈਣ ਦੀ ਕੋਸ਼ਿਸ਼ ਕਰ ਰਹੇ ਹਨ। ਪਰ 'ਆਪ' ਸਰਕਾਰ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਘਿਰੇ ਹਰ ਮੰਤਰੀ, ਵਿਧਾਇਕ ਤੇ ਵਿਅਕਤੀ ਖਿਲਾਫ ਕਾਰਵਾਈ ਕਰੇਗੀ। 'ਆਪ' ਦੇ ਬੁਲਾਰੇ ਨੇ ਕਿਹਾ ਕਿ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਆਪਣੇ ਰਾਜ ਦੌਰਾਨ ਕਈ ਭ੍ਰਿਸ਼ਟ ਮੰਤਰੀਆਂ ਦੀਆਂ ਫਾਈਲਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹਵਾਲੇ ਕਰਨ ਦਾ ਦਾਅਵਾ ਕਰ ਰਹੇ ਸਨ, ਪਰ ਉਹ ਫਾਈਲਾਂ ਰਾਹ ਵਿੱਚ ਹੀ ਰੁਕ ਗਈਆਂ ਹਨ। ਉਨ੍ਹਾਂ ਕਿਹਾ ਕਿ ਕਾਂਗਰਸੀ ਆਗੂਆਂ ਦੇ ਭਾਜਪਾ ਵਿਚ ਸ਼ਾਮਲ ਹੋਣ ਪਿੱਛੇ ਕੈਪਟਨ ਅਮਰਿੰਦਰ ਸਿੰਘ ਵੀ ਹੋ ਸਕਦੇ ਹਨ ਜਿਨ੍ਹਾਂ ਸ਼ਾਇਦ ਭ੍ਰਿਸ਼ਟ ਮੰਤਰੀਆਂ ਦੀਆਂ ਫਾਈਲਾਂ ਪੰਜਾਬ ਸਰਕਾਰ ਨੂੰ ਦੇਣ ਦੀ ਥਾਂ ਭਾਜਪਾ ਨੂੰ ਦੇ ਦਿੱਤੀਆਂ ਹੋਣਗੀਆਂ। 'ਆਪ' ਦੇ ਬੁਲਾਰੇ ਨੇ ਭਾਜਪਾ ਨੂੰ ਘੇਰਦਿਆਂ ਕਿਹਾ ਕਿ ਭਾਜਪਾ ਦੇਸ਼ ਵਿੱਚ ਆਪਣੀ ਵਿਚਾਰਧਾਰਾ ਦੇ ਪ੍ਰਚਾਰ ਦਾ ਦਾਅਵਾ ਕਰਦੀ ਹੈ ਪਰ ਭਾਜਪਾ ਨੂੰ ਪੰਜਾਬ ਵਿੱਚ ਕਾਂਗਰਸੀਆਂ ਤੋਂ ਇਲਾਵਾ ਹੋਰ ਕੋਈ ਆਗੂ ਪਾਰਟੀ ਵਿਚ ਸ਼ਾਮਲ ਕਰਵਾਉਣ ਲਈ ਨਹੀਂ ਮਿਲਿਆ ਹੈ।

## ਡਰੇ ਹੋਏ ਆਗੂਆਂ ਨੇ ਕਾਂਗਰਸ ਛੱਡੀ: ਰਾਜਾ ਵੜਿੰਗ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਹੈ ਕਿ ਪਾਰਟੀ ਛੱਡ ਕੇ ਭਾਜਪਾ ਵਿਚ ਸ਼ਾਮਲ ਹੋਣ ਵਾਲੇ ਆਗੂਆਂ ਨੇ ਕਾਂਗਰਸ ਨਾਲ ਧੋਖਾ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਆਗੂ ਡਰੇ ਹੋਏ ਸਨ ਅਤੇ ਸੁਰੱਖਿਅਤ ਸਿਆਸੀ ਸ਼ਰਨ ਚਾਹੁੰਦੇ ਹਨ, ਜੋ ਭਾਜਪਾ ਨੇ ਉਨ੍ਹਾਂ ਨੂੰ ਦਿੱਤੀ ਹੈ। ਸ੍ਰੀ ਵੜਿੰਗ ਨੇ ਕਿਹਾ ਕਿ ਭਾਜਪਾ ਵਿਚ ਸ਼ਾਮਲ ਹੋਣ ਵਾਲੇ ਆਗੂਆਂ ਨੂੰ ਸਿਆਸੀ ਕੱਦ ਕਾਂਗਰਸ ਪਾਰਟੀ ਨੇ ਦਿੱਤਾ ਸੀ। ਉਨ੍ਹਾਂ ਕਿਹਾ ਕਿ ਹੁਣ ਨਵੇਂ ਅਤੇ ਇਮਾਨਦਾਰ ਵਿਅਕਤੀਆਂ ਨੂੰ ਮੌਕਾ ਮਿਲੇਗਾ।

# ਕਸ਼ਮੀਰੀ ਪੰਡਿਤ ਮੁੜ ਵਾਦੀ ਛੱਡਣ ਲਈ ਮਜਬੂਰ ਹੋਏ

**ਜੰਮੂ:** ਕਸ਼ਮੀਰ ਵਿਚ ਮਿੱਥ ਕੇ ਕੀਤੀਆਂ ਗਈਆਂ ਕਈ ਹੱਤਿਆਵਾਂ ਤੋਂ ਬਾਅਦ ਜੰਮੂ ਪਹੁੰਚ ਰਹੇ ਸੈਂਕੜੇ ਕਸ਼ਮੀਰੀ ਪੰਡਿਤਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਭਾਈਚਾਰੇ ਨੂੰ ਇਕ ਵਾਰ ਮੁੜ ਵਾਦੀ ਛੱਡਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਜ਼ਿਕਰਯੋਗ ਹੈ ਕਿ ਵਾਦੀ ਵਿਚ ਨੌਕਰੀਆਂ ਕਰ ਰਹੇ ਕਈ ਕਸ਼ਮੀਰੀ ਪੰਡਿਤਾਂ ਤੇ ਦੇਸ਼ ਦੇ ਹੋਰਨਾਂ ਹਿੱਸਿਆਂ ਦੇ ਹਿੰਦੂਆਂ ਨੂੰ ਚੁਣ ਕੇ ਤੇ ਮਿੱਥ ਕੇ ਨਿਸ਼ਾਨਾ ਬਣਾਇਆ ਗਿਆ ਹੈ। ਇਕ ਸਕੂਲ ਅਧਿਆਪਕ ਰਜਤ ਰੈਨਾ ਨੇ ਕਿਹਾ, 'ਸਾਡੇ ਘੱਟ ਗਿਣਤੀ ਭਾਈਚਾਰੇ ਨੂੰ ਇਕ ਵਾਰ ਦੁਬਾਰਾ ਕਸ਼ਮੀਰ ਛੱਡਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਸਾਨੂੰ ਵਾਦੀ ਵਿਚ ਇਕ-ਇਕ ਕਰ ਕੇ ਮਾਰਿਆ ਜਾ ਰਿਹਾ ਹੈ ਤੇ ਬਚਾਉਣ ਵਾਲਾ ਕੋਈ ਨਹੀਂ ਹੈ।'

ਰਜਤ ਜੰਮੂ ਦੇ ਬਰਨਈ ਸਥਿਤ ਆਪਣੇ ਘਰ ਪਰਤ ਆਏ ਹਨ। ਰੈਨਾ ਨੇ ਕਿਹਾ, 'ਸਰਕਾਰੀ ਨੌਕਰੀ ਕੌਣ ਨਹੀਂ ਕਰਨਾ ਚਾਹੁੰਦਾ ਤੇ ਅਸੀਂ ਕੀਤੀ ਕਿਉਂਕਿ ਸਾਨੂੰ ਇਹ ਮੁੜ ਵਸੇਬਾ ਪੈਕੇਜ ਤਹਿਤ ਮਿਲੀ ਸੀ। ਪਰ ਇਹ ਨਹੀਂ ਸੀ ਪਤਾ ਕਿ ਕੁਝ ਸਾਲਾਂ ਬਾਅਦ ਸਾਨੂੰ ਮੁੜ ਉਹੀ ਕੁਝ ਸਹਿਣਾ ਪਵੇਗਾ ਜੋ 1990 ਵਿਚ ਸਾਡੇ ਮਾਪਿਆਂ ਤੇ ਵੱਡਿਆਂ ਨੂੰ ਸਹਿਣਾ ਪਿਆ।' ਦੱਸਣਯੋਗ ਹੈ ਕਿ ਕੇਂਦਰ ਸਰਕਾਰ ਕਸ਼ਮੀਰ ਵਿਚ ਨੌਕਰੀਆਂ ਕਰ ਰਹੇ ਹਿੰਦੂ ਭਾਈਚਾਰੇ ਦੇ ਮੈਂਬਰਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਵਾਅਦੇ ਕਰ ਰਹੀ ਹੈ, ਪਰ ਇਸ ਦੇ ਬਾਵਜੂਦ ਕਸ਼ਮੀਰੀ ਪੰਡਿਤ ਜੰਮੂ ਦੀਆਂ ਵੱਖ-ਵੱਖ ਥਾਵਾਂ ਉਤੇ ਪਰਤ ਰਹੇ ਹਨ, ਜ਼ਿਆਦਾਤਰ ਜਿੱਥੇ ਉਨ੍ਹਾਂ ਦੇ ਪਰਿਵਾਰ ਰਹਿੰਦੇ ਹਨ। ਵੱਡੀ ਗਿਣਤੀ ਮੁਲਾਜ਼ਮ ਜੰਮੂ ਦੀ ਜਗਤੀ ਟਾਊਨਸ਼ਿਪ, ਰੂਪ ਨਗਰ, ਮੁਠੀ ਤੇ ਬਰਨਈ ਇਲਾਕਿਆਂ ਵਿਚ ਪਰਤ ਆਏ ਹਨ। ਇਨ੍ਹਾਂ ਇਲਾਕਿਆਂ ਵਿਚ ਵੱਡੀ ਗਿਣਤੀ ਕਸ਼ਮੀਰੀ ਪੰਡਿਤਾਂ ਦੀ ਹੈ। ਰੂਪ ਨਗਰ ਪਰਤੇ ਇਕ ਹੋਰ ਅਧਿਆਪਕ ਰੁਬੀਨ ਸਪਰੂ ਨੇ ਕਿਹਾ ਕਿ ਪੰਡਿਤ ਭਾਈਚਾਰਾ ਨੂੰ ਭਵਿੱਖ ਧੁੰਦਲਾ ਨਜ਼ਰ ਆ ਰਿਹਾ ਹੈ। ਉਨ੍ਹਾਂ ਕਿਹਾ, 'ਜੇ ਉਹ ਸਾਨੂੰ ਜੰਮੂ ਟਰਾਂਸਫਰ ਨਹੀਂ ਕਰਦੇ, ਤਾਂ ਅਸੀਂ ਵਾਦੀ ਵਿਚ ਨਹੀਂ ਜਾ ਸਕਾਂਗੇ। ਹੁਣ ਜਾਂ ਤਾਂ ਅਸੀਂ ਨੌਕਰੀ ਗੁਆ ਦਿਆਂਗੇ ਜਾਂ ਆਪਣੀ ਜਾਨ। ਸਰਕਾਰ ਸਾਡੀ ਰਾਖੀ ਨਹੀਂ ਕਰ ਸਕੀ ਪਰ ਹੁਣ ਸਾਡਾ ਤਬਾਦਲਾ ਘੱਟੋ-ਘੱਟ ਜੰਮੂ ਕਰ ਦੇਵੇ।' ਉਨ੍ਹਾਂ ਨਾਲ ਹੀ ਕਿਹਾ ਕਿ ਨੌਕਰੀ ਲੈਣ ਵੇਲੇ ਇਕ ਬਾਂਡ ਸਾਈਨ ਕੀਤਾ ਗਿਆ ਸੀ ਜਿਸ ਵਿਚ ਦਰਜ ਸੀ ਕਿ ਸਾਨੂੰ ਕਸ਼ਮੀਰ ਵਿਚ ਹੀ ਕੰਮ ਕਰਨਾ ਪਵੇਗਾ, ਸੂਬੇ ਦੇ ਕਿਸੇ ਹੋਰ ਹਿੱਸੇ ਵਿਚ ਕੰਮ ਨਹੀਂ ਕਰ ਸਕਾਂਗੇ। ਸਪਰੂ ਨੇ ਕਿਹਾ ਕਿ ਜਿਹੜੇ ਪੰਡਿਤ ਤਾਂ ਟਰਾਂਜ਼ਿਟ ਕੈਂਪਾਂ ਵਿਚ ਰਹਿ ਰਹੇ ਹਨ, ਉਹ ਫਿਰ ਵੀ ਸੁਰੱਖਿਆ ਪ੍ਰਬੰਧਾਂ ਕਾਰਨ ਸੁਰੱਖਿਅਤ ਹਨ। ਪਰ ਜਿਹੜੇ ਬਾਹਰ ਕਿਰਾਏ ਉਤੇ ਰਹਿ ਰਹੇ ਸਨ, ਕਸ਼ਮੀਰ ਛੱਡ ਜੰਮੂ ਆ ਗਏ ਹਨ। ਬਾਰਾਮੂਲਾ ਦੇ ਵੀਰਵਨ ਟਰਾਂਜ਼ਿਟ ਕੈਂਪ ਵਿਚ ਰਹਿ ਰਹੇ ਰਾਕੇਸ਼ ਪੰਡਿਤਾ ਨੇ ਕਿਹਾ ਕਿ ਉਹ ਕੰਮ ਉਤੇ ਨਹੀਂ ਜਾ ਰਹੇ। ਉਨ੍ਹਾਂ ਕਿਹਾ, ਅਸੀਂ ਕੈਂਪ ਵਿਚ ਹੀ ਸੁਰੱਖਿਅਤ ਮਹਿਸੂਸ ਕਰ ਰਹੇ ਹਾਂ ਕਿਉਂਕਿ ਕੰਮ ਉਤੇ ਸਾਨੂੰ ਮਾਰਿਆ ਜਾ ਰਿਹਾ ਹੈ।' ਜੰਮੂ ਵਿਚ ਕਸ਼ਮੀਰੀ ਪੰਡਿਤ ਭਾਈਚਾਰੇ ਦੇ ਆਗੂਆਂ ਮੁਤਾਬਕ ਪੰਡਿਤ ਮੁਲਾਜ਼ਮਾਂ ਦੇ 150 ਪਰਿਵਾਰ ਜੰਮੂ ਪਰਤ ਆਏ ਹਨ। ਹਾਲਾਂਕਿ ਜ਼ਿਆਦਾਤਰ ਨੂੰ ਇਹ ਨਹੀਂ ਪਤਾ ਕਿ ਉਹ ਕਦ ਵਾਪਸ ਕਸ਼ਮੀਰ ਜਾ ਸਕਣਗੇ। ਉਹ ਇਹੀ ਗੱਲ ਵਾਰ-ਵਾਰ ਕਰ ਰਹੇ ਹਨ ਕਿ ਵਾਅਦਿਆਂ ਦੇ ਬਾਵਜੂਦ ਸਰਕਾਰ ਸੁਰੱਖਿਆ ਮੁਹੱਈਆ ਨਹੀਂ ਕਰਵਾ ਸਕੀ। ਕਸ਼ਮੀਰੀ ਪੰਡਿਤਾਂ ਦੇ ਹੱਕਾਂ ਲਈ ਸੰਘਰਸ਼ ਕਰ ਰਹੇ 'ਪੁਨਣ ਕਸ਼ਮੀਰ' ਸੰਗਠਨ ਦੇ ਜਨਰਲ ਸਕੱਤਰ ਕੁਲਦੀਪ ਰੈਨਾ ਨੇ ਕਿਹਾ ਕਿ ਮੁੜ ਵਸੇਬਾ ਉਦੋਂ ਹੀ ਸੰਭਵ ਹੋ ਸਕੇਗਾ ਜਦ ਕਸ਼ਮੀਰ ਵਿਚੋਂ ਪੰਡਿਤਾਂ ਲਈ ਇਕ ਵੱਖਰਾ ਕੇਂਦਰ ਸ਼ਾਸਿਤ ਪ੍ਰਦੇਸ਼ ਗਠਿਤ ਕੀਤਾ ਜਾਵੇਗਾ।




### ਕਸ਼ਮੀਰ 'ਚ ਸ਼ਾਂਤੀ ਬਹਾਲੀ ਲਈ ਕਦਮ ਪੁੱਟੇ ਸਰਕਾਰ: ਰਾਹੁਲ

**ਨਵੀਂ ਦਿੱਲੀ:** ਕਾਂਗਰਸ ਆਗੂ ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਹੈ ਕਿ ਉਹ ਕਸ਼ਮੀਰ ਵਾਦੀ ਵਿੱਚ ਅਮਨ ਬਹਾਲੀ ਲਈ ਫੌਰੀ ਕਦਮ ਚੁੱਕਣ। ਰਾਹੁਲ ਨੇ ਟਵੀਟ ਕੀਤਾ, ''ਬੈਂਕ ਮੈਨੇਜਰ, ਅਧਿਆਪਕ ਤੇ ਕਈ ਭੋਲੇ ਭਾਲੇ ਲੋਕਾਂ ਦੀਆਂ ਨਿੱਤ ਹੱਤਿਆਵਾਂ ਕੀਤੀਆਂ ਜਾ ਰਹੀਆਂ ਹਨ। ਕਸ਼ਮੀਰੀ ਪੰਡਿਤ ਭੱਜ ਰਹੇ ਹਨ। ਜਿਨ੍ਹਾਂ ਲੋਕਾਂ ਨੇ ਉਨ੍ਹਾਂ ਦੀ ਸੁਰੱਖਿਆ ਯਕੀਨੀ ਬਣਾਉਣੀ ਹੈ, ਉਨ੍ਹਾਂ ਕੋਲ ਸਮਾਂ ਨਹੀਂ ਕਿਉਂਕਿ ਉਹ ਫਿਲਮਾਂ ਦੇ ਪ੍ਰਚਾਰ 'ਚ ਰੁੱਝੇ ਹੋਏ ਹਨ।''

### ਕਸ਼ਮੀਰੀ ਪੰਡਿਤ ਮੁਲਾਜ਼ਮਾਂ ਦੇ ਤਬਾਦਲਿਆਂ ਦੀ ਸੂਚੀ ਲੀਕ

**ਸ੍ਰੀਨਗਰ:** ਕਸ਼ਮੀਰੀ ਪੰਡਿਤ ਮੁਲਾਜ਼ਮਾਂ ਦੇ ਤਬਾਦਲਿਆਂ ਦੀ ਸੂਚੀ ਲੀਕ ਹੋ ਗਈ ਹੈ। ਟਰਾਂਸਫਰ ਸੂਚੀ ਵਟਸਐਪ ਤੇ ਹੋਰ ਕਈ ਸੋਸ਼ਲ ਮੀਡੀਆ ਪਲੇਟਫਾਰਮਾਂ ਉਤੇ ਘੁੰਮ ਰਹੀ ਹੈ। ਸੂਚੀ ਜਨਤਕ ਹੋਣ 'ਤੇ ਭਾਜਪਾ ਨੇ ਸਖਤ ਇਤਰਾਜ਼ ਜਤਾਇਆ ਹੈ ਤੇ ਇਸ ਲੀਕ ਲਈ ਜ਼ਿੰਮੇਵਾਰ ਅਧਿਕਾਰੀਆਂ ਖਿਲਾਫ ਕਾਰਵਾਈ ਮੰਗੀ ਹੈ। ਭਾਜਪਾ ਨੇ ਇਸ ਨੂੰ ਸੁਰੱਖਿਆ ਵਿਚ ਸੰਨ੍ਹ ਲੱਗਣ ਦੇ ਬਰਾਬਰ ਕਰਾਰ ਦਿੱਤਾ ਹੈ। ਸੂਚੀ ਮੁਤਾਬਕ ਪ੍ਰਧਾਨ ਮੰਤਰੀ ਮੁੜ ਵਸੇਬਾ ਪੈਕੇਜ ਤਹਿਤ ਨੌਕਰੀ ਕਰ ਰਹੇ 177 ਕਸ਼ਮੀਰੀ ਪੰਡਿਤ ਅਧਿਆਪਕਾਂ ਦਾ ਤਬਾਦਲਾ ਕੀਤਾ ਗਿਆ ਸੀ।

### ਭਾਜਪਾ ਵੱਲੋਂ ਪੰਡਿਤਾਂ ਤੇ ਹੋਰਾਂ ਨੂੰ ਕਸ਼ਮੀਰ ਨਾ ਛੱਡਣ ਦੀ ਅਪੀਲ

**ਜੰਮੂ:** ਕਸ਼ਮੀਰ 'ਚੋਂ ਤਬਾਦਲਿਆਂ ਦੀ ਮੰਗ ਕਰ ਰਹੇ ਪੰਡਿਤ ਤੇ ਡੋਗਰਾ ਮੁਲਾਜ਼ਮਾਂ ਨੂੰ ਭਾਜਪਾ ਨੇ ਵਾਦੀ ਵਿਚ ਰੁਕਣ ਦੀ ਅਪੀਲ ਕੀਤੀ ਹੈ ਤੇ ਨਾਲ ਹੀ ਕਿਹਾ ਹੈ ਕਿ ਸਰਕਾਰ 'ਪਾਕਿਸਤਾਨੀ ਸਾਜ਼ਿਸ਼' ਨੂੰ ਹਰਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਜੰਮੂ ਕਸ਼ਮੀਰ ਨੂੰ 'ਮੁਲਕ ਦਾ ਤਾਜ' ਦੱਸਦਿਆਂ ਇਸ ਕੇਂਦਰ ਸ਼ਾਸਿਤ ਪ੍ਰਦੇਸ਼ ਦੀ ਭਾਜਪਾ ਇਕਾਈ ਦੇ ਪ੍ਰਧਾਨ ਰਵਿੰਦਰ ਰੈਨਾ ਨੇ ਕਿਹਾ, 'ਪਾਕਿਸਤਾਨ ਦੀ ਨਾਪਾਕ ਸਾਜ਼ਿਸ਼ ਨੂੰ ਨਾਕਾਮ ਕਰਨ ਲਈ ਸਾਨੂੰ ਇਕਜੁੱਟ ਹੋਣਾ ਪਵੇਗਾ, ਜੋ ਵਾਦੀ ਵਿਚ ਮਿੱਥ ਤੇ ਚੁਣ ਕੇ ਹੱਤਿਆਵਾਂ ਕਰਨ ਲਈ ਅਤਿਵਾਦੀਆਂ ਨੂੰ ਮਦਦ ਦੇ ਰਿਹਾ ਹੈ।

## ਭਾਰਤ 'ਚ ਘੱਟ ਗਿਣਤੀ ਲੋਕਾਂ ਅਤੇ ਧਾਰਮਿਕ ਸਥਾਨਾਂ 'ਤੇ ਹੋ ਰਹੇ ਨੇ ਹਮਲੇ: ਅਮਰੀਕਾ




**ਵਾਸ਼ਿੰਗਟਨ:** ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਕਿਹਾ ਹੈ ਕਿ ਭਾਰਤ ਵਿਚ ਲੋਕਾਂ ਦੇ ਨਾਲ-ਨਾਲ ਧਾਰਮਿਕ ਸਥਾਨਾਂ ਉਤੇ ਹਮਲੇ ਵਧ ਰਹੇ ਹਨ। ਉਨ੍ਹਾਂ ਭਰੋਸਾ ਦਿੱਤਾ ਕਿ ਅਮਰੀਕਾ ਦੁਨੀਆਂ ਭਰ ਵਿਚ ਧਾਰਮਿਕ ਆਜ਼ਾਦੀ ਲਈ ਆਪਣੀ ਆਵਾਜ਼ ਬੁਲੰਦ ਕਰਦਾ ਰਹੇਗਾ।

ਅਮਰੀਕੀ ਵਿਦੇਸ਼ ਮੰਤਰੀ ਨੇ ਕਿਹਾ ਕਿ ਪਾਕਿਸਤਾਨ, ਅਫ਼ਗਾਨਿਸਤਾਨ ਅਤੇ ਚੀਨ ਸਮੇਤ ਹੋਰ ਏਸ਼ੀਆਈ ਦੇਸਾਂ ਵਿਚ ਵੀ ਘੱਟ ਗਿਣਤੀ ਭਾਈਚਾਰੇ ਦੇ ਲੋਕਾਂ ਅਤੇ ਔਰਤਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਬਲਿੰਕਨ ਨੇ ਸਾਲਾਨਾ ਅੰਤਰਰਾਸ਼ਟਰੀ ਧਾਰਮਿਕ ਆਜ਼ਾਦੀ ਰਿਪੋਰਟ ਜਾਰੀ ਕਰਨ ਦੌਰਾਨ ਪੱਤਰਕਾਰਾਂ ਨੂੰ ਕਿਹਾ, ਅਮਰੀਕਾ ਦੁਨੀਆ ਭਰ ਵਿਚ ਧਾਰਮਿਕ ਆਜ਼ਾਦੀ ਲਈ ਆਪਣੀ ਆਵਾਜ਼ ਬੁਲੰਦ ਕਰਨਾ ਜਾਰੀ ਰੱਖੇਗਾ। ਅਸੀਂ ਅਜਿਹਾ ਕਰਨ ਲਈ ਹੋਰ ਸਰਕਾਰਾਂ, ਬਹੁ-ਪੱਖੀ ਸੰਸਥਾਵਾਂ ਅਤੇ ਨਾਗਰਿਕਾਂ ਨਾਲ ਕੰਮ ਕਰਨਾ ਜਾਰੀ ਰੱਖਾਂਗੇ।

ਸਾਡਾ ਮੁੱਖ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਸਾਰੇ ਲੋਕਾਂ ਨੂੰ ਅਧਿਆਤਮਿਕ ਪਰੰਪਰਾ ਦੀ ਪਾਲਣਾ ਕਰਨ ਦੀ ਆਜ਼ਾਦੀ ਹੋਵੇ ਜੋ ਉਨ੍ਹਾਂ ਲਈ ਮਹੱਤਵਪੂਰਨ ਹੈ। ਇਸ ਦੇ ਨਾਲ ਹੀ ਬਲਿੰਕਨ ਨੇ ਕਿਹਾ ਕਿ ਇਹ ਰਿਪੋਰਟ ਦੱਸਦੀ ਹੈ ਕਿ ਦੁਨੀਆ ਭਰ ਵਿਚ ਧਾਰਮਿਕ ਆਜ਼ਾਦੀ ਅਤੇ ਘੱਟ ਗਿਣਤੀਆਂ ਦੇ ਅਧਿਕਾਰ ਕਿਸ ਤਰ੍ਹਾਂ ਖਤਰੇ ਵਿਚ ਹਨ।

ਅਮਰੀਕੀ ਵਿਦੇਸ਼ ਮੰਤਰੀ ਨੇ ਕਿਹਾ ਮਿਸਾਲ ਵਜੋਂ ਭਾਰਤ, ਜੋ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਹੈ ਅਤੇ ਜਿੱਥੇ ਕਈ ਧਰਮਾਂ ਦੇ ਲੋਕ ਰਹਿੰਦੇ ਹਨ, ਉਥੇ ਲੋਕਾਂ ਅਤੇ ਧਾਰਮਿਕ ਸਥਾਨਾਂ ਉਤੇ ਵਧਦੇ ਹਮਲੇ ਹੋ ਰਹੇ ਹਨ।

### ਭਾਰਤ ਵੱਲੋਂ ਧਾਰਮਿਕ ਆਜ਼ਾਦੀ ਬਾਰੇ ਅਮਰੀਕੀ ਰਿਪੋਰਟ ਖਾਰਜ

**ਨਵੀਂ ਦਿੱਲੀ:** ਧਾਰਮਿਕ ਆਜ਼ਾਦੀ ਬਾਰੇ ਅਮਰੀਕੀ ਵਿਦੇਸ਼ ਵਿਭਾਗ ਦੀ ਰਿਪੋਰਟ 'ਚ ਆਪਣੀ ਕੀਤੀ ਗਈ ਆਲੋਚਨਾ ਨੂੰ ਨਕਾਰਦਿਆਂ ਭਾਰਤ ਨੇ ਕਿਹਾ ਹੈ ਕਿ ਉਹ ਧਾਰਮਿਕ ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਨੂੰ ਮਹੱਤਵ ਦਿੰਦਾ ਹੈ ਅਤੇ ਇਹ ਮੰਦਭਾਗੀ ਗੱਲ ਹੈ ਕਿ ਕੌਮਾਂਤਰੀ ਸਬੰਧਾਂ 'ਚ ਵੋਟ ਬੈਂਕ ਦੀ ਸਿਆਸਤ ਕੀਤੀ ਜਾ ਰਹੀ ਹੈ। ਭਾਰਤ ਨੇ ਰਿਪੋਰਟ 'ਤੇ ਪ੍ਰਤੀਕਰਮ ਦਿੰਦਿਆਂ ਅਮਰੀਕਾ 'ਚ ਨਸਲੀ, ਨਫਰਤੀ ਹਮਲਿਆਂ ਅਤੇ ਬੰਦੂਕ ਆਧਾਰਿਤ ਹਿੰਸਾ 'ਤੇ ਚਿੰਤਾ ਜਤਾਈ ਹੈ। ਵਿਦੇਸ਼ ਮੰਤਰਾਲੇ ਦੇ ਤਰਜਮਾਨ ਅਰਿੰਦਮ ਬਾਗਚੀ ਨੇ ਕਿਹਾ ਕਿ ਭਾਰਤ ਬਾਰੇ ਰਿਪੋਰਟ ਪੱਖਪਾਤੀ ਵਿਚਾਰਾਂ ਤੇ ਤੱਥਾਂ ਤੋਂ ਦੂਰ ਜਾਣਕਾਰੀ ਤੋਂ ਪ੍ਰੇਰਿਤ ਹੈ।

## ਚੋਣ ਬਾਂਡ ਤੋਂ ਭਾਜਪਾ ਦੀ ਆਮਦਨ ਘਟੀ

**ਨਵੀਂ ਦਿੱਲੀ:** ਵਿੱਤੀ ਸਾਲ 2021 ਵਿਚ ਭਾਜਪਾ ਦੀ ਕੁੱਲ ਆਮਦਨ ਵਿਚ 80 ਫੀਸਦ ਭਾਵ 752 ਕਰੋੜ ਰੁਪਏ ਦੀ ਗਿਰਾਵਟ ਆਈ ਹੈ। ਇਸ ਸਮੇਂ ਦੌਰਾਨ ਬਾਂਡ ਰਾਹੀਂ ਦਾਨ ਵਜੋਂ ਪਾਰਟੀ ਨੂੰ ਮਿਲਣ ਵਾਲੀ ਰਕਮ ਪਿਛਲੇ ਵਿੱਤੀ ਸਾਲ ਦੇ 2,555 ਕਰੋੜ ਦੇ ਮੁਕਾਬਲੇ ਘਟ ਕੇ 22.38 ਕਰੋੜ ਰੁਪਏ ਹੋ ਗਈ। ਚੋਣ ਕਮਿਸ਼ਨ ਕੋਲ 21 ਮਈ ਨੂੰ ਦਾਖਲ ਵਿੱਤੀ ਸਾਲ 2020-21 ਦੀ ਆਡਿਟ ਰਿਪੋਰਟ ਵਿਚ ਭਾਜਪਾ ਨੇ ਆਪਣਾ ਕੁੱਲ ਖਰਚ 630.39 ਕਰੋੜ ਰੁਪਏ ਦਰਸਾਇਆ ਹੈ ਜਦਕਿ ਆਮਦਨ 752.33 ਕਰੋੜ ਰੁਪਏ ਦੱਸੀ ਹੈ। ਪਿਛਲੇ ਵਿੱਤੀ ਸਾਲ ਵਿਚ ਭਾਜਪਾ ਨੇ 3,623 ਕਰੋੜ ਰੁਪਏ ਦੀ ਕੁੱਲ ਆਮਦਨ ਐਲਾਨੀ ਸੀ ਅਤੇ ਉਸ ਨੇ 1,651.02 ਕਰੋੜ ਰੁਪਏ ਹੀ ਖਰਚੇ ਸਨ।

ਮਾਰਚ 2021 ਤੱਕ ਚੋਣ ਬਾਂਡ ਤੋਂ ਪਾਰਟੀ ਨੂੰ 22.38 ਕਰੋੜ ਰੁਪਏ ਹਾਸਲ ਹੋਏ, ਜਦਕਿ ਮਾਰਚ 2020 ਵਿਚ ਉਸ ਨੇ ਚੋਣ ਬਾਂਡ ਰਾਹੀਂ 2,555 ਕਰੋੜ ਰੁਪਏ ਪ੍ਰਾਪਤ ਕੀਤੇ ਸਨ। ਚੋਣ ਪ੍ਰਚਾਰ ਮੱਦ ਤਹਿਤ ਭਾਜਪਾ ਨੇ ਚੋਣ ਕਮਿਸ਼ਨ ਨੂੰ 421 ਕਰੋੜ ਰੁਪਏ ਦਾ ਖਰਚ ਦਿਖਾਇਆ ਹੈ ਜਦਕਿ ਪਿਛਲੇ ਵਿੱਤੀ ਸਾਲ ਵਿੱਚ ਪਾਰਟੀ ਨੇ ਇਸ ਮੱਦ ਵਿਚ 1,352 ਕਰੋੜ ਰੁਪਏ ਦਾ ਖਰਚ ਦਿਖਾਇਆ ਸੀ। ਪਾਰਟੀ ਨੇ ਇਸ਼ਤਿਹਾਰਾਂ, ਹੈਲੀਕਾਪਟਰ ਅਤੇ ਜਹਾਜ਼ ਦੇ ਕਿਰਾਏ, ਹੋਰਡਿੰਗ, ਕੱਟ-ਆਊਟ, ਉਮੀਦਵਾਰਾਂ ਨੂੰ ਵਿੱਤੀ ਸਹਾਇਤਾ ਅਤੇ ਹੋਰਨਾਂ ਨੂੰ ਗਰਾਂਟਾਂ ਵਿਚ ਇਹ ਖਰਚੇ ਦਰਸਾਏ ਹਨ। ਦੱਸਣਯੋਗ ਹੈ ਕਿ ਚੋਣ ਬਾਂਡ ਦੀ ਵਰਤੋਂ ਆਮ ਕਰਕੇ ਵਿਅਕਤੀਆਂ, ਸੰਸਥਾਵਾਂ ਅਤੇ ਸੰਗਠਨਾਂ ਵੱਲੋਂ ਰਾਜਨੀਤਕ ਪਾਰਟੀਆਂ ਨੂੰ ਚੰਦਾ ਦੇਣ ਲਈ ਕੀਤੀ ਜਾਂਦੀ ਹੈ।

### ਬਰਤਾਨਵੀ ਪ੍ਰਧਾਨ ਮੰਤਰੀ ਖਿਲਾਫ ਬੇਭਰੋਸਗੀ ਮਤਾ ਲਿਆਉਣ ਦੀ ਤਿਆਰੀ

**ਲੰਡਨ:** ਸੱਤਾਧਾਰੀ ਕੰਜ਼ਰਵੇਟਿਵ ਪਾਰਟੀ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਖਿਲਾਫ ਇਕ ਬੇਭਰੋਸਗੀ ਲਿਆਉਣ ਜਾ ਰਹੀ ਹੈ, ਜਿਸ ਨਾਲ ਉਨ੍ਹਾਂ ਨੂੰ ਅਹੁਦੇ ਤੋਂ ਹਟਾਇਆ ਜਾ ਸਕਦਾ ਹੈ। ਪਾਰਟੀ ਦੇ ਅਧਿਕਾਰੀ ਗ੍ਰਾਹਮ ਬਰੈਡੀ ਨੇ ਦੱਸਿਆ ਕਿ ਉਨ੍ਹਾਂ ਨੂੰ ਸੰਸਦ ਮੈਂਬਰਾਂ ਤੋਂ ਕਈ ਪੱਤਰ ਮਿਲੇ ਹਨ, ਜਿਨ੍ਹਾਂ ਵਿਚ ਜੌਹਨਸਨ ਦੀ ਲੀਡਰਸ਼ਿਪ ਨੂੰ ਲੈ ਕੇ ਵੋਟਾਂ ਦੀ ਮੰਗ ਕੀਤੀ ਗਈ ਹੈ। ਜੇਕਰ ਜੌਹਨਸਨ ਕੰਜ਼ਰਵੇਟਿਵ ਦੇ 359 ਸੰਸਦ ਮੈਂਬਰਾਂ ਦਰਮਿਆਨ ਹੋਣ ਵਾਲੀ ਵੋਟਿੰਗ ਵਿਚ ਹਾਰ ਜਾਂਦੇ ਹਨ ਤਾਂ ਉਨ੍ਹਾਂ ਨੂੰ ਕੰਜ਼ਰਵੇਟਿਵ ਨੇਤਾ ਤੇ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਹਟਾ ਦਿੱਤਾ ਜਾਵੇਗਾ। ਜੇਕਰ ਉਹ ਜਿੱਤ ਜਾਂਦੇ ਹਨ ਤਾਂ ਇਕ ਸਾਲ ਲਈ ਉਨ੍ਹਾਂ ਦਾ ਅਹੁਦੇ 'ਤੇ ਬਣੇ ਰਹਿਣ ਦਾ ਰਾਹ ਪੱਧਰਾ ਹੋ ਜਾਵੇਗਾ। ਜੌਹਨਸਨ ਕੋਵਿਡ-19 ਲੌਕਡਾਊਨ ਦੌਰਾਨ ਸਰਕਾਰੀ ਇਮਾਰਤਾਂ ਵਿਚ ਨਿਯਮਾਂ ਦੀ ਉਲੰਘਣਾ ਸਮੇਤ ਕਈ ਮਾਮਲਿਆਂ ਨੂੰ ਲੈ ਕੇ ਨਿਸ਼ਾਨੇ 'ਤੇ ਰਹੇ ਹਨ।

## ਭਾਰਤੀ ਜਨਤਾ ਪਾਰਟੀ ਵੱਲੋਂ ਪਾਰਟੀ ਤਰਜਮਾਨ ਨੂਪੁਰ ਸ਼ਰਮਾ ਮੁਅੱਤਲ

**ਨਵੀਂ ਦਿੱਲੀ:** ਪੈਗੰਬਰ ਮੁਹੰਮਦ ਖਿਲਾਫ ਇਤਰਾਜ਼ਯੋਗ ਟਿੱਪਣੀਆਂ ਕਰਨ ਦੇ ਦੋਸ਼ ਲੱਗਣ ਮਗਰੋਂ ਭਾਜਪਾ ਨੇ ਕੌਮੀ ਤਰਜਮਾਨ ਨੂਪੁਰ ਸ਼ਰਮਾ ਨੂੰ ਪਾਰਟੀ 'ਚੋਂ ਮੁਅੱਤਲ ਕਰ ਦਿੱਤਾ ਹੈ। ਨੂਪੁਰ ਸ਼ਰਮਾ ਦੀਆਂ ਟਿੱਪਣੀਆਂ ਕਾਰਨ ਮੁਸਲਿਮ ਜਥੇਬੰਦੀਆਂ ਵੱਲੋਂ ਪ੍ਰਦਰਸ਼ਨ ਕੀਤੇ ਗਏ ਅਤੇ ਕਾਨਪੁਰ 'ਚ ਦੰਗੇ ਵੀ ਭੜਕੇ।

ਪਾਰਟੀ ਦੀ ਅਨੁਸ਼ਾਸਨੀ ਕਮੇਟੀ ਨੇ ਨੂਪੁਰ ਸ਼ਰਮਾ ਨੂੰ ਸਖਤ ਸੁਨੇਹਾ ਦਿੰਦਿਆਂ ਕਿਹਾ ਹੈ ਕਿ ਉਸ ਵੱਲੋਂ ਪ੍ਰਗਟਾਏ ਗਏ ਵਿਚਾਰ ਪਾਰਟੀ ਨਾਲੋਂ ਵੱਖਰੇ ਹਨ ਜੋ ਭਾਜਪਾ ਦੇ ਸੰਵਿਧਾਨ ਦੀ ਸਪੱਸ਼ਟ ਉਲੰਘਣਾ ਹੈ। ਉਸ ਖਿਲਾਫ ਜਾਂਚ ਆਰੰਭੀ ਗਈ ਹੈ ਅਤੇ ਉਸ ਨੂੰ ਮੁਅੱਤਲ ਕਰਦਿਆਂ ਪਾਰਟੀ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਤੋਂ ਮੁਕਤ ਕਰ ਦਿੱਤਾ ਗਿਆ ਹੈ। ਬਾਅਦ 'ਚ ਨੂਪੁਰ ਸ਼ਰਮਾ ਨੇ ਸਪੱਸ਼ਟੀਕਰਨ ਜਾਰੀ ਕਰਦਿਆਂ ਕਿਹਾ ਕਿ ਉਸ ਦਾ ਇਰਾਦਾ ਕਿਸੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਨਹੀਂ ਸੀ ਪਰ ਟੀਵੀ 'ਤੇ ਚਰਚਾ ਦੌਰਾਨ ਜਦੋਂ 'ਮਹਾਦੇਵ' ਪ੍ਰਤੀ ਲਗਾਤਾਰ ਅਪਮਾਨ ਕੀਤਾ ਗਿਆ ਤਾਂ ਉਹ ਇਸ ਨੂੰ ਸਹਿਣ ਨਹੀਂ ਕਰ ਸਕੀ ਅਤੇ ਉਸ ਨੇ ਇਸ ਦੇ ਜਵਾਬ 'ਚ ਕੁਝ ਗੱਲਾਂ ਆਖੀਆਂ ਸਨ। ਉਸ ਨੇ ਕਿਹਾ ਕਿ ਜੇਕਰ ਉਸ ਦੇ ਬਿਆਨ ਨਾਲ ਕਿਸੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ ਤਾਂ ਉਹ ਬਿਨਾਂ ਸ਼ਰਤ ਉਸ ਨੂੰ ਵਾਪਸ ਲੈਂਦੀ ਹੈ। ਇਸ ਤੋਂ ਪਹਿਲਾਂ ਨੂਪੁਰ ਅਤੇ ਨਵੀਨ ਕੁਮਾਰ ਜਿੰਦਲ ਨੇ ਦਾਅਵਾ ਕੀਤਾ ਸੀ ਕਿ ਉਨ੍ਹਾਂ ਨੂੰ ਅਤੇ ਪਰਿਵਾਰਕ ਮੈਂਬਰਾਂ ਨੂੰ ਜਾਨੋਂ ਮਾਰਨ ਦੀਆਂ ਸੋਸ਼ਲ ਮੀਡੀਆ 'ਤੇ ਧਮਕੀਆਂ ਮਿਲ ਰਹੀਆਂ ਹਨ। ਦੋਵੇਂ ਆਗੂਆਂ ਨੇ ਮੀਡੀਆ ਨੂੰ ਬੇਨਤੀ ਕੀਤੀ ਕਿ ਉਹ ਉਨ੍ਹਾਂ ਦੇ ਪਤੇ ਜਨਤਕ ਨਾ ਕਰਨ। ਉਧਰ, ਭਾਜਪਾ ਨੇ ਦਿੱਲੀ ਮੀਡੀਆ ਦੇ ਮੁਖੀ ਨਵੀਨ ਕੁਮਾਰ ਜਿੰਦਲ ਨੂੰ ਪਾਰਟੀ 'ਚੋਂ ਕੱਢ ਦਿੱਤਾ ਹੈ। ਪਾਰਟੀ ਨੇ ਕਿਹਾ ਕਿ ਉਸ ਦੇ ਸੋਸ਼ਲ ਮੀਡੀਆ 'ਤੇ ਵਿਚਾਰਾਂ ਕਾਰਨ ਫਿਰਕੂ ਸਦਭਾਵਨਾ ਦਾ ਮਾਹੌਲ ਵਿਗੜ ਰਿਹਾ ਸੀ ਅਤੇ ਇਹ ਧਾਰਮਿਕ ਆਜ਼ਾਦੀ ਦੇ ਬੁਨਿਆਦੀ ਹੱਕਾਂ ਦੀ ਉਲੰਘਣਾ ਹੈ। ਭਾਜਪਾ ਦੀ ਦਿੱਲੀ ਇਕਾਈ ਦੇ ਪ੍ਰਧਾਨ ਆਦੇਸ਼ ਗੁਪਤਾ ਨੇ ਜਿੰਦਲ ਦੀ ਮੁੱਢਲੀ ਮੈਂਬਰਸ਼ਿਪ ਫੌਰੀ ਖਤਮ ਕਰ ਦਿੱਤੀ। ਇਸ ਦੌਰਾਨ ਜਿੰਦਲ ਨੇ ਕਿਹਾ ਕਿ ਉਸ ਦਾ ਇਰਾਦਾ ਕਿਸੇ ਫਿਰਕੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਨਹੀਂ ਸੀ। ਉਸ ਨੇ ਵੀ ਪੈਗੰਬਰ ਮੁਹੰਮਦ ਬਾਰੇ ਪਹਿਲੀ ਜੂਨ ਨੂੰ ਟਵੀਟ ਕੀਤਾ ਸੀ ਜਿਸ ਮਗਰੋਂ ਉਹ ਸੋਸ਼ਲ ਮੀਡੀਆ 'ਤੇ ਘਿਰ ਗਿਆ ਸੀ। ਜਿੰਦਲ ਨੇ ਕਿਹਾ ਕਿ ਉਸ ਨੇ ਹਿੰਦੂ ਦੇਵਤਿਆਂ ਦਾ ਅਪਮਾਨ ਅਤੇ ਹਮਲਾ ਕਰਨ ਵਾਲਿਆਂ 'ਤੇ ਸਵਾਲ ਉਠਾਏ ਸਨ।



### ਤਰਜਮਾਨਾਂ ਦੀ ਮੁਅੱਤਲੀ ਸਿਰਫ: ਕਾਂਗਰਸ

**ਨਵੀਂ ਦਿੱਲੀ:** ਕਾਂਗਰਸ ਨੇ ਭਾਜਪਾ ਵੱਲੋਂ ਆਪਣੇ ਪਾਰਟੀ ਤਰਜਮਾਨਾਂ ਨੂਪੁਰ ਸ਼ਰਮਾ ਤੇ ਨਵੀਨ ਜਿੰਦਲ ਖਿਲਾਫ ਕੀਤੀ ਕਾਰਵਾਈ ਨੂੰ 'ਸਪਸ਼ਟ ਤੌਰ 'ਤੇ ਲੋਕ ਦਿਖਾਵਾ ਤੇ ਹਾਸੋਹੀਣਾ' ਕਰਾਰ ਦਿੱਤਾ ਹੈ। ਪਾਰਟੀ ਦੇ ਜਨਰਲ ਸਕੱਤਰ ਰਣਦੀਪ ਸੁਰਜੇਵਾਲਾ ਨੇ ਕਿਹਾ, ''ਭਾਜਪਾ ਦਾ ਇਹ ਬਿਆਨ ਕਿ ਉਹ ਕਿਸੇ ਵੀ ਧਰਮ ਜਾਂ ਵਰਗ ਦਾ ਨਿਰਾਦਰ ਕਰਨ ਜਾਂ ਮਾਣ ਘਟਾਉਣ ਨਾਲ ਜੁੜੀ ਕਿਸੇ ਵੀ ਵਿਚਾਰਧਾਰਾ ਦਾ ਸਖਤੀ ਨਾਲ ਵਿਰੋਧ ਕਰਦੀ ਹੈ, ਹੋਰ ਕੁਝ ਨਹੀਂ ਬਲਕਿ ਸਪਸ਼ਟ ਤੌਰ 'ਤੇ ਲੋਕ ਦਿਖਾਵਾ ਤੇ ਹਾਸੋਹੀਣਾ ਹੈ।

# ਪੰਜਾਬ ਟਾਈਮਜ਼

*ਸਨਿਚਰਵਾਰ, 11 ਜੂਨ 2022*

## ਸਿਆਸੀ ਉਥਲ-ਪੁਥਲ

ਪਿਛਲੇ ਦੋ ਸਾਲ ਤੋਂ ਪੰਜਾਬ ਦੇ ਸਿਆਸੀ ਪਿੜ ਅੰਦਰ ਬੜੀ ਤਿੱਖੀ ਉਥਲ-ਪੁਥਲ ਦੇਖਣ ਨੂੰ ਮਿਲ ਰਹੀ ਹੈ। ਹੁਣ ਸਾਬਕਾ ਮੰਤਰੀ ਅਤੇ ਕਾਂਗਰਸ ਆਗੂ ਸਾਧੂ ਸਿੰਘ ਧਰਮਸੋਤ ਦੀ ਗ੍ਰਿਫਤਾਰੀ ਨਾਲ ਇਹ ਸਿਖਰ ਵੱਲ ਵਧ ਰਹੀ ਜਾਪਦੀ ਹੈ। ਇਸ ਨਾਲ ਸੂਬੇ ਦੇ ਵੱਖ-ਵੱਖ ਖੇਤਰਾਂ ਵਿਚ ਛੋਟੇ ਪੱਧਰ 'ਤੇ ਹੋ ਰਹੀ ਉਥਲ-ਪੁਥਲ ਦੀਆਂ ਕੜੀਆਂ ਵੀ ਜੁੜੀਆਂ ਹੋਈਆਂ ਹਨ। ਮਾਰਚ 2020 ਵਿਚ ਜਦੋਂ ਮੋਦੀ ਸਰਕਾਰ ਨੇ ਕਰੋਨਾ ਮਹਾਮਾਰੀ ਦੌਰਾਨ ਸੰਸਾਰ ਦਾ ਸਭ ਤੋਂ ਸਖਤ ਲੌਕਡਾਊਨ ਲਾਇਆ ਸੀ ਤਾਂ ਇਹ ਪੰਜਾਬ ਹੀ ਸੀ ਜਿਸ ਨੇ ਇਸ ਲੌਕਡਾਊਨ ਨੂੰ ਸੜਕਾਂ 'ਤੇ ਆਣ ਕੇ ਵੰਗਾਰਿਆ ਸੀ। ਇਸ ਵੰਗਾਰ ਵਿਚੋਂ ਹੀ ਮਿਸਾਲੀ ਕਿਸਾਨ ਅੰਦੋਲਨ ਨਿਕਲਿਆ ਜਿਸ ਦੀ ਸ਼ੁਰੂਆਤ ਮੋਦੀ ਸਰਕਾਰ ਦੇ ਕਰੋਨਾ ਕਾਲ ਦੌਰਾਨ ਲਿਆਂਦੇ ਖੇਤੀ ਆਰਡੀਨੈਂਸਾਂ ਖਿਲਾਫ ਰੋਸ ਵਿਖਾਵਿਆਂ ਤੋਂ ਸ਼ੁਰੂ ਹੋਈ ਸੀ। ਸਰਕਾਰ ਨੇ ਜਿਉਂ ਹੀ ਇਨ੍ਹਾਂ ਆਰਡੀਨੈਂਸਾਂ ਨੂੰ ਕਾਨੂੰਨ ਦਾ ਰੂਪ ਦਿੱਤਾ, ਪੰਜਾਬ ਵਿਚ ਕਿਸਾਨ ਅੰਦੋਲਨ ਨੇ ਵੀ ਪੂਰੇ ਜਲੌਅ ਨਾਲ ਸਿਰ ਚੁੱਕਿਆ ਅਤੇ ਫਿਰ ਅੰਦੋਲਨ ਨਾਲ ਜਿਸ ਤਰ੍ਹਾਂ ਪਹਿਲਾਂ ਹਰਿਆਣਾ, ਤੇ ਫਿਰ ਮੁਲਕ ਦੇ ਕਈ ਹੋਰ ਸੂਬੇ ਜੁੜੇ, ਉਹ ਦੌਰ ਅੱਜ ਇਤਿਹਾਸ ਦੇ ਪੰਨਿਆਂ ਉਤੇ ਦਰਜ ਹੈ। ਇਸ ਤੋਂ ਬਾਅਦ ਫਰਵਰੀ 2022 ਵਿਚ ਹੋਈਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਵੀ ਡਾਢੀ ਸਿਆਸੀ ਉਥਲ-ਪੁਥਲ ਹੋਈ ਜਦੋਂ ਆਮ ਆਦਮੀ ਪਾਰਟੀ ਨੇ ਮਿਸਾਲੀ ਜਿੱਤ ਹੀ ਹਾਸਲ ਨਹੀਂ ਕੀਤੀ ਸਗੋਂ ਸੂਬੇ ਦੇ ਕਹਿੰਦੇ ਕਹਾਉਂਦੇ ਸਭ ਦੇ ਸਭ ਰਵਾਇਤੀ ਆਗੂ ਚੋਣ ਦੇ ਮੈਦਾਨ ਵਿਚ ਹਾਰ ਗਏ।

ਹੁਣ ਚਰਚਿਤ ਗਾਇਕ ਸ਼ੁੱਭਦੀਪ ਸਿੰਘ ਉਰਫ ਸਿੱਧੂ ਮੂਸੇਆਲਾ ਦੇ ਕਤਲ ਤੋਂ ਬਾਅਦ ਪੰਜਾਬ ਦਾ ਸਿਆਸੀ ਮਾਹੌਲ ਵਾਹਵਾ ਭਖਿਆ ਹੋਇਆ ਹੈ। ਸਿਤਮਜ਼ਰੀਫੀ ਇਹ ਹੈ ਕਿ ਸਰਕਾਰ ਅਤੇ ਵਿਰੋਧੀ ਧਿਰ ਇਸ ਕਤਲ ਨਾਲ ਜੁੜੀਆਂ ਕੜੀਆਂ ਦੀਆਂ ਜੜ੍ਹਾਂ ਤਲਾਸ਼ਣ ਦੀ ਥਾਂ ਆਪੋ-ਆਪਣੇ ਮੁਫਾਦਾਂ ਕਾਰਨ ਨਿਰੀ ਸਿਆਸਤ ਕਰ ਰਹੇ ਹਨ। ਉਪਰੋਂ ਸੰਗਰੂਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਨੇ ਸਿਆਸੀ ਪਿੜ ਹੋਰ ਭਖਾ ਦਿੱਤਾ ਹੈ ਅਤੇ ਸਾਰੀਆਂ ਸਿਆਸੀ ਧਿਰਾਂ ਆਪੋ-ਆਪਣੀ ਸਿਆਸੀ ਜ਼ਮੀਨ ਨੂੰ ਪੱਕੇ ਪੈਰੀਂ ਕਰਨ ਲਈ ਅੱਡੀ-ਚੋਟੀ ਦਾ ਜ਼ੋਰ ਲਾ ਰਹੀਆਂ ਹਨ। ਹੋਰ ਤਾਂ ਹੋਰ, ਭਾਰਤੀ ਜਨਤਾ ਪਾਰਟੀ ਜਿਸ ਦੇ ਸਿਆਸੀ ਲੀਡਰਾਂ ਦਾ ਕਿਸਾਨ ਅੰਦੋਲਨ ਦੌਰਾਨ ਘਰਾਂ ਵਿਚੋਂ ਨਿਕਲਣਾ ਬੰਦ ਹੋਇਆ ਪਿਆ ਸੀ, ਇਕ ਵਾਰ ਫਿਰ ਪੰਜਾਬ ਵਿਚ ਆਪਣੀ ਪੈਂਠ ਜਮਾਉਣ ਲਈ ਸਿਆਸੀ ਤਿਕੜਮਾਂ ਲੜਾ ਰਹੀ ਹੈ। ਇਸ ਨੇ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਅਤੇ ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਵਰਗੇ ਆਗੂਆਂ ਨਾਲ ਰਲ ਕੇ ਵਿਧਾਨ ਸਭਾ ਚੋਣਾਂ ਦੌਰਾਨ ਜ਼ੋਰ-ਅਜ਼ਮਾਈ ਕਰਨ ਦਾ ਯਤਨ ਕੀਤਾ ਅਤੇ ਫਿਰ ਕਾਂਗਰਸ ਦੇ ਅੰਦਰੂਨੀ ਕਲੇਸ਼ ਦਾ ਲਾਹਾ ਲੈਂਦਿਆਂ ਸੁਨੀਲ ਜਾਖੜ ਵਰਗੇ ਟਕਸਾਲੀ ਕਾਂਗਰਸੀ ਆਗੂ ਨੂੰ ਪਾਰਟੀ ਵਿਚ ਸ਼ਾਮਿਲ ਕੀਤਾ। ਹੁਣ ਇਕੋ ਦਿਨ ਕਾਂਗਰਸ ਦੇ ਕਈ ਸਾਬਕਾਂ ਮੰਤਰੀਆਂ ਅਤੇ ਅਕਾਲੀ ਆਗੂਆਂ ਨੂੰ ਪਾਰਟੀ ਵਿਚ ਸ਼ਾਮਿਲ ਕਰਕੇ ਇਹ ਸੁਨੇਹਾ ਦਿੱਤਾ ਹੈ ਕਿ ਭਾਰਤੀ ਜਨਤਾ ਪਾਰਟੀ ਪੰਜਾਬ ਵਿਚ ਹਰ ਹਾਲ ਆਪਣਾ ਹੱਥ ਉਪਰ ਚਾਹੁੰਦੀ ਹੈ।

ਅਸਲ ਵਿਚ ਭਾਰਤੀ ਜਨਤਾ ਪਾਰਟੀ ਮੁਲਕ ਪੱਧਰ ਉਤੇ ਕਾਂਗਰਸ ਵਾਲੀ ਸਾਰੀ ਦੀ ਸਾਰੀ ਜ਼ਮੀਨ ਖੁਦ ਹਾਸਲ ਕਰਨਾ ਚਾਹੁੰਦੀ ਹੈ। ਇਸ ਦਾ ਸਿੱਧਾ-ਸਿੱਧਾ ਐਲਾਨ ਹੈ ਕਿ ਭਾਰਤ ਨੂੰ ਕਾਂਗਰਸ ਮੁਕਤ ਕਰਨਾ ਹੈ। ਪੰਜਾਬ ਵਿਧਾਨ ਸਭਾ ਚੋਣਾਂ ਐਤਕੀਂ ਜਿਸ ਤਰ੍ਹਾਂ ਆਮ ਆਦਮੀ ਪਾਰਟੀ ਦਾ ਬਦਲਵੀਂ ਧਿਰ ਵਜੋਂ ਆਗਾਜ਼ ਹੋਇਆ ਹੈ, ਉਸ ਨੇ ਆਮ ਆਦਮੀ ਪਾਰਟੀ ਨੂੰ ਪੰਜਾਬ ਅੰਦਰ ਵੱਡਾ ਰੋਲ ਅਦਾ ਕਰਨ ਲਈ ਉਕਸਾਇਆ ਹੈ। ਬਿਨਾਂ ਸ਼ੱਕ, ਸੂਬੇ ਅੰਦਰ ਬੇਅਦਬੀ ਅਤੇ ਕੁਝ ਹੋਰ ਮਸਲਿਆਂ ਕਰਕੇ ਸ਼੍ਰੋਮਣੀ ਅਕਾਲੀ ਦਲ ਹਾਸ਼ੀਏ ਉਤੇ ਹੈ। ਕਾਂਗਰਸ ਦੇ ਅੰਦਰੂਨੀ ਕਲੇਸ਼ ਅਤੇ ਟੁੱਟ-ਭੱਜ ਕਾਰਨ ਕਾਂਗਰਸ ਦਾ ਹਾਲ ਵੀ ਕੋਈ ਬਿਹਤਰ ਨਹੀਂ, ਇਸ ਲਈ ਭਾਰਤੀ ਜਨਤਾ ਪਾਰਟੀ ਦੀ ਗਿਣਤੀ-ਮਿਣਤੀ ਇਹ ਹੈ ਕਿ ਕਿਸੇ ਨਾ ਕਿਸੇ ਢੰਗ ਨਾਲ ਸੂਬੇ ਅੰਦਰ ਪਾਰਟੀ ਨੂੰ ਵੱਡੀ ਧਿਰ ਬਣਾਇਆ ਜਾਵੇ। ਆਉਣ ਵਾਲੇ ਦਿਨਾਂ ਵਿਚ ਸੰਭਵ ਹੈ, ਸੂਬੇ ਦੇ ਕੁਝ ਹੋਰ ਆਗੂ ਭਾਰਤੀ ਜਨਤਾ ਪਾਰਟੀ ਦਾ ਪੱਲਾ ਫੜ ਲੈਣ। ਇਸ ਪਾਰਟੀ ਦਾ ਮੁੱਖ ਨਿਸ਼ਾਨਾ 2024 ਵਾਲੀਆਂ ਲੋਕ ਸਭਾ ਚੋਣਾਂ ਹਨ। ਉਂਝ ਵੀ, ਪੰਜਾਬ ਨੇ ਭਾਰਤੀ ਜਨਤਾ ਪਾਰਟੀ ਦੀ ਸਿਆਸਤ ਨੂੰ ਸਦਾ ਹੀ ਕਰਾਰੇ ਹੱਥੀਂ ਲਿਆ ਹੈ। ਸ਼ਾਇਦ ਇਸੇ ਕਰਕੇ ਪਾਰਟੀ ਆਗੂਆਂ ਨੂੰ ਜਾਪਦਾ ਹੈ ਕਿ ਪੰਜਾਬ ਵਿਚ ਪੈਂਠ ਬਣਾਏ ਬਗੈਰ ਮੁਲਕ ਪੱਧਰ 'ਤੇ ਉਹ ਮਨਮਰਜ਼ੀ ਨਹੀਂ ਕਰ ਸਕਦੀ ਜੋ ਇਹ ਆਪਣੇ ਏਜੰਡੇ ਲਈ ਕਰਨਾ ਚਾਹੁੰਦੀ ਹੈ। ਇਸੇ ਕਰਕੇ ਹੀ ਪਾਰਟੀ ਨੇ ਸੰਗਰੂਰ ਹਲਕੇ ਤੋਂ ਆਪਣਾ ਵੱਖਰਾ ਉਮੀਦਵਾਰ ਮੈਦਾਨ ਵਿਚ ਉਤਾਰਿਆ ਹੈ।

ਜ਼ਾਹਿਰ ਹੈ ਕਿ ਆਉਣ ਵਾਲਾ ਸਮਾਂ ਪੰਜਾਬ ਲਈ ਹੋਰ ਵੀ ਉਥਲ-ਪੁਥਲ ਵਾਲਾ ਹੋਵੇਗਾ। ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਨੂੰ ਭਾਵੇਂ ਅਜੇ ਕੁਝ ਮਹੀਨੇ ਹੀ ਹੋਏ ਹਨ ਪਰ ਹੁਣ ਤੱਕ ਦੀ ਕਾਰਗੁਜ਼ਾਰੀ ਦੱਸਦੀ ਹੈ ਕਿ ਇਹ ਸਰਕਾਰ ਵੀ ਪਹਿਲੀਆਂ ਸਰਕਾਰਾਂ ਨਾਲੋਂ ਕੋਈ ਬਹੁਤੀ ਵੱਖਰੀ ਨਹੀਂ ਹੋਵੇਗੀ। ਸਰਕਾਰ ਅਤੇ ਇਸ ਨੂੰ ਚਲਾ ਰਹੇ ਆਗੂਆਂ ਦੀਆਂ ਨਿਆਣਪੁਣੇ ਵਾਲੀਆਂ ਗੱਲਾਂ ਤੋਂ ਜ਼ਾਹਿਰ ਹੋ ਰਿਹਾ ਹੈ ਕਿ ਸਿਆਸੀ ਪਿੜ ਵਿਚ ਸਿਰਫ ਰੌਲਾ ਪਾ ਕੇ ਪੱਕੇ ਪੈਰੀਂ ਨਹੀਂ ਹੋਇਆ ਜਾ ਸਕਦਾ, ਸਰਕਾਰ ਨੂੰ ਆਪਣੀ ਕਾਰਗੁਜ਼ਾਰੀ ਸਾਬਤ ਕਰਨੀ ਪਵੇਗੀ। ਨਵੀਂ ਸਰਕਾਰ 'ਤੇ ਵਧੀਆ ਕਾਰਗੁਜ਼ਾਰੀ ਦਾ ਦਬਾਅ ਸਗੋਂ ਪਹਿਲੀਆਂ ਸਾਰੀਆਂ ਸਰਕਾਰਾਂ ਤੋਂ ਕਿਤੇ ਵੱਧ ਹੈ। ਕਿਸਾਨ ਅੰਦੋਲਨ ਕਾਰਨ ਪੰਜਾਬ ਦੇ ਲੋਕਾਂ ਅੰਦਰ ਚੇਤਨਾ ਵੀ ਵਧੀ ਹੈ ਅਤੇ ਉਹ ਸਰਕਾਰ ਤੋਂ ਵੱਡੀਆਂ ਆਸਾਂ ਲਾਈ ਬੈਠੇ ਹਨ। ਸਰਕਾਰ ਦੀ ਮਾੜੀ ਕਾਰਗੁਜ਼ਾਰੀ ਆਮ ਆਦਮੀ ਪਾਰਟੀ ਅਤੇ ਸਰਕਾਰ ਲਈ ਤਿੱਖੇ ਵਿਰੋਧ ਦਾ ਜ਼ਰੀਆ ਬਣ ਸਕਦੀ ਹੈ। ਪੰਜਾਬ ਦਾ ਮੁੱਖ ਮਸਲਾ ਇਹ ਹੈ ਕਿ ਸੂਬੇ ਨਾਲ ਜੁੜੇ ਵੱਖ-ਵੱਖ ਮਸਲਿਆਂ ਦਾ ਹੱਲ ਕੱਢਿਆ ਜਾਵੇ। ਇਸ ਵਕਤ ਸੂਬਾ ਚਾਰ-ਚੁਫੇਰਿਓਂ ਸੰਕਟ ਨਾਲ ਜੂਝ ਰਿਹਾ ਹੈ। ਸਿੱਖਿਆ ਅਤੇ ਸਿਹਤ ਵਰਗੇ ਖੇਤਰ ਵੱਡੇ ਪੱਧਰ 'ਤੇ ਸੁਧਾਰ ਦੀ ਮੰਗ ਕਰ ਰਹੇ ਹਨ। ਖੇਤੀ ਸੰਕਟ ਮੂੰਹ ਅੱਡੀ ਖੜ੍ਹਾ ਹੈ। ਇਨ੍ਹਾਂ ਮਸਲਿਆਂ ਨੂੰ ਨਜਿੱਠੇ ਬਗੈਰ ਸਿਆਸੀ ਪਿੜ ਵਿਚ ਪੈਂਠ ਪਾ ਸਕਣਾ ਔਖਾ ਹੀ ਨਹੀਂ, ਨਾਮੁਮਕਿਨ ਵੀ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### *ਸਿੰਘਾਂ ਦੀ ਸਲਾਹ!*

ਅੱਖਾਂ ਖੋਲ੍ਹ ਕੇ ਜ਼ਰਾ ਹੁਣ ਸੁਰਤ ਕਰ ਲੈ, ਇਕੋ ਟੱਬਰ ਦੇ ਮੋਹ ਵਿਚ ਲੇਟੀ ਏਨੀਂ।
'ਖੇੜੇ' ਮਾਲਕ ਹੁਣ ਖੜ੍ਹੇ ਉਡੀਕਦੇ ਐ, ਬੋਲ 'ਰਾਂਝੇ ਦੀਏ ਹੀਰ' ਸਲੇਟੀਏ ਨੀਂ।
ਵਕਤ ਆ ਗਿਆ ਅੱਗਾ ਸਵਾਰਨੇ ਦਾ, ਪਹਿਲੇ 'ਕਾਰਿਆਂ' ਤਾਈਂ ਸਮੇਟੀਏ ਨੀਂ।
ਘਰੇ ਭੇਜਦੇ 'ਵੱਡਿਆਂ ਦੋਸ਼ੀਆਂ' ਨੂੰ, ਜੀ-ਹਜ਼ੂਰੀਏ ਮਾਫੀ ਲਈ ਭੇਟੀਏ ਨੀਂ।
ਪੈਰੀਂ ਪੰਥ ਦੇ ਡਿੱਗ ਬਖਸ਼ਾਉਣ ਭੁੱਲਾਂ, 'ਲੱਲੇ-ਭੱਬੇ' ਨਾ ਲਾਈਂ ਅ.ਲਸੇਟੀਏ ਨੀਂ।
'ਸਿੰਘਾਂ ਵਾ.ਲਾ' ਕੋਈ ਕੰਮ ਅਖੀਰ ਕਰ ਲੈ, ਬਾਦਲ ਦਲ ਦੀਏ 'ਕੋਰ ਕਮੇਟੀਏ' ਨੀਂ!

# ਪੰਜਾਬ 'ਚ ਪਨਪੇ ਗੈਂਗਸਟਰ ਵਰਤਾਰੇ ਦੀਆਂ ਪਰਤਾਂ

***ਪਿਛਲੇ ਕੁਝ ਸਮੇਂ ਤੋਂ ਗੈਂਗਸਟਰਾਂ ਨੂੰ ਫਿਲਮਾਂ, ਗੀਤਾਂ, ਕਹਾਣੀਆਂ ਵਿਚ ਹੀਰੋ ਬਣਾ ਕੇ ਪੇਸ਼ ਕਰਨ ਦਾ ਰੁਝਾਨ ਲਗਾਤਾਰ ਚੱਲ ਰਿਹਾ ਹੈ। ਕਈ ਮੀਡੀਆ ਅਦਾਰੇ ਆਪਣੀ ਟੀ.ਆਰ.ਪੀ./ਵਿਊ/ਲਾਈਕ ਵਧਾਉਣ ਲਈ ਗੈਂਗਸਟਰਾਂ ਨੂੰ 'ਹੀਰੋ' ਵਾਂਗ ਦਰਸਾਉਂਦੇ ਹਨ ਜਿਸ ਦਾ ਅੱਲ੍ਹੜ ਉਮਰ ਦੇ ਨੌਜਵਾਨਾਂ 'ਤੇ ਬਹੁਤ ਜ਼ਿਆਦਾ ਗਹਿਰਾ ਪ੍ਰਭਾਵ ਪੈਂਦਾ ਹੈ ਤੇ ਉਹ ਦਿੱਤੇ ਹੋਏ ਹਾਲਾਤ ਵਿਚ ਗੈਂਗਸਟਰਾਂ ਪ੍ਰਤੀ ਉਲਾਰ ਹੁੰਦੇ ਹੋਏ ਇਹਨਾਂ ਦੇ ਗੇੜ ਵਿਚ ਫਸ ਜਾਂਦੇ ਹਨ।***

ਪੰਜਾਬ ਦੇ ਚਰਚਿਤ ਗਾਇਕ ਸ਼ੁੱਭਦੀਪ ਸਿੰਘ ਉਰਫ ਸਿੱਧੂ ਮੂਸੇਵਾਲਾ ਦੇ ਦਿਨ ਦਿਹਾੜੇ ਹੋਏ ਕਤਲ ਨੇ ਇੱਕ ਵਾਰ ਫਿਰ ਪੰਜਾਬ ਵਿਚ ਗੈਂਗਸਟਰ ਵਰਤਾਰਾ ਚਰਚਾ ਦਾ ਮੁੱਖ ਵਿਸ਼ਾ ਬਣਾ ਦਿੱਤਾ ਹੈ। ਸਿੱਧੂ ਮੂਸੇਵਾਲਾ ਦਾ ਕਤਲ ਬਹੁਤ ਮੰਦਭਾਗੀ ਘਟਨਾ ਹੈ ਜਿਸ ਨੇ ਸਰਕਾਰ ਅਤੇ ਇਸ ਦੇ ਖੁਫੀਆ ਤੰਤਰ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ। ਜਦ ਪੰਜਾਬ ਪੁਲਿਸ ਨੇ ਗੈਂਗਸਟਰ ਵਿੱਕੀ ਗੌਂਡਰ ਨੂੰ ਕਥਿਤ ਪੁਲਿਸ ਮੁਕਾਬਲੇ ਵਿਚ ਮਾਰ ਮੁਕਾਇਆ ਸੀ ਤਾਂ ਉਸ ਸਮੇਂ ਵੀ ਗੈਂਗਸਟਰ

**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਵਰਤਾਰਾ ਚਰਚਾ ਦਾ ਵਿਸ਼ਾ ਬਣਿਆ ਸੀ ਤੇ ਬਹੁਤ ਸਾਰੇ ਲੋਕਾਂ ਨੂੰ ਲੱਗਦਾ ਸੀ ਕਿ ਇਸ ਤਰ੍ਹਾਂ ਮਾਰਨ ਨਾਲ ਗੈਂਗਸਟਰ ਡਰਨਗੇ ਪਰ ਉਸ ਸਮੇਂ ਵੀ ਜਮਹੂਰੀ ਹਲਕਿਆਂ ਨੇ ਕਿਹਾ ਸੀ ਕਿ ਸਜ਼ਾ ਦੇਣ ਨਾਲ ਜੁਰਮ ਖਤਮ ਨਹੀਂ ਕੀਤੇ ਜਾ ਸਕਦੇ ਤੇ ਜਦ ਤੱਕ ਉਹ ਹਾਲਾਤ ਬਰਕਰਾਰ ਹਨ ਜਿਨ੍ਹਾਂ ਹਾਲਾਤ ਵਿਚ ਨੌਜਵਾਨ ਗੈਂਗਸਟਰ ਬਣਨ ਵੱਲ ਵਧਦੇ ਹਨ, ਤਦ ਤੱਕ ਇਹ ਵਰਤਾਰਾ ਠੱਲ੍ਹਿਆ ਨਹੀਂ ਜਾ ਸਕਦਾ ਹੈ। ਸੱਚਾਈ ਸਭ ਦੇ ਸਾਹਮਣੇ ਹੈ ਕਿ ਅੱਜ ਜਦ ਅਸੀਂ ਅਜਿਹੇ ਰਾਜ ਵਿਚ ਜੀਅ ਰਹੇ ਹਾਂ ਜਿੱਥੇ ਥਾਂ-ਥਾਂ ਥਾਣੇ ਹਨ, ਖੁਫੀਆ ਏਜੰਸੀਆਂ ਦਾ ਵੱਡਾ ਤਾਣਾ-ਬਾਣਾ ਹੈ ਤੇ ਕਈ ਤਰ੍ਹਾਂ ਦੀਆਂ ਪੈਰਾ-ਮਿਲਟਰੀ ਫੋਰਸਾਂ ਤਾਇਨਾਤ ਰਹਿੰਦੀਆਂ ਹਨ ਤਾਂ ਅਜਿਹੇ ਵਿਚ ਚਰਚਿਤ ਚਿਹਰੇ ਦਾ ਦਿਨ ਦਿਹਾੜੇ ਕਤਲ ਕਰਕੇ ਦੋਸ਼ੀਆਂ ਦਾ ਬਚ ਨਿਕਲਣਾ ਸੁਰੱਖਿਆ ਏਜੰਸੀਆਂ ਅਤੇ ਸਰਕਾਰ 'ਤੇ ਅਨੇਕਾਂ ਸਵਾਲ ਖੜ੍ਹੇ ਕਰਦਾ ਹੈ।

ਪਿਛਲੇ ਕੁਝ ਸਮੇਂ ਤੋਂ ਗੈਂਗਸਟਰਾਂ ਨੂੰ ਫਿਲਮਾਂ, ਗੀਤਾਂ, ਕਹਾਣੀਆਂ ਵਿਚ ਹੀਰੋ ਬਣਾ ਕੇ ਪੇਸ਼ ਕਰਨ ਦਾ ਰੁਝਾਨ ਲਗਾਤਾਰ ਚੱਲ ਰਿਹਾ ਹੈ, ਕਈ ਮੀਡੀਆ ਅਦਾਰੇ ਆਪਣੀ ਟੀ.ਆਰ.ਪੀ./ਵਿਊ/ਲਾਈਕ ਵਧਾਉਣ ਦੇ ਚੱਕਰ ਵਿਚ ਗੈਂਗਸਟਰਾਂ ਨੂੰ 'ਹੀਰੋ' ਵਾਂਗ ਦਰਸਾਉਂਦੇ ਹਨ ਜਿਸ ਦਾ ਅੱਲ੍ਹੜ ਉਮਰ ਦੇ ਨੌਜਵਾਨਾਂ 'ਤੇ ਗਹਿਰਾ ਪ੍ਰਭਾਵ ਪੈਂਦਾ ਹੈ ਤੇ ਉਹ ਦਿੱਤੇ ਹੋਏ ਹਾਲਾਤ ਵਿਚ ਗੈਂਗਸਟਰਾਂ ਪ੍ਰਤੀ ਉਲਾਰ ਹੁੰਦੇ ਹੋਏ ਇਹਨਾਂ ਦੇ ਗੇੜ ਵਿਚ ਫਸ ਜਾਂਦੇ ਹਨ।

ਵੈਸੇ ਤਾਂ ਗੈਂਗਸਟਰ ਸ਼ਬਦ ਪੱਛਮੀ ਅਤੇ ਵਿਕਸਤ ਮੁਲਕਾਂ ਦੀ ਦੇਣ ਹੈ, ਪੰਜਾਬ ਵਿਚ ਪਹਿਲਾਂ ਇਸ ਤਰ੍ਹਾਂ ਦੇ ਵਿਅਕਤੀਆਂ ਲਈ ਦਸ ਨੰਬਰੀਆ, ਬਦਮਾਸ਼, ਗੁੰਡਾ ਆਦਿ ਸ਼ਬਦ ਵਰਤਿਆ ਜਾਂਦਾ ਸੀ। ਇੱਕ ਖਾਸ ਖਲਾਅ ਦੀ ਵਜ੍ਹਾ ਕਾਰਨ ਅੱਜ ਦੁਨੀਆ ਵਿਚ ਗੈਂਗਸਟਰ ਤੇ ਗੈਂਗਵਾਰ ਸੁਰਖੀਆਂ ਬਟੋਰ ਰਹੇ ਹਨ। ਪੰਜਾਬ ਦੇ ਗੈਂਗਸਟਰਾਂ ਦੇ ਸਾਰੇ ਕਾਰਨਾਮੇ ਵੀ ਸੰਸਾਰ ਪੱਧਰ 'ਤੇ ਹਰ ਦੇਸ਼ ਵਿਚਲੇ ਗੈਂਗਸਟਰਾਂ ਨਾਲ ਮੋਟੇ ਤੌਰ 'ਤੇ ਦੇਖੀਏ ਤਾਂ ਇੱਕੋ ਜਿਹੇ ਹਨ ਪਰ ਹਕੀਕੀ ਤੌਰ 'ਤੇ ਇਹਨਾਂ ਵਿਚ ਫ਼ਰਕ ਵੀ ਹੈ। ਵਿਕਸਤ ਦੇਸ਼ਾਂ ਵਿਚ ਜ਼ਿਆਦਾਤਰ ਗੈਂਗਸਟਰ ਇਛਾਵਾਂ ਲਈ ਬਣਦੇ ਹਨ ਪਰ ਭਾਰਤ ਵਰਗੇ ਵਿਕਾਸ਼ਸ਼ੀਲ ਦੇਸ਼ਾਂ ਵਿਚ ਜ਼ਿਆਦਾਤਰ ਗੈਂਗਸਟਰ ਲੋੜਾਂ ਤੇ ਹਾਲਾਤ ਵਿਚੋਂ ਪੈਦਾ ਹੁੰਦੇ ਹਨ ਅਤੇ ਫਿਰ 'ਸਰਕਾਰੀ ਤੰਤਰ' ਦੇ ਧੱਕੇ ਚੜ੍ਹ ਜਾਂਦੇ ਹਨ।

ਗਹੁ ਨਾਲ ਤੱਕਿਆ ਜਾਵੇ ਤਾਂ ਜ਼ਿਆਦਾਤਰ ਗੈਂਗਸਟਰਾਂ ਦੀ ਕਹਾਣੀ ਲੱਗਭੱਗ ਇੱਕੋ ਜਿਹੀ ਹੈ ਕਿ ਉਹ ਆਪਣੇ ਸਮੇਂ ਦੇ ਵਧੀਆ ਖਿਡਾਰੀ ਜਾਂ ਤੇਜ਼-ਤਰਾਰ ਨੌਜਵਾਨ ਸਨ ਤੇ ਕਿਸੇ ਨਾ ਕਿਸੇ ਕਾਰਨ ਵੱਡੇ ਰਾਜਨੀਤਕ ਲੀਡਰਾਂ (ਖਾਸਕਰ ਅਕਾਲੀ ਦਲ, ਕਾਂਗਰਸ, ਭਾਜਪਾ) ਦੇ ਧੱਕੇ ਚੜ੍ਹ ਗਏ। ਚੜ੍ਹਦੀ ਜਵਾਨੀ ਵਿਚ ਸੱਤਾ ਧਿਰ ਨਾਲ ਸਬੰਧਿਤ ਵੱਡੇ ਲੀਡਰ ਦਾ ਸਿਰ 'ਤੇ ਹੱਥ ਹੋਣ ਕਾਰਨ ਇਹ ਨੌਜਵਾਨ ਫੋਕੀ ਸ਼ੋਹਰਤ, ਅਖੌਤੀ ਚੌਧਰ ਦਾ ਸ਼ਿਕਾਰ ਹੋ ਕੇ ਪੂਰੀ ਦੁਨੀਆ ਨੂੰ ਟਿੱਚ ਸਮਝਣ ਲੱਗਦੇ ਹਨ ਤੇ ਅੱਗੇ ਜਾ ਕੇ ਤਿੰਨ ਧਿਰੀ ਗੱਠਜੋੜ ਬਣਦਾ ਹੈ ਜਿਸ ਨੂੰ 'ਪੁਲਿਸ-ਸਿਆਸੀ-ਗੁੰਡਾ ਗੱਠਜੋੜ' ਕਿਹਾ ਜਾ ਸਕਦਾ ਹੈ। ਇਹ ਨੌਜਵਾਨ ਗੁਨਾਹ ਕਰਦੇ ਅੱਗੇ ਵਧਦੇ ਹਨ ਤੇ ਨੇਤਾ ਜੀ ਦੇ ਕਹਿਣ 'ਤੇ ਪੁਲਿਸ ਇਹਨਾਂ ਨੂੰ ਕੁਝ ਨਹੀਂ ਕਹਿੰਦੀ ਤੇ ਨੇਤਾ ਜੀ ਇਹਨਾਂ ਨੌਜਵਾਨਾਂ ਨੂੰ ਵੋਟਾਂ ਖਰੀਦਣ, ਵਿਰੋਧੀਆਂ ਨੂੰ ਡਰਾਉਣ ਧਮਕਾਉਣ, ਜ਼ਮੀਨੀ ਕਬਜ਼ੇ ਕਰਨ, ਕਤਲ ਕਰਵਾਉਣ, ਨਸ਼ੇ ਵਰਤਾਉਣ ਲਈ ਵਰਤਦੇ ਹਨ।



ਕਿਸੇ ਵੀ ਪ੍ਰਬੰਧ/ਨਿਜ਼ਾਮ ਤੋਂ 'ਬਾਗੀ' ਹੋਣਾ ਕੋਈ ਮਾੜੀ ਗੱਲ ਨਹੀਂ ਬਲਕਿ ਇਹ ਮਹਾਨਤਾ ਹੈ। ਇਤਿਹਾਸ ਗਵਾਹ ਹੈ ਕਿ ਲੋਕਾਂ ਲਈ ਸੰਘਰਸ਼ ਕਰਦਿਆਂ ਬਾਗੀਆਂ/ਕ੍ਰਾਂਤੀਕਾਰੀਆਂ ਨੇ ਹੁਕਮਰਾਨਾਂ ਨੂੰ 'ਵਖਤ' ਪਾਇਆ ਹੈ, ਤੇ ਪੰਜਾਬ ਦੀ ਸੰਘਰਸ਼ੀ ਧਰਤੀ ਦੇ ਲੋਕਾਂ ਨੇ ਬਾਗੀ ਆਗੂਆਂ ਨੂੰ ਹਮੇਸ਼ਾ ਸਿਰ 'ਤੇ ਬਿਠਾਇਆ ਹੈ ਪਰ ਪਿਛਲੇ ਸਮੇਂ ਤੋਂ ਕੁਝ ਫਿਲਮਕਾਰ, ਗੀਤਕਾਰ, ਗਾਇਕ, ਪੱਤਰਕਾਰ ਸੱਤਾ ਦਾ ਸੰਦ ਬਣਨ ਵਾਲੇ ਗੈਂਗਸਟਰਾਂ ਨੂੰ ਲੋਕਾਂ ਅੱਗੇ ਬਾਗੀ ਬਣਾ ਕੇ ਪੇਸ਼ ਕਰਦੇ ਹਨ ਜਦਕਿ ਹਕੀਕਤ ਇਹ ਹੈ ਕਿ ਇਹ ਅਖੌਤੀ ਗੈਂਗਸਟਰ ਸਰਕਾਰਾਂ/ਨਿਜ਼ਾਮ ਦਾ ਪੁਰਜ਼ਾ ਬਣ ਕੇ ਚੱਲ ਰਹੇ ਹਨ, ਸੱਤਾ ਦੇ ਸੰਦ ਤੇ ਸੱਤਾ ਦੇ ਵਿਰੋਧੀ ਹੋਣ ਵਿਚ ਜ਼ਮੀਨ ਅਸਮਾਨ ਦਾ ਫਰਕ ਹੈ ਜਿਹੜਾ ਲੋਕਾਂ ਲਈ ਸਮਝਣਾ ਜ਼ਰੂਰੀ ਹੈ।

ਹਕੀਕਤ ਤਾਂ ਇਹ ਵੀ ਹੈ ਕਿ ਅਫਸਰਸ਼ਾਹੀ ਦਾ ਵੱਡਾ ਹਿੱਸਾ ਤੇ ਪੁਲਿਸ ਤੰਤਰ ਬੇਰੁਜ਼ਗਾਰ ਨੌਜਵਾਨਾਂ ਨੂੰ ਗੈਂਗਸਟਰ ਬਣਾ ਕੇ ਆਪਣਾ ਉੱਪਰਲਾ ਤੋਰੀ-ਫੁਲਕਾ ਚਾਲੂ ਰੱਖਣਾ ਚਾਹੁੰਦਾ ਹੈ। ਆਮ ਹਾਲਾਤ ਵਿਚ ਸਿਆਸਤਦਾਨ ਤੇ ਪੁਲਿਸ ਤੰਤਰ ਇਹਨਾਂ ਗੈਂਗਸਟਰਾਂ ਨੂੰ ਜੇਲ੍ਹ ਵਿਚ ਵੀ ਸਰਪ੍ਰਸਤੀ ਦਿੰਦਾ ਰਹਿੰਦਾ ਹੈ ਜਿਸ ਦੀ ਤਾਜ਼ਾ ਉਦਹਾਰਨ ਹੈ ਕਿ ਗੈਂਗਸਟਰਾਂ ਵੱਲੋਂ ਜੇਲ੍ਹਾਂ ਵਿਚ ਮੋਬਾਈਲ ਫੋਨ ਵਰਤਣੇ ਹੁਣ ਆਮ ਵਰਤਾਰਾ ਬਣ ਚੁੱਕਾ ਹੈ। ਪੰਜਾਬ ਦੇ ਸਾਬਕਾ ਗ੍ਰਹਿ ਮੰਤਰੀ ਸੁਖਜਿੰਦਰ ਰੰਧਾਵਾ ਨੇ ਖੁਦ ਮੰਨਿਆ ਹੈ ਕਿ 'ਜੇਲ੍ਹਾਂ ਤੋਂ ਗੈਂਗਸਟਰਾਂ ਦਾ ਗੱਠਜੋੜ ਚੱਲ ਰਿਹਾ ਹੈ, ਖੁਫ਼ੀਆ ਏਜੰਸੀਆਂ ਵੀ ਗੈਂਗਸਟਰਾਂ ਨੂੰ ਮੋਬਾਈਲ ਪਹੁੰਚਾ ਰਹੀਆਂ ਹਨ, ਜੇਲ੍ਹ ਵਾਲੇ ਉਨ੍ਹਾਂ ਨੂੰ ਮਿਲ ਕੇ ਮਦਦ ਦਿੰਦੇ ਹਨ।' ਰੰਧਾਵਾ ਦਾ ਕਹਿਣਾ ਹੈ ਕਿ ਉਹਨਾਂ ਜੇਲ੍ਹਾਂ ਵਿਚ ਮੋਬਾਈਲ ਫੋਨ ਦੇਣ ਦਾ ਵਿਰੋਧ ਕੀਤਾ ਸੀ ਪਰ ਏਜੰਸੀਆਂ ਦਾ ਦਾਅਵਾ ਹੈ ਕਿ ਜੇਲ੍ਹ ਵਿਚ ਗੈਂਗਸਟਰਾਂ ਨੂੰ ਫੋਨ ਮੁਹੱਈਆ ਕਰਵਾ ਕੇ ਉਨ੍ਹਾਂ ਤੋਂ ਜਾਣਕਾਰੀ ਮਿਲਦੀ ਹੈ। ਹੁਣ ਇਸ ਗੱਲ ਦਾ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਕਿਸ ਤਰ੍ਹਾਂ ਦੀ ਜਾਣਕਾਰੀ ਮਿਲਦੀ ਹੈ। ਉਹਨਾਂ ਨੂੰ ਫੋਨ ਕਰਕੇ ਏਜੰਸੀਆਂ ਇਹ ਜਾਣਕਾਰੀ ਤਾਂ ਲੈਣੋਂ ਰਹੀਆਂ ਕਿ ਭਾਰਤੀ ਅਰਥਚਾਰਾ ਪੈਰਾਂ ਸਿਰ ਕਿਵੇਂ ਹੋਵੇਗਾ, ਕੋਈ ਯੋਜਨਾ ਦੱਸੋ। ਜੇ ਜੇਲ੍ਹਾਂ ਵਿਚ ਸਰਕਾਰ ਦੇ ਨੱਕ ਥੱਲੇ ਬੈਠ ਕੇ ਇਹ ਗੈਂਗਸਟਰ ਐਂਡਰਾਇਡ ਫੋਨ ਵਰਤਦਿਆਂ ਕਿਸੇ ਨੂੰ ਮਾਰਨ ਦੀ ਯੋਜਨਾ ਘੜ ਸਕਦੇ ਹਨ ਤਾਂ ਸਰਕਾਰ ਲਈ ਇਸ ਤੋਂ ਨਮੋਸ਼ੀ ਦੀ ਗੱਲ ਕੋਈ ਨਹੀਂ ਹੋ ਸਕਦੀ ਹੈ।

ਦਰਅਸਲ ਇਹਨਾਂ ਨੌਜਵਾਨਾਂ ਕੋਲ ਹਥਿਆਰ ਤਾਂ ਸੌਖਿਆਂ ਹੀ ਉਪਲਬਧ ਹੋ ਜਾਂਦੇ ਹਨ ਪਰ ਮੰਤਵ ਰਹਿਤ ਸੋਚ ਅਤੇ ਵਿਚਾਰਧਾਰਾਹੀਣ ਇਹ ਨੌਜਵਾਨ ਫੋਕੀ ਚੌਧਰ ਖਾਤਰ ਆਪਸੀ ਲੜਾਈਆਂ ਵਿਚ ਉਲਝ ਜਾਂਦੇ ਹਨ ਜਾਂ ਉਲਝਾ ਦਿੱਤੇ ਜਾਂਦੇ ਹਨ ਜਿਸ ਦੇ ਸਿੱਟੇ ਵਜੋਂ ਅਨੇਕਾਂ ਘਰਾਂ ਵਿਛ ਸੱਥਰ ਵਿਚ ਰਹੇ ਹਨ। ਪੰਜਾਬ ਵਿਚ ਫੈਲੀ ਅੰਤਾਂ ਦੀ ਬੇਰੁਜ਼ਗਾਰੀ ਤੇ ਨਸ਼ਿਆਂ ਦਾ ਜਾਲ ਗੈਂਗਸਟਰ ਗਰੁੱਪਾਂ ਨੂੰ ਨਵੀਂ ਭਰਤੀ ਮੁਹੱਈਆ ਕਰਨ ਵਿਚ ਵੱਡਾ ਰੋਲ ਅਦਾ ਕਰ ਰਹੇ ਹਨ। ਕਾਂਗਰਸ ਆਪਣੀ ਸਰਕਾਰ ਸਮੇਂ ਨਾ ਤਾਂ 'ਘਰ-ਘਰ ਰੁਜ਼ਗਾਰ' ਵਾਲਾ ਵਾਅਦਾ ਪੂਰਾ ਕਰ ਸਕੀ ਹੈ ਤੇ ਨਾ ਹੀ ਸਹੁੰ ਖਾਣ ਦੇ ਬਾਵਜੂਦ 'ਨਸ਼ਿਆਂ ਦਾ ਲੱਕ' ਤੋੜ ਸਕੀ ਹੈ। ਤਬਦੀਲੀ ਦਾ ਦਾਅਵਾ ਕਰਕੇ ਸੱਤਾ ਹਾਸਲ ਕਰਨ ਵਾਲੀ ਭਗਵੰਤ ਮਾਨ ਸਰਕਾਰ ਵੀ ਬੇਰੁਜ਼ਗਾਰੀ ਤੇ ਨਸ਼ਿਆਂ ਦੇ ਮਾਮਲੇ ਵਿਚ ਅਜੇ ਤੱਕ ਕੋਈ ਠੋਸ ਯੋਜਨਾ ਨਹੀਂ ਉਲੀਕ ਸਕੀ ਜਿਸ ਕਾਰਨ ਅਨਿਸ਼ਚਤਤਾ ਦੇ ਮਾਹੌਲ ਵਿਚ ਨੌਜਵਾਨਾਂ ਦਾ ਇੱਕ ਹਿੱਸਾ ਕੁਰਾਹੇ ਉਲਾਰ ਹੋ ਰਿਹਾ ਹੈ।

ਇਸ ਗੱਲ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਪਿਛਲੇ ਸਮੇਂ ਤੋਂ ਖੇਡਾਂ ਅਤੇ ਫਿਲਮ/ਸੰਗੀਤ ਇੰਡਸਟਰੀ 'ਤੇ ਵੀ ਗੈਂਗਸਟਰਾਂ ਦਾ ਬੋਲਬਾਲਾ ਨਜ਼ਰ ਆ ਰਿਹਾ ਹੈ ਤੇ ਇਹ ਪਤਾ ਲੱਗਾ ਹੈ ਕਿ ਬਹੁਤ ਸਾਰੇ ਗੈਂਗ ਆਪਣਾ ਪੈਸਾ ਵੀ ਇਹਨਾਂ ਖੇਤਰਾਂ ਵਿਚ ਲਗਾ ਰਹੇ ਹਨ।

ਭਗਵੰਤ ਮਾਨ ਸਰਕਾਰ ਵੱਲੋਂ ਹਰ ਆਮ ਵਰਤਾਰੇ ਨੂੰ ਆਪਣੇ ਪੱਖ ਵਿਚ ਵਿਸ਼ੇਸ਼ ਫੈਸਲੇ ਦੇ ਤੌਰ 'ਤੇ ਦਰਸਾਉਣ ਦੀ ਹੋੜ ਲੱਗੀ ਹੋਈ ਹੈ। ਘੱਲੂਘਾਰਾ ਦਿਵਸ ਕਾਰਨ 424 ਵੱਡੇ ਲੀਡਰਾਂ ਦੀ ਸਕਿਓਰਿਟੀ ਘਟਾਉਣ/ਵਾਪਸ ਲੈਣ ਦੀ ਪ੍ਰਕਿਰਿਆ ਨੂੰ ਆਮ ਆਦਮੀ ਪਾਰਟੀ ਤੇ ਸਰਕਾਰ ਨੇ ਆਪਣੇ ਵਿਸ਼ੇਸ਼ ਫੈਸਲੇ ਦੇ ਤੌਰ 'ਤੇ ਪੇਸ਼ ਕੀਤਾ ਅਤੇ ਸ਼ੋਸ਼ਲ ਮੀਡੀਆ 'ਤੇ ਕੁਝ ਘੰਟੇ ਫੋਕੀ ਵਾਹ-ਵਾਹ ਵੀ ਖੱਟੀ। ਇਸ ਲਈ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਸ ਫੋਕੀ ਵਾਹ-ਵਾਹ ਖੱਟਣ ਦੀ ਨੀਤੀ ਨਾਲ ਸਕਿਓਰਿਟੀ ਵਾਪਸ ਲੈਣ ਵਾਲਿਆਂ ਦੀ ਜਾਰੀ ਹੋਈ ਲਿਸਟ ਨਾਲ ਸਿੱਧੂ ਮੂਸੇਵਾਲਾ ਦੇ ਕਾਤਲਾਂ ਨੂੰ ਜਾਣਕਾਰੀ ਮਿਲੀ ਹੋਵੇ। ਭਗਵੰਤ ਮਾਨ ਸਰਕਾਰ ਦੀ ਇਹ ਨਮੋਸ਼ੀ ਹੀ ਸੀ ਕਿ ਸਿੱਧੂ ਮੂਸੇਵਾਲ ਦੇ ਸਸਕਾਰ ਸਮੇਂ 'ਆਪ' ਦਾ ਕੋਈ ਵੀ ਨੁਮਾਇੰਦਾ ਹਾਜ਼ਰ ਨਹੀਂ ਸੀ ਤੇ ਸ਼ੋਸ਼ਲ ਮੀਡੀਆ 'ਤੇ ਹੋ ਰਹੀ ਬਦਖੋਈ ਤੋਂ ਬਾਅਦ ਸ਼ਾਮ ਨੂੰ ਸਥਾਨਕ ਵਿਧਾਇਕ ਘਰ ਪਹੁੰਚਿਆ ਸੀ ਪਰ ਜਿਸ ਦਿਨ ਭਗਵੰਤ ਮਾਨ ਨੇ ਸਿੱਧੂ ਮੂਸੇਵਾਲਾ ਦੇ ਘਰ ਆਉਣਾ ਸੀ, ਉਸ ਦਿਨ ਪੰਜਾਬ ਸਰਕਾਰ ਦੇ ਇਸ਼ਾਰੇ 'ਤੇ ਪੂਰੇ ਪਿੰਡ ਨੂੰ 'ਸੀਲ' ਕੀਤਾ ਗਿਆ। ਪੰਜਾਬ ਦੀ ਰਵਾਇਤ ਅਨੁਸਾਰ ਪਿੰਡ ਦੇ ਜੋ ਲੋਕ ਸਿੱਧੂ ਮੂਸੇਵਾਲਾ ਦੇ ਘਰ ਦੁੱਧ ਫੜਾਉਣ ਪਹੁੰਚੇ, ਉਹਨਾਂ ਨੂੰ ਘਰ ਨਹੀਂ ਵੜਨ ਦਿੱਤਾ ਗਿਆ। ਇੱਥੋਂ ਤੱਕ ਕਿ ਘਰ ਕੰਮ-ਕਾਰ ਲਈ ਆਉਣ ਵਾਲੀਆਂ ਔਰਤਾਂ ਤੇ ਗ੍ਰੰਥੀ ਸਿੰਘ ਨੂੰ ਵੀ ਰੋਕਿਆ ਗਿਆ ਜਿਸ ਦੇ ਰੋਸ ਵਜੋਂ ਪਿੰਡ ਵਾਸੀਆਂ ਨੇ 'ਆਪ' ਨਾਲ ਸਬੰਧਤ ਸਥਾਨਕ ਵਿਧਾਇਕ ਖਿਲਾਫ ਨਾਅਰੇਬਾਜੀ ਕੀਤੀ ਤੇ ਉਸ ਨੂੰ ਪਿੰਡ 'ਚੋਂ ਜਾਣਾ ਪਿਆ, ਉਸ ਦੇ ਜਾਣ ਉਪਰੰਤ ਮੁੱਖ ਮੰਤਰੀ ਜੀ ਭਾਰੀ ਪੁਲਿਸ ਫੋਰਸ ਨਾਲ ਅਫਸੋਸ ਕਰਨ ਮੂਸਾ ਪਿੰਡ ਪਹੁੰਚੇ।

ਜੇ ਕਿਸਾਨਾਂ, ਮਜ਼ਦੂਰਾਂ ਦੇ ਹਿੱਤਾਂ ਲਈ ਸੰਘਰਸ਼ ਕਰਨ ਵਾਲੀਆਂ ਜਥੇਬੰਦੀਆਂ/ਪਾਰਟੀਆਂ ਦੇ ਆਗੂਆਂ ਦੀ ਪੈੜ ਨੱਪਣੀ ਹੋਵੇ ਤਾਂ ਇਹੀ ਖੁਫੀਆਂ ਏਜੰਸੀਆਂ ਸਰਗਰਮ ਰਹਿੰਦੀਆਂ ਹਨ ਤੇ ਕਈ ਵਾਰ ਤਾਂ ਇਹ ਕਹਿ ਕਿ ਗਰੀਬਾਂ ਨੂੰ ਜੇਲ੍ਹ

***(ਬਾਕੀ ਅਗਲੇ ਸਫੇ 'ਤੇ)***

# ਆਰ.ਐਸ.ਐਸ.-ਭਾਜਪਾ ਦੀ ਹਾਲੀਆ ਪਲਟੀ ਦੇ ਮਾਇਨੇ

***ਸਾਲ 2014 ਵਿਚ ਜਦੋਂ ਤੋਂ ਮੋਦੀ ਸਰਕਾਰ ਬਣੀ ਹੈ, ਕੱਟੜਪੰਥੀ ਤਾਕਤਾਂ ਦਾ ਬਹੁਤ ਜ਼ਿਆਦਾ ਉਭਾਰ ਹੋਇਆ ਹੈ। ਸਰਕਾਰੇ-ਦਰਬਾਰੇ ਹਿੰਦੂਤਵੀ ਸਿਆਸਤ ਦੀ ਤੂਤੀ ਬੋਲ ਰਹੀ ਹੈ। ਘੱਟ ਗਿਣਤੀਆਂ, ਖਾਸਕਰ ਮੁਸਲਮਾਨਾਂ ਨੂੰ ਮਿਥ ਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਸੇ ਕਰਕੇ ਸੱਤਾਧਾਰੀ ਭਾਜਪਾ ਨਾਲ ਸਬੰਧਿਤ ਲੋਕ ਹਰ ਮੰਚ ਉਤੇ ਆਪਣੀ ਸਿਆਸਤ ਦੇ ਹੱਕ ਵਿਚ ਅਕਸਰ ਬੁਰਛਾਗਰਦੀ ਕਰਦੇ ਰਹੇ ਹਨ ਪਰ ਪਿਛਲੇ ਦਿਨੀਂ ਪੈਗੰਬਰ ਮੁਹੰਮਦ ਬਾਰੇ ਕੀਤੀਆਂ ਟਿੱਪਣੀਆਂ ਕਾਰਨ ਭਾਜਪਾ ਨੂੰ ਪਿਛਾਂਹ ਮੁੜਨਾ ਪਿਆ ਹੈ। ਇਸ ਸਮੁੱਚੇ ਹਾਲਾਤ ਬਾਰੇ ਚਰਚਾ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।***

ਅੱਜਕੱਲ੍ਹ ਆਰ.ਐਸ.ਐਸ.-ਭਾਜਪਾ ਦੇ ਨਫਰਤ ਭੜਕਾਊ ਸੁਰ ਬਦਲੇ ਬਦਲੇ ਨਜ਼ਰ ਆ ਰਹੇ ਹਨ। ਕੀ ਇਸ ਦਾ ਭਾਵ ਇਹ ਹੈ ਕਿ ਇਨ੍ਹਾਂ ਨੇ ਆਪਣਾ ਪਾਟਕ ਪਾਊ ਰਾਜਨੀਤਕ ਪ੍ਰੋਜੈਕਟ ਤਿਆਗ ਦਿੱਤਾ ਹੈ? ਜਾਂ ਇਸ ਦੇ ਕਾਰਨ ਕੋਈ ਹੋਰ ਹਨ?

ਮਈ 2014 'ਚ ਸੱਤਾ 'ਚ ਆਉਂਦਿਆਂ ਹੀ ਸੰਘ ਨੇ ਹਿੰਦੂ ਰਾਸ਼ਟਰ ਦੇ ਰਾਜਨੀਤਕ ਪ੍ਰੋਜੈਕਟ ਨੂੰ ਅੱਗੇ ਵਧਾਉਣ ਲਈ ਨਫਰਤੀ ਮੁਹਿੰਮ ਨੂੰ ਜ਼ਰਬਾਂ ਦੇ ਦਿੱਤੀਆਂ ਸਨ। ਗਊ ਰੱਖਿਆ, ਲਵ ਜਹਾਦ ਅਤੇ ਹੋਰ ਬਹਾਨੇ ਬਣਾ ਕੇ ਮੁਸਲਮਾਨਾਂ ਦੇ ਹਜੂਮੀ ਕਤਲ ਅਤੇ ਹਿੰਸਾ, ਦਹਿਸ਼ਤੀ ਮੁਹਿੰਮਾਂ ਵਿਚ ਸਰਗਰਮ ਭੂਮਿਕਾ ਨਿਭਾਉਣ ਵਾਲਿਆਂ ਦੀ ਰਾਜਕੀ ਅਤੇ ਰਾਜਸੀ ਪੁਸ਼ਤਪਨਾਹੀ, ਮੁਸਲਮਾਨਾਂ ਤੋਂ ਨਾਗਰਿਕ ਹੱਕ ਖੋਹਣ ਵਾਲਾ ਨਾਗਰਿਕਤਾ ਸੋਧ ਕਾਨੂੰਨ, ਨਮਾਜ਼ ਅਤੇ ਹਿਜਾਬ ਉੱਪਰ ਪਾਬੰਦੀਆਂ, ਮਸਜਿਦਾਂ ਦੀ ਭੰਨਤੋੜ ਅਤੇ ਮੁਸਲਿਮ ਮੁਹੱਲਿਆਂ

**ਬੂਟਾ ਸਿੰਘ ਮਹਿਮੂਦਪੁਰ**
ਫੋਨ: +91-94634-74342

'ਚ ਦਹਿਸ਼ਤਵਾਦੀ ਹਿੰਦੂਤਵੀ ਹਜੂਮਾਂ ਦੀ ਗੁੰਡਾਗਰਦੀ, ਮੁਸਲਮਾਨਾਂ ਦੇ ਕਤਲੇਆਮ ਦੀਆਂ ਧਮਕੀਆਂ, ਮਜ਼ਲੂਮ ਧਿਰ ਨੂੰ ਹੀ ਦੋਸ਼ੀ ਕਰਾਰ ਦੇਣ ਦੀ ਰਾਜਕੀ ਧੌਂਸਬਾਜ਼ੀ, ਮੁਸਲਿਮ ਜਾਇਦਾਦਾਂ ਉੱਪਰ ਸਰਕਾਰੀ ਬੁਲਡੋਜ਼ਰ ਮੁਹਿੰਮ, ਮਸਜਿਦਾਂ ਅਤੇ ਪੁਰਾਤਨ ਇਮਾਰਤਾਂ ਥੱਲੇ 'ਹਿੰਦੂ ਮੰਦਿਰ' ਤੇ 'ਸ਼ਿਵ ਲਿੰਗ' ਲੱਭਣ ਦੀ ਮੁਹਿੰਮ ਆਦਿ ਬੇਸ਼ੁਮਾਰ ਰੂਪਾਂ ਰਾਹੀਂ ਮੁਸਲਿਮ ਭਾਈਚਾਰੇ ਨੂੰ ਦਬਾਇਆ ਅਤੇ ਬੇਗਾਨਗੀ ਦਾ ਅਹਿਸਾਸ ਕਰਾਇਆ ਜਾ ਰਿਹਾ ਹੈ। ਮੁਸਲਿਮ ਔਰਤਾਂ ਧਾਰਮਿਕ ਅਤੇ ਲਿੰਗਕ ਤੌਰ 'ਤੇ ਹਿੰਦੂਤਵਵਾਦੀਆਂ ਦੇ ਖਾਸ ਨਿਸ਼ਾਨੇ 'ਤੇ ਹਨ। ਇਹ ਹਮਲਾ 'ਧਰਮ ਸੰਸਦਾਂ' ਅਤੇ ਹੋਰ ਮੰਚਾਂ ਤੋਂ ਮੁਸਲਿਮ ਔਰਤਾਂ ਦੇ ਸਮੂਹਿਕ ਬਲਾਤਕਾਰਾਂ ਦੀਆਂ ਧਮਕੀਆਂ, ਆਈ.ਟੀ. ਸੈੱਲ ਵੱਲੋਂ 'ਸੁਲੀ ਬਾਈ', 'ਬੁੱਲੀ ਬਾਈ' ਰਾਹੀਂ ਨਾਮਵਰ ਸ਼ਖਸੀਅਤਾਂ ਸਮੇਤ ਮੁਸਲਿਮ ਔਰਤਾਂ ਦੀ ਨਿਲਾਮੀ ਕਰਕੇ ਉਨ੍ਹਾਂ ਨੂੰ ਜ਼ਲੀਲ ਕਰਨ ਦੀਆਂ ਬੇਖੌਫ ਗੈਰ-ਕਾਨੂੰਨੀ ਕਾਰਵਾਈਆਂ ਦੇ ਰੂਪ 'ਚ ਦੇਖਿਆ ਜਾ ਸਕਦਾ ਹੈ। ਨਿਊਜ਼ ਚੈਨਲਾਂ ਦੇ ਪ੍ਰੋਗਰਾਮਾਂ 'ਚ ਮੁਸਲਿਮ ਵਿਰੋਧੀ ਨਫਰਤ ਉੱਘੜਵੇਂ ਰੂਪ 'ਚ ਦੇਖੀ ਜਾ ਸਕਦੀ ਹੈ। ਜਿੱਥੇ ਭਾਜਪਾ ਦੇ ਬੁਲਾਰੇ ਅਤੇ 'ਬੁੱਧੀਜੀਵੀ' ਮੁਸਲਿਮ ਭਾਈਚਾਰੇ ਦੀ ਮੁਲਕ ਪ੍ਰਤੀ ਵਫਾਦਾਰੀ ਉੱਪਰ ਸਵਾਲ ਉਠਾਉਂਦੇ ਅਤੇ ਨਫਰਤ ਭੜਕਾਉਂਦੇ ਅਕਸਰ ਨਜ਼ਰ ਆਉਂਦੇ ਹਨ। ਭਾਜਪਾ ਦੀ ਕੌਮੀ ਤਰਜਮਾਨ ਨੂਪੁਰ ਸ਼ਰਮਾ ਅਤੇ ਨਵੀਨ ਜਿੰਦਲ ਇਸੇ ਵਿਆਪਕ ਤੰਤਰ ਦੇ ਮਹੱਤਵਪੂਰਨ ਪੁਰਜੇ ਹਨ ਜਿਨ੍ਹਾਂ ਦੇ ਬਿਆਨਾਂ ਕਾਰਨ ਪੈਦਾ ਹੋਏ ਗੁੱਸੇ ਤੋਂ ਬਚਣ ਲਈ ਭਾਜਪਾ ਨੂੰ ਉਨ੍ਹਾਂ ਵਿਰੁੱਧ ਕਾਰਵਾਈ ਦਾ ਢੌਂਗ ਰਚਣਾ ਪਿਆ ਅਤੇ ਉਨ੍ਹਾਂ ਨੂੰ 'ਹਾਸ਼ੀਏ ਉੱਪਰਲੇ ਅਨਸਰ' ਕਰਾਰ ਦੇਣਾ ਪਿਆ। ਇਹ ਦਾਅ ਭਾਜਪਾ ਲੀਡਰਸ਼ਿਪ ਉਦੋਂ ਖੇਡਦੀ ਹੈ ਜਦੋਂ ਇਹ ਬੁਰੀ ਤਰ੍ਹਾਂ ਘਿਰ ਜਾਂਦੀ ਹੈ। ਵੈਸੇ ਸੰਘ ਪਰਿਵਾਰ ਦੀਆਂ ਬਹੁਰੂਪੀਆ ਜੀਭਾਂ ਆਪੋ-ਆਪਣਾ ਕੰਮ ਬਾਖੂਬੀ ਕਰਦੀਆਂ ਰਹਿੰਦੀਆਂ ਹਨ।

ਪਿਛਲੇ ਦਿਨੀਂ ਭਾਜਪਾ ਦੀ ਕੌਮੀ ਤਰਜਮਾਨ ਨੂਪੁਰ ਸ਼ਰਮਾ ਅਤੇ ਦਿੱਲੀ ਇਕਾਈ ਦੇ ਮੀਡੀਆ ਮੁਖੀ ਨਵੀਨ ਜਿੰਦਲ ਨੇ ਪੈਗੰਬਰ ਮੁਹੰਮਦ ਸਾਹਿਬ ਵਿਰੁੱਧ ਭੜਕਾਊ ਕੁਮੈਂਟ ਕੀਤੇ। ਨੂਪੁਰ ਦੀ ਟਿੱਪਣੀ ਨੂੰ ਲੈ ਕੇ ਮੁਸਲਿਮ ਭਾਈਚਾਰੇ 'ਚ ਗੁੱਸਾ ਭੜਕ ਉੱਠਿਆ। ਉੱਤਰ ਪ੍ਰਦੇਸ਼ ਦੇ ਕਾਨਪੁਰ 'ਚ ਹਿੰਸਾ ਸ਼ੁਰੂ ਹੋ ਗਈ। ਮਹੰਤ ਆਦਿਤਿਆਨਾਥ ਸਰਕਾਰ ਨੂੰ ਮੁਸਲਮਾਨਾਂ ਨੂੰ ਗ੍ਰਿਫਤਾਰ ਕਰਨ ਅਤੇ ਉਨ੍ਹਾਂ ਦੀਆਂ ਜਾਇਦਾਦਾਂ ਉੱਪਰ ਬੁਲਡੋਜ਼ਰ ਚਲਾਉਣ ਦਾ ਨਵਾਂ ਬਹਾਨਾ ਮਿਲ ਗਿਆ। ਉੱਧਰ



ਨੂਪੁਰ ਸ਼ਰਮਾ

*ਭਾਜਪਾ ਦੀ ਕੌਮੀ ਤਰਜਮਾਨ ਨੂਪੁਰ ਸ਼ਰਮਾ ਅਤੇ ਦਿੱਲੀ ਇਕਾਈ ਦੇ ਮੀਡੀਆ ਮੁਖੀ ਨਵੀਨ ਜਿੰਦਲ ਨੇ ਪੈਗੰਬਰ ਮੁਹੰਮਦ ਸਾਹਿਬ ਵਿਰੁੱਧ ਭੜਕਾਊ ਕੁਮੈਂਟ ਕੀਤੇ। ਨੂਪੁਰ ਦੀ ਟਿੱਪਣੀ ਨੂੰ ਲੈ ਕੇ ਮੁਸਲਿਮ ਭਾਈਚਾਰੇ 'ਚ ਗੁੱਸਾ ਭੜਕ ਉੱਠਿਆ। ਉੱਤਰ ਪ੍ਰਦੇਸ਼ ਦੇ ਕਾਨਪੁਰ 'ਚ ਹਿੰਸਾ ਸ਼ੁਰੂ ਹੋ ਗਈ। ਮਹੰਤ ਆਦਿਤਿਆਨਾਥ ਸਰਕਾਰ ਨੂੰ ਮੁਸਲਮਾਨਾਂ ਨੂੰ ਗ੍ਰਿਫਤਾਰ ਕਰਨ ਅਤੇ ਉਨ੍ਹਾਂ ਦੀਆਂ ਜਾਇਦਾਦਾਂ ਉੱਪਰ ਬੁਲਡੋਜ਼ਰ ਚਲਾਉਣ ਦਾ ਨਵਾਂ ਬਹਾਨਾ ਮਿਲ ਗਿਆ। ਉੱਧਰ ਪੱਛਮੀ ਏਸ਼ਿਆਈ ਮੁਸਲਿਮ ਮੁਲਕਾਂ ਨੇ ਟਿੱਪਣੀ ਦਾ ਗੰਭੀਰ ਨੋਟਿਸ ਲੈਂਦਿਆਂ ਭਾਰਤ ਸਰਕਾਰ ਉੱਪਰ ਕੂਟਨੀਤਕ ਦਬਾਓ ਪਾਉਣਾ ਸ਼ੁਰੂ ਕਰ ਦਿੱਤਾ।*



ਨਵੀਨ ਜਿੰਦਲ

ਪੱਛਮੀ ਏਸ਼ਿਆਈ ਮੁਸਲਿਮ ਮੁਲਕਾਂ ਨੇ ਟਿੱਪਣੀ ਦਾ ਗੰਭੀਰ ਨੋਟਿਸ ਲੈਂਦਿਆਂ ਭਾਰਤ ਸਰਕਾਰ ਉੱਪਰ ਕੂਟਨੀਤਕ ਦਬਾਓ ਪਾਉਣਾ ਸ਼ੁਰੂ ਕਰ ਦਿੱਤਾ। ਅੰਤਰ-ਸਰਕਾਰੀ ਜਥੇਬੰਦੀ ਓ.ਆਈ.ਸੀ. ਜਿਸ ਦੇ 57 ਮੁਲਕ ਮੈਂਬਰ ਹਨ, ਨੇ ਭਾਜਪਾ ਦੇ ਬੁਲਾਰਿਆਂ ਵੱਲੋਂ ਪੈਗੰਬਰ ਮੁਹੰਮਦ ਬਾਰੇ ਅੱਪਸ਼ਬਦ ਬੋਲਣ ਦੀ ਸਖਤ ਸ਼ਬਦਾਂ 'ਚ ਨਿਖੇਧੀ ਕਰਦਿਆਂ ਇਸ ਨੂੰ 'ਭਾਰਤ ਵਿਚ ਇਸਲਾਮ ਪ੍ਰਤੀ ਵਧ ਰਹੀ ਨਫਰਤ ਅਤੇ ਅਪਮਾਨਿਤ ਕਰਨ ਵਾਲੀ ਬੋਲਬਾਣੀ ਵਜੋਂ ਲਿਆ।' ਓ.ਆਈ.ਸੀ. ਨੇ ਸੰਯੁਕਤ ਰਾਸ਼ਟਰ ਤੋਂ ਭਾਰਤ ਵਿਚ ਮੁਸਲਮਾਨਾਂ ਉੱਪਰ ਹਮਲਿਆਂ ਦੇ ਮੁੱਦੇ 'ਚ ਦਖਲ ਦੇਣ ਦੀ ਮੰਗ ਵੀ ਕੀਤੀ ਹੈ।

ਹੁਣ ਤੱਕ ਛੇ ਮੁਲਕਾਂ ਨੇ ਭਾਰਤੀ ਸਫੀਰਾਂ ਨੂੰ ਬੁਲਾ ਕੇ ਇਸ ਬਾਰੇ ਆਪਣੇ ਲਿਖਤੀ ਇਤਰਾਜ਼ ਦਰਜ ਕਰਾਏ ਹਨ। ਕੁਵੈਤ ਨੇ ਸਾਫ ਕਿਹਾ ਹੈ ਕਿ ਭਾਰਤ ਸਰਕਾਰ ਇਨ੍ਹਾਂ ਇਸਲਾਮ ਵਿਰੋਧੀ ਬਿਆਨਾਂ ਲਈ ਜਨਤਕ ਤੌਰ 'ਤੇ ਮੁਆਫੀ ਮੰਗੇ। ਇਰਾਨ ਦਾ ਵਿਦੇਸ਼ ਮੰਤਰੀ ਅਗਲੇ ਹਫਤੇ ਭਾਰਤ ਦੀ ਫੇਰੀ 'ਤੇ ਆ ਰਿਹਾ ਹੈ, ਉਸ ਦੀ ਆਮਦ ਤੋਂ ਪਹਿਲਾਂ ਇਰਾਨ ਦੇ ਵਿਦੇਸ਼ ਮੰਤਰਾਲੇ ਵੱਲੋਂ ਭਾਰਤੀ ਸਫੀਰ ਦੀ ਜਵਾਬ ਤਲਬੀ ਨੇ ਮੋਦੀ ਹਕੂਮਤ ਦੀਆਂ ਪ੍ਰੇਸ਼ਾਨੀਆਂ ਵਧਾ ਦਿੱਤੀਆਂ ਹਨ। ਪਾਕਿਸਤਾਨ ਸਰਕਾਰ ਨੇ ਜਿੱਥੇ ਇਸ ਨੂੰ 'ਮੁਸਲਮਾਨਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ' ਟਿੱਪਣੀ ਕਰਾਰ ਦਿੱਤਾ ਹੈ ਉੱਥੇ ਭਾਰਤ ਸਰਕਾਰ ਵੱਲੋਂ ਦੇਰੀ ਨਾਲ ਕੀਤੀ ਕਾਰਵਾਈ ਦੀ ਵੀ ਤਿੱਖੀ ਆਲੋਚਨਾ ਕੀਤੀ ਹੈ। ਓਮਾਨ ਦੀ ਸਲਤਨਤ ਦੇ ਗਰੈਂਡ ਮੁਫਤੀ ਨੇ ਇਸ ਨੂੰ 'ਧਰਤੀ ਦੇ ਪੂਰਬ ਅਤੇ ਪੱਛਮ ਦੇ ਹਰ ਮੁਸਲਮਾਨ ਵਿਰੁੱਧ ਯੁੱਧ' ਕਰਾਰ ਦਿੱਤਾ ਹੈ। ਆਉਣ ਵਾਲੇ ਦਿਨਾਂ 'ਚ ਹੋਰ ਮੁਲਕ ਵੀ ਐਸਾ ਰੁਖ ਅਖਤਿਆਰ ਕਰ ਸਕਦੇ ਹਨ।

ਜਿਸ ਸੋਸ਼ਲ ਮੀਡੀਆ ਦੀ ਵਰਤੋਂ ਕਰਕੇ ਭਗਵਾਂ ਆਈ.ਟੀ. ਸੈੱਲ ਮੁਸਲਮਾਨਾਂ ਵਿਰੁੱਧ ਨਫਰਤ ਫੈਲਾਉਂਦਾ ਹੈ, ਉਹੀ ਸੋਸ਼ਲ ਮੀਡੀਆ ਇਸ ਮੁੱਦੇ ਉੱਪਰ ਭਗਵੇਂ ਕੈਂਪ ਲਈ ਪ੍ਰੇਸ਼ਾਨੀ ਦਾ ਕਾਰਨ ਬਣ ਗਿਆ। ਭਾਜਪਾ ਦੇ ਬੁਲਾਰਿਆਂ ਦੀਆਂ ਟਿੱਪਣੀਆਂ ਸੋਸ਼ਲ ਮੀਡੀਆ ਰਾਹੀਂ ਮੁਸਲਿਮ ਮੁਲਕਾਂ ਦੇ ਅਵਾਮ ਤੱਕ ਪਹੁੰਚ ਗਈਆਂ ਹਨ। ਕੌਮਾਂਤਰੀ ਮੁਸਲਿਮ ਭਾਈਚਾਰੇ ਨੇ ਇਨ੍ਹਾਂ ਟਿੱਪਣੀਆਂ ਨੂੰ ਇਸਲਾਮ ਉੱਪਰ ਹਮਲੇ ਦੇ ਰੂਪ 'ਚ ਲਿਆ ਹੈ। ਉਨ੍ਹਾਂ ਮੁਲਕਾਂ ਦੇ ਆਮ ਲੋਕਾਂ ਨੇ ਭਾਰਤੀ ਵਸਤਾਂ ਦੇ ਬਾਈਕਾਟ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ ਹੈ। ਰਿਪੋਰਟਾਂ ਦੱਸਦੀਆਂ ਹਨ ਕਿ ਸਾਊਦੀ ਅਰਬ, ਕੁਵੈਤ ਅਤੇ ਬਹਿਰੀਨ ਦੀਆਂ ਸੁਪਰ ਮਾਰਕੀਟਾਂ ਨੇ ਭਾਰਤੀ ਸਮਾਨ ਹਟਾ ਦਿੱਤਾ ਹੈ। ਸ਼ੋਅਰੂਮਾਂ 'ਚ ਭਾਰਤੀ ਸਮਾਨ ਨੂੰ ਪਰਦਿਆਂ ਨਾਲ ਢਕ ਦਿੱਤਾ ਗਿਆ ਹੈ ਅਤੇ ਉਨ੍ਹਾਂ ਉੱਪਰ ਭਾਰਤ ਦਾ ਬਾਈਕਾਟ ਕਰਨ ਦੇ ਨਾਅਰੇ ਲਿਖੇ ਹੋਏ ਮਿਲਦੇ ਹਨ।

ਬੇਸ਼ੱਕ ਦੁਨੀਆ ਭਰ 'ਚ ਆਰ.ਐਸ.ਐਸ.-ਭਾਜਪਾ ਨੂੰ ਕਈ ਵਾਰ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਪਰ ਇਨ੍ਹਾਂ ਨੇ ਕਦੇ ਵੀ ਆਪਣੇ ਬੁਲਾਰਿਆਂ ਅਤੇ ਆਈ.ਟੀ. ਸੈੱਲ ਨੂੰ ਅਜਿਹਾ ਕਰਨ ਤੋਂ ਨਹੀਂ ਵਰਜਿਆ ਸਗੋਂ 'ਪ੍ਰਧਾਨ ਸੇਵਕ' ਦੀ ਸੋਚੀ-ਸਮਝੀ ਖਾਮੋਸ਼ੀ ਅਤੇ ਭਾਜਪਾ ਹਕੂਮਤ ਦੀ ਸ਼ਹਿ ਨੇ ਹੁਕਮਰਾਨ ਧਿਰ ਦੀ ਮਿਲੀਭੁਗਤ ਹੀ ਉਜਾਗਰ ਕੀਤੀ। ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਮੁਸਲਿਮ ਭਾਈਚਾਰੇ ਦੇ ਰੋਸ ਨੂੰ ਕੁਚਲਣ ਲਈ ਭਾਜਪਾ ਦੇ ਆਗੂ ਰਾਜਧਾਨੀ ਦਿੱਲੀ ਅਤੇ ਹੋਰ ਥਾਵਾਂ ਉੱਪਰ 'ਦੇਸ਼ ਕੇ ਗਦਾਰੋਂ ਕੋ, ਗੋਲੀ ਮਾਰੋ ਸਾਲੋਂ ਕੋ' ਨਾਅਰੇ ਲਾਉਂਦਿਆਂ ਹਿੰਸਕ ਹਜੂਮਾਂ ਦੀ ਅਗਵਾਈ ਕਰਦੇ ਰਹੇ। ਦੁਨੀਆ ਭਰ 'ਚ ਬਹੁਤ ਭੰਡੀ ਹੋਈ ਪਰ ਹਿੰਦੂਤਵਵਾਦੀ ਮੁਸਲਿਮ ਘੱਟਗਿਣਤੀ ਵਿਰੁੱਧ ਨਫਰਤ ਭੜਕਾਉਣ ਤੋਂ ਬਾਜ ਨਹੀਂ ਆਏ। ਇਹ ਭਾਰਤ ਦੇ ਵੀਹ ਕਰੋੜ ਮੁਸਲਮਾਨਾਂ, ਹੋਰ ਘੱਟਗਿਣਤੀਆਂ ਅਤੇ ਇਨਸਾਫਪਸੰਦ ਤਾਕਤਾਂ ਦੇ ਵਿਰੋਧ ਨੂੰ ਟਿੱਚ ਸਮਝਦੇ ਹਨ ਪਰ ਹਿੰਦੂ ਹੰਕਾਰੀ ਹਕੂਮਤ ਲਈ ਮੁਸ਼ਕਿਲ ਇਹ ਹੈ ਕਿ ਇਹ ਮੁਸਲਮਾਨ ਮੁਲਕਾਂ 'ਚ ਪੈਦਾ ਹੋਈ ਗੁੱਸੇ ਦੀ ਲਹਿਰ ਅਤੇ ਸੰਸਾਰ ਤਾਕਤਾਂ ਦੀ ਘੁਰਕੀ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦੀ।

ਆਰ.ਐਸ.ਐਸ. ਮੁਖੀ ਦੇ ਹਾਲੀਆ ਪਲਟੀ ਮਾਰਨ ਦੀ ਮੁੱਖ ਵਜ੍ਹਾ ਅਮਰੀਕੀ ਕਾਂਗਰਸ ਵੱਲੋਂ ਬਣਾਏ ਕਮਿਸ਼ਨ ਦੀ ਰਿਪੋਰਟ ਹੈ। 22 ਮਈ ਨੂੰ ਅਮਰੀਕੀ ਸਰਕਾਰ ਅੱਗੇ ਪੇਸ਼ ਕੀਤੀ ਰਿਪੋਰਟ ਵਿਚ ਸਿਫਾਰਸ਼ ਕੀਤੀ ਗਈ ਹੈ ਕਿ ਭਾਰਤ ਵਿਚ ਧਾਰਮਿਕ ਸੁਤੰਤਰਤਾ ਸਬੰਧੀ ਕੌਮਾਂਤਰੀ ਤੌਰ 'ਤੇ ਨਿਰਧਾਰਤ ਕੀਤੇ ਮਾਪਦੰਡਾਂ ਦੀ ਘੋਰ ਉਲੰਘਣਾ ਕੀਤੀ ਜਾ ਰਹੀ ਹੈ। ਇਸ ਲਈ ਭਾਰਤ, ਪਾਕਿਸਤਾਨ ਅਤੇ ਅਫਗਾਨਿਸਤਾਨ ਸਮੇਤ 11 ਮੁਲਕਾਂ ਨੂੰ ਉਸ ਸੂਚੀ ਵਿਚ ਸ਼ਾਮਿਲ ਕੀਤਾ ਜਾਵੇ ਜਿੱਥੇ ਧਾਰਮਿਕ ਆਜ਼ਾਦੀ ਦੀ ਸਥਿਤੀ ਚਿੰਤਾਜਨਕ ਹੈ। ਭਾਰਤ ਨੂੰ ਧਾਰਮਿਕ ਸੁਤੰਤਰਤਾ ਦਾ ਘੋਰ ਘਾਣ ਕਰਨ ਵਾਲੇ ਦੋਸ਼ੀ ਵਜੋਂ ਨਾਮਜ਼ਦ ਕਰਨ ਅਤੇ ਇਸ ਲਈ ਜ਼ਿੰਮੇਵਾਰ ਵਿਅਕਤੀਆਂ ਅਤੇ ਸੰਸਥਾਵਾਂ ਉੱਪਰ ਪਾਬੰਦੀਆਂ ਲਾਉਣ ਅਤੇ ਉਨ੍ਹਾਂ ਦੀਆਂ ਜਾਇਦਾਦਾਂ ਜ਼ਬਤ ਕਰਨ ਦੀ ਸਿਫਾਰਸ਼ ਕੌਮਾਂਤਰੀ ਤੌਰ 'ਤੇ ਆਰ.ਐਸ.ਐਸ.-ਭਾਜਪਾ ਲਈ ਵੱਡੀ ਪਛਾੜ ਹੈ। ਇਸ ਵਾਰ ਮੋਦੀ ਵਜ਼ਾਰਤ ਦਾ ਹਕੀਕਤ ਤੋਂ ਮੁੱਕਰਨ ਅਤੇ ਕੌਮਾਂਤਰੀ ਰਿਪੋਰਟਾਂ ਨੂੰ ਝੂਠੀਆਂ ਕਰਾਰ ਦੇਣ ਦਾ ਬ੍ਰਹਮ-ਅਸਤਰ ਵੀ ਕੰਮ ਨਹੀਂ ਆਇਆ ਸਗੋਂ ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਬਿਆਨ ਦੇ ਕੇ ਧਾਰਮਿਕ ਘੱਟਗਿਣਤੀਆਂ ਵਿਰੁੱਧ ਸੰਘ ਪਰਿਵਾਰ ਦੀ ਹਿੰਸਕ ਮੁਹਿੰਮ ਬਾਰੇ ਰਿਪੋਰਟ ਦੀ ਪ੍ਰਮਾਣਿਕਤਾ ਉੱਪਰ ਮੋਹਰ ਲਗਾ ਦਿੱਤੀ। ਅਮਰੀਕੀ ਹਕੂਮਤ ਦੇ ਰੁਖ ਕਾਰਨ ਸੰਘ ਦੇ ਤਾਣੇ-ਬਾਣੇ ਲਈ ਮੁਸ਼ਕਿਲਾਂ ਖੜ੍ਹੀਆਂ ਹੋ ਸਕਦੀਆਂ ਹਨ। ਇਸ ਪਿੱਛੇ ਅਮਰੀਕੀ ਹਕੂਮਤ ਦਾ ਮਨੋਰਥ ਕੁਝ ਵੀ ਹੋਵੇ, ਇਸ ਨੇ ਘੱਟੋ-ਘੱਟ ਹਾਲ ਦੀ ਘੜੀ ਸੰਘ ਬ੍ਰਿਗੇਡ ਨੂੰ ਆਪਣੇ ਸੁਰ ਬਦਲਣ ਲਈ ਮਜਬੂਰ ਕਰ ਦਿੱਤਾ ਹੈ।

ਖਾੜੀ ਸਹਿਯੋਗ ਕੌਂਸਲ (ਜੀ.ਸੀ.ਸੀ.) ਦੇ ਮੈਂਬਰ ਛੇ ਮੁਲਕਾਂ 'ਚ ਭਾਰਤ ਦੇ ਕਾਰੋਬਾਰੀ ਹਿਤ ਹਨ ਅਤੇ ਇਨ੍ਹਾਂ ਨਾਲ 87 ਅਰਬ ਡਾਲਰ ਦਾ ਕਾਰੋਬਾਰ ਹੈ। ਉੱਥੇ ਪਰਵਾਸੀ ਭਾਰਤੀ ਕਾਮੇ ਵੀ ਬਹੁਤ ਵੱਡੀ ਗਿਣਤੀ ਹਨ ਜੋ ਭਾਰਤ ਲਈ ਵਿਦੇਸ਼ੀ ਕਰੰਸੀ ਦਾ ਮਹੱਤਵਪੂਰਨ ਵਸੀਲਾ ਹਨ। ਘੱਟੋ-ਘੱਟ ਤਿੰਨ ਪੱਛਮੀ ਏਸ਼ਿਆਈ ਮੁਲਕਾਂ 'ਚ ਭਾਰਤੀ ਕਾਮੇ ਸਥਾਨਕ ਲੋਕਾਂ ਤੋਂ ਵੀ ਜ਼ਿਆਦਾ ਤਾਦਾਦ 'ਚ ਹਨ। ਖਾੜੀ ਮੁਲਕ ਭਾਰਤੀ ਵਸਤਾਂ ਦੀ ਮਹੱਤਵਪੂਰਨ ਮੰਡੀ ਹੋਣ ਕਾਰਨ ਬਾਈਕਾਟ ਦੀ ਮੰਗ ਬਰਾਮਦ ਕਾਰੋਬਾਰ ਲਈ ਵੱਡੀਆਂ ਮੁਸ਼ਕਿਲਾਂ ਪੈਦਾ ਕਰ ਸਕਦੀ ਹੈ। ਭਾਰਤ ਨੇ ਇੱਥੇ ਕਾਰੋਬਾਰਾਂ 'ਚ ਸਰਮਾਇਆ ਵੀ ਨਿਵੇਸ਼ ਕੀਤਾ ਹੋਇਆ ਹੈ। ਭਾਰਤ ਕਾਫੀ ਮਾਤਰਾ 'ਚ ਤੇਲ ਵੀ ਇਸੇ ਖੇਤਰ ਤੋਂ ਲੈ ਰਿਹਾ ਹੈ। ਰੂਸ-ਯੂਕਰੇਨ ਜੰਗ ਕਾਰਨ ਦੁਨੀਆ ਦੇ ਹਾਲਾਤ ਵੀ ਭਾਰਤ ਲਈ ਮੁਸ਼ਕਿਲਾਂ ਵਾਲੇ ਹਨ। ਜੇ ਅਮਰੀਕਾ ਰੂਸ ਵਿਰੁੱਧ ਆਰਥਿਕ ਪਾਬੰਦੀਆਂ ਦੇ ਮਾਮਲੇ 'ਚ ਸਖਤੀ ਦਿਖਾਉਂਦਾ ਹੈ ਤਾਂ ਭਾਰਤ ਨੂੰ ਆਪਣੀ ਊਰਜਾ ਦੀ ਪੂਰਤੀ ਲਈ ਰੂਸ ਦੇ ਬਦਲ ਦੇ ਰੂਪ 'ਚ ਅਰਬ ਮੁਲਕਾਂ ਦਾ ਸਹਾਰਾ ਲੈਣਾ ਪਵੇਗਾ। ਇਉਂ ਇਨ੍ਹਾਂ ਮੁਲਕਾਂ 'ਚ ਭਾਰਤ ਦੇ ਕਾਰੋਬਾਰੀ ਹਿਤ ਹਨ ਅਤੇ ਪਰਵਾਸੀ ਭਾਰਤੀ ਕਿਰਤੀਆਂ ਨੂੰ ਵੀ ਉੱਥੇ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਤੇ ਭਾਰਤ ਉਨ੍ਹਾਂ ਮੁਲਕਾਂ ਦਾ ਗੁੱਸਾ ਸਹੇੜਨ ਦੀ ਹਾਲਤ 'ਚ ਨਹੀਂ ਹੈ।

ਇਸ ਦਬਾਓ ਹੇਠ ਭਾਰਤ ਸਰਕਾਰ ਨੂੰ ਆਪਣੇ ਬੁਲਾਰਿਆਂ ਵਿਰੁੱਧ ਕਾਰਵਾਈ ਕਰਨ ਲਈ ਮਜਬੂਰ ਹੋਣਾ ਪਿਆ ਹੈ। ਉਨ੍ਹਾਂ ਦੀ ਮੈਂਬਰਸ਼ਿਪ ਮੁਅੱਤਲ ਕਰ ਦਿੱਤੀ ਗਈ ਹੈ। ਨੂਪੁਰ ਸ਼ਰਮਾ ਨੇ ਵੀ ਆਪਣੀ ਟਿੱਪਣੀ ਵਾਪਸ ਲੈਣ ਦਾ ਖੇਖਣ ਕੀਤਾ ਹੈ ਪਰ ਨਾਲ ਹੀ ਭਗਵੀਂ ਹਕੂਮਤ ਵੱਲੋਂ ਇਹ ਚਲਾਕੀ ਕਰਕੇ ਦੁਨੀਆ ਨੂੰ ਮੂਰਖ ਬਣਾਉਣ ਦੀ ਕੋਸ਼ਿਸ਼ ਵੀ ਕੀਤੀ ਜਾ ਰਹੀ ਹੈ ਕਿ ਟਿੱਪਣੀਆਂ ਕਰਨ ਵਾਲੇ ਤਾਂ 'ਹਾਸ਼ੀਏ ਉੱਪਰਲੇ ਅਨਸਰ' ਹਨ। ਰਾਤੋ-ਰਾਤ ਭਾਜਪਾ ਨੇ ਆਪਣੇ ਕੌਮੀ ਬੁਲਾਰੇ 'ਹਾਸ਼ੀਏ ਉੱਪਰਲੇ ਅਨਸਰ' ਬਣਾ ਲਏ। ਸਮਾਜ ਵਿਚ ਘੱਟਗਿਣਤੀਆਂ ਵਿਰੁੱਧ ਨਫਰਤ ਫੈਲਾਉਣ ਲਈ ਸੰਬਿਤ ਪਾਤਰਾ, ਤੇਜਿੰਦਰ ਬੱਗੇ, ਨੂਪੁਰ ਸ਼ਰਮਾ, ਕਪਿਲ ਮਿਸ਼ਰਾ, ਸਾਧਵੀ ਪ੍ਰੱਗਿਆ ਠਾਕੁਰ ਵਰਗਿਆਂ ਨੂੰ ਸਟਾਰ ਪ੍ਰਚਾਰਕਾਂ ਵਜੋਂ ਵਰਤੋਂ 'ਚ ਲਿਆਂਦਾ ਜਾਂਦਾ ਹੈ। ਉਨ੍ਹਾਂ ਨੂੰ ਪੂਰੇ ਮਾਣ-ਸਨਮਾਨ ਅਤੇ ਸਰਕਾਰੀ ਸੁਰੱਖਿਆ ਦਿੱਤੀ ਜਾਂਦੀ ਹੈ। ਜਦੋਂ ਉਨ੍ਹਾਂ ਦੀਆਂ ਘਿਨਾਉਣੀਆਂ ਕਾਰਵਾਈਆਂ ਲਈ ਜਵਾਬਦੇਹ ਹੋਣਾ ਪੈ ਜਾਵੇ ਤਾਂ ਉਨ੍ਹਾਂ ਤੋਂ ਦੂਰੀ ਬਣਾ ਲਈ ਜਾਂਦੀ ਹੈ ਅਤੇ ਉਦੋਂ ਉਹ 'ਹਾਸ਼ੀਏ ਉੱਪਰਲੇ ਅਨਸਰ' ਬਣ ਜਾਂਦੇ ਹਨ।

ਹੁਣ ਅਚਾਨਕ ਆਰ.ਐਸ.ਐਸ.-ਭਾਜਪਾ ਦੀ ਘੋਰ ਫਿਰਕੂ ਨਫਰਤੀ ਸੁਰ ਵੀ ਬਦਲ ਗਈ ਹੈ। ਹੁਣ ਕਿਹਾ ਜਾ ਰਿਹਾ ਹੈ ਕਿ ਭਾਜਪਾ ਤਾਂ ਸਾਰੇ ਧਰਮਾਂ ਦਾ ਸਤਿਕਾਰ ਕਰਦੀ ਹੈ; ਕਿ ਭਾਜਪਾ ਕਿਸੇ ਵੀ ਧਰਮ ਦੀ ਕਿਸੇ ਵੀ ਧਾਰਮਿਕ ਸ਼ਖਸੀਅਤ ਦੇ ਅਪਮਾਨ ਦੀ ਨਿਖੇਧੀ ਕਰਦੀ ਹੈ; ਕਿ ਭਾਜਪਾ ਕਿਸੇ ਵੀ ਪੰਥ ਜਾਂ ਧਰਮ ਦਾ ਅਪਮਾਨ ਕਰਨ ਜਾਂ ਉਸ ਨੂੰ ਨੀਵਾਂ ਦਿਖਾਉਣ ਵਾਲੀ ਵਿਚਾਰਧਾਰਾ ਦੇ ਖਿਲਾਫ ਹੈ; ਕਿ ਭਾਰਤੀ ਸੰਵਿਧਾਨ ਹਰ ਨਾਗਰਿਕ ਨੂੰ ਆਪਣੀ ਪਸੰਦ ਦੇ ਧਰਮ ਨੂੰ ਮੰਨਣ ਦਾ ਹੱਕ ਦਿੰਦਾ ਹੈ ਅਤੇ ਹਰ ਧਰਮ ਦਾ ਸਨਮਾਨ ਤੇ ਸਤਿਕਾਰ ਕਰਦਾ ਹੈ। ਪਿਛਲੇ ਮਹੀਨਿਆਂ ਤੋਂ ਇਹ ਬਿਰਤਾਂਤ ਜ਼ੋਰਾਂ 'ਤੇ ਹੈ ਕਿ ਫਲਾਣੀ ਮਸਜਿਦ, ਫਲਾਣੀ ਪੁਰਾਤਨ ਇਮਾਰਤ ਅਤੇ ਤਾਜ ਮਹਿਲ ਹਿੰਦੂ ਮੰਦਿਰ ਢਾਹ ਕੇ ਬਣਾਏ ਹੋਏ ਹਨ। ਆਰ.ਐਸ.ਐਸ.-ਭਾਜਪਾ 'ਮੰਦਿਰ ਖੋਜਣ' ਨੂੰ ਖਾਮੋਸ਼ ਸਹਿਮਤੀ ਦੇ ਕੇ ਇਸ ਦੀ ਪੁਸ਼ਤਪਨਾਹੀ ਕਰ ਰਹੀ ਸੀ। ਹੁਣ ਅਚਾਨਕ ਸੰਘ ਦੇ ਮੁਖੀ ਮੋਹਣ ਭਾਗਵਤ ਨੂੰ ਵੀ ਯਾਦ ਆ ਗਿਆ ਹੈ ਕਿ 'ਮੁਸਲਮਾਨ ਸਾਡੇ ਭਰਾ ਹਨ... ਹਰ ਮਸਜਿਦ ਹੇਠਾਂ ਮੰਦਿਰ ਸ਼ਿਵਲਿੰਗ ਲੱਭਣ ਦੀ ਜ਼ਰੂਰਤ ਨਹੀਂ ਹੈ।' ਹੁਣ ਇਕ ਵਾਰ ਫਿਰ 'ਅਦਾਲਤ ਦੇ ਫੈਸਲੇ ਨੂੰ ਸਵੀਕਾਰ ਕਰਨ' ਦਾ ਰਾਗ ਅਲਾਪਣਾ ਸ਼ੁਰੂ ਕਰ ਦਿੱਤਾ ਗਿਆ ਹੈ। ਸ਼ਾਇਦ ਸੰਘ ਨੂੰ ਆਉਣ ਵਾਲੇ ਦਿਨਾਂ 'ਚ ਕੋਈ ਅਦਾਲਤੀ ਫੈਸਲਾ ਆਉਣ ਦੀ ਉਮੀਦ ਵੀ ਹੋਵੇ।

ਜ਼ਾਹਿਰ ਹੈ ਕਿ ਆਰ.ਐਸ.ਐਸ.-ਭਾਜਪਾ ਦੇ ਬਿਆਨਾਂ 'ਚ ਨਜ਼ਰ ਆ ਰਿਹਾ ਇਹ ਬਦਲਾਓ 'ਹਿਰਦੈ ਪਰਿਵਰਤਨ' ਨਹੀਂ ਹੈ। ਇਹ ਮੌਜੂਦਾ ਮੁਸ਼ਕਿਲ 'ਚੋਂ ਨਿਕਲਣ ਦੀ ਕਪਟੀ ਕੂਟਨੀਤਕ ਚਾਲ ਹੈ।

## ਪੰਜਾਬ 'ਚ ਪਨਪੇ ਗੈਂਗਸਟਰ ਵਰਤਾਰੇ ਦੀਆਂ ਪਰਤਾਂ

*(ਪਿਛਲੇ ਸਫੇ ਦੀ ਬਾਕੀ)*

ਧੱਕ ਦਿੰਦੇ ਹਨ ਕਿ ਫਲਾਣੇ ਦੇ ਕਤਲ ਦੀ ਯੋਜਨਾ ਘੜ ਰਹੇ ਸਨ ਪਰ ਜਦ ਹਕੀਕਤ ਵਿਚ ਯੋਜਨਾ ਘੜੀ ਜਾਂਦੀ ਹੈ ਤਾਂ ਇਹ ਅੱਖਾਂ ਮੀਚ ਲੈਂਦੀਆਂ ਹਨ।

ਸਿੱਧੂ ਮੂਸੇਵਾਲਾ ਦੇ ਗੀਤਾਂ ਤੇ ਉਸ ਦੇ ਗੀਤਾਂ ਵਿਚ ਹਥਿਆਰਾਂ ਤੇ ਅਖੌਤੀ ਜੱਟ ਮਾਨਸਿਕਤਾ ਦੇ ਹੁੰਦੇ ਜ਼ਿਕਰ ਨਾਲ ਕਿਸੇ ਦੀ ਵੀ ਅਸਹਿਮਤੀ ਹੋ ਸਕਦੀ ਹੈ ਪਰ ਇਸ ਤਰ੍ਹਾਂ ਦੇ ਕਤਲ ਖਿਲਾਫ ਸਭ ਨੂੰ ਹੀ ਜ਼ੋਰਦਾਰ ਢੰਗ ਨਾਲ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ ਤੇ ਹਕੂਮਤੀ ਸਰਪ੍ਰਸਤੀ ਹੇਠ ਪਲ ਰਹੀ ਗੁੰਡਾਗਰਦੀ ਦਾ ਮੂੰਹ-ਤੋੜ ਜਵਾਬ ਦੇਣਾ ਬਣਦਾ ਹੈ।

ਪੰਜਾਬ ਦੇ ਨੌਜਵਾਨਾਂ ਦੀ ਦਲੇਰੀ, ਬਹਾਦਰੀ, ਨਿੱਡਰਤਾ ਦੇ ਕਿੱਸੇ ਸਦੀਆਂ ਤੋਂ ਪ੍ਰਚਲਿਤ ਹਨ ਤੇ ਅੱਜ ਉਹੀ ਨੌਜਵਾਨ ਬੇਰੁਜ਼ਗਾਰੀ, ਨਸ਼ੇ, ਅਨਿਸ਼ਚਤ ਭਵਿੱਖ, ਰਵਾਇਤੀ ਸਿਆਸੀ ਪਾਰਟੀਆਂ ਨਾਲ ਨਫਰਤ ਦੇ ਚੱਲਦਿਆਂ ਖਲਾਅ ਵਿਚ ਜੀਅ ਰਿਹਾ ਹੈ ਜਿੱਥੇ ਲੋਕ ਪੱਖੀ ਸਿਆਸਤ ਦਾ ਹੋਕਾ ਦੇਣ ਵਾਲੀਆਂ ਧਿਰਾਂ ਦਾ ਹੱਥ ਨਹੀਂ ਪੈਂਦਾ ਦਿਸ ਰਿਹਾ ਹੈ ਤੇ ਉਸ 'ਖਲਾਅ' ਦਾ ਫਾਇਦਾ ਹਾਕਮ ਧਿਰ ਚੱਖ ਰਹੀ ਹੈ ਤੇ ਉਸੇ ਜਵਾਨੀ ਨੂੰ ਭਰਾ-ਮਾਰ ਜੰਗ ਵੱਲ ਧੱਕ ਰਹੀ ਹੈ।

ਸਿੱਧੂ ਮੂਸੇਵਾਲਾ ਦੀ ਮੌਤ ਬਾਅਦ ਵੋਟ ਪਾਰਟੀਆਂ ਜਿਸ ਤਰ੍ਹਾਂ ਦੀ ਸਿਆਸਤ ਕਰ ਰਹੀਆਂ ਹਨ, ਉਹ ਨਿੰਦਣਯੋਗ ਹੈ। ਇਸ ਤੋਂ ਜ਼ਾਹਿਰ ਹੁੰਦਾ ਹੈ ਕਿ ਸਾਡੇ ਰਾਜਨੀਤਕ ਲੀਡਰ ਕਿੰਨੇ ਗੈਰ-ਸੰਵੇਦਨਸ਼ੀਲ ਹਨ। ਸਭ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਕਿੰਨੀ ਪੀੜਾ 'ਚੋਂ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਕਿਹਾ ਹੋਵੇਗਾ ਕਿ 'ਅਜੇ ਤਾਂ ਮੇਰੇ ਪੁੱਤ ਦਾ ਸਿਵਾ ਵੀ ਠੰਢਾ ਨਹੀਂ ਹੋਇਆ ਤੇ ਚੋਣ ਕਿਵੇਂ ਲੜ ਸਕਦਾ ਹਾਂ।'

ਇਨ੍ਹਾਂ ਹਾਲਾਤ ਵਿਚ ਪੰਜਾਬ ਲਈ ਚਿੰਤਨਸ਼ੀਲ ਧਿਰਾਂ/ਵਿਅਕਤੀਆਂ ਅੱਗੇ ਪਹਿਲਾ ਅਹਿਮ ਕਾਰਜ ਇਹ ਹੈ ਕਿ ਉਹ ਭਗਵੰਤ ਮਾਨ ਸਰਕਾਰ ਨੂੰ ਸਪਸ਼ਟ ਕਹਿਣ ਕਿ ਡਰਾਮੇਬਾਜ਼ੀ ਛੱਡ ਕੇ ਪੰਜਾਬ ਦੇ ਹਰ ਨੌਜਵਾਨ ਲਈ ਯੋਗਤਾ ਅਨੁਸਾਰ ਸਥਾਈ ਰੁਜ਼ਗਾਰ ਦਾ ਪ੍ਰਬੰਧ ਕਰਨ ਤੇ ਨਸ਼ਿਆਂ ਦੇ ਮਸਲੇ ਵਿਚ ਪਿਛਲੀਆਂ ਸਰਕਾਰਾਂ ਵਾਂਗ ਮਾੜਾ-ਮੋਟਾ ਨਸ਼ਾ ਕਰਨ ਵਾਲਿਆਂ ਨੂੰ ਫੜਨ ਦੀ ਥਾਂ ਵੱਡੇ ਮੱਗਰਮੱਛਾਂ ਨੂੰ ਹੱਥ ਪਾਉਣਾ ਚਾਹੀਦਾ ਹੈ। ਦੂਜਾ ਅਹਿਮ ਕਾਰਜ ਇਹ ਹੈ ਕਿ ਅਖੌਤੀ ਜੱਟ ਮਾਨਸਿਕਤਾ, ਫੁਕਰਪੰਥੀ, ਫੋਕੀ ਸ਼ੋਹਰਤ, ਹਿੰਸਾ ਉਕਸਾਉਣ ਵਾਲੀ ਤੇ ਲੱਚਰ ਗਾਇਕੀ/ਫਿਲਮਾਂ ਦੀ ਥਾਂ ਲੋਕਾਂ ਦੀ ਰੋਜ਼ਮੱਰਾ ਜ਼ਿੰਦਗੀ ਨਾਲ ਜੁੜੇ ਗੀਤਾਂ/ਫਿਲਮਾਂ ਨੂੰ ਉਤਸ਼ਾਹਿਤ ਕਰਨ ਵੱਲ ਜ਼ੋਰ ਲਾਉਣਾ ਚਾਹੀਦਾ ਹੈ।

# ਪੰਜਾਬ ਵਿਚ ਝੋਨੇ ਦੀ ਰਵਾਇਤੀ ਤੇ ਸਿੱਧੀ ਬਿਜਾਈ

"ਪਵਣੁ ਗੁਰੂ ਪਾਣੀ ਪਿਤਾ, ਮਾਤਾ ਧਰਤਿ ਮਹਤੁ।" ਗੁਰੂ ਨਾਨਕ ਦੇਵ ਜੀ ਦੇ ਉਕਤ ਸ਼ਬਦ ਦਾ ਸਿਮਰਨ ਭਾਵੇਂ ਅਸੀਂ ਸਭ ਕਰਦੇ ਹਾਂ ਪਰ ਜਦੋਂ ਇਸ ਸੰਦਰਭ ਵਿਚ ਲੋਕਾਂ ਦੇ ਰੋਜ਼ਾਨਾ ਜੀਵਨ 'ਤੇ ਝਾਤ ਮਾਰਦੇ ਹਾਂ ਤਾਂ ਕੋਈ ਟਾਵਾਂ-ਟਾਵਾਂ ਹੀ ਇਸ 'ਤੇ ਅਮਲ ਕਰਦਾ ਵਿਖਾਈ ਦਿੰਦਾ ਹੈ। ਦਰਅਸਲ ਇਸ ਸ਼ਬਦ ਵਿਚ ਗੁਰੂ ਜੀ ਨੇ ਸਮੁੱਚੀ ਮਾਨਵਤਾ ਨੂੰ ਬਹੁਤ ਹੀ ਉਮਦਾ ਸੁਨੇਹਾ ਦਿੱਤਾ ਹੈ ਉਹ ਆਖਦੇ ਹਨ ਕਿ ਜਗਤ ਲਈ ਪਵਣ ਅਰਥਾਤ ਹਵਾ ਇਵੇਂ ਹੈ, ਜਿਵੇਂ ਆਤਮਕ ਤੌਰ 'ਤੇ ਜ਼ਿੰਦਾ ਰਹਿਣ ਲਈ ਗੁਰੂ। ਕਿਉਂਕਿ, ਜੀਵਾਂ ਅੰਦਰ ਚੱਲਣ

**ਮੁਹੰਮਦ ਅੱਬਾਸ ਧਾਲੀਵਾਲ**
**ਫੋਨ: 98552-59650**

ਵਾਲੇ ਪ੍ਰਾਣ, ਪਵਣ ਦਾ ਹੀ ਇਕ ਰੂਪ ਹਨ, ਜਿਨ੍ਹਾਂ ਤੋਂ ਬਿਨਾਂ ਸਰੀਰਕ ਤਲ 'ਤੇ ਜ਼ਿੰਦਾ ਰਹਿ ਸਕਣਾ ਅਸੰਭਵ ਹੈ। ਜਦੋਂ ਕਿ ਪਾਣੀ ਜਗਤ ਲਈ ਇੰਝ ਹੈ, ਜਿਵੇਂ ਪ੍ਰਾਣੀਆਂ ਲਈ ਪਿਤਾ ਅਤੇ ਧਰਤੀ ਇਵੇਂ ਹੈ ਜਿਵੇਂ ਕਿ ਮਾਤਾ ਹੈ ਕਿਉਂਕਿ, ਜਿਵੇਂ ਪਿਤਾ ਅਤੇ ਮਾਤਾ ਦੇ ਸਰੀਰਕ ਸੰਜੋਗ ਤੋਂ ਜੀਵਾਂ ਦਾ ਜਨਮ ਹੁੰਦਾ ਹੈ ਤੇ ਮਾਂ ਆਪਣੀ ਕੁਖ ਵਿਚ ਬੱਚੇ ਨੂੰ ਪਾਲਦੀ ਹੈ, ਤਿਵੇਂ ਹੀ ਪਾਣੀ ਅਤੇ ਧਰਤੀ ਦੇ ਸੰਜੋਗ ਤੋਂ ਹੀ ਵੱਖ ਵੱਖ ਜੀਵਾਂ ਦੀ ਉਤਪਤੀ ਤੇ ਪਾਲਣਾ ਦਾ ਸਿਲਸਲਾ ਚੱਲਦਾ ਹੈ।

ਪਰ ਅਫਸੋਸ ਕਿ ਅੱਜ ਅਸੀਂ ਆਪਣੇ ਦੁਆਰਾ ਫੈਲਾਏ ਪ੍ਰਦੂਸ਼ਣ ਰਾਹੀਂ ਜਿੱਥੇ ਹਵਾ ਨੂੰ ਦੂਸ਼ਿਤ ਕਰ ਰਹੇ ਹਾਂ, ਉਥੇ ਹੀ ਪਾਣੀ ਦਾ ਅੰਨ੍ਹੇਵਾਹ ਇਸਤੇਮਾਲ ਕਰ ਆਪਣੀ ਚੰਗੀ ਭਲੀ ਉਪਜਾਊ ਧਰਤੀ ਰੇਗਿਸਤਾਨ 'ਚ ਤਬਦੀਲ ਕਰ ਰਹੇ ਹਾਂ। ਅਸੀਂ ਆਪਣੀਆਂ ਲਾਲਸਾਵਾਂ ਦੀ ਪੂਰਤੀ ਲਈ ਪਾਣੀ ਦੀ ਸਤ੍ਹਾ ਨੂੰ ਇਸ ਕਦਰ ਖਤਰਨਾਕ ਹੱਦ ਤਕ ਹੇਠਲੇ ਪੱਧਰ 'ਤੇ ਲੈ ਗਏ ਹਾਂ ਕਿ ਜੇ ਹਾਲੇ ਵੀ ਅਸਾਂ ਇਸ ਗੰਭੀਰ ਮਸਲੇ ਵੱਲ ਧਿਆਨ ਨਾ ਦਿੱਤਾ ਤਾਂ ਯਕੀਨਨ ਆਉਣ ਵਾਲੇ ਸਮੇਂ ਵਿਚ ਸਾਨੂੰ ਇਥੋਂ ਪਲਾਇਨ ਕਰਨਾ ਪਵੇਗਾ। ਇਸੇ ਤਰ੍ਹਾਂ ਧਰਤੀ ਜਿਸ ਨੂੰ ਅਕਸਰ ਲੋਕ ਮਾਤਾ ਦਾ ਦਰਜਾ ਦਿੰਦੇ ਹਨ, ਓਸ ਦੀ ਵੀ ਅਸੀਂ ਉਹ ਕਦਰ ਨਹੀਂ ਕਰ ਰਹੇ ਜਿਸ ਤਰ੍ਹਾਂ ਕਿ ਓਸ ਦੀ ਕਦਰ ਕਰਨਾ ਸਾਡਾ ਹੱਕ ਹੈ।

ਦਰਅਸਲ ਉਪਰੋਕਤ ਸ਼ਬਦ ਵਰਤਣ ਦਾ ਮੇਰਾ ਮਕਸਦ ਅੱਜ ਹੇਠਾਂ ਲਿਖੇ ਵਿਸ਼ੇ 'ਤੇ ਆਪ ਸਭਨਾਂ ਨਾਲ ਸੰਵਾਦ ਕਰਨਾ ਹੈ। ਜਿਵੇਂ ਕਿ ਅਸੀਂ ਸਾਰੇ ਜਾਣਦੇ ਹਾਂ ਕਿ ਪੰਜਾਬ ਵਿਚ ਝੋਨੇ ਦੀ ਬਿਜਾਈ ਦਾ ਸੀਜ਼ਨ ਸ਼ੁਰੂ ਹੋਣ ਜਾ ਰਿਹਾ ਹੈ ਤੇ ਪੰਜਾਬ ਦੀ ਮੌਜੂਦਾ ਸਰਕਾਰ ਇਸ ਵਾਰ ਕਿਸਾਨਾਂ ਨੂੰ ਝੋਨੇ ਦੀ ਸਿੱਧੀ ਬਿਜਾਈ (ਡੀ.ਐਸ.ਆਰ ਪ੍ਰਣਾਲੀ) ਕਰਨ ਲਈ ਪ੍ਰੇਰਿਤ ਕਰ ਰਹੀ ਹੈ। ਇਸ ਸੰਦਰਭ ਵਿਚ ਪੰਜਾਬ ਸਰਕਾਰ ਨੇ ਸਿੱਧੀ ਬਿਜਾਈ ਤਕਨੀਕ ਨੂੰ ਉਤਸ਼ਾਹਿਤ ਕਰਨ ਲਈ ਇਸ ਗੱਲ ਦਾ ਵਿਸ਼ੇਸ਼ ਤੌਰ 'ਤੇ ਐਲਾਨ ਕੀਤਾ ਕਿ ਜੋ ਵੀ ਕਿਸਾਨ ਇਸ ਵਿਧੀ ਰਾਹੀਂ ਫ਼ਸਲ ਦੀ ਬਿਜਾਈ ਕਰੇਗਾ, ਉਸ ਨੂੰ 1500 ਰੁਪਏ ਪ੍ਰਤੀ ਏਕੜ ਮਿਲੇਗਾ।

ਦਰਅਸਲ ਲਗਾਤਾਰ ਪਿਛਲੇ ਕਈ ਦਹਾਕਿਆਂ ਤੋਂ ਲਗਾਈ ਜਾ ਰਹੀ ਝੋਨੇ ਦੀ ਫਸਲ ਦੇ ਫਲਸਰੂਪ ਪੰਜਾਬ ਵਿਚ ਜ਼ਮੀਨਦੋਜ਼ ਪਾਣੀ ਦਾ ਪੱਧਰ ਬਹੁਤ ਹੇਠਾਂ ਚਲਾ ਗਿਆ ਹੈ, ਜਿਸ ਕਾਰਨ ਸਰਕਾਰ ਇਸ ਵਾਰ ਪਾਣੀ ਦੀ ਬੱਚਤ ਕਰਨ ਲਈ



ਸਿੱਧੀ ਬਿਜਾਈ ਉੱਤੇ ਵਧੇਰੇ ਜ਼ੋਰ ਦੇ ਰਹੀ ਹੈ।

ਉਧਰ, ਆਪਣੇ ਇਕ ਲੇਖ ਵਿਚ ਵਿਜੈ ਬੰਬੇਲੀ ਝੋਨੇ ਦੀ ਫਸਲ ਦੇ ਸੰਦਰਭ ਵਿਚ ਆਖਦੇ ਹਨ ਕਿ ਝੋਨਾ ਮੀਂਹਾਂ ਵਾਲੇ ਅਤੇ ਸਿੱਲ੍ਹੇ ਇਲਾਕਿਆਂ ਦੀ ਫ਼ਸਲ ਹੈ, ਧਰਤੀ ਹੇਠਲੇ ਪਾਣੀ 'ਤੇ ਨਿਰਭਰ ਖੇਤਰਾਂ ਦੀ ਨਹੀਂ। ਪੰਜਾਬ ਵਰਗੇ ਖੇਤਰਾਂ ਦੀ ਇਹ ਰਵਾਇਤੀ ਫ਼ਸਲ ਨਹੀਂ, ਝੋਨਾ 1960 ਤੋਂ ਬਾਅਦ ਹੀ ਵੱਡੇ ਪੱਧਰ 'ਤੇ ਖੇਤਾਂ ਵਿਚ ਆਇਆ। ਦਰਅਸਲ, ਆਜ਼ਾਦੀ ਮਗਰੋਂ ਤਿੱਖੇ ਅੰਨ੍ਹ ਸੰਕਟ ਕਾਰਨ ਜਿੱਥੇ ਖਾਸ ਇਲਾਕਿਆਂ ਵਿਚ ਹਰੇ ਖਿੱਤੇ ਸਥਾਪਿਤ ਕਰਨਾ ਫੌਰੀ ਲੋੜ ਸੀ, ਉੱਥੇ ਆਪਣੀਆਂ ਲੋੜਾਂ ਥੋੜ੍ਹਾਂ ਹਿੱਤ ਝੋਨਾ ਬਿਜਾਉਣਾ ਉਦੋਂ ਮਜਬੂਰੀ ਸੀ। ਖੇਤੀਬਾੜੀ ਦਾ ਅਸਲ ਅਰਥ ਬਹੁਮੰਤਵੀ ਫ਼ਸਲਾਂ ਹੈ। ਇਕੋ ਤਰ੍ਹਾਂ ਦੀ ਫ਼ਸਲ ਮਿੱਟੀ, ਪਾਣੀ ਅਤੇ ਵਾਤਾਵਾਰਨ ਲਈ ਨਾਂਹ-ਪੱਖੀ ਹੁੰਦੀ ਹੈ।'

ਇਸ ਦੇ ਨਾਲ ਨਾਲ ਕੁਦਰਤੀ ਸੋਮਿਆਂ ਤੇ ਵੱਖ ਵੱਖ ਤੱਤਾਂ ਵਿਚ ਆ ਰਹੇ ਨਿਘਾਰ ਵੱਲ ਧਿਆਨ ਦਿਵਾਉਂਦਿਆਂ ਵਿਜੈ ਬੰਬੇਲੀ ਅੱਗੇ ਲਿਖਦੇ ਹਨ ਕਿ 1980 ਤੋਂ ਲੈ ਕੇ ਹੁਣ ਤਕ ਪੰਜਾਬ ਦੀ ਧਰਤੀ ਵਿਚ ਕਰੀਬ 51 ਲੱਖ ਟਨ ਨਾਈਟਰੋਜਨ, 47 ਲੱਖ ਟਨ ਪੋਟਾਸ਼ੀਅਮ ਅਤੇ 65 ਹਜ਼ਾਰ ਟਨ ਫ਼ਾਸਫ਼ੋਰਸ ਖਤਮ ਹੋ ਗਈ। ਕੁਦਰਤੀ ਤੱਤਾਂ ਦੀ ਘਾਟ ਪੂਰਤੀ, ਸਿਰਫ਼ ਬਨਾਵਟੀ ਤਰੀਕਿਆਂ ਨਾਲ ਹੀ ਕਰਨ ਲਈ, ਸਾਨੂੰ ਵਰਗਲਾ ਲਿਆ ਗਿਆ। ਪੰਜਾਬ, ਕੁੱਲ ਖੇਤਰਫ਼ਲ ਦਾ ਮਸਾਂ ਡੇਢ ਫ਼ੀਸਦੀ ਰਕਬੇ ਦਾ ਮਾਲਕ, ਦੇਸ਼ ਦੀ ਕੁੱਲ ਖਾਦ ਖਪਤ ਦਾ ਤੀਜਾ ਹਿੱਸਾ ਅਤੇ ਜ਼ਹਿਰਾਂ ਦਾ 19 ਫ਼ੀਸਦੀ ਵਰਤਣ ਲੱਗਾ। ਵਰਤੋਂ ਘਟਣ ਦੀ ਬਜਾਏ ਵਧ ਰਹੀ ਹੈ। ਵੱਧ ਉਪਜ ਦੀ ਮ੍ਰਿਗਤ੍ਰਿਸ਼ਨਾ ਰਸਾਇਣਕ ਖੇਤੀ ਦੀ ਦੁੜਕੀ ਲੁਆਉਂਦੀ ਹੈ। ਰਸਾਇਣਾਂ ਦੀ ਵਰਤੋਂ ਨਾਲ ਜ਼ਮੀਨ ਦੀ ਭੌਤਿਕ ਸੰਚਰਨਾ 'ਤੇ ਮਾੜਾ ਅਸਰ ਪੈਂਦਾ ਹੈ। ਖਾਦਾਂ, ਜ਼ਹਿਰਾਂ ਦੀ ਜ਼ਿਆਦਾ ਵਰਤੋਂ ਬੇਮੌਸਮੀ ਫ਼ਸਲਾਂ ਜਾਂ ਸਬਜ਼ੀ, ਕਪਾਹ ਅਤੇ ਝੋਨਾ ਖਿੱਤਿਆਂ ਵਿਚ ਹੋਈ।"

ਖੇਤੀ ਮਾਹਿਰਾਂ ਨੇ ਡੀ.ਐਸ.ਆਰ. ਪ੍ਰਣਾਲੀ ਅਤੇ ਰਵਾਇਤੀ ਢੰਗ ਨਾਲ ਝੋਨੇ ਦੀ ਬਿਜਾਈ ਕਰਨ ਦੇ ਫਰਕ ਨੂੰ ਸਪੱਸ਼ਟ ਕਰਦਿਆਂ ਕਿਹਾ ਕਿ ਝੋਨੇ ਦੀ ਸਿੱਧੀ ਬਿਜਾਈ ਦੌਰਾਨ, ਰਵਾਇਤੀ ਢੰਗ (ਕੱਦੂ ਕਰ ਕੇ ਪਨੀਰੀ ਲਾਉਣ) ਦੇ ਉਲਟ ਆਮ ਫ਼ਸਲਾਂ ਵਾਂਗ ਮਸ਼ੀਨ ਰਾਹੀਂ ਝੋਨੇ ਦਾ ਬੀਜ ਸਿੱਧਾ ਖੇਤ ਵਿਚ ਬੀਜਿਆ ਜਾਂਦਾ ਹੈ। ਇਸ ਦੀ ਬਿਜਾਈ ਤੋਂ ਪਹਿਲਾਂ ਖੇਤ ਨੂੰ ਲੇਜ਼ਰ ਕਰਾਹੇ ਨਾਲ ਪੱਧਰਾ ਕਰਨਾ ਪੈਂਦਾ ਹੈ ਤਾਂ ਜੋ ਪਾਣੀ ਇਕ ਥਾਂ ਉੱਤੇ ਇਕੱਠਾ ਨਾ ਹੋਵੇ। ਬਿਜਾਈ ਤੋਂ ਤੁਰੰਤ ਬਾਅਦ ਨਦੀਨਨਾਸ਼ਕ ਦੀ ਸਪਰੇਅ ਕਰਨੀ ਜ਼ਰੂਰੀ ਹੈ।

ਜੇਕਰ ਝੋਨੇ ਦੀ ਬਿਜਾਈ ਦੇ ਰਵਾਇਤੀ ਢੰਗ ਦੀ ਗੱਲ ਕਰੀਏ ਤਾਂ ਇਸ ਦੇ ਲਈ ਪਹਿਲਾਂ ਕਿਸਾਨ ਨੂੰ ਝੋਨੇ ਦੀ ਪਨੀਰੀ ਬੀਜਣੀ ਪੈਂਦੀ ਹੈ ਤੇ ਇਸ ਉਪਰੰਤ 20-25 ਦਿਨਾਂ ਬਾਅਦ ਪੈਦਾ ਹੋਈ ਪਨੀਰੀ ਨੂੰ ਵੱਡੇ ਖੇਤ ਵਿਚ ਮਜ਼ਦੂਰਾਂ ਰਾਹੀਂ ਇਕ ਇਕ ਬੂਟੇ ਨੂੰ ਪਿੰਜਣੀ ਤੱਕ ਖੜ੍ਹੇ ਪਾਣੀ ਵਿਚ ਸਿੱਧੇ ਤੌਰ 'ਤੇ ਲਗਾਇਆ ਜਾਂਦਾ ਹੈ। ਇਸ ਤਰ੍ਹਾਂ ਕਿਸਾਨਾਂ ਨੂੰ ਜਿੱਥੇ ਭਾਰੀ ਮੁਸ਼ੱਕਤ ਕਰਨੀ ਪੈਂਦੀ ਹੈ ਉਥੇ ਹੀ ਉਸ ਨੂੰ ਭਾਰੀ ਭਰਕਮ ਲੇਬਰ ਦਾ ਖਰਚਾ ਵੀ ਬਰਦਾਸ਼ਤ ਕਰਨਾ ਪੈਂਦਾ ਹੈ। ਜਦਕਿ ਡੀ.ਐਸ.ਆਰ ਤਕਨੀਕ ਰਾਹੀਂ ਕੀਤੀ ਜਾਣ ਵਾਲੀ ਸਿੱਧੀ ਬਿਜਾਈ ਸਦਕਾ ਕਿਸਾਨ ਉਕਤ ਤਮਾਮ ਤਰ੍ਹਾਂ ਦੇ ਝੰਜਟਾਂ ਤੇ ਵਾਧੂ ਖਰਚਿਆਂ ਤੋਂ ਜਿੱਥੇ ਬਚ ਜਾਂਦਾ ਹੈ ਉੱਥੇ ਹੀ ਅਜਿਹਾ ਕਰਨ ਨਾਲ ਜ਼ਮੀਨਦੋਜ਼ ਪਾਣੀ ਦੀ ਵੀ ਬੱਚਤ ਹੁੰਦੀ ਹੈ।

ਇੱਥੇ ਜ਼ਿਕਰਯੋਗ ਹੈ ਕਿ ਜਦੋਂ ਪੰਜਾਬ ਵਿਚ ਪਹਿਲਾਂ ਪਹਿਲ ਝੋਨਾ ਲਾਉਣਾ ਸ਼ੁਰੂ ਕੀਤਾ ਗਿਆ ਤਾਂ ਇਸ ਨੂੰ ਖੜ੍ਹੇ ਪਾਣੀ ਵਿਚ ਲਗਾਉਣ ਦੀ ਤਕਨੀਕ ਅਪਣਾਈ ਗਈ ਪਰ ਇਸ ਨਾਲ ਸਭ ਤੋਂ ਵੱਧ ਨੁਕਸਾਨ ਪੰਜਾਬ ਦੇ ਜ਼ਮੀਨਦੋਜ਼ ਪਾਣੀ ਨੂੰ ਹੋਇਆ ਜਿਸ ਦਾ ਪੱਧਰ ਲਗਾਤਾਰ ਹੇਠਾਂ ਡਿੱਗਦਾ ਗਿਆ। ਇਕ ਰਿਪੋਰਟ ਅਨੁਸਾਰ ਹੁਣ ਹਾਲਾਤ ਇਸ ਕਦਰ ਨਾਜ਼ੁਕ ਹੋ ਚੱਲੇ ਹਨ ਕਿ ਪੰਜਾਬ ਦੇ 132 ਬਲਾਕਾਂ ਵਿਚੋਂ 108 ਬਲਾਕ ਰੈੱਡ ਜ਼ੋਨ ਵਿਚ ਆ ਚੁੱਕੇ ਹਨ ਭਾਵ ਜ਼ਮੀਨਦੋਜ਼ ਪਾਣੀ ਦਾ ਪੱਧਰ ਬਹੁਤ ਜ਼ਿਆਦਾ ਥੱਲੇ ਜਾ ਚੁੱਕਾ ਹੈ। ਇਸ ਸੰਦਰਭ ਵਿਚ ਸੈਂਟਰ ਗਰਾਂਊਡ ਵਾਟਰ ਦੀ 2019 ਦੀ ਰਿਪੋਰਟ 'ਚ ਆਖਿਆ ਗਿਆ ਹੈ ਕਿ ਸੂਬੇ ਵਿਚ ਸਿਰਫ਼ ਅਗਲੇ 17 ਸਾਲਾਂ ਦਾ ਜ਼ਮੀਨੀ ਪਾਣੀ ਬਚਿਆ ਹੈ ਅਤੇ ਜੋ ਪਾਣੀ ਕੱਢਿਆ ਜਾ ਰਿਹਾ ਹੈ, ਉਸ ਵਿਚੋਂ 90 ਫ਼ੀਸਦੀ ਪਾਣੀ ਖੇਤੀਬਾੜੀ ਵਿਚ ਵਰਤਿਆ ਜਾ ਰਿਹਾ ਹੈ।

ਰਿਪੋਰਟ ਵਿਚ ਪਹਿਲੀ ਵਾਰ ਪੰਜਾਬ ਦੇ ਜ਼ਮੀਨਦੋਜ਼ ਪਾਣੀ ਦਾ ਅੰਦਾਜ਼ਾ ਲਾਇਆ ਗਿਆ। ਉਨ੍ਹਾਂ ਨੇ ਦੱਸਿਆ ਕਿ 'ਪੰਜਾਬ ਦੇ ਥੱਲੇ 320 ਬਿਲੀਅਨ ਕਿਊਬਿਕ ਲੀਟਰ ਪਾਣੀ ਹੈ ਅਤੇ ਤੁਸੀਂ ਹਰ ਸਾਲ 37 ਬਿਲੀਅਨ ਕਿਊਬਿਕ ਲੀਟਰ ਪਾਣੀ ਬਾਹਰ ਕੱਢਦੇ ਹੋ। ਇਸ ਦੇ ਮੁਕਾਬਲੇ ਹਰ ਸਾਲ ਸਿਰਫ਼ ਵੀਹ ਬਿਲੀਅਨ ਕਿਊਬਿਕ ਲੀਟਰ ਪਾਣੀ ਹੀ ਜ਼ਮੀਨ ਵਿਚ ਵਾਪਸ ਰੀਚਾਰਜ ਹੋ ਰਿਹਾ ਹੈ। ਇਸ ਤਰ੍ਹਾਂ ਅਸੀਂ 14 ਬਿਲੀਅਨ ਕਿਊਬਿਕ ਪਾਣੀ ਵੱਧ ਧਰਤੀ ਵਿਚੋਂ ਕੱਢ ਰਹੇ ਹਾਂ।"

ਇਸ ਸੰਦਰਭ ਵਿਚ ਵਿਜੈ ਬੰਬੇਲੀ ਦੇ ਤੱਥਾਂ ਦੀ ਜਦੋਂ ਅਸੀਂ ਪੜਚੋਲ ਕਰਦੇ ਹਾਂ ਤਾਂ ਯਕੀਨਨ ਸਾਡੇ ਮੱਥੇ 'ਤੇ ਗੰਭੀਰ ਚਿੰਤਾ ਦੀਆਂ ਲਕੀਰਾਂ ਉੱਭਰ ਆਉਂਦੀਆਂ ਹਨ। ਉਨ੍ਹਾਂ ਅਨੁਸਾਰ "ਪੰਜਾਬ ਦੇ ਚਾਰ ਥਰਮਲ ਪਲਾਂਟਾਂ ਦੀ ਬਿਜਲੀ ਤਾਂ ਡੂੰਘੇ ਟਿਊਬਵੈੱਲ ਜਿਹੜੇ ਹੋਰ ਡੂੰਘੇ ਕਰੀ ਜਾਣ ਨਾਲ ਪੰਜਾਬ ਦਾ 16 ਲੱਖ ਕਰੋੜ ਰੁਪਏ ਖਾ ਚੁੱਕੇ ਹਨ, ਹੀ ਨਿਗਲੀ ਜਾਂਦੇ ਹਨ। ਇਕ ਅੰਦਾਜ਼ੇ ਅਨੁਸਾਰ ਹਰ ਸਾਲ 1150 ਕਰੋੜ ਯੂਨਿਟ ਬਿਜਲੀ ਸਿਰਫ਼ ਝੋਨਾ ਹੀ ਖਾ ਜਾਂਦਾ ਹੈ। ਇਕ ਯੂਨਿਟ ਦੀ ਪੈਦਾਵਾਰੀ ਕੀਮਤ ਘੱਟੋ-ਘੱਟ 10 ਰੁਪਏ ਪੈਂਦੀ ਹੈ। ਦੱਸੋ, ਕਿੰਨੇ ਦੀ ਬਿਜਲੀ ਫੂਕ ਬਹਿੰਦੇ ਹਾਂ ਅਸੀਂ? ਖੇਤਾਂ ਦੀ ਮੁਫ਼ਤ ਬਿਜਲੀ ਜਿਸ ਦਾ ਕਰੀਬ 75 ਫ਼ੀਸਦੀ ਹਿੱਸਾ ਝੋਨਾ ਸੀਜ਼ਨ ਵੇਲੇ ਵਰਤਿਆ ਜਾਂਦਾ ਹੈ, ਦੀ ਸਬਸਿਡੀ ਦੀ ਕੀਮਤ 5800 ਕਰੋੜ ਰੁਪਏ ਪ੍ਰਤੀ ਸਾਲ ਬਣਦੀ ਹੈ। ਪੰਜਾਬ ਦੇ ਚਾਰ ਥਰਮਲ ਪਲਾਂਟ 4 ਕਰੋੜ 80 ਲੱਖ ਟਨ ਕੋਲੇ ਦੀ ਖਪਤ ਕਰਦੇ ਹਨ ਜਿਸ ਦਾ ਚੌਥਾ ਹਿੱਸਾ ਕਰੀਬ ਇਕ ਕਰੋੜ ਟਨ ਹੈਵੀ ਮੈਟਲ ਅਤੇ ਸੁਆਹ ਪੰਜਾਬ ਦੀ ਧਰਤੀ ਜਾਂ ਖਲਾਅ ਵਿਚ ਹਰ ਸਾਲ ਛੱਡਦੇ ਹਾਂ।"

ਬੀ.ਬੀ.ਸੀ. ਦੀ ਇਕ ਰਿਪੋਰਟ 'ਚ ਮੁਹਾਲੀ ਜ਼ਿਲ੍ਹੇ ਦੇ ਪਿੰਡ ਰਸਨਹੇੜੀ ਦੇ ਕਿਸਾਨ ਰਾਜਬੀਰ ਸਿੰਘ ਨੇ ਖੁਲਾਸਾ ਕੀਤਾ ਹੈ ਕਿ ਉਹ ਪਿਛਲੇ ਤਿੰਨ ਸਾਲ ਤੋਂ ਸਿੱਧੀ ਬਿਜਾਈ ਰਾਹੀਂ ਝੋਨੇ ਦੀ ਫ਼ਸਲ ਪੈਦਾ ਕਰ ਰਹੇ ਹਨ। ਸ਼ੁਰੂ ਵਿਚ ਕਾਫ਼ੀ ਦਿੱਕਤਾਂ ਆਈਆਂ ਪਰ ਹੁਣ ਸਥਿਤੀ ਠੀਕ ਹੈ। ਉਨ੍ਹਾਂ ਨੇ ਆਖਿਆ ਕਿ ਇਸ ਪ੍ਰਣਾਲੀ ਵਿਚ ਸਭ ਤੋਂ ਵੱਡੀ ਦਿੱਕਤ ਨਦੀਨ ਦੀ ਹੈ, ਉਸ ਲਈ ਮਾਰਕੀਟ ਵਿਚ ਦਵਾਈਆਂ ਉਪਲੱਬਧ ਹਨ। ਉਨ੍ਹਾਂ ਦਾ ਅੱਗੇ ਕਹਿਣਾ ਹੈ ਕਿ ਕਿ ਡੀ.ਐਸ.ਆਰ. ਤਕਨੀਕ ਰਾਹੀਂ ਪ੍ਰਤੀ ਏਕੜ ਅੱਠ ਤੋਂ ਦਸ ਹਜ਼ਾਰ ਰੁਪਏ ਖਰਚਾ ਆਉਂਦਾ ਹੈ ਜਦੋਂਕਿ ਕੱਦੂ ਰਾਹੀਂ 18 ਤੋਂ 20 ਹਜ਼ਾਰ ਰੁਪਏ ਏਕੜ ਖਰਚਾ ਆਉਂਦਾ ਹੈ।

ਇਸ ਦੇ ਨਾਲ ਨਾਲ ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਡੀ.ਐਸ.ਆਰ. ਨਾਲ ਪਾਣੀ ਦੀ ਬੱਚਤ ਵੀ ਕਾਫ਼ੀ ਹੁੰਦੀ ਹੈ। ਝਾੜ ਦਾ ਜ਼ਿਕਰ ਕਰਦੇ ਹੋਏ ਉਨ੍ਹਾਂ ਨੇ ਦੱਸਿਆ ਕਿ ਇਹ ਮੌਸਮ ਅਤੇ ਤਜਰਬੇ ਉੱਤੇ ਨਿਰਭਰ ਕਰਦਾ ਹੈ। ਜਦਕਿ ਇਸੇ ਰਿਪੋਰਟ ਵਿਚ ਕਪੂਰਥਲਾ ਜ਼ਿਲ੍ਹੇ ਦੇ ਤਲਵੰਡੀ ਮਾਧੋ ਦੇ ਕਿਸਾਨ ਗੁਰਵਿੰਦਰ ਸਿੰਘ ਦਾ ਕਹਿਣਾ ਹੈ ਕਿ ਉਹ ਖ਼ੁਦ ਨਹੀਂ ਚਾਹੁੰਦੇ ਕਿ ਝੋਨੇ ਦੀ ਖੇਤੀ ਕਰੀਏ ਸਰਕਾਰ ਸਾਨੂੰ ਬਦਲਵੀਂ ਫ਼ਸਲਾਂ ਦੇ ਨਾਲ ਨਾਲ ਉਨ੍ਹਾਂ ਉੱਤੇ ਐਮ.ਐਸ.ਪੀ. ਦੇਵੇ ਅਸੀਂ ਉਹ ਅਪਣਾਉਣ ਲਈ ਤਿਆਰ ਹਾਂ। ਆਪਣੇ ਲੇਖ ਵਿਚ ਵਿਜੈ ਬੰਬੇਲੀ ਅੱਗੇ ਲਿਖਦੇ ਹਨ ਕਿ 'ਇਕ ਏਕੜ ਝੋਨੇ ਦੀ ਕਾਸ਼ਤ ਲਈ 750 ਤੋਂ 2500 ਮਿਲੀਲਿਟਰ ਉਚਾਈ ਤਕ ਪਾਣੀ ਦੀ ਲੋੜ ਪੈਂਦੀ ਹੈ। ਇਕ ਕਿਲੋ ਅਗੇਤਾ ਝੋਨਾ ਪੈਦਾ ਕਰਨ ਲਈ 4500 ਲਿਟਰ ਪਾਣੀ, ਔਸਤਨ 25 ਕੁਇੰਟਲ ਝੋਨੇ ਲਈ 1,12,50,000 ਲਿਟਰ ਪਾਣੀ ਦੀ ਖਪਤ ਹੋ ਜਾਂਦੀ ਹੈ। ਅਸੀਂ ਸਾਰੇ ਪੰਜਾਬ ਨੂੰ ਮਨਸੂਈ ਝੀਲ ਵਿਚ ਬਦਲ ਕੇ ਹੁੰਮਸ ਵਾਲਾ ਵਾਤਾਵਾਰਨ ਪੈਦਾ ਕਰ ਦਿੰਦੇ ਹਾਂ ਜੋ ਵਰਖਾ ਗੜਬੜਾ ਦਿੰਦੀ ਹੈ; ਜੋ ਜਾਂ ਤਾਂ ਪੈਂਦੀ ਨਹੀਂ ਜਾਂ ਫ਼ਿਰ ਹੇਠਲੀ ਉੱਤੇ ਲਿਆ ਦਿੰਦੀ ਹੈ। ਪਾਣੀ ਭਾਫ਼ ਬਣ ਕੇ ਉੱਡਦਾ ਹੈ, ਜਿਸ ਨਾਲ ਹੁੰਮਸ ਪੈਦਾ ਹੁੰਦੀ ਹੈ। ਸਾਡੇ ਸਰੀਰ ਦਾ ਤਾਪਮਾਨ ਹਮੇਸ਼ਾ 37 ਡਿਗਰੀ ਸੈਲਸੀਅਸ ਹੁੰਦਾ ਹੈ। ਇਸ ਤਾਪਮਾਨ ਉੱਤੇ ਹੀ ਸਾਰੇ ਅੰਗ ਸਹੀ ਕਾਰਜ ਕਰਦੇ ਹਨ। ਜੇ ਨਮ-ਤਾਪਮਾਨ ਵਧਦਾ ਹੈ ਤਾਂ ਸਰੀਰ ਸਾਵਾਂ ਨਹੀਂ ਰਹਿੰਦਾ। ਹੁੰਮਸ ਕਾਰਨ ਕੀੜੇ-ਮਕੌੜਿਆਂ ਦੀ ਭਰਮਾਰ ਹੋ ਜਾਂਦੀ ਹੈ। ਦੁਸ਼ਮਣ ਕੀੜੇ ਪਨਪਦੇ ਹਨ, ਮਿੱਤਰ ਕੀੜੇ ਸੁਸਤੀ ਅਖਤਿਆਰ ਕਰ ਜਾਂਦੇ ਹਨ। ਹੁੰਮਸ ਸਜੀਵ ਵਸਤੂਆਂ ਨੂੰ ਤਾਂ ਨੁਕਸਾਨ ਪਹੁੰਚਾਉਂਦੀ ਹੀ ਹੈ, ਉਲਟਾ ਚੰਗੀ ਭਲੀ ਮਾਨਸੂਨ ਨੂੰ ਵੀ ਕੁਰਾਹੇ ਪਾ ਦਿੰਦੀ ਹੈ।" ਉਪਰੋਕਤ ਬਹਿਸ ਤੋਂ ਬਾਅਦ ਇਹੋ ਕਹਾਂਗਾ ਕਿ ਅੱਜ ਲੋੜ ਹੈ ਆਪਣੀਆਂ ਨਿੱਜੀ ਲਾਲਸਾਵਾਂ ਨੂੰ ਤਿਆਗ ਕੇ ਆਪਣੀ ਉਪਜਾਊ ਧਰਤੀ, ਪਾਣੀ ਅਤੇ ਵਾਤਾਵਰਨ ਨੂੰ ਸੁਰੱਖਿਅਤ ਕਰਨ ਦੀ ਤਾਂ ਜੋ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਦੇ ਜੀਵਨ ਨੂੰ ਮੁਸ਼ਕਿਲਾਂ 'ਚ ਪੈਣ ਤੋਂ ਬਚਾਇਆ ਜਾ ਸਕੇ।

# 'ਹੈਲੋ! ਮੈਂ ਕਨੇਡਾ ਤੋਂ ਬੋਲਦਾਂ...ਪਛਾਣਿਆ ਨੀਂ...'

ਸਾਵਧਾਨ! ਇਸ ਤਰ੍ਹਾਂ ਦੀ ਫੋਨ ਕਾਲ ਤੁਹਾਨੂੰ ਵੀ ਆ ਚੁੱਕੀ ਹੋਵੇਗੀ ਜਾਂ ਫਿਰ ਆਉਣ ਵਾਲੀ ਹੈ।

ਪਿਛਲੇ ਸਾਲਾਂ ਤੋਂ ਕੈਨੇਡਾ, ਅਮਰੀਕਾ, ਆਸਟ੍ਰੇਲੀਆ, ਨਿਊਜ਼ੀਲੈਂਡ ਵਰਗੇ ਮੁਲਕਾਂ ਵਿਚ ਪੰਜਾਬੀਆਂ ਦਾ ਪਰਵਾਸ ਇੰਨਾ ਵਧਿਆ ਹੈ ਕਿ

**ਚਾਨਣ ਦੀਪ ਸਿੰਘ ਔਲਖ**
**ਫੋਨ: 98768-88177**

ਹਰੇਕ ਪੰਜਾਬੀ ਦੇ ਜਾਣਕਾਰ, ਰਿਸ਼ਤੇਦਾਰਾਂ, ਦੋਸਤਾਂ ਵਿਚੋਂ ਕੋਈ ਨਾ ਕੋਈ ਇਨ੍ਹਾਂ ਮੁਲਕਾਂ ਵਿਚ ਜ਼ਰੂਰ ਗਿਆ ਹੋਇਆ ਹੈ। ਇਨ੍ਹਾਂ ਵਿਚੋਂ ਕੈਨੇਡਾ ਵਿਚ ਸੌਖੀ ਪੀ ਆਰ ਦੀ ਵਜ੍ਹਾ ਕਰਕੇ ਉਥੇ ਜਾਣ ਵਾਲਿਆਂ ਦੀ ਗਿਣਤੀ ਕੁਝ ਜ਼ਿਆਦਾ ਹੀ ਹੈ। ਇਨ੍ਹਾਂ ਮੁਲਕਾਂ ਦੀ ਚਕਾਚੌਂਧ ਦਾ ਅਸਰ ਪੰਜਾਬੀਆਂ 'ਤੇ ਇਸ ਕਦਰ ਹੋਇਆ ਹੈ ਕਿ ਹਰ ਹੀਲਾ ਵਸੀਲਾ ਵਰਤ ਕੇ ਉਥੇ ਪਹੁੰਚਣ ਲਈ ਤਤਪਰ ਹਨ ਅਤੇ ਉਥੇ ਪਹੁੰਚ ਚੁੱਕਿਆਂ ਨਾਲ ਵੱਖਰਾ ਹੀ ਮੋਹ ਜ਼ਾਹਰ ਕੀਤਾ ਜਾਂਦਾ ਹੈ।

ਇਸ ਸਭ ਦੇ ਚਲਦਿਆਂ ਕੁਝ ਠੱਗ ਕਿਸਮ ਦੇ ਲੋਕਾਂ ਨੇ ਠੱਗੀ ਦੀ ਨਵੀਂ ਤਰਕੀਬ ਕੱਢ ਮਾਰੀ ਹੈ। ਕਿਸੇ ਬਾਹਰਲੇ ਨੰਬਰ ਤੋਂ ਫੋਨ ਕਾਲ ਆਉਂਦੀ ਹੈ...'ਹੈਲੋ! ਮੈਂ ਕਨੇਡਾ ਤੋਂ ਬੋਲਦਾਂ...ਪਛਾਣਿਆ ਨੀਂ...ਭੁੱਲ ਗਏ...।' ਇੰਨੇ ਵਿਚ ਸਾਹਮਣੇ ਵਾਲਾ ਆਪਣੇ ਕਿਸੇ ਰਿਸ਼ਤੇਦਾਰ, ਮਿੱਤਰ, ਜਾਣਨ ਵਾਲਾ ਜੋ ਕੈਨੇਡਾ ਰਹਿ ਰਿਹਾ ਹੁੰਦਾ ਹੈ ਉਸਦਾ ਨਾਮ ਲੈ ਦਿੰਦਾ ਹੈ। ਫੋਨ ਕਰਨ ਵਾਲਾ ਉਸੇ ਨਾਮ 'ਤੇ ਹਾਮੀ ਭਰ ਦਿੰਦਾ ਹੈ। ਬਸ ਠੱਗੀ ਦੀ ਕਹਾਣੀ ਇਥੋਂ ਸ਼ੁਰੂ ਹੁੰਦੀ ਹੈ ਅਤੇ ਵੱਖਰੇ-ਵੱਖਰੇ ਤਰੀਕੇ ਨਾਲ ਜਾਲ ਵਿਚ ਫਸਾਇਆ ਜਾਂਦਾ ਹੈ। ਕੁਝ ਠੱਗਾਂ ਵੱਲੋਂ ਤਾਂ ਇਹ ਕਿਹਾ ਜਾਂਦਾ ਹੈ ਕਿ ਮੈਂ ਆਪਣੇ ਪਰਿਵਾਰ ਵਾਲਿਆਂ ਨੂੰ ਪੈਸੇ ਭੇਜ ਦਿੰਦਾ ਹਾਂ ਪਰ ਉਹ ਹਰ ਵਾਰ ਇਧਰ-ਓਧਰ ਖ਼ਰਚ ਕੇ ਖਰਾਬ ਕਰ ਦਿੰਦੇ ਹਨ। ਮੈਂ ਦਿਨ ਰਾਤ ਮਿਹਨਤ ਕਰਦਾ ਹਾਂ, ਹੁਣ ਮੈਂ ਵੀ ਆਪਣਾ ਕੁਝ ਬਣਾਉਣਾ ਹੈ। ਮੈਨੂੰ ਸਾਰਿਆਂ ਵਿਚੋਂ ਬਸ ਤੁਹਾਡੇ 'ਤੇ ਭਰੋਸਾ ਹੈ ਇਸ ਲਈ ਇਸ ਵਾਰ ਪੈਸੇ ਮੈਂ ਥੋਨੂੰ ਭੇਜਣੇ ਹਨ। ਤੁਸੀਂ ਹੁਣ ਚਾਹੇ ਪੈਸੇ ਵਰਤ ਲਿਓ ਮੈਂ 4-5 ਮਹੀਨੇ ਤੱਕ ਇੰਡੀਆ ਆਉਣਾ ਹੈ ਉਦੋਂ ਲੈ ਲਵਾਂਗਾ। ਮੈਨੂੰ ਆਪਣੇ ਬੈਂਕ ਖਾਤੇ ਦੀ ਜਾਣਕਾਰੀ ਭੇਜ ਦਿਓ ਮੈਂ ਅੱਜ ਹੀ 15 ਲੱਖ ਰੁਪਏ ਟਰਾਂਸਫਰ ਕਰ ਦਿੰਦਾ ਹਾਂ, ਕੱਲ੍ਹ ਤੋਂ ਮੈਂ ਕਿਧਰੇ ਦੂਰ ਕੰਮ 'ਤੇ ਜਾਣਾ ਹੈ। ਪਰ ਹਾਂ, ਇਹ ਗੱਲ ਆਪਣੇ ਦੋਵਾਂ ਵਿਚ ਹੀ ਰਹੇ, ਹੋਰ ਕਿਸੇ ਨੂੰ ਨਾ ਦਸਿਓ..। ਇੱਕ ਤਾਂ ਐਨਾ ਵੱਡਾ ਭਰੋਸਾ, ਤੇ ਦੂਜੀ ਐਨੇ ਪੈਸਿਆਂ ਦੀ ਗੱਲ ਸੁਣ ਕੇ ਸਾਹਮਣੇ ਵਾਲਾ ਕੁਝ ਸੋਚਣ ਤੋਂ ਪਹਿਲਾਂ ਹੀ ਫਟਾਫਟ ਆਪਣੀ ਬੈਂਕ ਜਾਣਕਾਰੀ ਭੇਜ ਦਿੰਦਾ ਹੈ। ਇਥੇ ਓਹ ਠੱਗ ਇਸ ਬੈਂਕ ਜਾਣਕਾਰੀ ਦੀ ਵਰਤੋਂ ਨਾਲ ਖਾਤਾ ਹੈਕ ਕਰਕੇ ਜਾਂ ਸਾਹਮਣੇ ਵਾਲੇ ਤੋਂ ਗੱਲਾਂ ਵਿਚ ਉਲਝਾ ਕੇ ਉਸਦਾ ਏ ਟੀ ਐਮ ਨੰਬਰ, ਪਿਨ, ਪਾਸਵਰਡ, ਓ ਟੀ ਪੀ ਆਦਿ ਲੈ ਕੇ ਜਾਂ ਪੈਸੇ ਵੱਧ ਭੇਜੇ ਗਏ ਜਾਣ ਕਰਕੇ ਵਾਪਸ ਟਰਾਂਸਫਰ ਦਾ ਆਖ ਕੇ ਵੱਖ ਵੱਖ ਤਰੀਕਿਆਂ ਨਾਲ ਉਸ ਵਿਅਕਤੀ ਦਾ ਖਾਤਾ ਖਾਲੀ ਕਰ ਸਕਦਾ ਹੈ।




ਦੂਸਰੇ ਕੇਸ ਵਿਚ ਠੱਗ ਇਹ ਗੱਲ ਆਖਦਾ ਹੈ ਕਿ ਉਹ (ਤੁਹਾਡਾ ਜਾਣਕਾਰ) ਅਚਾਨਕ ਕਿਸੇ ਮੁਸੀਬਤ ਵਿਚ ਫਸ ਗਿਆ ਹੈ ਜਾਂ ਉਸ ਉਤੇ ਪੁਲਿਸ ਕੇਸ ਹੋ ਗਿਆ ਹੈ ਅਤੇ ਉਸ ਦੇ ਸਾਰੇ ਪੇਪਰ ਜ਼ਬਤ ਹੋ ਗਏ ਹਨ। ਪਰ ਉਹ ਆਪਣੇ ਘਰ ਵਾਲਿਆਂ ਨੂੰ ਇਹ ਗੱਲ ਦੱਸ ਕੇ ਦੁਖੀ ਨਹੀਂ ਕਰਨਾ ਚਾਹੁੰਦਾ। ਉਸਨੂੰ ਥੋੜੇ ਪੈਸਿਆਂ ਦੀ ਲੋੜ ਹੈ, ਜੋਂ ਉਹ ਛੇਤੀ ਮੋੜ ਦੇਵੇਗਾ। ਉਹ ਸਾਹਮਣੇ ਤੋਂ ਕਿਸੇ ਵਕੀਲ, ਪੁਲਿਸ ਅਫਸਰ ਨਾਲ ਗੱਲ ਕਰਵਾਉਣ ਦਾ ਨਾਟਕ ਵੀ ਕਰਦਾ ਹੈ ਜੋ ਉਸ ਨੂੰ ਬਚਾਉਣ ਲਈ 5 ਤੋਂ 7 ਲੱਖ ਰੁਪਏ ਖਾਤੇ ਵਿਚ ਪਾਉਣ ਦੀ ਮੰਗ ਕਰਦਾ ਹੈ। ਕੁਝ ਲੋਕ ਇਨ੍ਹਾਂ ਗੱਲਾਂ ਨੂੰ ਸੱਚ ਸਮਝ ਕੇ ਉਸ ਨੂੰ ਬਚਾਉਣ ਲਈ ਪੈਸੇ ਭੇਜ ਦਿੰਦੇ ਹਨ। ਪਰ ਕੁਝ ਦਿਨ ਬਾਅਦ ਦੁਬਾਰਾ ਫਿਰ ਹੋਰ ਪੈਸੇ ਦੀ ਮੰਗ ਕੀਤੀ ਜਾਂਦੀ ਹੈ। ਕੁਝ ਉਹ ਵੀ ਭੇਜ ਦਿੰਦੇ ਹਨ, ਪਰ ਕੁਝ ਇੱਕ ਦੀ ਇੰਨੇ ਪੈਸੇ ਭੇਜਣ ਦੀ ਪਹੁੰਚ ਨਹੀਂ ਹੁੰਦੀ ਤਾਂ ਗੱਲ ਉਸ ਜਾਣਕਾਰ ਦੇ ਪਰਿਵਾਰ ਨਾਲ ਸਾਂਝੀ ਕਰਨੀ ਪੈਂਦੀ ਹੈ। ਪਰ ਉਥੇ ਜਾ ਕੇ ਪਤਾ ਲੱਗਦਾ ਹੈ ਕਿ ਇਹ ਤਾਂ ਉਹ ਜਾਣਕਾਰ ਨਹੀਂ, ਬਲਕਿ ਕੋਈ ਹੋਰ ਹੀ ਪੈਸੇ ਠੱਗ ਰਿਹਾ ਹੈ। ਇਸ ਤਰ੍ਹਾਂ ਹਰ ਠੱਗ ਦਾ ਤਰੀਕਾ ਵੱਖਰਾ ਹੋ ਸਕਦਾ ਹੈ।

ਇਸ ਤਰ੍ਹਾਂ ਦੀਆਂ ਠੱਗੀਆਂ ਦੀਆਂ ਖਬਰਾਂ ਨਿੱਤ ਦਿਨ ਪੜ੍ਹਨ-ਸੁਣਨ, ਦੇਖਣ ਨੂੰ ਆਮ ਮਿਲਦੀਆਂ ਹਨ ਪਰ ਫਿਰ ਵੀ ਇਹ ਠੱਗ ਕਿਸੇ ਨਾ ਕਿਸੇ ਅਣਜਾਣ ਵਿਅਕਤੀ ਨੂੰ ਆਪਣੇ ਜਾਲ ਵਿਚ ਫਸਾਉਣ ਵਿਚ ਕਾਮਯਾਬ ਹੋ ਜਾਂਦੇ ਹਨ ਅਤੇ ਪੈਸੇ ਠੱਗ ਲੈਂਦੇ ਹਨ। ਇਸ ਲਈ ਆਪਣੇ ਜਾਨਣ ਵਾਲੇ, ਦੋਸਤਾਂ, ਮਿੱਤਰਾਂ ਨੂੰ ਇਸ ਦੀ ਜਾਣਕਾਰੀ ਲਾਜ਼ਮੀ ਦਿਓ ਤਾਂ ਕਿ ਉਹ ਇਸ ਤਰ੍ਹਾਂ ਠੱਗੀ ਦੇ ਸ਼ਿਕਾਰ ਹੋਣ ਤੋਂ ਬਚ ਸਕਣ। ਆਪਣੀ ਬੈਂਕ ਜਾਣਕਾਰੀ ਜਾਂ ਪੈਸੇ ਭੇਜਣ ਤੋਂ ਪਹਿਲਾਂ ਉਸ ਵਿਅਕਤੀ ਦੀ ਸਚਾਈ ਜ਼ਰੂਰ ਜਾਣ ਲਓ। ਕਦੇ ਵੀ ਕਿਸੇ 'ਤੇ ਅੱਖਾਂ ਬੰਦ ਕਰ ਕੇ ਭਰੋਸਾ ਨਾ ਕਰੋ ਅਤੇ ਲਾਲਚ ਵਿਚ ਨਾ ਆਓ, ਕਿਉਂਕਿ ਅਸੀਂ ਬਚਪਨ ਤੋਂ ਪੜ੍ਹਦੇ ਆ ਰਹੇ ਹਾਂ, 'ਲਾਲਚ ਬੁਰੀ ਬਲਾ ਹੈ'।

# SANT BABA PREM SINGH JI SPORTS CLUB SOUTH BEND INDIANA

# ਕਬੱਡੀ ਮੇਲਾ

## 25 ਜੂਨ, 2022, ਸ਼ਨਿਚਰਵਾਰ

**@ Indiana Invaders Sports Complex**
**55400 Pine Rd. South Bend, IN 46628**




ਬਲਦੇਵ ਸਿੰਘ ਸੱਲ੍ਹਾਂ
(ਸਰਪ੍ਰਸਤ ਪ੍ਰਧਾਨ)

ਪ੍ਰਿਥਪਾਲ ਸਿੰਘ ਘੋਤੜਾ
(ਸਰਪ੍ਰਸਤ ਪ੍ਰਧਾਨ)




## ਗੁਰਲੇਜ਼ ਅਖਤਰ ਤੇ ਰੌਸ਼ਨ ਪ੍ਰਿੰਸ ਲਾਉਣਗੇ ਗੀਤਾਂ ਦੀ ਛਹਿਬਰ


ਪਾਲ ਸਿੰਘ ਖ਼ਲੀਲ
ਪ੍ਰਧਾਨ


ਬਲਵਿੰਦਰ ਸਿੰਘ
ਸ਼ਿਕਾਗੋ


ਗੁਰਪ੍ਰੀਤ ਸਿੰਘ ਬੌਬੀ
(ਸਲੇਮਪੁਰ)


ਬਬਲੂ
ਬੈਂਥਨ ਹਾਰਬਰ


ਨਵਦੀਪ ਸਿੰਘ ਲੱਭਾ


ਬਲਜਿੰਦਰ ਸਿੰਘ
ਲਾਡੀ


ਕੁਲਜੀਤ ਸਿੰਘ ਰੂਬੀ


ਦੀਦਾਰ ਸਿੰਘ ਬੈਂਸ
ਲੱਖਾ


ਨਿਰਮਲਜੀਤ ਸਿੰਘ
ਰਿਚੀ


ਰਾਜੇਸ਼ ਕੁਮਾਰ


ਅਜਮੇਰ ਸਿੰਘ
ਉਚਾ ਪਿੰਡ


ਜਤਿੰਦਰ ਪਾਲ ਸਿੰਘ
ਕਾਲਾ


ਜਸਵਿੰਦਰ ਸਿੰਘ ਰਿੰਕੂ


ਅਜੇਪਾਲ ਸਿੰਘ ਮੀਰਾਂਪੁਰ


ਗੁਰਜਿੰਦਰ ਸਿੰਘ ਰਿੰਕੂ

ਸਮੂਹ ਖੇਡ ਪ੍ਰੇਮੀਆਂ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਸੰਤ ਬਾਬਾ ਪ੍ਰੇਮ ਸਿੰਘ ਜੀ ਸਪੋਰਟਸ ਕਲੱਬ ਸਾਊਥਬੈਂਡ (ਇੰਡੀਆਨਾ) ਵਲੋਂ ਪੰਜਾਬੀ ਭਾਈਚਾਰੇ ਵਿਚ ਖੇਡਾਂ ਨੂੰ ਉਤਸ਼ਾਹਤ ਕਰਨ ਦੇ ਮਨੋਰਥ ਨਾਲ ਕਬੱਡੀ ਮੇਲਾ 25 ਜੂਨ 2022, ਦਿਨ ਸ਼ਨਿਚਰਵਾਰ ਨੂੰ ਕਰਵਾਇਆ ਜਾ ਰਿਹਾ ਹੈ, ਜਿਸ ਵਿਚ ਕਬੱਡੀ ਟੀਮਾਂ ਦੇ ਫਸਵੇਂ ਮੈਚ ਹੋਣਗੇ।

**ਮੁਫਤ ਖਾਣਾ**
**ਮੁਫਤ ਪਾਰਕਿੰਗ**

## ਸਮੂਹ ਖੇਡ ਪ੍ਰੇਮੀਆਂ ਨੂੰ ਇਸ ਖੇਡ ਮੇਲੇ ਦਾ ਅਨੰਦ ਮਾਣਨ ਦਾ ਖੁੱਲ੍ਹਾ ਸੱਦਾ ਹੈ

## ਹੋਰ ਜਾਣਕਾਰੀ ਲਈ ਸੰਪਰਕ ਕਰੋ:

ਪਾਲ ਸਿੰਘ ਖ਼ਲੀਲ 269-861-1800, ਦੀਦਾਰ ਸਿੰਘ ਬੈਂਸ ਲੱਖਾ 574-210-0213

# SANT BABA PREM SINGH JI SPORTS CLUB SOUTH BEND INDIANA

## ਪਹਿਲਾ ਇਨਾਮ | CHIEF GUEST | ਦੂਜਾ ਇਨਾਮ




Darshan Singh Dhaliwal | Surjit Singh Rakhra | Sp Singh Oberoi | Harbhajan S. Ghumon | Harry Ghumon | Amarbeer Singh Ghumon



Baldev Singh Giljian | Raghbir Singh Subhanpur | Lally Bawa | Jarnail Singh | Surjit Jonny Salhan | Kiranjit Singh Bawa | Bhupinder Singh

## DIAMOND SPONSORS



Raghbir Khalil | Onkar Kari | Baljinder Cheema | Amarjit Cheema | Daljinder Singh | Money Cheema | Sukhwinder Laddy | Mandeep Lucky | Jaswinder Neeta | Pawanpreet Pinta | Happy Grand Rapid



Amrit Pal Sangha | Harvinder Billa | Gurmeet Bhola | Yadwinder Grewal | Harjinder Khaira | Jaskaran Dhaliwal | Jindi Dyal | Hardeep Gill | Narinder Sra | Midha Mahalpuria | Lovedeep Dullat | Lucky Sahota



Tony Singh (NY) | Rimpy Khattra | Dharminder Khattra | Satwinder Satta | Mandeep Bhura | Rajinder Bains | SarwanTiwana | Himmat Singh | Gareeb Singh | Harpal Tanda | Narinder Munder | Preet Singh



Mukesh Modi | Kuljit Singh | Mukhwinder Happy | Tony Sanghera | Lakhbir Laddi | Surinder Shinda | Raj Grewal | Bobby | Ricky Singh | Ravi Singh



Dipty Singh | Gurjinder Ahuja | Harbinder Singh | Bittu Singh | Baljinder Singh | Sukhwinder Babbu | Surinder Singh | Sandeep Singh MD | Rinku Singh | Zoravar Singh

# SANT BABA PREM SINGH JI SPORTS CLUB SOUTH BEND INDIANA

## SALHAN BROTHRES



Jathedar Tara Singh | Baldev Singh Salhan | Sarabjit Singh Salhan | Gurmeet Singh Salhan | Prithpal Singh Ghotra | JP Khaira





Harwinder Walia | Darshan Darar | Dr. Joga Singh | Sukhjinder Singh Goldy | Mukhtiar Happy | Harbhajan Singh

## DIAMOND SPONSORS



Onkar Singh | Mukhtiar Singh | Gurbachan Singh | Sarwan Singh | Balbir Grewal | Ajay Singh | Jagmohsn Singh | Satbir Sony | Sandeep Lally | Teetu | Santosh Rahmane | Ravipal Singh

## ਬੈਸਟ ਜਾਫੀ ਤੇ ਬੈਸਟ ਰੇਡਰ ਦਾ ਇਨਾਮ ਸ਼ੇਰੇ ਪੰਜਾਬ ਸਪੋਰਟਸ ਕਲੱਬ ਮਿੱਡਵੈਸਟ ਵਲੋਂ



Amrit Pal Gill | Parminder Walia | Amardev Bandesha | Hardeep Bandesha | Balwinder Chatha | Gurdev Gill | Darshan Pamma | Ajaib Lakhan | Santokh DC | Gurmeet Dhaliwal | Lakhwinder Singh | Jasroop Singh | Amritpal Mangat | Pinda Saimby | Raghbir Kang | Amarjit Bandesha | Manjinder Singh



Sikander Bittu | Heman Ghotra | Jaswinder Jassi | Daljit Shally | Surjit Goldy | Ravi Hanjrah | Parminder Goldy | Harjinder Jindi | Mahavir Singh | Inderjit Singh | Bachan Singh Gill



Surjit Singh | Ajay Grover | Jasbir Singh | Richy Singh | Himmat Singh | Danvir Singh | Gurvinder Singh | Balwinder Singh | Sukhwinder Singh | Gagandeep Singh | Ragbhinder Singh



Harminder Miani | Sonu Bhagtana | Satnam Kala | Hardis Singh | Gurnam Singh | Gurbhajan Jonny | Rajwinder Jonny | Ajmer Singh | Pinka Grand Rapid | Sukhi Singh

# ਸਾਗਰੀ ਪਾਣੀਆਂ ਵਿਚ ਬੀਮਾ ਫਰਾਡ ਅਤੇ ਸੱਚ ਦੀ ਭਾਲ

ਕਲਾ ਪਰਿਕਰਮਾ




ਸੁਰਿੰਦਰ ਸਿੰਘ ਤੇਜ
ਫੋਨ: +91-98555-01488

ਘਟਨਾ ਜੁਲਾਈ 2011 ਦੀ ਹੈ। 'ਬ੍ਰਿਲੀਐਂਟ ਵਰਚੂਓਸੋ' ਨਾਮੀ ਤੇਲਵਾਹਕ ਬੇੜਾ (ਟੈਂਕਰ) ਖਾੜੀ ਅਦਨ ਵਿਚੋਂ ਸੋਮਾਲੀ ਸਮੁੰਦਰੀ ਡਾਕੂਆਂ ਨੇ ਅਗਵਾ ਕਰ ਲਿਆ। ਆਕਾਰ ਪੱਖੋਂ ਬਹੁਤ ਵਿਸ਼ਾਲ ਸੀ ਇਹ ਟੈਂਕਰ। ਤਿੰਨ ਫੁਟਬਾਲ ਮੈਦਾਨਾਂ ਜਿੰਨਾ ਵੱਡਾ। ਡੈੱਕ, ਸਮੁੰਦਰੀ ਪਾਣੀਆਂ ਦੇ ਪੱਧਰ ਤੋਂ 200 ਫੁੱਟ ਉੱਚਾ। ਚੁਪਾਸੇ ਤਿੱਖੀਆਂ ਕੰਡਿਆਲੀਆਂ ਤਾਰਾਂ ਵਲੀਆਂ ਹੋਈਆਂ ਤਾਂ ਜੋ ਕੋਈ ਕਿਸੇ ਵੀ ਪਾਸਿਓਂ ਡੈੱਕ 'ਤੇ ਨਾ ਚੜ੍ਹ ਸਕੇ। ਸਮੁੰਦਰੀ ਧਾੜਵੀਆਂ ਦੀਆਂ ਗੰਨਬੋਟਾਂ ਨੂੰ ਪਛਾੜਨ ਲਈ ਜਲ-ਤੋਪਾਂ ਨਾਲ ਵੀ ਲੈਸ ਸੀ ਇਹ ਬੇੜਾ। ਇਸ ਦੇ ਬਾਵਜੂਦ ਸੋਮਾਲੀ ਡਾਕੂ ਇਸ ਬੇੜੇ 'ਤੇ ਆ ਚੜ੍ਹੇ। ਉਨ੍ਹਾਂ ਨੇ ਇੰਜਨ ਰੂਮ ਵਿਚ ਧਮਾਕੇ ਕਰ ਕੇ ਬੇੜੇ ਨੂੰ ਚੱਲਣ ਤੋਂ ਨਕਾਰਾ ਬਣਾ ਦਿੱਤਾ। ਨਾਲ ਹੀ ਇਸ ਦੇ ਅਮਲੇ ਨੂੰ ਮਾਰਨ ਅਤੇ ਬੇੜੇ ਅੰਦਰਲਾ ਸਾਰਾ ਤੇਲ ਸਮੁੰਦਰ ਵਿਚ ਵਹਾਅ ਦੇਣ ਦੀ ਧਮਕੀ ਵੀ ਦਿੱਤੀ। ਅਜਿਹਾ ਨਾ ਕਰਨ ਬਦਲੇ ਉਨ੍ਹਾਂ ਨੇ 10 ਕਰੋੜ ਡਾਲਰਾਂ ਦੀ ਫਿਰੌਤੀ ਮੰਗੀ।


ਕਾਗਜ਼ਾਤ ਮੁਤਾਬਿਕ ਬੇੜੇ ਅੰਦਰਲੇ ਕੱਚੇ ਤੇਲ ਦੀ ਕੀਮਤ 10 ਕਰੋੜ ਡਾਲਰ ਬਣਦੀ ਸੀ। ਇਸ ਤੇਲ ਅਤੇ ਸਾਰੇ ਜਹਾਜ਼ੀਆਂ ਦੀਆਂ ਜਾਨਾਂ ਬਚਾਉਣ ਲਈ ਵਿਸ਼ੇਸ਼ ਕਿਸਮ ਦੇ ਅਪਰੇਸ਼ਨ ਦੀ ਲੋੜ ਸੀ। ਇਹ ਅਪਰੇਸ਼ਨ ਕਾਮਯਾਬ ਰਿਹਾ ਪਰ ਸੋਮਾਲੀ ਡਾਕੂ ਸੁਰੱਖਿਅਤ ਬਚ ਨਿਕਲੇ। ਬੇੜੇ ਦੇ ਮਾਲਕ ਨੇ ਇਸ ਪੂਰੇ 'ਅਪਰੇਸ਼ਨ' ਉੱਤੇ ਹੋਏ ਖਰਚੇ ਬਦਲੇ ਕੌਮਾਂਤਰੀ ਬੀਮਾ ਕੰਪਨੀ ਲਾਇਡਜ਼ ਤੋਂ 7.7 ਕਰੋੜ ਡਾਲਰਾਂ ਦੇ ਮੁਆਵਜ਼ੇ ਦੀ ਮੰਗ ਕੀਤੀ। ਲਾਇਡਜ਼ ਦੁਨੀਆ ਦਾ ਸਭ ਤੋਂ ਵੱਡਾ ਬੀਮਾ ਮੰਚ ਹੈ। ਇਸ ਦਾ ਸਦਰ ਮੁਕਾਮ ਲੰਡਨ ਵਿਚ ਹੈ। ਉਪਗ੍ਰਹਿਆਂ ਦੀਆਂ ਉਡਾਣਾਂ ਅਤੇ ਬਹੁਤ ਵੱਡੇ-ਵੱਡੇ ਕਾਰੋਬਾਰੀ ਸੌਦਿਆਂ ਦੇ ਬੀਮੇ ਇਹੋ ਅਦਾਰਾ ਕਰਦਾ ਹੈ। ਇਸ ਨੇ ਸਮੁੱਚੇ ਮਾਮਲੇ ਦੀ ਤਹਿਕੀਕਾਤ ਲਈ ਆਪਣੀ ਸਰਵੇਅਰ ਟੀਮ ਭੇਜੀ। ਇਹੋ ਜਿਹੀ ਇਕ ਹੋਰ ਟੀਮ ਕੌਮਾਂਤਰੀ ਮੈਰੀਟਾਈਮ ਏਜੰਸੀ ਨੇ ਵੀ ਭੇਜੀ। ਸੰਯੁਕਤ ਰਾਸ਼ਟਰ ਦੇ ਅਧਿਕਾਰ ਖੇਤਰ ਅਧੀਨ ਆਉਂਦੀ ਇਹ ਏਜੰਸੀ ਕੌਮਾਂਤਰੀ ਜਹਾਜ਼ਰਾਨੀ ਨਿਯਮਾਂ ਦੀ ਪਾਬੰਦਗੀ ਯਕੀਨੀ ਬਣਾਉਂਦੀ ਹੈ। ਕੌਮਾਂਤਰੀ ਪਾਣੀਆਂ ਵਿਚ ਅਪਰਾਧ ਰੋਕਣ-ਰੁਕਵਾਉਣ ਦੀ ਜ਼ਿੰਮੇਵਾਰੀ ਵੀ ਇਸੇ ਏਜੰਸੀ ਦੀ ਹੈ।

ਲਾਇਡਜ਼ ਦੀ ਸਰਵੇ ਟੀਮ ਦਾ ਮੁਖੀ ਕੈਪਟਨ ਡੇਵਿਡ ਮੌਕੈੱਟ ਸੀ। ਆਪਣੇ ਕੰਮ ਦਾ ਮਾਹਿਰ ਸੀ ਉਹ। ਉਸ ਨੂੰ ਬੇੜੇ ਦੀ ਅਗਵਾਕਾਰੀ ਦੀ ਕਹਾਣੀ ਸੱਚੀ ਨਹੀਂ ਲੱਗੀ। ਫਾਰੈਂਸਿਕ ਸਬੂਤ ਵੀ ਇਹੋ ਦਰਸਾਉਂਦੇ ਸਨ ਕਿ ਸੋਮਾਲੀ ਡਾਕੂ ਖ਼ੁਦ-ਬ-ਖ਼ੁਦ ਬੇੜੇ ਦੇ ਡੈੱਕ 'ਤੇ ਨਹੀਂ ਸਨ ਚੜ੍ਹੇ। ਉਨ੍ਹਾਂ ਨੂੰ ਰੱਸਿਆਂ ਵਾਲੀਆਂ ਪੌੜੀਆਂ ਡੈੱਕ ਦੇ ਉਪਰੋਂ ਮੁਹੱਈਆ ਕਰਵਾਈਆਂ ਗਈਆਂ। ਇਸ ਤੋਂ ਪਹਿਲਾਂ ਕਿ ਉਹ ਆਪਣੀ ਰਿਪੋਰਟ ਲੰਡਨ ਭੇਜਦਾ, ਅਦਨ ਵਿਚ ਇਕ ਕਾਰ ਬੰਬ ਧਮਾਕੇ ਰਾਹੀਂ ਉਸ ਦੀ ਹੱਤਿਆ ਕਰ ਦਿੱਤੀ ਗਈ। ਇਸ ਹੱਤਿਆ ਨੇ ਬੀਮਾ ਫਰਾਡ ਵਾਲਾ ਸ਼ੱਕ ਪਕੇਰਾ ਕਰ ਦਿੱਤਾ।

ਅਗਾਂਹ ਕੀ ਵਾਪਰਿਆ, ਇਹ ਸਾਰਾ ਕਥਾਕ੍ਰਮ ਪੇਸ਼ ਕਰਦੀ ਹੈ ਮੈਥਿਊ ਕੈਂਪਬੈੱਲ ਤੇ ਕਿੱਟ ਸ਼ੈਲੈੱਲ ਦੀ ਕਿਤਾਬ 'ਡੈੱਡ ਇਨ ਦਿ ਵਾਟਰ'। ਇਸ ਕਿਤਾਬ ਦਾ ਫਿਲਹਾਲ ਬ੍ਰਿਟਿਸ਼ ਐਡੀਸ਼ਨ ਉਪਲਬਧ ਹੈ; ਭਾਰਤੀ ਐਡੀਸ਼ਨ ਛੇਤੀ ਆਉਣ ਵਾਲਾ ਹੈ। ਕੈਂਪਬੈੱਲ ਤੇ ਸ਼ੈਲੈੱਲ ਵਿੱਤੀ ਤੇ ਕਾਰੋਬਾਰੀ ਜਗਤ ਨਾਲ ਜੁੜੀ ਆਲਮੀ ਖ਼ਬਰ ਤੇ ਫੀਚਰਜ਼ ਏਜੰਸੀ 'ਬਲੂਮਬਰਗ' ਨਾਲ ਸਬੰਧਤ ਹਨ। ਬੜੀ ਮਿਹਨਤ ਕੀਤੀ ਹੈ ਉਨ੍ਹਾਂ ਨੇ ਇਸ ਕਿਤਾਬ ਲਈ ਢੁਕਵੀਂ ਸਮੱਗਰੀ ਜੁਟਾਉਣ ਅਤੇ ਜਾਸੂਸੀ ਨਾਵਲ ਵਰਗਾ ਚਸਕੇਦਾਰ ਬਣਾਉਣ ਵਾਸਤੇ। ਤੇਲਵਾਹਕ ਬੇੜੇ ਦਾ ਮਾਲਕ ਸੀ ਯੂਨਾਨੀ ਕਾਰੋਬਾਰੀ ਮਾਰੀਓ ਇਲੀਓਪੂਲੂਸ। ਉਹ ਯੂਨਾਨ ਅਤੇ ਬਲਕਾਨ ਦੇਸ਼ਾਂ ਵਿਚ ਸੁਪਰ ਮਾਰੀਓ ਦੇ ਲਕਬ ਹੇਠ ਕਾਰ ਦੌੜਾਂ ਵਿਚ ਹਿੱਸਾ ਲੈਂਦਾ ਰਿਹਾ ਹੈ। ਸੂਰਤ ਤੇ ਸੀਰਤ ਪੱਖੋਂ ਉਹ ਪੂਰਾ ਗੁੰਡਾ ਹੈ; ਸਿਖ਼ਰਲੇ ਦਰਜੇ ਦਾ ਗੁੰਡਾ। ਸਿਰ ਦੇ ਵਾਲ ਕੁਢੱਬੇ ਢੰਗ ਨਾਲ ਕੱਟੇ ਹੋਏ, ਚਿਹਰੇ 'ਤੇ ਕਰੜ ਬਰੜੀ ਦਾੜ੍ਹੀ। ਦੇਹ ਡਬਲਿਊ.ਡਬਲਿਊ.ਐਫ. ਦੇ ਸੁਪਰ ਹੈਵੀਲੇਟ ਪਹਿਲਵਾਨਾਂ ਵਾਲੀ ਤੇ ਢਿੱਡ ਡਰੰਮ ਵਰਗਾ। ਕਮੀਜ਼ ਦੇ ਬਟਨ ਕਦੇ ਬੰਦ ਨਹੀਂ ਕਰਦਾ। ਲੰਡਨ ਵਿਚ ਚੱਲੇ ਮੁਕੱਦਮੇ ਦੌਰਾਨ ਉਸ ਨੇ ਜੱਜ ਨੂੰ ਡਰਾਉਣ-ਧਮਕਾਉਣ ਦੇ ਸਾਰੇ ਹੀਲੇ-ਉਪਰਾਲੇ ਕੀਤੇ। ਵਕੀਲਾਂ ਦਾ ਦਸਤਾ ਉਹ ਚੁਣਿਆ ਜੋ ਮੁਦੱਈ ਪੱਖ ਨੂੰ ਲਗਾਤਾਰ ਉਲਝਾਈ ਰੱਖੇ। ਦੋ ਸਿਰੜੀ ਤਫਤੀਸ਼ਕਾਰਾਂ ਰਿਚਰਡ ਵੀਲ ਅਤੇ ਮਾਈਕਲ ਕੌਨਰ ਨੇ ਪੂਰਾ ਜ਼ੋਰ ਲਾਇਆ ਪਰ ਬੀਮਾ ਕੰਪਨੀ ਦੇ ਅਸਿੱਧੇ ਸਹਿਯੋਗ ਅਤੇ ਮੁਦੱਈ ਪੱਖ ਦੀਆਂ ਕਮਜ਼ੋਰੀਆਂ ਕਾਰਨ ਇਲੀਓਪੂਲੂਸ ਬਚ ਨਿਕਲਿਆ। ਕੋਈ ਵੀ ਵੱਡੀ ਬੀਮਾ ਕੰਪਨੀ ਵੱਡੇ ਕਾਰੋਬਾਰੀਆਂ, ਖ਼ਾਸਕਰ ਮਾਲਵਾਹਕ ਬੇੜਿਆਂ ਦੇ ਮਾਲਕਾਂ ਨੂੰ ਬਹੁਤਾ ਨਾਰਾਜ਼ ਨਹੀਂ ਕਰਨਾ ਚਾਹੁੰਦੀ। ਕੰਪਨੀਆਂ ਨੂੰ ਮੁੱਖ ਤੌਰ 'ਤੇ ਮੁਨਾਫਾ ਹੀ ਉੱਚ ਜੋਖਮ ਵਾਲੇ ਬੀਮਿਆਂ ਤੋਂ ਹੁੰਦਾ ਹੈ- ਪ੍ਰੀਮੀਅਮ ਦੀਆਂ ਮੋਟੀਆਂ ਮੋਟੀਆਂ ਕਿਸ਼ਤਾਂ ਦੇ ਰੂਪ ਵਿਚ।




*ਮੈਥਿਊ ਕੈਂਪਬੈੱਲ ਤੇ ਕਿੱਟ ਸ਼ੈਲੈੱਲ ਦੀ ਕਿਤਾਬ ਦਾ ਮੁਖੜਾ।*




*'ਪਿੰਡ ਕੱਦੋਂ ਦੇ ਵਿਰਾਸਤੀ ਰੰਗ' ਦਾ ਸਰਵਰਕ।*

ਬੀਮਾ ਫਰਾਡ ਦੀ ਕਹਾਣੀ ਪੇਸ਼ ਕਰਨ ਦੇ ਨਾਲ-ਨਾਲ 'ਡੈੱਡ ਇਨ ਦਿ ਵਾਟਰ' ਜਹਾਜ਼ਰਾਨੀ ਸਨਅਤ ਤੇ ਬੀਮਾ ਖੇਤਰ ਵਿਚ ਕੰਮ ਕਰਦੀਆਂ ਬਹੁਕੌਮੀ ਕੰਪਨੀਆਂ ਦਾ ਅਸਲ ਚਿਹਰਾ-ਮੋਹਰਾ ਤੇ ਚਾਲ-ਚਰਿੱਤਰ ਵੀ ਬੇਪਰਦ ਕਰਦੀ ਹੈ। ਲਾਇਡਜ਼ ਵਰਗੇ ਹਰ ਅਦਾਰੇ ਦੀਆਂ ਦਰਜਨਾਂ ਡਿਵੀਜ਼ਨਾਂ ਹੁੰਦੀਆਂ ਹਨ। ਹਰ ਡਿਵੀਜ਼ਨ ਦੇ ਅੰਦਰ ਕਈ ਕਈ ਵੱਖਰੀਆਂ ਕੰਪਨੀਆਂ ਦੀ ਮੌਜੂਦਗੀ ਦਰਸਾਈ ਜਾਂਦੀ ਹੈ। ਇਨ੍ਹਾਂ ਵਿਚੋਂ ਬਹੁਤੀਆਂ 'ਛਿਲੜ', ਭਾਵ ਕਾਗਜ਼ੀ ਕੰਪਨੀਆਂ ਹੁੰਦੀਆਂ ਹਨ ਜੋ ਜਾਂ ਤਾਂ ਟੈਕਸ ਬਚਾਉਣ ਲਈ ਰਜਿਸਟਰ ਕਰਵਾਈਆਂ ਜਾਂਦੀਆਂ ਹਨ ਅਤੇ ਜਾਂ ਫਿਰ ਅਸਲ ਮਾਲਕਾਂ ਨੂੰ ਕਾਨੂੰਨੀ ਸ਼ਿਕੰਜੇ ਤੋਂ ਦੂਰ ਰੱਖਣ ਦੇ ਹੀਲੇ-ਵਸੀਲੇ ਦਾ ਹਿੱਸਾ ਹੁੰਦੀਆਂ ਹਨ। ਬਹੁਤੇ ਤਫਤੀਸ਼ਕਾਰ ਅਜਿਹੀਆਂ ਭੁੱਲ-ਭੁਲੱਈਆਂ ਵਿਚ ਐਸੇ ਉਲਝਦੇ ਹਨ ਕਿ ਅਪਰਾਧ ਦੀ ਤਹਿ ਤਕ ਪੁੱਜਣਾ ਸੰਭਵ ਨਹੀਂ ਹੁੰਦਾ। ਰਾਜਨੇਤਾਵਾਂ ਤੇ ਸਰਕਾਰੀ ਉੱਚ-ਅਧਿਕਾਰੀਆਂ ਦੀ ਐਸ਼ੋ-ਇਸ਼ਰਤ ਲਈ ਮਾਇਕ ਸਾਧਨ ਕਿਉਂਕਿ ਅਜਿਹੇ ਅਦਾਰਿਆਂ ਤੋਂ ਹੀ ਆਉਂਦੇ ਹਨ, ਇਸ ਲਈ ਇਨ੍ਹਾਂ ਦਾ ਮਾਲਕੀ ਢਾਂਚਾ ਸਿੱਧਾ-ਸਪਾਟ ਬਣਾਉਣ ਦਾ ਠੋਸ ਯਤਨ ਨਾ ਤਾਂ ਕਿਸੇ ਵਿਕਸਿਤ ਮੁਲਕ ਨੇ ਅਜੇ ਤੱਕ ਕੀਤਾ ਹੈ ਅਤੇ ਨਾ ਹੀ ਵਿਕਾਸਸ਼ੀਲ ਮੁਲਕਾਂ ਨੇ।

ਬਹਰਹਾਲ, ਖੋਜਮੁਖੀ ਪੱਤਰਕਾਰੀ ਅਤੇ ਚੁਸਤ-ਦਰੁਸਤ ਲੇਖਣ ਦੇ ਸੁਮੇਲ ਦੀ ਮਿਸਾਲ ਹੈ ਕੈਂਪਬੈੱਲ ਤੇ ਸ਼ੈਲੈੱਲ ਦੀ ਕਿਤਾਬ। ਇਸ ਦੀ ਅੰਤਿਕਾ, ਇਸ ਦੇ ਲੇਖਕਾਂ ਅਤੇ ਬੀਮਾ ਫਰਾਡ ਦੇ ਦੋ ਤਫਤੀਸ਼ਕਾਰਾਂ- ਵੀਲ ਤੇ ਕੌਨਰ ਦੀ ਸਿਦਕਦਿਲੀ ਦੀ ਤਸਵੀਰ ਪੇਸ਼ ਕਰਦੀ ਹੈ। ਧਮਕੀਆਂ ਤੇ ਖ਼ਤਰਿਆਂ ਦੇ ਬਾਵਜੂਦ ਇਹ ਚਾਰੋਂ, ਇਨਸਾਫ ਸੰਭਵ ਬਣਾਉਣ ਦੀ ਮੁਹਿੰਮ ਵਿਚ ਅਜੇ ਵੀ ਜੁਟੇ ਹੋਏ ਹਨ, ਇਸ ਨਿਸ਼ਚੇ ਦੇ ਨਾਲ ਕਿ ਨਾਮੁਮਕਿਨ ਨੂੰ ਵੀ ਮੁਮਕਿਨ ਬਣਾਇਆ ਜਾ ਸਕਦਾ ਹੈ। ਅੱਜ ਦੇ ਯੁੱਗ ਵਿਚ ਖੋਜੀ ਪੱਤਰਕਾਰੀ ਨੂੰ ਇਸ ਕਿਸਮ ਦੀ ਵਚਨਬੱਧਤਾ ਦੀ ਸੱਚਮੁੱਚ ਸਖ਼ਤ ਲੋੜ ਹੈ।

**ਪਿੰਡ ਕੱਦੋਂ ਦੇ ਵਿਰਾਸਤੀ ਰੰਗ:** ਪਿੰਡ ਕੱਦੋਂ, ਲੁਧਿਆਣਾ ਜ਼ਿਲ੍ਹੇ ਦਾ ਉਹ ਪਿੰਡ ਹੈ ਜਿਸ ਦੀ ਜ਼ਮੀਨ 'ਤੇ ਪੰਜਾਬ ਦਾ ਪਹਿਲਾ ਮੈਕਡੌਨਲਡ'ਜ਼ ਆਊਟਲੈੱਟ ਖੁੱਲ੍ਹਿਆ। ਇਹ 20ਵੀਂ ਸਦੀ ਦੇ ਆਖ਼ਰੀ ਵਰ੍ਹਿਆਂ ਦੀ ਗੱਲ ਹੈ। ਉਦੋਂ ਬੜਾ ਜਨੂਨ ਸੀ ਉੱਥੇ ਰੁਕ ਕੇ ਬਰਗਰ ਤੇ ਫਰੈਂਚ ਫਰਾਈਜ਼ ਖਾਣ ਦਾ। ਹਰ ਸਮੇਂ ਭੀੜਾਂ ਲੱਗੀਆਂ ਰਹਿੰਦੀਆਂ ਸਨ। ਉਜਾਗਰ ਸਿੰਘ ਦੀ ਨਵੀਂ ਕਿਤਾਬ 'ਪਿੰਡ ਕੱਦੋਂ ਦੇ ਵਿਰਾਸਤੀ ਰੰਗ' ਭਾਵੇਂ ਉਪਰੋਕਤ ਘਟਨਾਕ੍ਰਮ ਦੀ ਗੱਲ ਨਹੀਂ ਕਰਦੀ, ਫਿਰ ਵੀ ਇਹ ਇਸ ਪਿੰਡ ਦੇ ਵਿਰਸੇ, ਵਿਰਾਸਤ, ਇਤਿਹਾਸ ਤੇ ਵਿਕਾਸ ਦੀ ਬੜੀ ਹੁਸੀਨ ਤਸਵੀਰ ਪੇਸ਼ ਕਰਦੀ ਹੈ। ਕਦੇ ਇਸ ਪਿੰਡ ਦੇ ਦੁਆਲੇ ਰੇਤ ਦੇ ਟਿੱਬੇ ਹੀ ਟਿੱਬੇ ਹੋਇਆ ਕਰਦੇ ਸਨ। ਦੋਰਾਹਾ ਮੰਡੀ ਜਾਂ ਜੀ.ਟੀ. ਰੋਡ ਤੋਂ ਇਸ ਤੱਕ ਪੁੱਜਣਾ ਆਸਾਨ ਨਹੀਂ ਸੀ ਹੁੰਦਾ, ਖ਼ਾਸ ਤੌਰ 'ਤੇ ਗਰਮੀਆਂ ਵਿਚ ਪਰ ਪਿੰਡ ਦੀ ਜੂਹ ਅੰਦਰ ਦਾਖਲ ਹੁੰਦਿਆਂ ਹੀ ਨਜ਼ਾਰਾ ਬਦਲ ਜਾਂਦਾ ਸੀ। ਹਰੇ ਇਨਕਲਾਬ ਤੋਂ ਪਹਿਲਾਂ ਵੀ ਇਹ ਪਿੰਡ ਗ਼ਰੀਬੀ ਨਹੀਂ, ਅਮੀਰੀ ਦਾ ਪ੍ਰਭਾਵ ਦਿੰਦਾ ਸੀ। ਮੈਂ ਪਹਿਲਾਂ 1964 ਅਤੇ ਫਿਰ 1970 ਵਿਚ ਦੋ ਵਾਰ ਇਸ ਪਿੰਡ ਵਿਚ ਆਪਣੇ ਇਕ ਜਾਣਕਾਰ ਪਰਿਵਾਰ ਕੋਲ ਦਸ-ਦਸ ਦਿਨ ਰਹਿੰਦਾ ਰਿਹਾ ਹਾਂ। ਦੂਜੀ ਫੇਰੀ ਵੇਲੇ ਇਹ ਇਲਮ ਹੋ ਗਿਆ ਸੀ ਕਿ ਪਿੰਡ ਤੇਜ਼ੀ ਨਾਲ ਬਦਲ ਰਿਹਾ ਹੈ। ਇਹ ਬਦਲਾਅ ਬਿਹਤਰੀ ਵਾਲਾ ਸੀ, ਸ਼ਾਇਦ ਬਿਜਲੀ ਆਉਣ ਤੇ ਪੱਕੀ ਸੜਕ ਬਣਨ ਕਰਕੇ। ਉਜਾਗਰ ਸਿੰਘ ਨੇ ਪਿੰਡ ਵਿਚ ਹੋਈ ਪ੍ਰਗਤੀ ਦੀ ਗੱਲ ਨਿੱਠ ਕੇ ਕੀਤੀ ਹੈ ਪਰ ਨਾਲ ਹੀ ਵਿਰਸੇ ਦੀ ਸਾਂਭ-ਸੰਭਾਲ ਦੇ ਉਪਰਾਲਿਆਂ ਦਾ ਖੁਲਾਸਾ ਵੀ ਸੁਹਿਰਦਤਾ ਨਾਲ ਕੀਤਾ ਹੈ। ਉਹ ਬੜੇ ਵਰ੍ਹਿਆਂ ਤੱਕ ਲੋਕ ਸੰਪਰਕ ਅਧਿਕਾਰੀ ਰਹੇ ਹਨ। ਇਸ ਪੇਸ਼ੇ ਵਾਲੀ ਪੁੱਠ ਉਨ੍ਹਾਂ ਦੀ ਲੇਖਣੀ 'ਚ ਮੌਜੂਦ ਹੈ ਪਰ ਉਨ੍ਹਾਂ ਦੀ ਕਿਤਾਬ ਪਿੰਡ ਕੱਦੋਂ ਦੇ ਇਤਿਹਾਸ ਤੇ ਵਿਰਾਸਤ ਨੂੰ ਸੰਭਾਲਣ ਦਾ ਸੰਜੀਦਾ ਉਪਰਾਲਾ ਹੈ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 18 ਜੂਨ 2022 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-538




ਲੋੜ ਕਾਢ ਦੀ ਮਾਂ ਹੈ ਯਾਰੋ, ਜਾਂ ਫਿਰ ਹੈ ਲਾਚਾਰੀ,
ਉਜਵਲ ਭਾਰਤ ਤੋਂ ਪਿੱਛੋਂ, ਆਈ ਹੈ ਇਸਦੀ ਵਾਰੀ।
ਪੜ੍ਹ ਪੜ੍ਹ ਕੇ ਇਸ਼ਤਿਹਾਰ ਬਾਜ਼ੀਆਂ ਲੋਕੀਂ ਨੇ ਅੱਕੇ,
ਹਰ ਪਾਰਟੀ ਦੀ ਸਰਕਾਰ ਹੱਥੋਂ ਖਾਣੇ ਪੈਣੇ ਨੇ ਧੱਕੇ।

### ਕੈਪਸ਼ਨ ਮੁਕਾਬਲਾ-536



ਰਾਜਿਆ ਰਾਜ ਕਰੇਂਦਿਆ,
ਤੂੰ ਕੁੱਝ ਤਾਂ ਸੋਚ ਵਿਚਾਰ।
ਏਹੁ ਹਮਾਰਾ ਜੀਵਣਾ,
ਤੂੰ ਕਦੇ ਤਾਂ ਝਾਤੀ ਮਾਰ।
***-ਜਗਮੀਤ ਸਿੰਘ ਪੰਧੇਰ***
***ਵਿੰਨੀਪੈਗ, ਕੈਨੇਡਾ***
***ਫੋਨ :+1 2042963177***

---

ਦੁਪੱਟੇ ਦਾ ਹੀ ਝੂਲਾ ਬਣਾ ਕੇ,
ਲਾਡਲੇ ਪੁੱਤ ਨੂੰ ਵਿਚ ਬਿਠਾ ਕੇ।
ਭੱਠੇ 'ਤੇ ਇੱਟਾਂ ਢੋਣ ਲਈ ਜਾਵਾਂ,
ਕਰ ਮਜ਼ਦੂਰੀ ਘਰ ਚਲਾਵਾਂ।
ਸਿਖਰ ਦੁਪਹਿਰੇ, ਤਪਦਾ ਭੱਠਾ,
ਪੇਟ ਦੀ ਅਗਨੀ ਸਾਹਵੇਂ ਮੱਠਾ।
***-ਗੁਰਦੇਵ ਸਿੰਘ ਢਪਾਲੀ***
***ਗੁਰੂ ਤੇਗ ਬਹਾਦਰ ਨਗਰ, ਬਠਿੰਡਾ।***
***ਫੋਨ: 94176-49275***

---

ਕਿਰਤ ਦਾ ਖਾਸਾ ਹੀ ਹੱਡ ਤੋੜਵਾਂ
ਢੋਵੇ ਇੱਟਾਂ ਸਾਰਾ ਦਿਨ ਭੱਠੇ 'ਚ,
ਪੈਰਾਂ ਥੱਲੇ ਭੁੱਬਲ ਤਪੇ,
ਗਰਦਨ ਭਾਰ ਨਾਲ ਝੁਕੇ।
ਮਾਸੂਮ ਬੱਚਾ ਕੀ ਜਾਣੇ ਪਿਆ ਝੋਲੀ 'ਚ
ਕੀ ਹੈ ਮਾਂ 'ਤੇ ਬੀਤ ਰਿਹਾ।
ਟੁੱਟ ਭੱਜ ਆ ਘਰ ਅੱਧ-ਭੁੱਖੇ ਸੌਣਾ
ਕੱਖਾਂ ਕਾਨਿਆਂ ਦੀ ਕੁੱਲੀ 'ਚ
ਰੈਣ ਵਸੇਰਾ।
ਜਿੱਥੇ ਨਾ ਏ ਸੀ ਨਾ ਹੀਟਰ
ਸਿਰਫ ਸਿਰੜ ਹੈ ਪੱਲੇ।
ਜੋ ਲਾਮਬੰਦੀ ਲਈ ਜੂਝਣਾ
ਪ੍ਰਤੀਕ ਹੈ ਕੁਝ ਹਾਸਲ ਕਰਨ ਲਈ।
***-ਦਰਸ਼ਨ ਪਾਲ ਦੋਸਾਂਝ।***

---

ਕਿੰਨੀ ਹੈ ਸਖਤ ਜ਼ਿੰਦਗੀ,
ਕਰਨੀ ਭੱਠਿਆਂ 'ਤੇ ਮਜ਼ਦੂਰੀ।
ਨਾ ਚੱਜ ਨਾਲ ਬੱਚੇ ਦੀ ਹੋਵੇ ਸੰਭਾਲ,
ਫਾਕਾ ਨਾ ਕੱਟ ਸਕਣ ਦੀ ਮਜਬੂਰੀ।
ਬੱਚਾ ਵੀ ਪਿੱਠ-ਝੋਲੀ 'ਚ ਪਿਆ,
ਸਮਝ ਰਿਹਾ ਮਮਤਾ ਦਾ ਦੁੱਖ।
ਭਵਿੱਖੀ ਸਾਂਝ ਮਾਂ ਪੁੱਤ ਦੀ
ਹੋ ਰਹੀ ਪੀਢੀ,
ਸਮੇਂ ਨੇ ਧਾਰ ਰੱਖੀ ਹੈ ਚੁੱਪ।
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾਂ (ਪਟਿਆਲਾ)***
***ਫੋਨ: 98784-69639***

---

ਰੁਲੇ ਬਚਪਨ ਨਿੱਤ ਮਿੱਟੀ ਘੱਟੇ,
ਫੋਕੇ ਨਾਹਰੇ ਦੇਹ ਨੇਤਾਵਾਂ ਪੱਟੇ।
ਇੰਝ ਲਿਤਾੜੇ ਨੇ ਸਦਾ ਗਰੀਬ,
ਰੋਂਦੀ ਹੋਣੀ ਤੱਕ ਕੇ ਫੁੱਟੇ ਨਸੀਬ।
***-ਸੇਵਾ ਸਿੰਘ "ਨੂਰਪੁਰੀ"***

## ਬਾਬਾ ਸਾਹਿਬ ਅੰਬੇਡਕਰ

ਸੱਚੋ ਸੱਚ
ਇਨਸਾਨੀਅਤ ਦਾ ਝੰਡਾ ਬਰਦਾਰ,
ਸੀ ਦੱਬੇ ਕੁਚਲਿਆਂ ਦਾ ਸਰਦਾਰ।

ਫਿਰਕਾਪ੍ਰਸਤੀ ਨੂੰ ਨੱਥ ਪਾ ਗਿਆ,
ਸੰਵਿਧਾਨ 'ਚ ਗੱਲ ਸਮਝਾ ਗਿਆ।

ਖੁਦਗਰਜ਼ ਨੇਤਾਵਾਂ ਨੇ ਰੋਲ਼ਿਆ ਹੈ,
ਮਜ਼ਲੂਮ ਦੇ ਹੱਕ ਨੂੰ ਗੌਲਿਆ ਹੈ।

ਚੁਣ ਕੇ ਭੇਜਦੇ ਹਾਂ ਆਪਣਾ ਸਮਝ ਕੇ,
ਪਰ ਬਣ ਕੇ ਚੌਧਰੀ ਵਿਕ ਜਾਂਦੇ ਝੱਟ।

ਬਦਕਿਸਮਤੀ ਹੈ ਮੁੱਦਤਾਂ ਤੋਂ ਲੋਕਾਂ ਦੀ,
ਛੱਡ ਜਾਂਦੇ ਸਾਨੂੰ ਰਕੀਬ ਲੈਂਦੇ ਨੇ ਪੱਟ।
***-ਸੇਵਾ ਸਿੰਘ ਨੂਰਪੁਰੀ***

# ਸ਼ਕਤੀਸ਼ਾਲੀ ਕੁਦਰਤ

***21ਵੀਂ ਸਦੀ ਤੱਕ ਪੁੱਜਦਿਆਂ-ਪੁੱਜਦਿਆਂ ਮਨੁੱਖ ਨੇ ਬੇਅੰਤ ਤਰੱਕੀ ਕਰ ਲਈ ਹੈ ਅਤੇ ਬਹੁਤ ਸਾਰੇ ਕਾਰਜ ਇਸ ਦੀ ਮਰਜ਼ੀ ਹੇਠ ਵੀ ਆ ਗਏ ਹਨ। ਸ਼ਾਇਦ ਇਸੇ ਕਾਰਨ ਮਨੁੱਖ ਖੁਦ ਨੂੰ ਮਹਾਂ ਸ਼ਕਤੀਸ਼ਾਲੀ ਐਲਾਨਦਾ ਥੱਕਦਾ ਨਹੀਂ ਪਰ ਇਹ ਕੁਦਰਤ ਦੀ ਥਾਹ ਅਜੇ ਵੀ ਪਾ ਨਹੀਂ ਸਕਿਆ ਹੈ। 'ਪੰਜਾਬ ਟਾਈਮਜ਼' ਦੇ ਪੁਰਾਣੇ ਸਾਥੀ ਅਤੇ ਵਿਗਿਆਨ ਪੜ੍ਹਨ-ਪੜ੍ਹਾਉਣ ਨਾਲ ਡੂੰਘੇ ਜੁੜੇ ਪ੍ਰਿੰਸੀਪਲ ਬ੍ਰਿਜਿੰਦਰ ਸਿੰਘ ਸਿੱਧੂ ਨੇ ਆਪਣੇ ਇਸ ਲੇਖ ਵਿਚ ਇਸ ਬੇਅੰਤ ਕੁਦਰਤ ਨਾਲ ਜੁੜੀਆਂ ਗੱਲਾਂ-ਬਾਤਾਂ ਸਾਂਝੀਆਂ ਕੀਤੀਆਂ ਹਨ।***

ਕੁਦਰਤ ਦੇ ਭੇਤਾਂ ਦਾ ਕੋਈ ਅੰਤ ਨਹੀਂ। ਇਸ ਦੇ ਅਸਚਰਜ ਦੀ ਕੋਈ ਸੀਮਾ ਨਹੀਂ। ਇਸ ਦੀ ਅਪਾਰ ਕ੍ਰਿਪਾ ਦਾ ਕੋਈ ਸਾਨੀ ਨਹੀਂ। ਇਸ ਦੇ ਬਹੁਰੰਗਾਂ ਦਾ ਕੋਈ ਅੰਦਾਜ਼ਾ ਨਹੀਂ।

ਅੱਜ ਦਾ ਮਨੁੱਖ ਕੁਦਰਤ ਦੇ ਕਾਇਦੇ-ਕਾਨੂੰਨ ਅਤੇ ਭੇਤਾਂ ਦੀ ਖੋਜ ਕਰਨ ਨਾਲ ਕਾਫ਼ੀ ਘੁਮੰਡੀ ਹੋ ਗਿਆ ਹੈ। ਕਈ ਵਾਰ ਉਹ ਮਹਿਸੂਸ ਕਰਦਾ ਹੈ ਕਿ ਬ੍ਰਹਿਮੰਡ ਦੀ ਖੋਜ, ਟੈਸਟ ਟਿਊਬ ਬੱਚੇ, ਕੰਪਿਊਟਰ ਦਾ ਕਮਾਲ, ਸੈੱਲ ਫੋਨ ਅਤੇ ਵ੍ਹੱਟਸਐਪ ਦੀਆਂ ਅਣਗਿਣਤ ਮੌਜਾਂ ਨਾਲ ਉਸ ਨੇ ਕੁਦਰਤ ਨੂੰ ਲਗਭਗ ਜਿੱਤ ਲਿਆ ਹੈ। ਜਦੋਂ ਦਿਲ ਚਾਹੇ, ਮੀਂਹ ਲਿਆ ਸਕਦਾ ਹੈ। ਗਰਮੀ ਸਰਦੀ ਦੇ ਅਸਹਿ ਅਸਰ ਨੂੰ ਟਿੱਚ ਜਾਣਦਾ ਹੈ। ਵਿਗਿਆਨਕ ਜੰਤਰਾਂ ਰਾਹੀਂ ਇਨ੍ਹਾਂ 'ਤੇ ਕਾਬੂ ਪਾ ਲੈਂਦਾ ਹੈ। ਅਸਲੀਅਤ



**ਬ੍ਰਿਜਿੰਦਰ ਸਿੰਘ ਸਿੱਧੂ**
**ਫੋਨ: 925-683-1982**

ਵਿਚ ਕੁਦਰਤ ਅਜਿੱਤ ਹੈ। ਇਸ ਦੇ ਚੋਜ ਨਿਰਾਲੇ ਹਨ।

ਇਸ ਨਿਮਾਣੇ ਜਿਹੇ ਲੇਖ ਦਾ ਮਕਸਦ ਬਹੁਤ ਸਿੱਧੀ ਸਾਦੀ ਬੋਲੀ ਵਿਚ ਇਹ ਦੱਸਣਾ ਹੈ ਕਿ ਸੁਚੱਜੀ ਸੋਚ ਵਾਲੇ ਹਰ ਮਨੁੱਖ ਦੀ ਅਨਮੋਲ ਫਿਤਰਤ ਹੈ ਕਿ ਉਹ ਖੋਜ ਲਈ ਕੁਦਰਤ ਦੇ ਵਿਸ਼ਾਲ ਖਜ਼ਾਨੇ ਵਿਚ ਝਾਤ ਮਾਰੇ। ਇਸ ਉਪਰੰਤ ਉਹ ਮਹਿਸੂਸ ਕਰਦਾ ਹੈ ਕਿ ਜੀਵਨ ਦੀਆਂ ਅਤਿਅੰਤ ਘਟਨਾਵਾਂ ਦਾ ਹੱਲ (ਵਿਆਖਿਆ) ਵਿਗਿਆਨੀਆਂ ਦੀ ਖੋਜ ਵੀ ਨਹੀਂ ਕਰ ਸਕਦੀ।

ਮਹੱਤਵਪੂਰਨ ਖੋਜ ਬਹੁਤ ਸਾਰੀਆਂ ਗੰਢਾਂ ਖੋਲ੍ਹ ਦਿੰਦੀ ਹੈ ਪਰ ਨਾਲ ਹੀ ਕੁਝ ਹੋਰ ਗੰਢਾਂ ਬਹੁਤ ਪਚੀਦਾ ਕਰ ਦਿੰਦੀ ਹੈ। ਬ੍ਰਹਿਮੰਡ ਦੀ ਖੋਜ ਹੀ ਲਈਏ। ਬਰੋਨੋ ਨੇ ਕਾਪਰਨੀਕਸ ਦੀਆਂ ਕਿਤਾਬਾਂ ਪੜ੍ਹਨ ਨਾਲ ਕੁਝ ਨਤੀਜੇ ਮਹਿਸੂਸ ਕੀਤੇ। ਗਲੀਲੀਓ ਨੇ ਸਭ ਤੋਂ ਪਹਿਲੀ ਦੂਰਬੀਨ ਨਾਲ ਚੰਨ ਤਾਰੇ ਦੇਖੇ ਅਤੇ ਕਿਹਾ ਕਿ ਜ਼ਮੀਨ ਗੋਲ ਹੈ ਅਤੇ ਸੂਰਜ ਦੇ ਆਲੇ-ਦੁਆਲੇ ਘੁੰਮਦੀ ਹੈ। ਉਸ ਵਿਚਾਰੇ ਨੂੰ ਤਾਂ ਸਾਰੀ ਉਮਰ ਕੈਦ ਵਿਚ ਹੀ ਰਹਿਣਾ ਪਿਆ ਪਰ ਉਸ ਦਾ ਦਰਸਾਇਆ ਮਾਰਗ ਆਉਣ ਵਾਲੇ ਸਮੇਂ ਦੇ ਵਿਗਿਆਨੀਆਂ ਲਈ ਕਮਾਲਾਂ ਕਰ ਗਿਆ। ਉਸ ਦੇ ਵਾਰਿਸ ਅੱਜ ਚੰਨ ਉਪਰ ਜਾ ਚੁੱਕੇ ਹਨ। ਹੋ ਸਕਦਾ ਹੈ, ਛੇਤੀ ਹੀ ਕਿਸੇ ਹੋਰ ਹਸੀਨ ਧਰਤੀ ਉਪਰ ਸਾਡੀ ਧਰਤੀ ਦਾ ਮਨੁੱਖ ਆਪਣਾ ਬਸੇਰਾ ਬਣਾ ਲਵੇ ਅਤੇ ਇਥੋਂ ਦੇ ਭੀੜ ਭੜੱਕੇ ਤੋਂ ਨਜਾਤ ਪਾ ਲਵੇ।

ਕੁਦਰਤ ਦੀ ਲੀਲਾ ਬਹੁਤ ਨਿਆਰੀ ਹੈ। ਗਲੀਲੀਓ ਕੋਲ ਤਾਂ ਦੂਰਬੀਨ ਸੀ ਅਤੇ ਬਰੋਨੋ ਨੇ ਬਹੁਤ ਕੁਝ ਪੜ੍ਹਿਆ ਸੀ ਪਰ ਬਾਬੇ ਨਾਨਕ ਕੋਲ ਨਾ ਤਾਂ ਕੋਈ ਦੂਰਬੀਨ ਸੀ ਅਤੇ ਨਾ ਹੀ ਕਿਸੇ ਯੂਨੀਵਰਸਿਟੀ ਦੀ ਡਿਗਰੀ ਸੀ, ਫਿਰ ਵੀ ਇਨ੍ਹਾਂ ਵਿਗਿਆਨੀਆਂ ਤੋਂ ਪਹਿਲਾਂ ਕਹਿ ਦਿੱਤਾ: ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥ ਧਰਤੀ ਹੋਰ ਪਰੇ, ਹੋਰ, ਹੋਰ। ਇਸ ਗੁੱਥੀ ਦੀ ਵਿਆਖਿਆ ਕਿਹੜਾ ਵਿਗਿਆਨੀ ਕਰੇਗਾ? ਭਵਿੱਖ ਬਾਣੀ ਦੇ ਪੈਰੋਕਾਰ ਅਤੇ ਐਸਟਰੋਲੋਜਰਜ਼ (ਨਜੂਮੀ) ਕਹਿੰਦੇ ਹਨ ਕਿ ਸੂਰਜ ਦੇ ਆਲੇ-ਦੁਆਲੇ ਅੱਠ ਗ੍ਰਹਿ ਹਨ। ਕਈ ਸਾਲ ਪਹਿਲਾਂ ਬ੍ਰਹਿਮੰਡ ਖੋਜਕਾਰਾਂ ਨੇ ਨੌਂ ਗ੍ਰਹਿ ਲੱਭ ਲਏ। ਕੁਝ ਦੇਰ ਭਵਿੱਖਬਾਣੀ ਦੇ ਮਤਵਾਲੇ ਸ਼ਸ਼ੋਪੰਜ ਵਿਚ ਪੈ ਗਏ ਪਰ ਥੋੜ੍ਹੇ ਸਾਲਾਂ ਪਹਿਲਾਂ ਫਿਰ ਕਮਾਲ ਹੋ ਗਈ। ਖੋਜਕਾਰ ਵੀ ਹੱਕੇ-ਬੱਕੇ ਰਹਿ ਗਏ ਜਦੋਂ ਪਤਾ ਲੱਗਿਆ ਕਿ ਨੌਵਾਂ ਗ੍ਰਹਿ ਪਲੂਟੋ ਤਾਂ ਗ੍ਰਹਿ ਕਹਾਉਣ ਦੇ ਕਾਬਿਲ ਨਹੀਂ। ਉਸ ਵਿਚ ਗ੍ਰਹਿ ਕਹਾਉਣ ਵਾਲੇ ਗੁਣ ਨਹੀਂ। ਐਸਟਰੋਲੋਜਰਜ਼ ਬਾਗੋ-ਬਾਗ ਹਨ।

ਹਰ ਰੋਜ਼ ਦੀਆਂ ਨਿੱਕੀਆਂ-ਨਿੱਕੀਆਂ ਘਟਨਾਵਾਂ ਕੁਦਰਤ ਦੀ ਮਹਾਨ ਸ਼ਕਤੀ ਦਾ ਪ੍ਰਗਟਾਵਾ ਕਰਦੀਆਂ ਹਨ। ਕੱਪੜੇ ਧੋਣ ਤੇ ਸੁਕਾਉਣ ਦੀ ਮਸ਼ੀਨ ਅਤੇ ਬਰਤਣ ਸਾਫ਼ ਕਰਨ ਵਾਲੀ ਮਸ਼ੀਨ ਨੇ ਘਰੋਗੀ ਜੀਵਨ ਬਹੁਤ ਸੁਖਾਲਾ ਕਰ ਦਿੱਤਾ ਹੈ। ਕੁਦਰਤ ਦੀ ਬਖ਼ਸੀ ਧੁੱਪ ਦੇ ਕਿਆ ਕਹਿਣੇ! ਸੂਰਜ ਵੱਲੋਂ ਆਉਂਦੀ ਧੁੱਪ ਵਿਚ ਅਲਟਰਾ ਵੁਆਇਲਿਟ ਕਿਰਨਾਂ ਦਾ ਭਾਗ ਕੱਪੜਿਆਂ ਅਤੇ ਬਰਤਨਾਂ ਦੇ ਉਹ ਧੱਬੇ ਉਤਾਰ ਦਿੰਦਾ ਹੈ ਜਿਹੜੇ ਲੱਖਾਂ ਕੋਸ਼ਿਸ਼ਾਂ ਦੇ ਬਾਵਜੂਦ ਇਨ੍ਹਾਂ ਮਸ਼ੀਨਾਂ ਦੇ ਵੱਸ ਦੀ ਗੱਲ ਨਹੀਂ।

ਸਾਈਕਲੋਟਰੋਨ, ਬੈਟਾਟਰੋਨ ਅਤੇ ਇਨ੍ਹਾਂ ਤੋਂ ਅੱਗੇ ਵਿਗਿਆਨੀਆਂ ਨੇ ਬਹੁਤ ਨਰੋਈਆਂ ਮਸ਼ੀਨਾਂ ਬਣਾ ਲਈਆਂ ਹਨ ਜਿਹੜੀਆਂ ਚਾਰਜ ਹੋਏ ਅਣੂਆਂ (ਚਾਰਜਡ ਪਾਰਟੀਕਲਜ਼) ਦੀ ਗਤੀ ਨੂੰ ਬਹੁਤ ਤੇਜ਼ ਕਰ ਦਿੰਦੀਆਂ ਹਨ ਪਰ ਕੁਦਰਤ ਦੀਆਂ ਕਾਸਮਕ ਕਿਰਨਾਂ ਦੀ ਗਤੀ ਦਾ ਮੁਕਾਬਲਾ ਨਹੀਂ ਕਰ ਸਕਦੀਆਂ। ਸੂਰਜ ਦੀ ਰੋਸ਼ਨੀ ਦਾ ਕਮਾਲ ਹੀ ਦੇਖ ਲਵੋ, ਅਰਬਾਂ ਖਰਬਾਂ ਮਸਨੂਈ ਤਰੀਕਿਆਂ ਨਾਲ ਇਤਨੀ ਰੋਸ਼ਨੀ ਪੈਦਾ ਨਹੀਂ ਕੀਤੀ ਜਾ ਸਕਦੀ। ਜੇ ਸੂਰਜ ਵਲੋਂ ਚਾਰ ਚੁਫੇਰੇ ਸੁੱਟੀ ਗਰਮੀ ਦਾ ਕਿਆਸ ਲਾਈਏ ਤਾਂ ਹੈਰਾਨੀ ਦੀ ਹੱਦ ਨਹੀਂ। ਇਹ ਤਾਂ ਕੁਦਰਤ ਦੀ ਖੇਡ ਹੈ ਕਿ ਸੂਰਜ ਵੱਲੋਂ ਆਉਂਦੀ ਗਰਮੀ ਦਾ ਬਹੁਤ ਹੀ ਮਾਮੂਲੀ ਜਿਹਾ ਹਿੱਸਾ ਧਰਤੀ ਦੇ ਨਸੀਬ ਵਿਚ ਆਇਆ ਹੈ, ਨਹੀਂ ਤਾਂ ਮਿੰਟਾਂ ਵਿਚ ਹੀ ਸਮੁੰਦਰ ਭਾਫ਼ ਵਿਚ ਬਦਲ ਜਾਣ।

ਮੈਂ ਬਹੁਤ ਸਾਲ ਬੀ.ਐਸਸੀ. ਤੱਕ ਦੀਆਂ ਜਮਾਤਾਂ ਨੂੰ ਭੌਤਿਕ ਵਿਗਿਆਨ (ਫਿਜ਼ਿਕਸ) ਪੰਜਾਬ ਅਤੇ ਚੰਡੀਗੜ੍ਹ ਦੇ ਕਾਲਜਾਂ ਵਿਚ ਪੜ੍ਹਾਇਆ ਹੈ। ਹੀਟ, ਸਾਊਂਡ, ਲਾਈਟ ਅਤੇ ਬਿਜਲੀ ਨਾਲ ਸਬੰਧਿਤ ਤਜਰਬੇ ਕਰਦਾ ਰਿਹਾ ਹਾਂ। ਫਿਰ ਵੀ ਇਨ੍ਹਾਂ ਸ਼ਕਤੀਆਂ ਵਿਚੋਂ ਕੋਈ ਵੀ ਅੱਖਾਂ ਨੂੰ ਨਜ਼ਰ ਨਹੀਂ ਆਈ। ਰੋਸ਼ਨੀ ਦੇ ਸਪੈਕਟਰਮ ਦਾ ਵੀ ਕੁਝ ਹਿੱਸਾ ਜਿਵੇਂ ਅਲਟਰਾ ਵੁਆਇਲਿਟ ਇਨਫਰਾ ਰੈੱਡ, ਰੇਡੀਓ ਕਿਰਨਾਂ ਕਿਸੇ ਨੂੰ ਵੀ ਦਿਸੀਆਂ ਨਹੀਂ। ਇਲੈਕਟਰੌਨ, ਪ੍ਰੋਟੌਨ ਅਤੇ ਨਿਊਟਰੌਨ ਵੀ ਸਾਨੂੰ ਨਜ਼ਰ ਨਹੀਂ ਆਉਂਦੇ। ਇਨ੍ਹਾਂ ਸਾਰੀਆਂ ਸ਼ਕਤੀਆਂ ਦੇ ਅਸਰ ਹੀ ਦਿਖਾਈ ਦਿੰਦੇ ਹਨ।

ਬਿਜਲੀ ਦੀ ਹਾਜ਼ਰੀ ਨੂੰ ਪੱਖਾ, ਘੰਟੀ ਜਾਂ ਹੋਰ ਕਿਸੇ ਅਸਰ ਨਾਲ ਹੀ ਪਛਾਣਿਆ ਜਾਂਦਾ ਹੈ। ਆਵਾਜ਼ ਕੰਨ ਹੀ ਸੁਣ ਸਕਦੇ ਹਨ। ਸੋਚਣ ਵਾਲੀ ਗੱਲ ਹੈ ਕਿ ਜੇ ਇਹ ਸ਼ਕਤੀਆਂ ਨਜ਼ਰ ਨਹੀਂ ਆਉਂਦੀਆਂ, ਫਿਰ ਕੁਦਰਤ ਦੀ ਮਹਾਨ ਸ਼ਕਤੀ ਕਿਵੇਂ ਨਜ਼ਰ ਆਵੇਗੀ। ਇਹ ਤਾਂ ਇਸ ਦੇ ਲਾਸਾਨੀ ਕ੍ਰਿਸ਼ਮਿਆਂ ਤੋਂ ਹੀ ਪਛਾਣੀ ਜਾਵੇਗੀ। ਆਓ ਕੁਦਰਤ ਦੀਆਂ ਖੇਡਾਂ ਦਾ ਨਾਜ਼ਾਰਾ ਦੇਖੀਏ।

ਪਸ਼ੂ ਅਤੇ ਪੰਛੀ ਬੋਲ ਨਹੀਂ ਸਕਦੇ ਪਰ ਉਨ੍ਹਾਂ ਦੀਆਂ ਆਵਾਜ਼ਾਂ ਦੇ ਵੱਖਰੇ-ਵੱਖਰੇ ਸਮੇਂ ਵੱਖਰੇ-ਵੱਖਰੇ ਅਰਥ ਹੁੰਦੇ ਹਨ। ਸਦਾ ਬਹਾਰ ਮੁਰਗੀਆਂ ਲਗਭਗ ਹਰ ਰੋਜ਼ ਹੀ ਆਂਡਾ ਦਿੰਦੀਆਂ ਹਨ। ਹੋਰ ਪੰਛੀ ਇਸ ਤਰ੍ਹਾਂ ਨਹੀ ਕਰਦੇ। ਮਹਾਵਾਰੀ ਦੇ ਆਂਡੇ ਵੱਡੇ-ਵੱਡੇ ਜਾਨਵਰਾਂ ਦੇ ਵੀ ਨਜ਼ਰ ਨਹੀਂ ਆਉਂਦੇ। ਨਵੇਂ ਦੁੱਧ ਪਿਛੋਂ ਸਾਰੇ ਜਾਨਵਰਾਂ ਦੇ ਬੱਚੇ ਅਲੱਗ-ਅਲੱਗ ਸਮੇਂ ਪਿੱਛੋਂ ਪੈਦਾ ਹੁੰਦੇ ਹਨ। ਬਿੱਲੀਆਂ, ਸ਼ੇਰਨੀਆਂ ਅਤੇ ਕੁੱਤੀਆਂ ਦੇ ਕਿੰਨੇ-ਕਿੰਨੇ ਬੱਚੇ ਹੁੰਦੇ ਹਨ। ਬੱਕਰੀ, ਗਊ, ਮੱਝ ਅਤੇ ਊਠਣੀ ਇਕੋ ਜਿਹਾ ਚਾਰਾ ਖਾਣ ਪਿੱਛੋਂ ਅੱਡੋ-ਅੱਡ ਵਿਸ਼ੇਸ਼ਤਾਈਆਂ ਵਾਲਾ ਦੁੱਧ ਦਿੰਦੀਆਂ ਹਨ। ਊਠਣੀ ਦਾ ਦੁੱਧ ਬਹੁਤ ਲਾਭਦਾਇਕ ਹੈ। ਇਸੇ ਕਰਕੇ ਬਹੁਤ ਮਹਿੰਗਾ ਹੈ। ਸੱਪ ਬਗੈਰ ਲੱਤਾਂ ਦੇ ਵੀ ਬਹੁਤ ਤੇਜ਼ ਦੌੜ ਸਕਦਾ ਹੈ। ਕਿਰਲੀਆਂ ਸਿੱਧੀਆਂ ਵੀ ਭੱਜ ਲੈਂਦੀਆਂ ਹਨ ਅਤੇ ਆਪਣੇ ਪਹੁੰਚਿਆਂ ਦੀ ਅਜੀਬ ਪਕੜ ਨਾਲ ਛੱਤਾਂ 'ਤੇ ਸਾਰਾ ਦਿਨ ਪੁੱਠੀਆਂ ਵੀ ਲਟਕੀਆਂ ਰਹਿੰਦੀਆਂ ਹਨ। ਇਨ੍ਹਾਂ ਦਾ ਬਲੱਡ ਪ੍ਰੈਸ਼ਰ ਪੁੱਠੇ ਰਹਿ ਕੇ ਵੀ ਠੀਕ-ਠਾਕ ਰਹਿੰਦਾ ਹੈ।

ਚਮਗਿੱਦੜ ਕੁਦਰਤ ਦਾ ਸ਼ਾਇਦ ਇਕੱਲਾ ਪੰਛੀ ਹੈ ਜੋ ਆਪਣੇ ਬੱਚਿਆਂ ਨੂੰ ਦੁੱਧ ਪਿਲਾਉਂਦਾ ਹੈ। ਉਹ ਸਾਰਾ ਦਿਨ ਪੁੱਠਾ ਹੀ ਲਟਕਦਾ ਹੈ। ਰਾਤ ਸਮੇਂ ਉਡਣ ਵੇਲੇ ਕਿਸੇ ਵੀ ਦੀਵਾਰ ਜਾਂ ਹੋਰ ਵਸਤੂ ਨਾਲ ਟਕਰਾਉਂਦਾ ਨਹੀਂ। ਕੁਦਰਤ ਦੀਆਂ ਬਖਸ਼ੀਆਂ ਲਹਿਰਾਂ (ਵੇਵਜ਼) ਉਸ ਨੂੰ ਦੱਸ ਦਿੰਦੀਆਂ ਹਨ ਕਿ ਟਕਰਾਓ ਨਹੀਂ, ਵਾਪਸ ਪਰਤ ਆਉ। ਜੁਗਨੂੰ ਕੁਦਰਤ ਦਾ ਬਹੁਤ ਪਿਆਰਾ ਦੀਵਾ ਹੈ।

ਜੇ ਪਾਠਕ ਪਾਣੀ ਵਿਚ ਰਹਿਣ ਵਾਲੇ ਲੱਖਾਂ ਜੀਵਾਂ ਦੀਆਂ ਆਦਤਾਂ ਗੂਗਲ ਰਾਹੀਂ ਪੜ੍ਹਨ ਦੀ ਕੋਸ਼ਿਸ਼ ਕਰੇ ਤਾਂ ਕੁਦਰਤ ਦੀ ਕਰਾਮਾਤ ਦੇ ਅਸਚਰਜ ਨਜ਼ਾਰਿਆਂ ਦੇ ਦੀਦਾਰ ਹੋਣਗੇ। ਮਨੁੱਖ ਆਪਣੀ ਖੋਜ ਰਾਹੀਂ ਇਨ੍ਹਾਂ ਦੇ ਸੁਭਾਅ ਦੀ ਤਾਂ ਕੁਝ ਹੱਦ ਤੱਕ ਪਛਾਣ ਕਰ ਸਕਿਆ ਹੈ ਪਰ ਇਨ੍ਹਾਂ ਅਸਚਰਜ ਨਜ਼ਾਰਿਆਂ ਦਾ ਕਾਰਨ ਸ਼ਾਇਦ ਕਦੀ ਵੀ ਨਾ ਲੱਭ ਸਕੇ। ਸੰਤੁਲਤ ਦਿਮਾਗ ਨਾਲ ਸੋਚਣ ਵਾਲੇ ਵਿਅਕਤੀ ਕੁਦਰਤ ਦੀ ਲਾਸਾਨੀ ਫਿਤਰਤ ਦੇ ਬਲਿਹਾਰੇ-ਬਲਿਹਾਰੇ ਜਾਣਗੇ। ਵ੍ਹੇਲ, ਮੱਛੀ ਨਹੀਂ; ਇਹ ਮੱਛੀਆਂ ਵਾਂਗ ਆਂਡੇ ਨਹੀਂ ਦਿੰਦੀ। ਕੁਝ ਜਾਨਵਰ ਆਂਡਿਆਂ ਨੂੰ ਮੂੰਹ ਵਿਚ ਰੱਖ ਕੇ ਫਰਟੀਲਾਈਜ਼ ਕਰਦੇ ਹਨ। ਕੱਛੂ ਆਂਡਿਆਂ ਨੂੰ ਛੱਪੜਾਂ ਦੇ ਕਿਨਾਰੇ ਰੇਤ ਵਿਚ ਦੱਬ ਆਉਂਦੇ ਹਨ। ਵੇਲਾ ਆਉਣ 'ਤੇ ਇਨ੍ਹਾਂ ਵਿਚੋਂ ਬੱਚੇ ਪੈਦਾ ਹੋ ਜਾਂਦੇ ਹਨ।



***ਅਮਰੀਕੀ ਕੁੜੀਆਂ ਐਬੀ ਅਤੇ ਬ੍ਰਿਟੈਨੀ ਜਿਨ੍ਹਾਂ ਦਾ ਸਮੁੱਚਾ ਸਰੀਰ ਇਕ ਹੈ ਪਰ ਸਿਰ ਦੋ ਹਨ।***

ਡਾਕਟਰਾਂ ਨੇ ਆਪਣੀ ਮਿਹਨਤ ਅਤੇ ਖੋਜ ਨਾਲ ਉਹ ਕੁਝ ਕਰ ਦਿਖਾਇਆ ਹੈ ਕਿ ਇਸ ਨਿਮਾਣੇ ਜਿਹੇ ਲੇਖ ਦੀ ਤਾਕਤ ਨਹੀਂ, ਉਸ ਨੂੰ ਬਿਆਨ ਕਰ ਸਕੇ। ਸਮਾਲ ਪੌਕਸ, ਮਲੇਰੀਆ ਅਤੇ ਪਲੇਗ ਜਿਹੀਆਂ ਨਾ-ਮੁਰਾਦ ਬਿਮਾਰੀਆਂ 'ਤੇ ਕਾਬੂ ਪਾ ਲਿਆ। ਔਸਤਨ ਉਮਰ ਵਿਚ ਹਰ ਰੋਜ਼ ਵਾਧਾ ਹੋ ਰਿਹਾ ਹੈ। ਬੱਚਾ ਜ਼ੱਚਾ ਬਹੁਤ ਮਹਿਫੂਜ਼ ਅਤੇ ਸਿਹਤਮੰਦ ਰਹਿੰਦੇ ਹਨ। ਕੈਟੇਰੈਕਟ (ਕੁਕਰਿਆਂ) ਦੇ ਅਪਰੇਸ਼ਨ ਪਿੱਛੋਂ ਕਿੰਨੇ-ਕਿੰਨੇ ਦਿਨ ਹਰੀਆਂ ਪੱਟੀਆਂ ਲਾ ਕੇ ਮਰੀਜ਼ ਫਿਰਦੇ ਹੁੰਦੇ ਸਨ। ਅੱਜ ਕੱਲ੍ਹ ਘੰਟਿਆਂ ਬਾਅਦ ਹੀ ਲੈਨਜ਼ ਲਗਾ ਕੇ ਮਰੀਜ਼ ਘਰ ਆ ਜਾਂਦਾ ਹੈ। ਹੋਰ ਅਣਗਿਣਤ ਬਿਮਾਰੀਆਂ ਦੇ ਇਲਾਜ ਬਹੁਤ ਸੌਖੇ ਹੋ ਗਏ ਹਨ ਪਰ ਅੱਖਾਂ ਦੀਆਂ ਦੋ ਤਕਲੀਫ਼ਾਂ ਦਾ ਦੁਨੀਆਂ ਭਰ ਵਿਚ ਕੋਈ ਉਪਾਅ ਨਹੀਂ, ਉਹ ਹਨ ਔਪਟਿਕ ਨਰਵ ਦਾ ਵਿਗੜ ਜਾਣਾ ਅਤੇ ਮੈਕੂਲਰ ਡੀਜੈਨਰੇਸ਼ਨ ਦਾ ਵਾਪਰਨਾ। ਮੇਰੀ ਆਪਣੀ ਜਾਣ-ਪਛਾਣ ਵਾਲੇ ਕਈ ਚੰਗੇ ਇਨਸਾਨ ਇਨ੍ਹਾਂ ਤਕਲੀਫ਼ਾਂ ਦਾ ਦਲੇਰੀ ਨਾਲ ਸਾਹਮਣਾ ਕਰ ਰਹੇ ਹਨ। ਕੁਦਰਤ ਅਜਿੱਤ ਹੈ। ਮੇਰੇ ਅਜ਼ੀਜ਼ ਅਮੋਲਕ ਸਿੰਘ ਜੰਮੂ ਦੀ ਦੁਖਦਾਈ ਬਿਮਾਰੀ ਮਾਸਕੂਲਰ ਡਿਸਟਰੌਫੀ ਦਾ ਕੋਈ ਇਲਾਜ ਨਹੀਂ!

ਮੈਂ ਦਸ ਕੁ ਸਾਲ ਦਾ ਸੀ। ਪਹਿਲੀ ਵਾਰ ਮੈਨੂੰ ਪਤਾ ਲੱਗਿਆ ਕਿ ਮੇਰੇ ਪਿੰਡ ਸਾਡੇ ਨਜ਼ਦੀਕੀਆਂ ਦੇ ਘਰ ਦੋ ਜੌੜੇ ਮੁੰਡੇ ਪੈਦਾ ਹੋਏ। ਵੱਡੇ ਦਾ ਰੰਗ ਕਣਕਵੰਨਾ ਅਤੇ ਛੋਟੇ ਦਾ ਕੁਝ ਸਉਲਾ। ਵੱਡਾ ਭੋਲਾ ਭੰਡਾਰਾ ਅਤੇ ਛੋਟਾ ਥੋੜ੍ਹਾ ਚੁਸਤ। ਦੋਹਾਂ ਦੇ ਸਾਂਝੇ ਜੀਨ ਅਤੇ ਬਿਲਕੁਲ ਇਕੋ ਜਿਹਾ ਵਾਤਾਵਰਨ, ਫਿਰ ਵੀ ਇਕੋ ਜਿਹੇ ਕਿਉਂ ਨਹੀਂ। ਮਨੋਵਿਗਿਆਨੀਆਂ ਨੂੰ ਤਾਂ ਇਸ ਦਾ ਕਾਰਨ ਪਤਾ ਹੋਵੇਗਾ ਪਰ ਸਾਡੇ ਪਿੰਡ ਦੇ ਲੋਕਾਂ ਨੂੰ ਤਾਂ ਕੁਦਰਤ ਦੀ ਖੇਡ ਹੀ ਨਜ਼ਰ ਆਉਂਦੀ ਸੀ।

ਪਿਛਲੇ ਕੁਝ ਦਿਨਾਂ ਤੋਂ ਅੰਮ੍ਰਿਤਸਰ ਦੇ ਸੋਹਣੇ ਮੋਹਣੇ ਨੇ ਤਾਂ ਇਸ ਅਸਚਰ ਦੀਆਂ ਹੱਦਾਂ ਹੀ ਮੁਕਾ ਦਿੱਤੀਆਂ। ਦੋ ਧੜ ਹਨ ਪਰ ਉਨ੍ਹਾਂ ਦੇ ਟੇਸਟ ਵੱਖਰੇ-ਵੱਖਰੇ ਹਨ। ਦੋਹਾਂ ਨੂੰ ਇਕੋ ਰੰਗ ਸ਼ਾਇਦ ਪਸੰਦ ਨਹੀਂ। ਹੈਰਾਨੀ ਹੁੰਦੀ ਹੈ ਕਿ ਜਦੋਂ ਇਕ ਦਾ ਕਿਸੇ ਥਾਂ ਜਾਣ ਲਈ ਦਿਲ ਨਾ ਕਰਦਾ ਹੋਵੇ, ਫਿਰ ਵੀ ਲੱਤਾਂ ਸਾਂਝੀਆਂ ਹੋਣ ਕਰਕੇ ਤੁਰ ਹੀ ਪੈਂਦੇ ਹਨ। ਸਾਡਾ ਸਮਾਜ ਵਧਾਈ ਦਾ ਹੱਕਦਾਰ ਹੈ ਕਿ ਉਨ੍ਹਾਂ ਨੂੰ ਦੋ ਪਾਸਪੋਰਟ ਦੇ ਦਿੱਤੇ ਹਨ ਅਤੇ ਉਨ੍ਹਾਂ ਦੀ ਇਕ ਦੂਜੇ ਤੋਂ ਵੱਖਰੀ ਸ਼ਖਸੀਅਤ ਤਸਲੀਮ ਕਰ ਲਈ ਹੈ। ਉਨ੍ਹਾਂ ਨੂੰ ਵਿਦੇਸ਼ ਜਾਣ ਦਾ ਹੱਕ ਮਿਲ ਜਾਵੇਗਾ। ਕੁਝ ਦਿਨ ਪਹਿਲਾਂ ਬਿਜਲੀ ਦੇ ਮਹਿਕਮੇ ਨੇ ਉਨ੍ਹਾਂ ਦਾ ਤਬਾਦਲਾ ਪਿੰਗਲਵਾੜੇ ਦੇ ਨਜ਼ਦੀਕ ਕਰ ਦਿੱਤਾ ਹੈ ਜਿਥੋਂ ਉਨ੍ਹਾਂ ਦਾ ਰੋਜ਼ ਜਾਣਾ ਆਉਣਾ ਸੌਖਾ ਹੋ ਜਾਵੇਗਾ। ਮਾਨਾਂਵਾਲੇ (ਅੰਮ੍ਰਿਤਸਰ) ਉਨ੍ਹਾਂ ਰਹਾਇਸ਼ ਹੈ।

ਇਸੇ ਤਰ੍ਹਾਂ ਅਮਰੀਕਾ ਵਿਚ ਐਬੀ ਅਤੇ ਬ੍ਰਿਟੈਨੀ, ਸੋਹਣੇ ਮੋਹਣੇ ਦੀਆਂ ਭੈਣਾਂ ਜਾਪਦੀਆਂ ਹਨ। ਉਨ੍ਹਾਂ ਦੇ ਟੇਸਟ ਵੱਖਰੇ ਹੋਣ ਦੇ ਨਾਲ ਨਾਲ ਦੋਸਤਾਂ ਦੀ ਚੋਣ ਵੀ ਵੱਖਰੀ-ਵੱਖਰੀ ਹੈ। ਕਿਹਾ ਜਾਂਦਾ ਹੈ ਕਿ ਲੰਮਾ ਅਤੇ ਡੂੰਘਾ ਸਾਹ ਲਵੋ, ਫਿਰ ਉਨ੍ਹਾਂ ਨੂੰ ਦੇਖੋ। ਆਉਣ ਵਾਲੇ ਦਿਨਾਂ ਵਿਚ ਕੋਈ ਅਚੰਭੇ ਵਾਲੀ ਘਟਨਾ ਵਾਪਰਨ ਵਾਲੀ ਹੈ। ਕਮਾਲ ਹੋ ਜਾਵੇਗੀ।

ਅਮਰੀਕਾ ਦੇ ਇਕ ਸਕੂਲ ਨੇ ਉਨ੍ਹਾਂ ਨੂੰ ਨੌਕਰੀ ਤਾਂ ਦੇ ਦਿੱਤੀ ਪਰ ਵੇਤਨ ਇਕ ਬੰਦੇ ਦਾ ਹੀ ਦਿੱਤਾ ਹੈ। ਇਹ ਜ਼ਿਆਦਤੀ ਮਹਿਸੂਸ ਹੋ ਰਹੀ ਹੈ। ਇਨ੍ਹਾਂ ਮੁੰਡਿਆਂ ਅਤੇ ਕੁੜੀਆਂ ਦੀ ਦਾਸਤਾਂ ਇਕ ਗੱਲ ਭਲੀ ਪ੍ਰਕਾਰ ਦਰਸਾਉਂਦੀ ਹੈ ਕਿ ਆਉਣ ਵਾਲੇ ਸਮੇਂ ਵਿਚ ਡਾਕਟਰਾਂ ਦੀ ਖੋਜ ਕਿਤਨੀ ਵੀ ਗਹਿਰਾਈ ਵਿਚ ਚਲੀ ਜਾਵੇ, ਕੁਦਰਤ ਦਾ ਮੁਕਾਬਲਾ ਨਹੀਂ ਕਰ ਸਕੇਗੀ। ਕਿਸੇ ਵੀ ਮਸਨੂਈ ਢੰਗ ਨਾਲ ਇਹੋ ਜਿਹੇ ਜੌੜੇ ਬੱਚੇ ਪੈਦਾ ਨਹੀਂ ਕਰ ਸਕੇਗੀ।

ਮਨੋਵਿਗਿਆਨੀਆਂ ਦੀ ਖੋਜ ਨੇ ਬਹੁਤ ਕੁਝ ਲੱਭ ਲਿਆ ਹੈ। ਫਿਰ ਵੀ ਕਈ ਅੱਲ-ਬਲੱਲੇ ਸੁਪਨਿਆਂ ਦੀ ਉਨ੍ਹਾਂ ਨੂੰ ਹੈਰਾਨੀ ਹੁੰਦੀ ਹੈ। ਕਈ ਸੁਪਨੇ ਹਕੀਕਤ ਵਿਚ ਬਦਲ ਜਾਂਦੇ ਹਨ। ਕਈ ਵਾਰ ਡਾਕਟਰ ਹੈਰਾਨ ਹੋ ਜਾਂਦੇ ਹਨ ਕਿ ਉਨ੍ਹਾਂ ਨੂੰ ਇਲਾਜ ਕਰਨ ਵਿਚ ਸਫਲਤਾ ਨਹੀਂ ਮਿਲ ਰਹੀ। ਉਸੇ ਜਿਹੀ ਬਿਮਾਰੀ ਨਾਲ ਜੂਝਦੇ ਹੋਰ ਮਰੀਜ਼ ਨਾਲ ਉਹੀ ਇਲਾਜ ਠੀਕ ਸਾਬਤ ਹੋ ਜਾਂਦਾ ਹੈ। ਇਹ ਗੱਲ ਮੇਰੇ ਨਾਲ ਕੁਝ ਚੰਗੇ ਡਾਕਟਰਾਂ ਨੇ ਸਾਂਝੀ ਕੀਤੀ ਹੈ।

ਸ਼ਾਇਦ ਇਹੀ ਕਾਰਨ ਹੈ ਕਿ ਕੁਝ ਬਹੁਤ ਹੀ ਉਚੇ ਦਰਜੇ ਅਤੇ ਭਾਰਤ ਤੋਂ ਬਾਹਰ ਵੀ ਜਾਣੇ ਜਾਂਦੇ ਡਾਕਟਰਾਂ ਦਾ ਆਪਣੀ ਮੇਜ਼ ਉਪਰ ਰੱਖੇ ਕਾਗਜ਼ 'ਤੇ ਲਿਖਿਆ ਹੁੰਦਾ ਹੈ- ਆਈ ਟ੍ਰੀਟ, ਆਲਮਾਈਟੀ ਕਿਓਰਸ; ਭਾਵ, ਮੈਂ ਤਾਂ ਇਲਾਜ ਕਰਦਾ ਹਾਂ, ਸ਼ਫਾ ਅਤੇ ਸਿਹਤਮੰਦ ਹੋਣਾ ਕੁਦਰਤ ਦੇ ਹੱਥ ਹੈ।

ਲਿਖਣ ਲਈ ਬਹੁਤ ਕੁਝ ਹੈ ਪਰ ਮਨੋਗਿਆਨ ਦੀ ਮਾਹਰ ਇਕ ਬੀਬੀ ਦੀ ਖ਼ੂਬਸੂਰਤ ਗੱਲ ਦਾ ਜ਼ਿਕਰ ਕਰਨ ਨੂੰ ਮਨ ਲਲਚਾਇਆ ਹੈ:

ਅਮਰੀਕਾ ਦੇ ਲਗਭਗ ਸਾਰੇ ਅਖ਼ਬਾਰਾਂ ਵਿਚ ਐਬੀ ਦਾ ਕਾਲਮ ਛਪਦਾ ਹੈ। ਹਰ ਰੋਜ਼ ਉਸ ਨੂੰ ਪਾਠਕ ਘਰੋਗੀ ਮਸਲਿਆਂ ਬਾਬਤ ਸਵਾਲ ਪੁੱਛਦੇ ਹਨ। ਕੋਈ ਤਲਾਕ ਦੀ ਗੱਲ ਕਰਦਾ ਹੈ, ਕੋਈ ਬੱਚੇ ਦੀ ਸਮੱਸਿਆ ਵੱਲੋਂ ਪ੍ਰੇਸ਼ਾਨ ਹੈ ਅਤੇ ਦੋਸਤਾਂ ਜਾਂ ਰਿਸ਼ਤੇਦਾਰਾਂ ਦੇ ਰਵੱਈਏ ਤੋਂ ਦੁਖੀ ਹੈ। ਉਸ ਬੀਬੀ ਦੇ ਮਨੋਵਿਗਿਆਨਕ ਤਰੀਕੇ ਨਾਲ ਦਿੱਤੇ ਸੁਝਾਅ ਬਹੁਤ ਤਸੱਲੀਬਖ਼ਸ਼ ਹੁੰਦੇ ਹਨ ਅਤੇ ਬਹੁਤ ਵਾਰ ਇਨ੍ਹਾਂ ਸੁਝਾਵਾਂ ਦੀ ਪ੍ਰਸ਼ੰਸਾ ਵੀ ਹੁੰਦੀ ਹੈ। ਕੁਦਰਤ ਦੀ ਖੇਡ ਨਿਰਾਲੀ ਹੈ, ਕੁਝ ਦੇਰ ਪਹਿਲਾਂ ਉਸ ਦਾ ਆਪਣਾ ਤਲਾਕ ਹੋ ਗਿਆ। ਇਕ ਪਾਠਕ ਨੇ ਉਸ ਬੀਬੀ ਨੂੰ ਸਵਾਲ ਕੀਤਾ- "ਇਹ ਕੀ ਹੋ ਗਿਆ? ਤੂੰ ਸਭ ਦੇ ਮਸਲੇ ਸੁਲਝਾ ਦਿੰਨੀ ਹੈਂ, ਆਪਣਾ ਤਲਾਕ ਕਿਉਂ ਰੋਕ ਨਹੀਂ ਸਕੀ?" ਉਸ ਦਾ ਜਵਾਬ ਸੀ, "ਆਈ ਐਮ ਵੰਨ ਵਿਦ ਦਿ ਰੇਸ; ਮਤਲਬ ਸਾਫ ਹੈ- ਇਸ ਮਹਾਨ ਅਤੇ ਸ਼ਕਤੀਸ਼ਾਲੀ ਕੁਦਰਤ ਉਪਰ ਕਿਸੇ ਦਾ ਜ਼ੋਰ ਨਹੀਂ। ਮੇਰੇ ਨਾਲ ਵੀ ਉਹੀ ਕੁਝ ਵਰਤ ਗਿਆ ਜੋ ਲੱਖਾਂ ਲੋਕਾਂ ਨਾਲ ਹੋ ਰਿਹਾ ਹੈ।" ਇਸ ਘਟਨਾ ਨੂੰ ਪੜ੍ਹਨ ਪਿਛੋਂ ਮਹਿਸੂਸ ਹੋਇਆ ਕਿ ਲੱਖ ਚਤੁਰਾਈਆਂ ਸਿਆਣਪਾਂ ਕਿਸੇ ਕੰਮ ਨਾ ਆਈਆਂ।

ਬਹੁਤ ਸਾਰੇ ਕਵੀ, ਵਿਦਵਾਨ ਅਤੇ ਉਚ ਕੋਟੀ ਦੇ ਜ਼ਹੀਨ ਅਤੇ ਅਕਲਮੰਦ ਜਿਨ੍ਹਾਂ ਦੇ ਕਲਾਮ ਮਹੱਤਵਪੂਰਨ ਮਹਿਫਲਾਂ ਦੇ ਸ਼ਿੰਗਾਰ ਹੁੰਦੇ ਹਨ, ਉਹ ਦੁਨੀਆਦਾਰੀ ਦੇ ਅਨੁਭਵ ਤੋਂ ਅਣਜਾਣ ਹੁੰਦੇ ਹਨ। ਉਧਾਰ ਲੈ ਕੇ ਪੈਸੇ ਨਾ ਮੋੜਨਾ, ਸ਼ਰਾਬ ਦਾ ਮਹਾਂ ਮੂਰਖਤਾ ਤੱਕ ਪੀਣਾ, ਸਮਾਜਿਕ ਗਿਣਤੀ ਮਿਣਤੀ ਅਨੁਸਾਰ ਚਾਲ-ਚਲਨ ਤੋਂ ਬੇਖ਼ਬਰ ਤੇ ਬੇਪਰਵਾਹ ਹੋਣਾ ਇਨ੍ਹਾਂ ਨੂੰ ਸੋਭਦਾ ਨਹੀਂ। ਫਿਰ ਵੀ ਇਤਨੇ ਦਾਨਸ਼ਮੰਦ ਹੁੰਦੇ ਹੋਏ ਇਹ ਸਭ ਕੁਝ ਕਿਉਂ ਕਰਦੇ ਹਨ? ਸ਼ਾਇਦ ਮਨੋਵਿਗਿਆਨੀਆਂ ਦੀ ਖੋਜ ਕਿਸੇ ਸਿੱਟੇ 'ਤੇ ਪਹੁੰਚਣ ਦੇ ਸਮਰੱਥ ਨਹੀਂ।

ਲੈਲਾ ਕਾਲੀ ਕਲੂਟੀ ਹੈ। ਸਮਾਜ ਵਿਚ ਵਿਚਰਦੇ ਲੱਖਾਂ ਬੰਦਿਆਂ ਨੂੰ ਉਸ ਵਿਚ ਕੋਈ ਖਾਸ ਖਿੱਚ ਨਜ਼ਰ ਨਹੀਂ ਆਉਂਦੀ। ਕੈਸਾ ਕਮਾਲ, ਮਜਨੂੰ ਉਸ ਲਈ ਖੂਹ ਵਿਚ ਪੁੱਠਾ ਲਟਕਣ ਲਈ ਤਿਆਰ ਹੈ। ਇਹ ਕਿਹੋ ਜਿਹੀ ਮਾਨਸਕਤਾ ਹੈ। ਜਵਾਬ ਸੌਖਾ ਨਹੀਂ।

ਬਹੁਤ ਸਾਰੇ ਤਰਕਸ਼ੀਲ ਵੀਰ ਇਨ੍ਹਾਂ ਸਭ ਘਟਨਾਵਾਂ ਨੂੰ ਚਾਂਸ ਕਹਿ ਕੇ ਆਪਣਾ ਪੱਲਾ ਝਾੜ ਜਾਂਦੇ ਹਨ। ਜਦੋਂ ਵੀ ਕਿਸੇ ਅਚੰਭੇ ਵਾਲੀ ਜਾਂ ਅਣਹੋਣੀ ਸਥਿਤੀ ਦਾ ਅਰਥ ਭਰਪੂਰ ਜਵਾਬ ਨਾ ਦੇ ਸਕੇ ਤਾਂ ਨਵੇਂ ਜ਼ਮਾਨੇ ਦਾ ਨਵੀਂ ਨਰੋਈ ਸੋਚ ਵਾਲਾ ਮਨੁੱਖ ਚਾਂਸ ਦੀ ਸ਼ਰਨ ਲੈ ਲੈਂਦਾ ਹੈ।

ਬਗੈਰ ਮਿਥੇ, ਵੈਸੇ ਹੀ ਕੁਦਰਤ ਵਲੋਂ ਕੋਈ ਖਿਆਲ ਆ ਜਾਵੇ ਜਾਂ ਅਚਨਚੇਤ ਕਿਸੇ ਨਾਲ ਮੁਲਾਕਾਤ ਹੋ ਜਾਵੇ, ਜਾਂ ਬਿਨਾ ਕਿਸੇ ਕੋਸ਼ਿਸ਼ ਕੋਈ ਵੱਡਮੁਲੀ ਚੀਜ਼ ਲੱਭ ਜਾਵੇ, ਇਹੋ ਜਿਹੀਆਂ ਘਟਨਾਵਾਂ ਨੂੰ ਚਾਂਸ ਕਿਹਾ ਜਾਂਦਾ ਹੈ ਪਰ ਜੇ ਗਹੁ ਨਾਲ ਵਾਚਿਆ ਜਾਵੇ ਤਾਂ ਚਾਂਸ ਕੁਦਰਤ ਦੇ ਅਸਚਰਜ ਹੋਣ ਦਾ ਬਿਹਤਰੀਨ ਨਮੂਨਾ ਹੈ।

ਮੈਂ ਕੁਝ ਅਜਿਹੇ ਵਿਅਕਤੀਆਂ ਨੂੰ ਜਾਣਦਾ ਹਾਂ ਜਿਹੜੇ ਕਿਸੇ ਕੀਮਤ 'ਤੇ ਵੀ ਸ਼ਾਦੀ ਲਈ ਰਜ਼ਾਮੰਦ ਨਹੀਂ ਹੁੰਦੇ ਸਨ। ਚਾਂਸ ਉਨ੍ਹਾਂ ਲਈ ਐਸੀ ਖੁਸ਼ਖਬਰੀ ਲੈ ਕੇ ਆਇਆ ਕਿ ਕਿਸੇ ਲੜਕੀ ਨਾਲ ਚਾਂਸ ਦੀ ਮੁਲਾਕਾਤ ਜੀਵਨ ਭਰ ਦੇ ਸਾਕ ਵਿਚ ਬਦਲ ਗਈ। ਹਰ ਵਿਅਕਤੀ ਵੀ ਜੇ ਜੀਵਨ ਝਰੋਖੇ ਵਿਚ ਧਿਆਨ ਨਾਲ ਝਾਤ ਮਾਰੇ, ਉਸ ਨੂੰ ਚਾਂਸ ਅਧੀਨ ਵਰਤਾਏ ਕਈ ਚੰਗੇ, ਕਈ ਮੰਦੇ ਅਤੇ ਕਈ ਖੂਬਸੂਰਤ ਅਤੇ ਬਦਸੂਰਤ ਨਜ਼ਾਰੇ ਦੇਖਣ ਨੂੰ ਮਿਲਣਗੇ।

ਵਿਗਿਆਨ ਦੀਆਂ ਬਹੁਤ ਲੱਭਤਾਂ ਚਾਂਸ ਦੀ ਹੀ ਮਿਹਰਬਾਨੀ ਹਨ। ਬਿਜਲੀ ਦੇ ਬਲਬ ਦਾ ਬਣਨਾ ਵਿਗਿਆਨੀ ਦੀ ਪਤਨੀ ਦੇ ਤਾਹਨੇ ਦੀ ਉਪਜ ਹੈ। ਇਹ ਚਾਂਸ ਹੀ ਸੀ ਕਿ ਸੇਬ ਦੇ ਬੂਟੇ ਤੋਂ ਥੱਲੇ ਡਿੱਗਦੇ ਸੇਬ ਨੂੰ ਨਿਊਟਨ ਨੇ ਦੇਖ ਕੇ ਇਹ ਸੋਚਿਆ ਕਿ ਇਹ ਉਪਰ ਵੱਲ ਕਿਉਂ ਨਹੀਂ ਗਿਆ? ਬੱਸ ਫਿਰ ਕੀ ਹੋਇਆ! ਨਿਊਟਨ ਦੀ ਖੋਜ ਨੇ ਉਸ ਨੂੰ ਦੁਨੀਆ ਦਾ ਮਹਾਨ ਵਿਗਿਆਨੀ ਬਣਾ ਦਿੱਤਾ।

ਕੁਝ ਦਿਨ ਪਹਿਲਾਂ ਰਾਜਸਥਾਨ ਦਾ ਇਕ

***(ਬਾਕੀ ਅਗਲੇ ਸਫੇ 'ਤੇ)***

# ਦਿਸਦੇ ਯਥਾਰਥ ਤੋਂ ਪਾਰ ਦੇ ਦੂਰ ਅੰਦੇਸ਼ ਸਿੱਟਿਆਂ ਦੀ ਨਿਸ਼ਾਨਦੇਹੀ ਕਰਦੀ ਕਵਿਤਾ

## ਸੁਕਰਾਤ ਦਾ ਗੀਤ (ਕਾਵ ਸੰਗ੍ਰਹਿ): ਰਵਿੰਦਰ ਰਵੀ

### ਪੁਸਤਕ ਚਰਚਾ

**ਨਿਰੰਜਣ ਬੋਹਾ**
**ਫੋਨ: 91-89682-82700**


ਸਾਹਿਤ ਦੇ ਖੇਤਰ ਵਿਚ ਆਉਣ ਵਾਲੀ ਕੋਈ ਵੀ ਤਬਦੀਲੀ ਸਮਾਜਿਕ, ਆਰਥਿਕ ਤੇ ਸਭਿਆਚਾਰਕ ਖੇਤਰਾਂ ਵਿਚ ਆਉਣ ਵਾਲੀਆਂ ਤਬਦੀਲੀਆਂ ਨਾਲ ਹੀ ਅੰਤਰ-ਸਬੰਧਤ ਹੁੰਦੀ ਹੈ। ਜਦੋਂ ਸਮਾਜਿਕ ਤੇ ਆਰਥਿਕ ਖੇਤਰ ਵਿਚ ਵੱਡੇ ਬਦਲਾਅ ਆਉਂਦੇ ਹਨ ਤਾਂ ਸਾਹਿਤ ਤੇ ਕਲਾ ਦੇ ਖੇਤਰ ਵਿਚ ਤਿੱਖੀਆਂ ਤੇ ਹੈਰਾਨਕੁਨ ਤਬਦੀਲੀਆਂ ਆਉਣ ਦੀ ਜ਼ਮੀਨ ਆਪਣੇ ਆਪ ਤਿਆਰ ਹੋ ਜਾਂਦੀ ਹੈ। ਸਮੇਂ ਨਾਲ ਆਈ ਨਵੀਨਤਾ ਨੂੰ ਆਪਣੇ ਵਿਚ ਆਤਮਸਾਤ ਕਰਨ ਅਤੇ ਆਪਣੀ ਸੋਚ ਨੂੰ ਇਸ ਦੇ ਅਨੁਸਾਰੀ ਬਣਾਉਣ ਦਾ ਅਮਲ ਹਰ ਦੌਰ ਦੇ ਲੇਖਕਾਂ ਲਈ ਵੱਡੀ ਚੁਣੌਤੀ ਰਿਹਾ ਹੈ। ਆਪਣੇ ਆਪ ਨੂੰ ਸਾਹਿਤ ਦੀਆਂ ਆਧੁਨਿਕ ਪ੍ਰਵਿਰਤੀਆਂ ਤੇ ਝੁਕਾਵਾਂ ਅਨੁਸਾਰ ਨਵਿਆਉਣ ਤੋਂ ਅਸਮਰੱਥ ਲੇਖਕ ਇਸ ਖੇਤਰ ਵਿਚ ਆਪਣੀ ਹੋਂਦ ਨੂੰ ਬਹੁਤਾ ਸਮਾਂ ਬਰਕਰਾਰ ਨਹੀਂ ਰੱਖ ਸਕਦੇ। ਜੇ ਆਪਣੇ ਅੰਦਰਲੀ ਸਾਹਿਤਕ ਪ੍ਰਤਿਭਾ ਨੂੰ ਨਵਿਆਉਣ ਜਾਂ ਅਪਡੇਟ ਕਰਨ ਦੇ ਮਾਮਲੇ ਵਿਚ ਕੋਈ ਲੇਖਕ ਹੁਣ ਤਕ ਸਭ ਤੋਂ ਵੱਧ ਕਾਮਯਾਬ ਹੋਇਆ ਹੈ ਤਾਂ ਉਹ ਹੈ ਸਾਡਾ ਪ੍ਰਬੁੱਧ ਕਵੀ, ਕਹਾਣੀਕਾਰ ਤੇ ਨਾਟਕਕਾਰ ਰਵਿੰਦਰ ਰਵੀ। ਸੰਨ 1961 ਵਿਚ ਪ੍ਰਕਾਸ਼ਿਤ ਹੋਏ ਉਸਦੇ ਪਲੇਠੇ ਕਾਵਿ-ਸੰਗ੍ਰਹਿ 'ਦਿਲ ਦਰਿਆ ਸਮੁੰਦਰੋਂ ਡੂੰਘੇ' ਤੇ ਉਸਦੇ ਹਥਲੇ ਕਾਵਿ-ਸੰਗ੍ਰਹਿ 'ਸੁਕਰਾਤ ਦੇ ਗੀਤ' ਵਿਚਕਾਰਲੇ ਛੇ ਦਹਾਕਿਆਂ ਤੋਂ ਵੱਧ ਸਮੇਂ ਦੇ ਅੰਤਰਾਲ ਵਿਚ ਛਪੀਆਂ ਉਸ ਦੀਆਂ ਕਾਵਿ- ਲਿਖਤਾਂ ਪੜ੍ਹਦਿਆਂ ਕਿਤੇ ਵੀ ਇਹ ਮਹਿਸੂਸ ਨਹੀਂ ਹੁੰਦਾ ਕਿ ਉਸਦੀ ਕਵਿਤਾ ਨੇ ਆਪਣੇ ਆਪ ਨੂੰ ਦੁਹਰਾਇਆ ਹੈ। ਇਕ ਕਵੀ ਦੇ ਤੌਰ 'ਤੇ ਆਪਣੇ ਸਮਕਾਲ ਵਿਚ ਵਾਪਰਨ ਵਾਲੇ ਮਨੁੱਖਤਾ ਵਿਰੋਧੀ ਜਾਂ ਮਨੁੱਖ ਪੱਖੀ ਵਰਤਾਰਿਆਂ ਦੀ ਵਰਤਮਾਨ ਪ੍ਰਸੰਗਿਕਤਾ 'ਤੇ ਉਹ ਤਿੱਖੀ ਨਜ਼ਰ ਰੱਖਦਾ ਹੈ ਤੇ ਇਨ੍ਹਾਂ ਵਰਤਾਰਿਆਂ ਨਾਲ ਜੁੜੀਆਂ ਬਹੁਤ ਸਾਰੀਆਂ ਦੂਰ-ਅੰਦੇਸ਼ੀਆਂ ਤੇ ਸੰਭਾਵਨਾਵਾਂ ਦੀ ਨਿਸ਼ਾਨਦੇਹੀ ਵੀ ਕਰਦਾ ਹੈ।

'ਸੁਕਰਾਤ ਦਾ ਗੀਤ' ਉਸ ਦਾ 26ਵਾਂ ਕਾਵਿ-ਸੰਗ੍ਰਹਿ ਹੈ, ਜਦੋਂ ਕਿ ਉਸਦੀਆਂ ਕੁਲ ਪੁਸਤਕਾਂ ਦੀ ਗਿਣਤੀ 60 ਦਾ ਅੰਕੜਾ ਪਾਰ ਕਰ ਗਈ ਹੈ। ਇਸ ਸੰਗ੍ਰਹਿ ਵਿਚ ਸ਼ਾਮਿਲ ਕਵਿਤਾਵਾਂ ਪੱਛਮੀ ਜੀਵਨ ਦਰਸ਼ਨ ਦੇ ਮੁੱਢਲੇ ਅਧਾਰ ਸੁਕਰਾਤ-ਵਿਚਾਰਧਾਰਾ ਨੂੰ ਮਨੁੱਖਤਾ ਦਾ ਅਤੀਤ ਵੀ ਮੰਨਦੀ ਹੈ ਤੇ ਵਰਤਮਾਨ ਵੀ। ਇਸ ਕਵਿਤਾ ਅਨੁਸਾਰ ਸੁਕਰਾਤ ਦਾ ਫ਼ਲਸਫਾ ਸਰਵ-ਵਿਆਪੀ ਵੀ ਹੈ ਤੇ ਸਰਵ ਕਾਲਿਕ ਵੀ। ਜ਼ਿੰਦਗੀ ਦੀਆਂ ਵਿਖਮਤਾਵਾਂ, ਜਟਿਲਤਾਵਾਂ ਤੇ ਅਸਹਿਜਤਾਵਾਂ ਵਿਚੋਂ ਉਪਜਿਆ ਹਰ ਸਵਾਲ ਸੁਕਰਾਤ ਦਾ ਹੀ ਚਿੰਨ੍ਹਕ ਰੂਪ ਹੈ। ਕਵੀ ਦੀ ਧਾਰਨਾ ਹੈ ਕਿ ਸੁਆਲਾਂ ਦੇ ਜੁਆਬ ਲੱਭਣ ਲਈ ਗਿਆਨ ਦੇ ਦਰਿਆ ਵਿਚ ਡੂੰਘੀਆਂ ਚੁੱਭੀਆਂ ਮਾਰਨ ਵਾਲਾ ਵਿਅਕਤੀ ਸੁਕਰਾਤ ਵਾਂਗ ਵੀ ਜ਼ਹਿਰ ਦੇ ਪਿਆਲੇ ਦੇ ਨੇੜੇ ਪਹੁੰਚ ਜਾਂਦਾ ਹੈ। ਉਸਦਾ ਇਹ ਵੀ ਨਿਰਣਾ ਹੈ ਕਿ ਜਦੋਂ ਤਕ ਮਨੁੱਖੀ ਜਗਿਆਸਾਵਾਂ ਤੇ ਸੁਆਲ ਜਿਉਂਦੇ ਹਨ, ਉਦੋਂ ਤੱਕ ਸੁਕਰਾਤ ਵੀ ਜਿਉਂਦਾ ਹੀ ਰਹੇਗਾ:

ਜਦੋਂ ਵੀ ਕੋਈ ਮਾਂ
ਜ਼ਿੰਦਗੀ ਦੀਆਂ ਬਿਖਮ ਤੇ
ਅਸਹਿ ਜਟਿਲਤਾਵਾਂ ਦੇ
ਜਵਾਬ ਢੂੰਡਦੀ ਢੂੰਡਦੀ
ਇਕ ਸਵਾਲ ਨੂੰ ਜਨਮ ਦਿੰਦੀ ਹੈ।
ਤਾਂ ਉਹ
ਸੁਕਰਾਤ ਬਣ ਜਾਂਦਾ
ਸਵਾਲ ਦਰ ਸਵਾਲ
ਪਰਤ ਦਰ ਪਰਤ
ਵਿਅਕਤੀ, ਸਮਾਜ ਤੇ ਸੰਸਾਰ ਵਿਚ
ਡੂੰਘੀਆਂ ਚੁੱਭੀਆਂ ਮਾਰਦਾ
ਜ਼ਹਿਰ ਦੇ ਪਿਆਲੇ ਤਕ
ਪਹੁੰਚ ਜਾਂਦਾ ਹੈ!!!
ਸੁਕਰਾਤ ਕਦੇ ਨਹੀਂ ਮਰਦਾ ,
ਉਹ ਤਾਂ
ਹਰ ਯੁਗ ਨੂੰ ਸਵਾਲ ਬਣਦਾ
ਸਵਾਲਾਂ ਦਾ ਨਿਰੰਤਰ ਸਿਲਸਲਾ ਹੈ।

ਜਦੋਂ ਕਵੀ ਆਪਣੇ ਆਪ ਵਿਚੋਂ ਹੀ ਸੁਕਰਾਤ ਨੂੰ ਲੱਭਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸਨੂੰ ਵਿਸ਼ੇਸ਼ ਰਾਹਤ ਮਹਿਸੂਸ ਹੁੰਦੀ ਹੈ ਕਿ ਸੁਕਰਾਤ ਦਾ ਦਰਸ਼ਨ ਤਾਂ ਮੁੱਢ ਤੋਂ ਹੀ ਉਸ ਦੀਆਂ ਸੋਚਾਂ ਦਾ ਹਿੱਸਾ ਹੈ। ਮਨੁੱਖ ਅੰਦਰਲੀ ਚੁੱਪ ਤੇ ਸ਼ੋਰ ਦੇ ਦਵੰਦਾਤਮਕ ਸਬੰਧਾਂ ਵਿਚੋਂ ਪੈਦੇ ਹੋਣ ਵਾਲੇ ਵਿਚਾਰਾਂ ਦੇ ਚੰਗਿਆੜੇ ਉਸ ਲਈ ਸ਼ਬਦ, ਚਿੰਤਨ ਤੇ ਫਲਸਫੇ ਦੇ ਹੀ ਅਰਥ ਰੱਖਦੇ ਹਨ ਤੇ ਸ਼ਬਦ ਦੀ ਸਿਰਜਕ ਸ਼ਕਤੀ ਉਸ ਲਈ ਗਿਆਨ ਤੇ ਵਿਗਿਆਨ ਦੀ ਜਨਮਦਾਤੀ ਬਣ ਜਾਂਦੀ ਹੈ:

ਮਾਨਵ
ਸ਼ੋਰ ਤੇ ਚੁੱਪ ਵਿਚ
ਟੁੱਟਦਾ ਰਿਹਾ




ਉਸਦੇ ਕੁਝ ਚੰਗਿਆੜੇ
ਸ਼ਬਦ
ਚਿੰਤਨ
ਫ਼ਲਸਫਾ ਬਣਦੇ ਰਹੇ।
ਸ਼ਬਦ
ਗਿਆਨ ਤੇ ਵਿਗਿਆਨ ਦੀ
ਸੰਭਾਲ ਹੈ !!!

ਉਹ ਆਪਣੀ ਦੂਰ ਦ੍ਰਿਸ਼ਟੀ ਰਾਹੀਂ ਦਿਸਦੇ ਯਥਾਰਥ ਤੋਂ ਪਾਰ ਵੇਖਣ ਦੀ ਕੋਸ਼ਿਸ਼ ਕਰਦਾ ਹੈ ਤਾਂ ਸ਼ਬਦ, ਸੋਚ ਤੇ ਸੁਹਜ ਉਸ ਦੇ ਕਾਵਿ-ਚਿੰਤਨ ਦੀ ਪਛਾਣ ਬਣ ਜਾਂਦੇ ਹਨ। ਯਥਾਰਥ ਤੋਂ ਪਾਰ ਵੇਖਦਿਆਂ ਇਹ ਅਨੁਭੂਤੀ ਵੀ ਉਸਦੀ ਕਵਿਤਾ ਦਾ ਹਾਸਲ ਬਣਦੀ ਹੈ ਕਿ ਕਲਮ ਦੇ ਰੁਕ ਜਾਣ ਤੋਂ ਬਾਅਦ ਵੀ ਉਸਦਾ ਚਿੰਤਨ ਆਪਣਾ ਸਫਰ ਜਾਰੀ ਰੱਖੇਗਾ ਤੇ ਉਸ ਦੀਆਂ ਲਿਖਤਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਜਾਗ ਲਾਉਂਦੀਆਂ ਰਹਿਣਗੀਆਂ। ਉਹ ਦੂਰਬੀਨੀ ਨਜ਼ਰ ਨਾਲ ਆਪਣੇ ਸਵੈ ਨਾਲ ਜੁੜੇ ਬਾਹਰਮੁਖੀ ਪਸਾਰਾਂ ਨੂੰ ਵੇਖਦਾ ਹੈ ਤੇ ਖੁਰਦਬੀਨੀ ਨਜ਼ਰ ਨਾਲ ਆਪਣੇ ਅੰਤਰੀਵੀ ਪਸਾਰਾਂ ਨੂੰ। ਆਪਣੇ ਆਪ ਨੂੰ ਆਪਣੀ ਹੀ ਨਜ਼ਰ ਨਾਲ ਦੂਰੋਂ ਤੇ ਨੇੜਿਉਂ ਵੇਖਣ ਦੀ ਜਾਚ ਉਸਦੀ ਕਵਿਤਾ ਨੂੰ ਨਵੀਂ ਸਿਰਜਕ ਸ਼ਕਤੀ ਪ੍ਰਦਾਨ ਕਰਦੀ ਹੈ।

ਮੇਰੇ ਕੋਲ ਖੁਰਦਬੀਨ ਵੀ ਹੈ
ਤੇ ਦੂਰਬੀਨ ਵੀ ਆਪਣੇ ਆਪ
ਆਪਣੇ ਪਸਾਰਾਂ ਨੂੰ ਨੇੜਿਉਂ ਵੇਖਣ ਵਿਖਾਉਣ ਦਾ
ਆਪਣਾ ਹੀ ਅਦਭੁਤ ਨਜ਼ਾਰਾ ਹੈ।

ਮਨੁੱਖੀ ਜੀਵਨ ਵਿਚ ਹਿਲਜੁਲ ਪੈਦਾ ਕਰਦੇ ਤੇ ਸਮੇਂ ਦੀ ਦਿਸ਼ਾ ਨੂੰ ਬਦਲਣ ਦੀ ਸਮਰੱਥਾ ਰੱਖਦੇ ਸਮਕਾਲ ਦੇ ਤਤਕਾਲੀ ਵਰਤਾਰਿਆਂ ਨੂੰ ਸੰਬੋਧਿਤ ਹੋਏ ਬਗੈਰ ਕੋਈ ਵੀ ਕਵੀ ਸਮੇਂ ਦੇ ਹਾਣ ਦੀ ਕਵਿਤਾ ਨਹੀਂ ਲਿਖ ਸਕਦਾ। ਇਸ ਸੰਗ੍ਰਹਿ ਵਿਚਲੀ ਕਵਿਤਾ ਦੀ ਇਕ ਵਿਸ਼ੇਸ਼ ਖਾਸੀਅਤ ਇਹ ਵੀ ਹੈ ਕਿ ਇਸ ਨੇ ਕਿਸਾਨ ਅੰਦੋਲਨ ਤੇ ਕਰੋਨਾ ਕਾਲ ਵਰਗੇ ਕੌਮੀ ਮਸਲਿਆਂ ਦੇ ਨਾਲ ਨਾਲ ਅਫਗਾਨਿਸਤਾਨ ਵਿਚ ਹੋਏ ਰਾਜ ਪਲਟੇ ਵਰਗੇ ਕੌਮਾਂਤਰੀ ਮਸਲਿਆਂ ਨੂੰ ਮਾਨਵੀ ਦ੍ਰਿਸ਼ਟੀ ਤੋਂ ਵਿਸ਼ਲੇਸ਼ਿਤ ਤੇ ਪ੍ਰਭਾਸ਼ਿਤ ਕੀਤਾ ਹੈ। ਉਸਦੀ ਕਵਿਤਾ ਕਿਸਾਨੀ ਅੰਦੋਲਨ ਨੂੰ ਸਥਾਈ ਤੌਰ 'ਤੇ ਜੇਤੂ ਮੁਕਾਮ ਤੱਕ ਪਹੁੰਚਾਉਣ ਲਈ ਜਮਾਤੀ ਲੜਾਈ ਦੇ ਰਵਾਇਤੀ ਢੰਗ ਤਰੀਕੇ ਛੱਡ ਕੇ ਅਜਿਹੇ ਪੈਂਤੜੇ ਅਪਨਾਉਣ ਦੀ ਗੱਲ ਕਰਦੀ ਹੈ ਜਿਹੜੇ ਸਿਆਸਤ ਦੀ ਸ਼ਤਰੰਜ 'ਤੇ ਵਿਰੋਧੀ ਚਾਲਾਂ ਨੂੰ ਮਾਤ ਪਾ ਸਕਣ।

ਜਗਾਵੋ ਕਲਪਨਾ ਆਪਣੀ
ਤੇ ਰਾਹਾਂ ਦੀ ਦਿਸ਼ਾ ਬਦਲੋ
ਵਿਧੀ ਬੇਕਾਰ ਜੇ ਹੋ ਗਈ
ਤਾਂ ਕਾਰਜ ਦੀ ਦਸ਼ਾ ਬਦਲੋ।

ਇਸ ਸੰਗ੍ਰਹਿ ਵਿਚਲੀਆਂ ਕਵਿਤਾਵਾਂ ਭ੍ਰਿਸ਼ਟਾਚਾਰ ਵਲੋਂ ਸਮਾਜਿਕ ਮਾਨਤਾ ਪ੍ਰਾਪਤ ਕਰ ਕੇ ਸੰਸਥਾਗਤ ਅਰਥ ਗ੍ਰਹਿਣ ਕਰਨ ਤੇ ਰਿਸ਼ਵਤਖੋਰੀ ਦੇ ਜੀਵਨ ਸ਼ੈਲੀ ਬਣਨ ਨੂੰ ਵੀ ਸਮਕਾਲ ਦੇ ਹੀ ਇਕ ਕੌੜੇ ਸੱਚ ਵਜੋਂ ਸਵੀਕਾਰਦੀਆਂ ਹਨ। ਉਹ ਇਸ ਚਿੰਤਾ ਨੂੰ ਚਿੰਤਨ ਵਿਚ ਬਦਲਣ ਦੇ ਮੰਤਵ ਨਾਲ ਅਜੋਕੀ ਜੀਵਨ ਸ਼ੈਲੀ ਬਾਰੇ ਬਹੁਤ ਸਾਰੇ ਸੁਆਲ ਖੜ੍ਹੇ ਕਰਦਾ ਹੈ। ਉਹ ਪੁੱਛਦਾ ਹੈ ਕਿ ਕੀ ਸਾਡੇ ਕੋਲ ਆਪਣੇ ਹੱਕ ਲੈਣ ਲਈ ਇਕੋ ਇਕ ਰਾਹ ਸੜਕਾਂ ਤੇ ਰੇਲਾਂ ਰੋਕਣਾ ਹੀ ਰਹਿ ਗਿਆ ਹੈ? ਸੰਵਿਧਾਨ ਸਾਡੇ ਹੱਕਾਂ ਤੇ ਹਿੱਤਾਂ ਦੀ ਰਾਖੀ ਕਿਉਂ ਨਹੀਂ ਕਰ ਰਿਹਾ ਤੇ ਇਸ ਵਲੋਂ ਬਣਾਏ ਕਾਇਦੇ ਕਾਨੂੰਨ ਤਾਰੋ-ਤਾਰ ਕਿਉਂ ਹੁੰਦੇ ਜਾ ਰਹੇ ਹਨ? ਇਨ੍ਹਾਂ ਸੁਆਲਾਂ ਦੇ ਜਵਾਬ ਤਲਾਸ਼ਦਿਆਂ ਉਹ ਮੱਛੀ ਬਜ਼ਾਰ ਵਾਂਗ ਵਿਕਾਊ ਬਣ ਚੁੱਕੇ ਸੱਤਾ ਪ੍ਰਬੰਧ ਨੂੰ ਮੁੱਖ ਦੋਸ਼ੀ ਮੰਨਦਾ ਹੈ ਜਿਹੜਾ ਰਿਸ਼ਵਤ ਦੀ ਗੋਲੀ ਦੇ ਨਸ਼ੇ ਰਾਹੀਂ ਮਨੁੱਖੀ ਗੈਰਤ ਨੂੰ ਸ਼ਰੇਆਮ ਮਾਰ ਰਿਹਾ ਹੈ:

ਤਾਰੋ ਤਾਰ ਕਾਇਦੇ ਕਾਨੂੰਨ
ਸ਼ਰਮਸ਼ਾਰ ਸਾਡਾ ਸੰਵਿਧਾਨ
ਧਰਮ ਕਰਮ ਸਭ ਛੁਪ ਖਲੋਏ
ਅਗਧ ਪੜ੍ਹੇ ਸ਼ੈਤਾਨ

ਰਵਿੰਦਰ ਰਵੀ ਦੀਆਂ ਕਵਿਤਾਵਾਂ ਵਿਚ ਵਰਤੇ ਬਿੰਬ ਤੇ ਪ੍ਰਤੀਕ ਉਸ ਦੇ ਅਨੁਭਵ ਖੇਤਰ ਤੋਂ ਬਾਹਰਲੇ ਨਹੀਂ ਹਨ। ਭਾਵੇਂ ਉਹ ਇਤਿਹਾਸਕ ਤੇ ਮਿਥਿਹਾਸਕ ਘਟਨਾਕ੍ਰਮ ਵਿਚੋਂ ਵੀ ਆਪਣੀ ਕਵਿਤਾ ਲਈ ਬਿੰਬ ਤੇ ਪ੍ਰਤੀਕ ਤਲਾਸ਼ਦਾ ਹੈ ਪਰ ਉਸ ਵਲੋਂ ਦਿੱਤੇ ਇਤਿਹਾਸਕ ਤੇ ਮਿਥਿਹਾਸਕ ਹਵਾਲੇ ਲੋਕ ਮਾਨਸਿਕਤਾ ਲਈ ਓਪਰੇ ਨਹੀਂ ਹਨ। ਭਾਵੇਂ ਵਧੇਰੇ ਕਰਕੇ ਉਹ ਖੁੱਲ੍ਹੀ ਕਵਿਤਾ ਹੀ ਲਿਖਦਾ ਹੈ ਪਰ ਫਿਰ ਵੀ ਉਸਦੀ ਕਵਿਤਾ ਇਕ ਖਾਸ ਰਿਦਮ ਤੇ ਬੱਝਵੇਂ ਅਨੁਸ਼ਾਸਨ ਵਿਚ ਬੱਝੀ ਵਿਖਾਈ ਦਿੰਦੀ ਹੈ। ਉਰਦੂ, ਫਾਰਸੀ ਭਾਸ਼ਾ ਦੇ ਕੁਝ ਪ੍ਰਚਲਤ ਸ਼ਬਦ ਵੀ ਉਸਦੀ ਕਵਿਤਾ ਦੇ ਕਲਾਤਮਕ ਸੁਹਜ ਵਿਚ ਵਾਧਾ ਕਰਦੇ ਹਨ। ਹਰੇਕ ਕਵਿਤਾ ਦੇ ਅੰਤ 'ਤੇ ਉਹ ਆਮ ਲੋਕ ਬੋਲੀ ਵਿਚ ਨਾ ਵਰਤੇ ਜਾਣ ਵਾਲੇ ਸ਼ਬਦਾਂ ਦੇ ਅਰਥ ਲਿਖ ਕੇ ਕਵਿਤਾ ਦੇ ਸੰਚਾਰ ਵਿਚ ਪੈਣ ਵਾਲੀ ਰੁਕਾਵਟ ਨੂੰ ਦੂਰ ਕਰ ਦਿੰਦਾ ਹੈ।

ਉਸਦੇ ਦੇ ਇਸ ਕਾਵਿ-ਸੰਗ੍ਰਹਿ ਦੀਆਂ ਹੋਰ ਵੀ ਬਹੁਤ ਸਾਰੀਆਂ ਪਰਤਾਂ ਹਨ ਜਿਨ੍ਹਾਂ ਨੂੰ ਇਸ ਨਿੱਕ-ਅਕਾਰੀ ਲਿਖਤ ਵਿਚ ਨਹੀਂ ਸਮੇਟਿਆ ਜਾ ਸਕਦਾ। ਮੈਂ ਇਹੀ ਕਹਿਣਾ ਵਾਜਿਬ ਸਮਝਦਾ ਹਾਂ ਕਿ ਉਸ ਦੀ ਕਵਿਤਾ ਦੀਆਂ ਨਿੱਜੀ, ਸਮੂਹਿਕ ਤੇ ਬ੍ਰਹਿਮੰਡੀ ਚੇਤਨਾ ਨਾਲ ਜੁੜੀਆਂ ਸੰਵੇਦਨਾਤਮਕ ਪਰਤਾਂ ਉਸ ਨੂੰ ਉਸਦੇ ਲਿਖਣ ਦੇ ਅਰੰਭਕ ਕਾਲ ਤੋਂ ਲੈ ਕੇ ਹੁਣ ਤਕ ਪੰਜਾਬੀ ਭਾਸ਼ਾ ਦਾ ਵੱਡਾ ਕਵੀ ਕਹਾਉਣ ਦਾ ਹੱਕ ਪ੍ਰਦਾਨ ਕਰਦੀਆਂ ਹਨ। ਆਮ ਕਰਕੇ ਵੱਡੇ ਕਹੇ ਜਾਣ ਵਾਲੇ ਕਵੀਆਂ ਦੀਆਂ ਕਵਿਤਾਵਾਂ ਏਨੀਆਂ ਅੰਤਰ-ਮੁਖੀ ਹੁੰਦੀਆਂ ਹਨ ਕਿ ਪਾਠਕਾਂ ਨੂੰ ਉਨ੍ਹਾਂ ਦੇ ਭਾਵ ਬੋਧ ਤਕ ਪਹੁੰਚਣ ਲਈ ਇਕ ਵਿਸ਼ੇਸ਼ ਪ੍ਰਕਾਰ ਦੀ ਬੁੱਧੀ ਪ੍ਰੀਖਿਆ ਵਿਚੋਂ ਲੰਘਣਾ ਪੈਂਦਾ ਹੈ ਪਰ ਇਸ ਸੰਗ੍ਰਹਿ ਦੀਆਂ ਕਵਿਤਾਵਾਂ ਦੀ ਖੂਬਸੂਰਤੀ ਇਸ ਵਿਚ ਹੈ ਕਿ ਇਨ੍ਹਾਂ ਦਾ ਪਾਠ ਬਹੁਤ ਸਹਿਜ ਰੂਪ ਵਿਚ ਕੀਤਾ ਜਾ ਸਕਦਾ ਹੈ। ਉਸ ਦੀ ਕਵਿਤਾ ਨਾ ਤਾਂ ਸਰਲ ਹੈ ਤੇ ਨਾ ਹੀ ਵਧੇਰੇ ਗੁੰਝਲਦਾਰ। ਇਸ ਲਈ ਪਾਠਕ ਥੋੜ੍ਹਾ ਜਿਹਾ ਇਕਾਗਰ ਚਿੱਤ ਹੋ ਕੇ ਹੀ ਇਸਦੇ ਭਾਵਬੋਧ ਨਾਲ ਜੁੜ ਸਕਦਾ ਹੈ।

---

## ਸ਼ਕਤੀਸ਼ਾਲੀ ਕੁਦਰਤ

*(ਪਿਛਲੇ ਸਫੇ ਦਾ ਬਾਕੀ)*

ਲਾਇਕ ਡਾਕਟਰ, ਪਰਿਵਾਰ ਸਮੇਤ ਕੁੱਲੂ ਮਨਾਲੀ ਦੀ ਸੈਰ ਕਰ ਕੇ ਵਾਪਸ ਪਰਤ ਰਿਹਾ ਸੀ। ਰੋਪੜ ਨੇੜੇ ਪ੍ਰਾਈਵੇਟ ਬੱਸ ਦੇ ਡਰਾਈਵਰ ਨੇ ਅਗਲੀਆਂ ਸਵਾਰੀਆਂ ਛੇਤੀ ਚੁੱਕਣ ਲਈ ਤੇਜ਼ ਬੱਸ ਦੀ ਡਾਕਟਰ ਦੀ ਕਾਰ ਨਾਲ ਐਸੀ ਫੇਟ ਮਾਰੀ ਕਿ ਕਾਰ ਨਜ਼ਦੀਕ ਵਗਦੀ ਨਦੀ ਵਿਚ ਜਾ ਡਿੱਗੀ।

ਡਾਕਟਰ ਅਤੇ ਉਸ ਦਾ ਹੱਸਦਾ-ਖੇਡਦਾ ਪਰਿਵਾਰ ਸਦਾ ਲਈ ਖ਼ਤਮ ਹੋ ਗਿਆ। ਇਹ ਕਿਹੋ ਜਿਹਾ ਚਾਂਸ ਸੀ? ਬੱਸ ਡਰਾਈਵਰ ਦੀ ਡਾਕਟਰ ਨਾਲ ਕੋਈ ਦੁਸ਼ਮਣੀ ਨਹੀਂ ਸੀ। ਕੋਈ ਮਿਥੀ ਹੋਈ ਸਕੀਮ ਨਹੀਂ ਸੀ।

ਅਣਗਿਣਤ ਚਾਂਸਾਂ ਦੀ ਭਰੀ ਹੋਈ ਇਸ ਦੁਨੀਆ ਵਿਚੋਂ ਇਕ ਹੋਰ ਚਾਂਸ ਦਾ ਜ਼ਿਕਰ ਕਰਨ ਲਈ ਮਨ ਉਤਾਵਲਾ ਹੋ ਗਿਆ ਹੈ। ਨੀਲਜ਼ ਬੋਹਰ, ਆਈਨਸਟਾਈਨ ਅਤੇ ਕੁਝ ਹੋਰ ਯਹੂਦੀ ਵਿਗਿਆਨੀ ਅਮਰੀਕਾ ਪਹੁੰਚ ਗਏ (ਸਭ ਲੋਕ ਜਾਣਦੇ ਹਨ ਕਿ ਇਹ ਚਾਂਸ ਕਿਉਂ ਬਣਿਆ)। E+mc2 ਤੋਂ ਸੇਧ ਲੈਂਦਿਆਂ ਵਿਗਿਆਨੀਆਂ ਨੇ ਰਲਮਿਲ ਕੇ ਐਟਮ ਬੰਬ ਤਿਆਰ ਕਰ ਲਿਆ। ਸੰਸਾਰ ਦੀ ਦੂਜੀ ਜੰਗ ਇਸ ਬੰਬ ਦੇ ਹੀਰੋਸ਼ੀਮਾ ਅਤੇ ਨਾਗਾਸਾਕੀ 'ਤੇ ਗਿਰਾਉਣ ਨਾਲ ਬੰਦ ਤਾਂ ਹੋ ਗਈ ਅਤੇ ਅਮਰੀਕਾ ਦੁਨੀਆ ਦੀ ਮਹਾਨ ਸ਼ਕਤੀ ਵੀ ਬਣ ਗਿਆ ਪਰ ਹੁਣ ਬਹੁਤ ਸਾਰੇ ਮੁਲਕਾਂ ਨੇ ਇਹ ਬੰਬ ਬਣਾ ਲਿਆ ਹੈ। ਇਸ ਹੁਸੀਨ ਦੁਨੀਆ ਨੂੰ ਬਾਰੂਦ ਦੇ ਢੇਰ ਉਪਰ ਬਿਠਾ ਦਿੱਤਾ ਹੈ। ਫਿਰ ਵੀ ਉਪਰ ਵਾਲੇ ਦਾ ਲੱਖ-ਲੱਖ ਸ਼ੁਕਰ ਹੈ ਕਿ ਜੇ ਇਹ ਵਿਗਿਆਨੀ ਜਰਮਨੀ ਵਿਚ ਹੀ ਹਿਟਲਰ ਦੀ ਛਤਰ-ਛਾਇਆ ਹੇਠ ਕੰਮ ਕਰਦੇ ਅਤੇ ਐਟਮ ਬੰਬ ਉਸ ਕੋਲ ਆ ਜਾਂਦਾ ਤਾਂ ਦੁਨੀਆ ਦਾ ਕੀ ਹਸ਼ਰ ਹੁੰਦਾ? ਕੁਦਰਤ ਦੀ ਮਿਹਰਬਾਨੀ ਐਸਾ ਚਾਂਸ ਨਾ ਹੀ ਬਣਿਆ।

ਸਾਧਾਰਨ ਲੇਖ ਦੀ ਸੰਖੇਪਤਾ ਦਾ ਧਿਆਨ ਰੱਖਦੇ ਹੋਏ ਚਾਂਸ ਦੀ ਦੁਨੀਆ ਬਹੁਤ ਵਿਸਥਾਰ ਨਾਲ ਨਾ ਫਰੋਲੀਏ। ਕੁਦਰਤ ਦੀ ਵਿਸ਼ਾਲਤਾ ਦੇ ਅਨੇਕ ਪਹਿਲੂਆਂ ਦੇ ਨਤੀਜੇ ਦੋ-ਧਾਰੀ ਤਲਵਾਰ ਹਨ; ਜਿਵੇਂ ਐਟਮ ਸ਼ਕਤੀ ਨੂੰ ਬਿਜਲੀ ਪੈਦਾ ਕਰਨ ਲਈ ਵੀ ਵਰਤਿਆ ਜਾ ਸਕਦਾ ਅਤੇ ਬੰਬ ਬਣਾਉਣ ਲਈ ਵੀ!

ਬਹੁਤੇ ਖੋਜਕਾਰ ਤਾਂ ਆਪਣੇ ਕੰਮ ਵਿਚ ਹੀ ਰੁੱਝੇ ਰਹਿੰਦੇ ਹਨ, ਆਪਣੇ ਵਿਚਾਰ ਲੋਕਾਂ ਨਾਲ ਸਾਂਝੇ ਨਹੀਂ ਕਰਦੇ ਪਰ ਨਿਊਟਨ ਜਿਹੇ ਮਹਾਂ ਪੁਰਸ਼ ਇਹ ਦੱਸ ਜਾਂਦੇ ਹਨ ਕਿ ਸਮੁੰਦਰ ਦੇ ਕਿਨਾਰੇ ਬੈਠਾ ਬੰਟਿਆਂ ਨਾਲ ਖੇਡ ਰਿਹਾ ਹਾਂ। ਸਮੁੰਦਰ ਦੀਆਂ ਲਹਿਰਾਂ ਵਾਂਗ ਕੁਦਰਤ ਦੀ ਵਿਸ਼ਾਲਤਾ ਦਾ ਮੈਨੂੰ ਅੰਦਾਜ਼ਾ ਨਹੀਂ।

ਬਹੁਤ ਸੁਖਿਆਈਆਂ ਦੇ ਬਾਵਜੂਦ ਮਨੁੱਖਤਾ ਇਕ ਗੱਲੋਂ ਮੰਦਭਾਗੀ ਹੈ ਕਿ ਸਾਰੇ ਖੋਜਕਾਰ, ਸਿਆਸਤਦਾਨਾਂ ਅਤੇ ਬਹੁਤ ਅਮੀਰ ਕੰਪਨੀਆਂ ਦੇ ਮਾਲਕਾਂ ਅਧੀਨ ਕੰਮ ਕਰਦੇ ਹਨ। ਖੋਜ ਦੇ ਨਤੀਜਿਆਂ ਨੂੰ ਕਿਸ ਤਰ੍ਹਾਂ ਵਰਤਣਾ ਹੈ, ਇਨ੍ਹਾਂ ਲੋਕਾਂ ਦੀ ਮਰਜ਼ੀ ਅਨੁਸਾਰ ਹੀ ਹੁੰਦਾ ਹੈ। ਵਿਗੜੀ ਅਤੇ ਸ਼ਰਾਰਤੀ ਮਾਨਸਿਕਤਾ ਵਾਲੇ ਆਦਮੀ ਇਹ ਨਤੀਜੇ ਵਰਤ ਕੇ ਦੁਨੀਆ ਦੀ ਤਬਾਹੀ ਵੀ ਕਰ ਸਕਦੇ ਹਨ, ਜਿਵੇਂ ਕੰਪਿਊਟਰ ਨਾਲ ਛੇੜ-ਛਾੜ ਕਰਕੇ ਫਾਇਦੇ ਦੀ ਥਾਂ ਆਵਾਜਾਈ ਵਿਚ ਵਿਘਨ ਪਾਉਣਾ। ਜਹਾਜ਼ਾਂ ਦੀ ਉਡਾਣ ਰੋਕ ਦੇਣਾ। ਲੋਕਾਂ ਦੀ ਪ੍ਰਾਈਵੈਸੀ, ਬੈਂਕ ਅਕਾਊਂਟ ਅਤੇ ਹੋਰ ਬਹੁਤ ਹੇਰਾ-ਫੇਰੀਆਂ ਵਿਗਿਆਨਕ ਖੋਜ ਦਾ ਗਲਤ ਇਸਤੇਮਾਲ ਹੀ ਹਨ।

ਇਸ ਬੁਰਾਈ ਦਾ ਇਲਾਜ ਤਰਕਸ਼ੀਲਾਂ ਅਤੇ ਸਾਧਾਰਨ ਮਨੋਵਿਗਿਆਨੀਆਂ ਕੋਲ ਨਹੀਂ। ਲਾਸਾਨੀ ਪ੍ਰਤਿਭਾ ਵਾਲੇ ਪਰਮ ਮਨੁੱਖਾਂ ਦੀ ਸੰਗਤ ਅਤੇ ਉਨ੍ਹਾਂ ਦੇ ਵੱਡਮੁੱਲੇ ਵਿਚਾਰ ਹੀ ਅਧਿਆਤਮਕਤਾ ਤੋਂ ਚੋਰੀ ਅਤੇ ਬੰਜਰ ਹੋ ਰਹੀ ਇਸ ਧਰਤੀ ਦੀ ਲੋਕਾਈ ਨੂੰ ਕੁਝ ਹਰਿਆਵਲ ਦੇ ਸਕਦੇ ਹਨ।ਕਈ ਵੀਰ ਕਹਿੰਦੇ ਹਨ ਕਿ ਰੱਬ ਅਤੇ ਕੁਦਰਤ ਬੰਦੇ ਨੇ ਹੀ ਆਪਣੇ ਮਨ ਵਿਚੋਂ ਪੈਦਾ ਕੀਤੇ ਹਨ। ਜੇ ਉਨ੍ਹਾਂ ਨੂੰ ਪੁੱਛਿਆ ਜਾਵੇ ਕਿ ਉਹ ਕਿਸ ਨੇ ਪੈਦਾ ਕੀਤੇ, ਤਾਂ ਇਸ ਬਹਿਸ ਦਾ ਕੋਈ ਸਿੱਟਾ ਨਹੀਂ ਨਿਕਲਦਾ। ਡਾਕਟਰ ਰਾਧਾ ਕ੍ਰਿਸ਼ਨ ਕਹਿੰਦੇ ਹਨ- ਵ੍ਹੈੱਨ ਲੌਜਿਕ ਫੇਲਜ਼, ਫੇਥ ਕੰਮਸ ਟੌ ਰੈਸਕਿਊ; ਭਾਵ, ਜਦੋਂ ਇਹੋ ਜਿਹੀ ਬਹਿਸ ਕਿਸੇ ਨਤੀਜੇ 'ਤੇ ਨਾ ਪਹੁੰਚੇ ਤਾਂ ਵਿਸ਼ਵਾਸ ਦਾ ਸਹਾਰਾ ਹੀ ਸਾਡੇ ਕੰਮ ਆਉਂਦਾ ਹੈ। ਵਿਸ਼ਵਾਸ ਕੀ ਹੈ? ਕੁਦਰਤ ਦੀ ਮਹਾਨਤਾ ਅਤੇ ਵਿਸ਼ਾਲਤਾ ਵਿਚ ਭਰੋਸੇ ਦਾ ਪ੍ਰਗਟਾਵਾ।

ਰਹਿਮ, ਦਇਆ, ਸੰਤੋਖ, ਪਿਆਰ, ਹਮਦਰਦੀ ਅਤੇ ਗ਼ਰੀਬ ਦੀ ਸਹਾਇਤਾ ਜਿਹੇ ਜਜ਼ਬਿਆਂ ਬਾਬਤ ਵਿਗਿਆਨ ਦੀਆਂ ਲੱਭਤਾਂ ਚੁੱਪ ਹਨ। ਜੀਵਨ ਵਿਚ ਸਹਿਜ ਅਵਸਥਾ ਦੀ ਪ੍ਰਾਪਤੀ ਅਤੇ ਚੰਗੀ ਸਿਹਤ ਲਈ ਕੁਦਰਤ ਵੱਲੋਂ ਬਖਸ਼ੇ ਇਨ੍ਹਾਂ ਜਜ਼ਬਿਆਂ ਦੀ ਘਾਟ ਮਹਿਸੂਸ ਹੋ ਰਹੀ ਹੈ। ਇਨ੍ਹਾਂ ਦੀ ਪੂਰਨਤਾ ਲਈ ਅਤੇ ਇਨ੍ਹਾਂ ਸੁੱਤੀਆਂ ਪਈਆਂ ਜ਼ਮੀਰਾਂ ਨੂੰ ਜਗਾਉਣ ਲਈ ਅਧਿਆਤਮਕਤਾ ਸਹਾਈ ਹੋ ਸਕਦੀ ਹੈ। ਆਉ ਇਸ ਦਿਸ਼ਾ ਵੱਲ ਕਦਮ ਚੁਕੀਏ। ਜਿਸ ਕੁਦਰਤ ਦੀ ਬੇਅੰਤ ਰੰਗਾਂ ਅਤੇ ਵਿਸ਼ੇਸ਼ਤਾਈਆਂ ਦੀ ਮਹਿਮਾ ਦੇ ਜ਼ਿਕਰ ਨਾਲ ਇਹ ਨਿਮਾਣਾ ਜਿਹਾ ਲੇਖ ਸ਼ੁਰੂ ਕੀਤਾ ਹੈ, ਉਸੇ ਕੁਦਰਤ ਦੀ ਮਹਾਨਤਾ ਵਿਚ ਭਰੋਸਾ ਰੱਖਦੇ ਹੋਏ ਸਮਾਪਤ ਕਰ ਲਈਏ।

**ਅੰਤਿਕਾ**

ਕੁਝ ਠੀਕ ਸ਼ਬਦਾਂ ਦੀ ਥੁੜ੍ਹ, ਕੁਝ ਵਡੇਰੀ ਉਮਰ ਵਿਚ ਯਾਦਾਸ਼ਤ ਦੀ ਕਮਜ਼ੋਰੀ, ਕੁਝ ਅਣਗਹਿਲੀ ਅਤੇ ਕਿਤੇ-ਕਿਤੇ ਅਣਭੋਲ ਅਗਿਆਨਤਾ ਦਾ ਸ਼ਿਕਾਰ ਹੋ ਗਿਆ ਹੋਵਾਂਗਾ, ਸੂਝਵਾਨ ਪਾਠਕ ਮੁਆਫ ਕਰਨਗੇ। ਇਹ ਵੀ ਕਰਮਾਂ ਸੰਧੜਾ ਅਤੇ ਵਡਮੁੱਲਾ ਕੁਦਰਤ ਵਲੋਂ ਬਖ਼ਸ਼ਿਆ ਚਾਂਸ ਹੀ ਹੈ ਜਿਸ ਦੁਆਰਾ ਪਾਠਕਾਂ ਨਾਲ ਕੁਝ ਗੱਲਾਂ ਸਾਂਝੀਆਂ ਕਰ ਸਕਿਆ ਹਾਂ। ਮੇਰੀ ਉਮਰ ਵਾਲੇ ਤਾਂ ਕਾਫ਼ੀ ਸੰਗੀ-ਸਾਥੀ ਜੀਵਨ ਦੀ ਅਖਰੀ ਫਤਿਹ ਬੁਲਾ ਗਏ ਹਨ।

# ਕਵਿਤਾ ਤੂੰ ਆ...ਪਰ ਇਸ ਤਰ੍ਹਾਂ ਆ

ਸੁਰਿੰਦਰ ਗੀਤ ਤੇਈ ਸਾਲਾਂ ਦੀ ਸੀ ਜਦੋਂ ਉਹ ਪਰਦੇਸਣ ਹੋ ਗਈ। ਉਹਨੂੰ ਆਪਣੇ ਪਿੰਡ ਬੀੜ ਰਾਉਕੇ ਤੋਂ ਹਜ਼ਾਰਾਂ ਮੀਲ ਦੂਰ ਕੈਲਗਰੀ ਜਾਣਾ ਪਿਆ। ਕਹਿਣ ਨੂੰ ਤਾਂ ਉਸਦਾ ਸਹੁਰਾ ਪਿੰਡ ਘੱਲ ਕਲਾਂ ਸੀ, ਜੋ ਉਸਦੇ ਪੇਕਿਆਂ ਤੋਂ ਮਸੀਂ ਚਾਲੀ ਕਿਲੋਮੀਟਰ ਦੂਰ ਹੈ ਪਰ ਉਸਦਾ ਵਰ ਗੁਰਬਖਸ਼ ਸਿੰਘ ਆਪ ਪਰਦੇਸੀ ਸੀ। ਸੋ ਵਸਣ ਲਈ ਉਸਦਾ ਸਹੁਰਾ ਕੈਲਗਰੀ ਬਣਿਆ।

ਬਹੁਤ ਸਾਰੀਆਂ ਪੰਜਾਬਣ ਮੁਟਿਆਰਾਂ ਤਕਰੀਬਨ ਏਸੇ ਉਮਰ ਵਿਚ ਪਰਦੇਸਣਾਂ ਹੁੰਦੀਆਂ ਹਨ। ਇਹ ਦੂਹਰਾ ਪਰਦੇਸ ਹੁੰਦਾ ਹੈ। ਦੂਸਰੇ ਘਰ ਜਾਣਾ ਤੇ ਦੂਸਰੇ ਦੇਸ ਵੀ ਜਾਣਾ। ਧੀਆਂ ਤਾਂ ਦੇਸ ਰਹਿੰਦੀਆਂ ਹੋਈਆਂ ਵੀ ਪਰਦੇਸਣਾਂ ਅਖਵਾਉਂਦੀਆਂ ਹਨ। ਖ਼ੌਰੇ ਕਿੰਨਾ



**ਸੁਰਜੀਤ ਪਾਤਰ**

ਕੁ ਪੁਰਾਣਾ ਲੋਕ ਗੀਤ ਹੈ : ਧੀ ਕਿਉਂ ਦਿੱਤੀ ਦੂਰੇ...ਉਦੋਂ ਦਰਿਆ“ ਪਾਰ ਕੋਈ ਧੀ ਨਹੀਂ ਸੀ ਵਿਆਹੁੰਦਾ, ਹੁਣ ਸਮੁੰਦਰੋਂ ਪਾਰ ਇਕ ਮਿੱਟੀ ਵਿੱਚੋਂ ਖੱਗ ਕੇ ਬੂਟਾ ਦੂਜੀ ਮਿੱਟੀ ਵਿੱਚ ਲਾਉਣ ਵਾਲੀ ਗੱਲ ਹੁੰਦੀ ਹੈ। ਇਸ ਦੌਰਾਨ ਬੂਟੇ ਦੀਆਂ ਜੜ੍ਹਾਂ ਅਤੇ ਪੱਤਿਆਂ ਨਾਲ ਬਹੁਤ ਕੁਝ ਵਾਪਰਦਾ ਹੈ। ਫਿਰ ਬੂਟਿਆਂ ਦੀਆਂ ਕਿਸਮਾਂ ਵੀ ਹੁੰਦੀਆਂ ਹਨ।

ਸੁਰਿੰਦਰ ਦਾ ਵਜੂਦ ਬਹੁਤ ਸੰਵੇਦਨ ਵਾਲਾ ਬੂਟਾ ਹੈ, ਜੋ ਬਹੁਤ ਕੁਝ ਮਹਿਸੂਸ ਕਰਦਾ ਹੈ। ਇਸ ਦੌਰਾਨ ਉਸਨੇ ਆਪਣੇ ਜੀਵਨ ਸਾਥੀ ਗੁਰਬਖ਼ਸ਼ ਨੂੰ ਵੀ ਬਹੁਤ ਸੰਘਰਸ਼ ਕਰਦਿਆਂ ਦੇਖਿਆ, ਆਪ ਵੀ ਸੰਘਰਸ਼ ਕੀਤਾ। ਜੜ੍ਹਾਂ ਲੱਗੀਆਂ, ਫੁੱਲ ਫਲ ਲੱਗੇ, ਬੂਟੇ ਵਿਗਸੇ, ਬਾਗ ਬਗੀਚਾ ਖਿੜਿਆ। ਫਿਰ ਵੀ ਇਕ ਕਸਕ ਰਹਿ ਜਾਂਦੀ ਹੈ, ਜਿਹੜੀ ਹੁੰਦੀ ਤਾਂ ਸਾਰਿਆਂ ਧੀਆਂ-ਪੁੱਤਾਂ ਦੇ ਮਨਾਂ ਵਿਚ ਹੈ ਪਰ ਉਹਨੂੰ ਕਹਿਣ ਦੀ ਪ੍ਰਤਿਭਾ ਤੇ ਲਗਨ ਸਾਰਿਆਂ ਕੋਲ ਨਹੀਂ ਹੁੰਦੀ।

ਸੁਰਿੰਦਰ ਕੋਲ ਬਹੁਤ ਸ਼ਿੱਦਤ ਨਾਲ ਮਹਿਸੂਸ ਕਰਨ ਦੀ ਸੰਵੇਦਨਾ ਵੀ ਹੈ, ਸਪੱਸ਼ਟਤਾ ਨਾਲ ਸੋਚਣ ਦਾ ਸ਼ਊਰ ਵੀ ਤੇ ਬਿਆਨ ਕਰਨ ਦੀ ਭਾਸ਼ਾ ਅਤੇ ਕਲਾ ਸਮਰੱਥਾ ਵੀ। ਕਿਸੇ ਵੇਲੇ ਉਹ ਸਿਰਫ਼ ਅੱਥਰੂ ਕੇਰਦੀ ਹੁੰਦੀ ਸੀ, ਸ਼ੁਕਰ ਹੈ ਕਿ ਇਕ ਮੋੜ ਆਇਆ ਕਿ ਉਹ ਅੱਥਰੂਆਂ ਨੂੰ ਅੱਖਰਾਂ ਵਿਚ ਬਦਲਣ ਲੱਗੀ, ਇਸ ਨਾਲ ਉਸਦੀ ਸੋਚ ਅਤੇ ਸ਼ਖ਼ਸੀਅਤ ਵਿਚ ਨਿਖਾਰ ਆਇਆ ਤੇ ਉਹ ਸੁਰਿੰਦਰ ਗੀਤ ਬਣ ਗਈ।

ਉਸਨੇ ਕਵਿਤਾ ਸਿਰਜੀ ਤੇ ਨਾਲ ਨਾਲ ਉਸਦੀ ਕਵਿਤਾ ਨੇ ਉਸ ਨੂੰ ਸਿਰਜਿਆ।

ਕਵਿਤਾ ਕਵੀ ਲਈ ਪਨਾਹ ਵੀ ਹੁੰਦੀ ਹੈ, ਕਟਹਿਰਾ ਵੀ ਹੁੰਦੀ ਹੈ, ਦਰਗਾਹ ਵੀ ਹੁੰਦੀ ਹੈ। ਕਵਿਤਾ ਵਿਚ ਕਵੀ ਦੇ ਮਨ ਦੀਆਂ ਸਭ ਤੋਂ ਗਹਿਰੀਆਂ ਸੋਚਾਂ ਹੁੰਦੀਆਂ ਹਨ, ਦਿਲ ਦੇ ਸਭ ਤੋਂ ਗਹਿਰੇ ਅਹਿਸਾਸ ਹੁੰਦੇ ਹਨ। ਕਵੀ ਦੀ ਕਵਿਤਾ ਉਸਦੀ ਕਸ਼ੀਦ ਕੀਤੀ ਹੋਈ ਆਤਮ-ਕਥਾ ਵੀ ਹੁੰਦੀ ਹੈ ਤੇ ਉਸਦੇ ਸਮਿਆਂ ਦੀ ਧੜਕਣ ਵੀ।

ਸੁਰਿੰਦਰ ਦੀਆਂ ਨਜ਼ਮਾਂ, ਗੀਤਾਂ ਤੇ ਗ਼ਜ਼ਲਾਂ ਵਿਚ ਉਸਦੇ ਆਪਣੇ ਦੁਖ-ਸੁਖ ਵੀ ਸ਼ਾਮਲ ਹਨ ਤੇ ਦੇਸ਼ ਦੁਨੀਆ ਦਾ ਦਰਦ ਵੀ “ਨੀ ਹੀ ਸ਼ਿੱਦਤ ਨਾਲ ਸ਼ਾਮਿਲ ਹੈ। ਇਸ ਦੇਸ਼ ਦੁਨੀਆ ਵਿਚ ਉਹ ਧਰਤੀ ਵੀ ਸ਼ਾਮਿਲ ਹੈ ਜਿਥੇ ਉਹ ਇਸ ਵੇਲੇ ਵਸਦੀ ਹੈ ਤੇ ਉਹ ਧਰਤੀ ਵੀ ਸ਼ਾਮਿਲ ਹੈ, ਜਿਸ 'ਤੇ ਉਸਨੇ ਜਨਮ ਲਿਆ, ਅੱਖਾਂ ਖੋਲ੍ਹੀਆਂ, ਸੁਰਤ ਸੰਭਾਲੀ, ਸਕੂਲ ਕਾਲਜ ਦੀ ਸਿੱਖਿਆ ਪ੍ਰਾਪਤ ਕੀਤੀ, ਸਹੇਲੀਆਂ ਨਾਲ ਹਾਸੇ ਹੰਝੂ ਸਾਂਝੇ ਕੀਤੇ। ਫ਼ਸਲਾਂ, ਲੋਕਾਂ, ਰੁੱਖਾਂ, ਬਿਰਖਾਂ ਦਰਮਿਆਨ ਉਹ ਲੰਮ-ਸਲੰਮੀ ਸੱਧਰਾਂ ਸੁਪਨਿਆਂ ਭਰੀ ਮੁਟਿਆਰ ਹੋਈ ਤੇ ਨਾਲ ਹੀ ਪਰਦੇਸਣ ਹੋ ਗਈ।

ਹੁਣ ਉਹ ਕਦੀ ਕੈਲਗਰੀ ਦੀ ਸ਼ਾਮ ਤੋਂ ਪਿੰਡ ਦੀ ਸਵੇਰ ਨੂੰ ਫ਼ੋਨ ਕਰ ਕੇ ਆਪਣੇ ਦਿਲ ਲਈ ਪਹੁ-ਫੁਟਾਲਾ ਮੰਗਦੀ ਹੈ। ਕਦੀ ਕੈਲਗਰੀ

## ਸੁਰਿੰਦਰ ਗੀਤ ਦੀ ਕਵਿਤਾ ਦਾ ਸਫ਼ਰ

ਦੀ ਸਵੇਰ ਤੋਂ ਆਪਣੇ ਪਿੰਡ ਦੀ ਸ਼ਾਮ ਨੂੰ ਫ਼ੋਨ ਕਰਕੇ ਚੇਤਨਾ ਦਾ ਚਾਨਣ ਭੇਜਦੀ ਹੈ। ਇਕ ਕਵਿਤਾ ਵਿਚ ਸੁਰਿੰਦਰ ਲਿਖਦੀ ਹੈ :

ਹਰ ਰੋਜ਼ ਮੈਨੂੰ
ਝਾਕ ਰਹਿੰਦੀ ਹੈ
ਕਿ ਵਤਨ ਵੱਲੋਂ
ਕੋਈ ਅਜਿਹੀ ਖ਼ਬਰ ਆਵੇਗੀ
ਜਿਸ ਵਿਚੋਂ ਮੈਨੂੰ
ਸਰ੍ਹੋਂ ਦੇ ਫੁੱਲਾਂ ਦੀ ਮਹਿਕ ਆਵੇਗੀ...

ਪਰ ਅਜੇਹਾ
ਕਦੇ ਨਹੀਂ ਹੁੰਦਾ
ਕਿਉਂਕਿ
ਵਤਨੋਂ ਆਉਂਦੀਆਂ ਖ਼ਬਰਾਂ
ਵੱਢੀ-ਖੋਰੀ
ਭ੍ਰਿਸ਼ਟਾਚਾਰੀ
ਬੇਰੁਜ਼ਗਾਰੀ
ਤੇ ਫ਼ਿਰਕਾਪ੍ਰਸਤੀ ਦੀਆਂ ਕਹਾਣੀਆਂ
ਰਾਜਨੀਤਕਾਂ ਦੀਆਂ
ਕੀਤੀਆਂ ਮਨਮਾਨੀਆਂ
ਇਕ ਦੂਜੇ ਨੂੰ ਕੱਢੀਆਂ ਗਾਲ੍ਹਾਂ
ਗ਼ਰੀਬਾਂ ਦਾ ਲਹੂ
ਖਰੀਦਣ ਤੇ ਵੇਚਣ ਦੀਆਂ ਚਾਲਾਂ

ਇਸ ਸਭ ਕੁਝ ਦਰਮਿਆਨ ਸੁਰਿੰਦਰ ਆਪਣੀ ਕਵਿਤਾ ਲਈ ਬਹੁਤ ਗੌਰਵ-ਭਰਿਆ ਸਾਰਥਕ ਰੋਲ ਚੁਣਦੀ ਹੈ :

ਕਵਿਤਾ ਤੂੰ ਆ
ਪਰ ਇਸ ਤਰ੍ਹਾਂ ਆ
ਕਿ ਤੇਰੇ ਆਉਣ 'ਤੇ
ਠੰਢੇ ਚੁੱਲ੍ਹਿਆਂ 'ਚ ਅੱਗ
ਬਲ ਪਵੇ

ਭੁੱਖ ਦੀ ਅੱਗ ਨੂੰ
ਠੱਲ੍ਹ ਪਵੇ
ਫੁੱਟਪਾਥਾਂ 'ਤੇ ਸੁੱਤਿਆਂ ਨੂੰ
ਘਰ ਮਿਲ ਜਾਵੇ
ਚੋਂਦੀਆਂ ਝੁੱਗੀਆਂ 'ਤੇ
ਛੱਤ ਪਵੇ

ਨੰਗਿਆਂ ਨੂੰ
ਤਨ ਢੱਕਣ ਲਈ
ਕੱਪੜਾ ਮਿਲੇ
ਤੂੰ ਲੋਕ ਰਾਜ ਲਈ ਆਵਾਜ਼ ਬਣ ਕੇ ਆ
ਧਰਤੀ 'ਤੇ ਵਸਦੇ ਹਰ ਮਨੁੱਖ ਲਈ
ਮਨੁੱਖਾ ਜੂਨ ਬਣ ਕੇ ਆ

ਇਹ ਰੋਲ ਨਾ ਅਦਾ ਕਰ ਸਕਣ ਵਾਲੀ ਕਵਿਤਾ ਨੂੰ ਸੁਰਿੰਦਰ ਕਵਿਤਾ ਦਾ ਨਾਮ ਨਹੀਂ ਦੇਣਾ ਚਾਹੁੰਦੀ ਤੇ ਨਾ ਹੀ ਅਜਿਹੀ ਕਵਿਤਾ ਲਿਖਣ ਵਾਲੇ ਕਵੀ ਨੂੰ ਉਹ ਕਵੀ ਤਸਲੀਮ ਕਰਦੀ ਹੈ :

ਜੇ ਤੇਰੀ ਕਲਮ
ਸੱਤਾ ਦੇ ਤਖ਼ਤਾਂ 'ਤੇ ਬੈਠੇ ਲੋਕਾਂ ਦੇ
ਸੋਹਲੇ ਗਾਉਂਦੀ ਹੈ

ਹਰ ਬੇਇਨਸਾਫ਼ੀ, ਧੱਕੇਸ਼ਾਹੀ ਅਤੇ
ਲੁੱਟ ਖਸੁੱਟ ਨੂੰ ਨਜ਼ਰਅੰਦਾਜ਼ ਕਰ
ਸ਼ਾਹੀ ਫ਼ਰਮਾਨਾਂ ਅੱਗੇ ਸਿਰ ਝੁਕਾਉਂਦੀ ਹੈ
ਕਿਰਤੀ ਕਾਮਿਆਂ ਦੇ ਲਹੂ ਪਸੀਨੇ ਦੀ
ਲੁੱਟ ਹੁੰਦੀ ਦੇਖ
ਤੇਰੀ ਕਲਮ ਦੇ ਸੀਨੇ 'ਚ
ਰੋਹ ਨਹੀਂ ਜਾਗਦਾ
ਹਰ ਭੁੱਖਾ ਢਿੱਡ
ਤੈਨੂੰ ਆਪਣਾ ਢਿੱਡ ਨਹੀਂ ਜਾਪਦਾ
ਧਰਤੀ ਦੀ ਹਿੱਕ 'ਤੇ ਵਰ੍ਹਦਾ ਮੀਂਹ
ਤੇਰੀ ਕਲਮ ਦੀ ਰੂਹ ਨਹੀਂ ਸਾੜਦਾ...

ਤਾਂ ਮੁਆਫ਼ ਕਰੀਂ ਮਿੱਤਰਾ
ਤੂੰ ਕਵੀ ਨਹੀਂ
ਤੂੰ ਮੌਕਾਪ੍ਰਸਤ ਜਾਂ ਝੋਲੀ ਚੁੱਕ ਤਾਂ ਹੋ ਸਕਦਾ ਹੈਂ
ਪਰ ਕਵੀ ਨਹੀਂ

ਇਕ ਰੌਸ਼ਨ ਜ਼ਮੀਰ ਤੇ ਸੁਚੇਤ ਸ਼ਾਇਰਾ ਹੋਣ ਦੇ ਨਾਤੇ ਸੁਰਿੰਦਰ ਇਹ ਵੀ ਜਾਣਦੀ ਹੈ ਕਿ ਇਨ੍ਹਾਂ ਚੁੱਲ੍ਹਿਆਂ ਦੀ ਅੱਗ ਕੌਣ ਚੁਰਾਉਂਦਾ ਹੈ। ਉਨ੍ਹਾਂ ਦੀ ਨਿਸ਼ਾਨਦੇਹੀ ਕਰਦਿਆਂ ਉਹ ਲਿਖਦੀ ਹੈ :

ਚਾਲਬਾਜ਼ ਰਾਜਨੀਤਕ
ਫ਼ਿਰਕਾਪ੍ਰਸਤੀ ਤੇ
ਭ੍ਰਿਸ਼ਟਾਚਾਰੀ ਦੇ
ਥਾ-ਥੱਈਏ ਦੀ ਥਾਪ 'ਤੇ
ਨੱਚਦਿਆਂ
ਬਣਾ ਰਹੇ ਹਨ



ਸਾਡੀ ਧਰਤੀ ਨੂੰ
ਇਕ ਜਿਉਂਦੀ ਲਾਸ਼

ਇਨ੍ਹਾਂ ਦੇ ਨਾਲ ਹੀ ਉਹ ਧਰਮ ਦੇ ਨਾਮ 'ਤੇ ਲੋਕਾਂ ਨੂੰ ਠੱਗਣ ਤੇ ਗੁੰਮਰਾਹ ਕਰਨ ਵਾਲੇ ਅਖੌਤੀ ਧਾਰਮਿਕ ਮੱਠਧਾਰੀਆਂ ਨੂੰ ਵੀ ਇਸ ਨਿਸ਼ਾਨਦੇਹੀ ਵਿਚ ਸ਼ਾਮਲ ਕਰਦੀ ਹੈ :

ਉਹ ਤਾਂ ਚਾਹੁੰਦੇ ਹਨ
ਅਸੀਂ ਧਰਮੀ ਬਣੀਏ
ਆਪਣੇ ਦਿਮਾਗ਼ ਗੁਰੂ-ਦਕਸ਼ਣਾ *ਚ ਦੇ ਕੇ
ਬਣ ਜਾਈਏ ਅਜੇਹੀਆਂ ਸ਼ਰਧਾਲੂ ਭੇਡਾਂ
ਜਿਨ੍ਹਾਂ ਨੂੰ ਜਦੋਂ ਚਾਹੁਣ
ਮੁੰਨ ਸਕਣ
ਅਤੇ ਧਰਮ ਦੇ ਨਾਮ 'ਤੇ ਸਾਡੀਆਂ ਜੇਬਾਂ ਕਲੁੰਜ ਸਕਣ

ਉਹ ਤਾਂ ਚਾਹੁੰਦੇ ਨੇ
ਕਿ ਅਸੀਂ ਧਰਮੀ ਬਣੀਏ
ਤਾਂ ਜੋ
ਧਰਮ ਖ਼ਤਰੇ 'ਚ ਕਹਿ
ਧਰਮ ਬਚਾ“
ਦਾ ਨਾਹਰਾ ਲਾ ਕੇ
ਸਾਡੇ ਹੱਥ ਤਲਵਾਰਾਂ ਫੜਾ ਕੇ
ਮਨੁੱਖਤਾ ਦਾ ਘਾਣ ਕਰਵਾ ਸਕਣ
ਬੇਗੁਨਾਹ ਲਹੂ 'ਚ
ਆਪਣੀ ਰਾਜਨੀਤੀ ਦੇ ਚੇਲੇ ਰੰਗ ਕੇ
ਸਾਡੀਆਂ ਨਿਪੁੰਸਕ ਸੋਚਾਂ 'ਤੇ
ਆਸਾਨੀ ਨਾਲ ਰਾਜ ਕਰ ਸਕਣ

ਨਜ਼ਮ ਦੇ ਅਖ਼ੀਰ ਵਿਚ ਸੱਚੇ ਧਰਮ ਦੇ ਅਰਥ ਸਮਝਾਉਂਦਿਆਂ ਸੁਰਿੰਦਰ ਲਿਖਦੀ ਹੈ ਕਿ ਅਸਲ ਵਿਚ ਅਖੌਤੀ ਧਰਮੀ ਚਾਹੁੰਦੇ ਹਨ ਕਿ ਅਸੀਂ ਅਸਲੀ ਧਰਮ ਨਾ ਜਾਣੀਏ, ਅਸੀਂ ਅਸਲੀ ਧਰਮ ਦੇ ਮਾਰਗ 'ਤੇ ਨਾ ਤੁਰੀਏ :

ਉਹ ਤਾਂ ਚਾਹੁੰਦੇ ਨੇ
ਕਿ ਅਸੀਂ ਧਰਮੀ ਬਣੀਏ
ਧਰਮ ਨਾ ਪੜ੍ਹੀਏ
ਹੋ ਸਕਦੈ
ਧਰਮ ਪੜ੍ਹ ਕੇ
ਆਪਣੇ ਦਿਮਾਗ਼
ਗੁਰੂ-ਦਕਸ਼ਣਾ ਵਿਚ ਦੇਣ ਦੀ ਬਜਾਏ
ਧਰਮ ਦੀ ਭੇਟ ਚੜ੍ਹਾ ਦੇਈਏ
ਤੇ ਉਨ੍ਹਾਂ ਨੂੰ ਤਖ਼ਤੋਂ ਲਾਹ
ਸੱਚ ਨੂੰ ਤਖ਼ਤ 'ਤੇ ਬੈਠਾ ਦੇਈਏ
ਸੱਚ ਜੋ ਅਸਲ ਧਰਮ ਹੈ

ਮਾਨਵਤਾ ਦੇ ਵਿਕਾਸ ਵਿਚ ਨਾਂਹ-ਮੁਖੀ ਰੋਲ ਅਦਾ ਕਰਨ ਵਾਲੇ ਵਰਤਾਰਿਆਂ ਵਿਚ ਸੁਰਿੰਦਰ ਨੇ ਵਿਸ਼ਵੀਕਰਣ ਦੀ ਵਿਚਾਰਧਾਰਾ ਨੂੰ ਵੀ ਸ਼ਾਮਿਲ ਕੀਤਾ ਹੈ ਜੋ ਦਇਆ, ਸਾਂਝੀਵਾਲਤਾ, ਬਰਾਬਰੀ ਅਤੇ ਨਿਆਂ ਦੀ ਥਾਂ ਖੁੱਲ੍ਹੀ ਮੰਡੀ ਰਾਹੀਂ ਦੁਨੀਆ ਉੱਤੇ ਮਾਇਆ ਅਤੇ ਮਾਇਆਧਾਰੀਆਂ ਦਾ ਰਾਜ ਕਾਇਮ ਕਰਨਾ ਚਾਹੁੰਦੀ ਹੈ ਅਤੇ ਕਿਰਤੀਆਂ ਕਾਮਿਆਂ, ਕਿਸਾਨਾਂ ਅਤੇ ਆਮ ਲੋਕਾਂ ਨੂੰ ਬੇਕਿਰਕ ਪੂੰਜੀਵਾਦ ਦੇ ਰਹਿਮ 'ਤੇ ਛੱਡਣਾ ਚਾਹੁੰਦੀ ਹੈ ਜਿਸ ਮੁਤਾਬਕ ਸਰਕਾਰਾਂ ਦਾ ਰੋਲ ਸਿਰਫ਼ ਪੁਲਿਸ ਵਰਗਾ ਹੀ ਰਹਿ ਜਾਵੇਗਾ। ਉਸਦਾ ਆਪਣੇ ਲੋਕਾਂ ਦੀ ਸਿਹਤ ਅਤੇ ਸਿੱਖਿਆ ਨਾਲ ਕੋਈ ਲਾਗਾ ਦੇਗਾ ਨਹੀਂ ਹੋਵੇਗਾ :

ਇਕ ਦੈਂਤ
ਸਾਡੀ ਧਰਤੀ 'ਤੇ ਉੱਤਰਿਆ
ਸੋਨੇ ਦਾ ਚੋਗਾ ਲੈ ਕੇ
ਭੋਲੇ ਪੰਛੀ
ਚੋਗਾ ਚੁਗਦੇ ਗਏ
ਉਸਦੇ ਵਿਸ਼ਵੀਕਰਣ ਦੇ ਜਾਲ ਵਿਚ
ਫਸਦੇ ਗਏ।

ਸਮਾਜਕ, ਰਾਜਨੀਤਕ ਤੇ ਆਰਥਿਕ ਚੇਤਨਾ ਵਾਂਗ ਮਾਨਵੀ ਰਿਸ਼ਤਿਆਂ ਬਾਰੇ ਸੁਰਿੰਦਰ ਦੀ ਸੰਵੇਦਨਾ, ਸੂਝ ਅਤੇ ਵਿਸ਼ਲੇਸ਼ਣ ਵੀ ਬਹੁਤਾ ਗਹਿਰਾ ਹੈ, ਇਸ ਪ੍ਰਸੰਗ ਵਿਚ ਉਸਦੀ ਇਕ ਖ਼ੂਬਸੂਰਤ ਕਵਿਤਾ ਸਾਂਝੀ ਕਰਦਾ ਹਾਂ :

ਰਿਸ਼ਤੇਦਾਰ ਮਰ ਜਾਂਦਾ ਹੈ
ਪਰ ਰਿਸ਼ਤਾ ਜਿਊਂਦਾ ਰਹਿੰਦਾ ਹੈ
ਬੜਾ ਚੰਗਾ ਲੱਗਦਾ ਹੈ
ਅਜਿਹੇ ਰਿਸ਼ਤੇ ਨੂੰ
ਦਿਲ ਦੀ ਰਾਜਗੱਦੀ 'ਤੇ ਬਿਠਾਉਣਾ

ਤੇ ਅਕਸਰ ਅਜਿਹਾ ਹੁੰਦਾ ਹੈ
ਰਿਸ਼ਤੇਦਾਰ ਜਿਊਂਦਾ ਰਹਿੰਦਾ ਹੈ
ਪਰ ਰਿਸ਼ਤਾ ਮਰ ਜਾਂਦਾ ਹੈ
ਬੜਾ ਮੁਸ਼ਕਲ ਹੁੰਦਾ ਹੈ
ਅਜਿਹੇ ਰਿਸ਼ਤੇ ਨੂੰ
ਦਿਲ ਦੀ ਧਰਤੀ 'ਚ ਦਫਨਾਉਣਾ

ਅਸਲ ਵਿਚ ਅਸੀਂ ਸਾਰੇ ਸੁਹਣੇ ਰਿਸ਼ਤਿਆਂ ਲਈ ਤਾਂਘਦੇ ਹਾਂ। ਸੁਹਣੇ ਰਿਸ਼ਤਿਆਂ ਵਾਲੇ ਸਮਾਜ ਲਈ ਤਾਂਘਦੇ ਹਾਂ। ਸੁਹਣਿਆਂ ਰਿਸ਼ਤਿਆਂ ਵਾਲੇ ਨਿਜ਼ਾਮ ਲਈ ਤਾਂਘਦੇ ਹਾਂ। ਕੋਈ ਵੀ ਉੱਚਾ ਸੁੱਚਾ ਵਾਦ ਹੋਵੇ, ਧਰਮ ਹੋਵੇ, ਕ੍ਰਾਂਤੀ ਹੋਵੇ ਉਹਦਾ ਅਸਲੀ ਮੰਤਵ ਸਹੀ ਅਤੇ ਸੁਹਣੇ ਰਿਸ਼ਤਿਆਂ ਵਾਲਾ ਸਮਾਜ ਸਿਰਜਣਾ ਹੀ ਹੁੰਦਾ ਹੈ। ਜਿਸ ਸਮਾਜ ਵਿਚ ਬੰਦੇ ਦਾ ਆਪਣੇ ਆਪ ਨਾਲ ਰਿਸ਼ਤਾ, ਦੂਸਰਿਆਂ ਨਾਲ ਰਿਸ਼ਤਾ, ਕੁਦਰਤ ਨਾਲ ਰਿਸ਼ਤਾ ਸੁਹਣਾ, ਸੁਖਾਵਾਂ ਤੇ ਨਿਆਂਪੂਰਨ ਹੋਵੇ। ਸੱਚਾ ਸੁਹਿਰਦ ਸਾਹਿਤ ਵੀ ਇਹੋ ਜਿਹੇ ਸਮਾਜ ਦੀ ਕਾਮਨਾ ਕਰਦਾ ਹੈ।

ਨਾਬਰਾਬਰੀ ਤੇ ਕਾਣੀ ਵੰਡ ਵਾਲੇ ਸਮਾਜ ਵਿਚ ਅਮੀਰਾਂ ਦੇ ਲਾਲਚ ਅਤੇ ਗਰੀਬਾਂ ਦੀ ਆਰਥਿਕ ਅਸੁਰੱਖਿਆ ਕਾਰਨ ਆਪੋਧਾਪੀ ਮੱਚ ਜਾਂਦੀ ਹੈ। ਮਾਇਆ ਇਕ ਵੱਡੀ ਤੇ ਅੰਨ੍ਹੀ ਤਾਕਤ ਬਣ ਕੇ ਮਾਨਵੀ ਰਿਸ਼ਤਿਆਂ ਨੂੰ ਆਹਤ ਕਰ ਦਿੰਦੀ ਹੈ। ਮਾਨਵੀ ਰਿਸ਼ਤਿਆਂ ਨੂੰ ਸਹੀ ਅਰਥਾਂ ਵਿਚ ਮਾਨਵੀ ਰੱਖਣ ਲਈ ਜ਼ਰੂਰੀ ਹੈ ਕਿ ਸਾਡਾ ਨਿਜ਼ਾਮ ਬਰਾਬਰੀ ਅਤੇ ਇਨਸਾਫ਼ ਉੱਤੇ ਆਧਾਰਿਤ ਹੋਵੇ।

ਇਨ੍ਹਾਂ ਰਿਸ਼ਤਿਆਂ ਵਿਚ ਆਪਣੇ ਆਪ ਨਾਲ ਰਿਸ਼ਤਾ ਵੀ ਬਹੁਤ ਅਹਿਮ ਹੈ, ਸ਼ਾਇਦ ਸਭ ਤੋਂ ਅਹਿਮ। ਇਸ ਰਿਸ਼ਤੇ ਵਿਚ ਬੰਦਾ ਆਪਣੀਆਂ ਸੋਚਾਂ ਨੂੰ ਵੀ ਸੋਚਦਾ ਹੈ, ਆਪਣੀਆਂ ਖ਼ਾਹਿਸ਼ਾਂ, ਆਪਣੇ ਦੁੱਖਾਂ ਸੁੱਖਾਂ, ਸੁਪਨਿਆਂ ਦਾ ਮੁਲਾਂਕਣ ਕਰਦਾ ਹੈ। ਆਤਮ ਪੜਚੋਲ ਕਰਦਾ ਹੈ। ਆਪਣੇ ਆਪ ਨੂੰ ਪਰਖਣ ਵਾਲਾ ਬੰਦਾ ਹੀ ਸੱਚਾ ਪਾਰਖੂ ਅਖਵਾ ਸਕਦਾ ਹੈ। ਗੁਰੂ ਅੰਗਦ ਦੇਵ ਜੀ ਦਾ ਕਥਨ ਹੈ :

ਨਾਨਕ ਪਰਖੇ ਆਪ ਕਉ ਤਾ ਪਾਰਖੁ ਜਾਣ॥

ਹਰ ਸੁਹਿਰਦ ਕਵੀ ਕਵਿਤਾਵਾਂ ਵਿਚ ਅਜਿਹੀਆਂ ਕਵਿਤਾਵਾਂ ਮਿਲ ਜਾਂਦੀਆਂ ਹਨ, ਜਿਨ੍ਹਾਂ ਨੂੰ ਲਿਖਣ ਦੌਰਾਨ ਉਹ ਆਪਣੇ ਆਪ ਨੂੰ ਪਰਖਣ ਦੇ ਇਮਤਿਹਾਨ ਵਿਚੋਂ ਲੰਘਦਾ ਹੈ। ਸੁਰਿੰਦਰ ਦੀ ਕਵਿਤਾ ਵਿਚ ਵੀ ਇਹ ਤੜਪ ਦੇਖੀ ਜਾ ਸਕਦੀ ਹੈ :

ਮੈਨੂੰ ਮੇਰੀ ਯਾਦ ਆਈ ਹੈ
ਪਰ ਉਸ ਵੇਲੇ ਆਈ ਹੈ
ਜਦੋਂ ਮੇਰਾ ਆਪਾ ਮੇਰੇ ਕੋਲ ਨਹੀਂ
ਮੈਂ ਇਸ ਯਾਦ ਨੂੰ ਕੁਝ ਆਖਾਂ
ਤਾਂ ਕਿਵੇਂ ਆਖਾਂ

ਸ਼ਰਮ ਦੇ ਮਾਰੇ
ਮੇਰੇ ਮੂੰਹ ਵਿਚ ਬੋਲ ਨਹੀਂ
ਮੈਂ ਆਪਣੇ ਅੰਦਰ ਬਾਹਰ
ਝਾਤ ਮਾਰੀ ਹੈ
ਏਥੇ ਤਾਂ ਹੈ
ਸੰਘਣਾ ਹਨ੍ਹੇਰਾ
ਤੇ ਇਸ ਹਨ੍ਹੇਰੇ 'ਚ
ਬੜ੍ਹਕਾਂ ਮਾਰਦਾ
ਅਹੰਕਾਰ ਮੇਰਾ

ਅਸਲ ਵਿਚ ਦੂਸਰਿਆਂ ਨੂੰ ਪਰਖਣ ਦਾ ਹੱਕ ਵੀ ਉਸ ਨੂੰ ਹੀ ਹੁੰਦਾ ਹੈ ਜੋ ਆਪਣੇ ਆਪ ਨੂੰ ਵੀ ਪਰਖਦਾ ਹੈ। ਇਸ ਤੋਂ ਬਿਨਾਂ ਕਵੀ ਕਰਮ ਅਧੂਰਾ ਰਹਿ ਜਾਂਦਾ ਹੈ।

ਸੁਰਿੰਦਰ ਦੀਆਂ ਕਵਿਤਾਵਾਂ ਵਿਚਲੀ ਅਹਿਸਾਸਾਂ, ਭਾਵਾਂ ਅਤੇ ਵਿਚਾਰਾਂ ਦੀ ਖ਼ੂਬਸੂਰਤੀ ਇਸ ਦੀ ਸ਼ਕਤੀ ਹੈ ਤੇ ਉਸ ਦੀਆਂ ਕਵਿਤਾਵਾਂ ਵਿਚਲਾ ਸਰੋਦੀਪਨ ਵੀ ਉਸਦੀ ਸ਼ਕਤੀ ਹੈ ਜਿਹੜੀ ਉਸਦੇ ਗੀਤਾਂ ਅਤੇ ਗ਼ਜ਼ਲਾਂ ਵਿਚ ਵਿਸ਼ੇਸ਼ ਤੌਰ 'ਤੇ ਨੁਮਾਇਆ ਹੁੰਦੀ ਹੈ। ਉਸ ਦੀਆਂ ਕਵਿਤਾਵਾਂ ਵਿਚ ਤਾਈ ਨਿਹਾਲੋ ਵਰਗੀਆਂ ਸੁਆਣੀਆਂ ਦੇ ਚਿਹਰਿਆਂ ਤੋਂ ਤੁਸੀਂ ਵਤਨ ਦਾ ਇਤਿਹਾਸ ਪੜ੍ਹ ਸਕਦੇ ਹੋ। ਥਾਂ ਪਰ ਥਾਂ ਤੁਹਾਨੂੰ ਉਸਦੀ ਸ਼ਾਇਰੀ ਸੋਚਣ ਮਹਿਸੂਸ ਕਰਨ ਤੇ ਮਨੁੱਖਤਾ ਦੇ ਸੰਘਰਸ਼ਾਂ ਵਿਚ ਹਿੱਸਾ ਪਾਉਣ ਲਈ ਪ੍ਰੇਰਦੀ ਹੈ।

ਸੁਰਿੰਦਰ ਨੇ ਕਵਿਤਾ ਵਿਚ ਬਹੁਤ ਲੰਮਾ ਸਫ਼ਰ ਤੈਅ ਕੀਤਾ ਹੈ। ਦੁਆ ਕਰਦਾ ਹਾਂ ਕਵਿਤਾ ਦੇ ਰਾਹਾਂ ਦੀ ਇਸ ਊਰਜਾਵਾਨ ਮੁਸਾਫ਼ਰ ਦਾ ਸਫ਼ਰ ਦੇਰ ਤੱਕ, ਦੂਰ ਤੱਕ ਜਾਰੀ ਰਹੇ, “ਥੋਂ ਤੱਕ ਜਿਥੇ ਜ਼ਮੀਨ ਅਸਮਾਨ ਮਿਲਦੇ ਹਨ। ਸੁਰਿੰਦਰ ਲਈ ਇਹ ਦੁਆ ਉਸਦੀ ਹੀ ਇਕ ਖ਼ੂਬਸੂਰਤ ਕਵਿਤਾ ਵਿਚੋਂ ਨਿਕਲੀ ਹੈ, ਜਿਸ ਕਵਿਤਾ ਵਿਚ ਅਰਥ ਦੀਆਂ ਕਈ ਤਹਿਆਂ ਹਨ। ਇਹਦੀ ਇਕ ਤਹਿ ਮਾਨਵ ਦੀ ਆਦਿ ਜੁਗਾਦੀ ਜਗਿਆਸਾ ਹੈ ਗਿਆਨ ਦੀ, ਮਿਲਾਪ ਦੀ, ਅੱਗੇ ਤੋਂ ਅੱਗੇ ਤੁਰ ਕੇ ਦੇਖਣ ਦੀ ਤੇ ਇਸ ਸ੍ਰਿਸ਼ਟੀ ਦਾ ਆਦਿ ਜੁਗਾਦਿ ਜਾਨਣ ਦੀ :

ਮੈਂ
ਵਗਦੀ ਪੌਣ ਨੂੰ ਪੁੱਛਿਆ
ਤੂੰ ਤਾਂ ਅੜੀਏ
ਤੁਰੀ ਫਿਰਦੀ ਏਂ
ਏਧਰ “ਧਰ
ਬਿਨਾਂ ਕਿਸੇ ਰੋਕ
ਬਿਨਾਂ ਕਿਸੇ ਟੋਕ
ਤੈਨੂੰ ਤਾਂ ਪਤਾ ਹੋਣਾ
ਧਰਤੀ ਤੇ ਆਕਾਸ਼
ਕਿੱਥੇ ਮਿਲਦੇ ਹਨ ?

ਪੌਣ ਨੇ ਹਉਕਾ ਲਿਆ
ਤੇ ਕਿਹਾ—
ਏਹੀ ਤਾਂ ਲੱਭਦੀ ਫਿਰਦੀ ਹਾਂ
ਯੁਗਾਂ ਯੁਗਾਂ ਤੋਂ।

# 'ਸ਼ੁਕਰਾਨਾ' ਦੇ ਨਵੇਂ ਅਰਥ

## ਵਿਅੰਗ

ਅਸੀਂ ਬੁੱਢੇ ਹੋ ਗਏ ਹਾਂ, 36 ਸਾਲ ਕਾਲਜ ਵੀ ਪੜ੍ਹਾਇਆ ਪਰ ਸਾਨੂੰ ਕੱਲ੍ਹ ਹੀ ਪਤਾ ਲੱਗਾ ਕਿ ਅਰਬੀ, ਫਾਰਸੀ, ਉਰਦੂ ਪਿਛੋਕੜ ਵਾਲੇ ਸ਼ਬਦ 'ਸ਼ੁਕਰਾਨਾ' ਦੇ ਅਰਥ 'ਕਮਿਸ਼ਨ' ਵੀ ਹੁੰਦੇ ਹਨ! ਸਾਨੂੰ ਆਪਣੀ ਨਾਲਾਇਕੀ, ਬਲਕਿ ਮਹਾਂ-ਨਾਲਾਇਕੀ 'ਤੇ ਬੜੀ ਸ਼ਰਮ ਆਈ। ਇਹ ਸ਼ਰਮ ਹੋਰ ਵੀ ਦੁੱਗਣੀ-ਚੌਗਣੀ ਹੋ ਗਈ ਜਦ ਸਾਨੂੰ ਇਹ ਅਹਿਸਾਸ ਹੋਇਆ ਕਿ ਲੋਕੀਂ ਸਾਡੇ ਉੱਪਰ ਸਵਾਲ ਕਰਨਗੇ ਕਿ ਤੂੰ ਸੁਆਹ ਪੜ੍ਹਾਇਆ ਹੋਣਾ

ਪ੍ਰੋ. ਜਸਵੰਤ ਸਿੰਘ ਗੰਡਮ
ਫੋਨ: 98766-55055

ਵਿਦਿਅਰਥੀਆਂ ਨੂੰ ਜਦ ਤੈਨੂੰ ਆਪ ਹੀ ਸ਼ੁਕਰੀਆ ਦੇ ਅਰਥ ਹੁਣ ਪਤਾ ਲੱਗੇ ਐ ਤੇ ਉਹ ਵੀ ਕਾਲਜ ਦੀ ਨੌਕਰੀ ਤੋਂ ਰਿਟਾਇਰ ਹੋਣ ਤੋਂ ਕਰੀਬ ਤੇਰਾਂ ਸਾਲ ਬਾਅਦ! ਸਾਨੂੰ ਤਾਂ ਚੱਪਣੀ ਨਾ ਲੱਭੇ ਨੱਕ ਡੋਬਣ ਨੂੰ! (ਅੱਜ-ਕੱਲ੍ਹ ਚੱਪਣੀਆਂ ਬਣਦੀਆਂ ਵੀ ਕਿਥੇ ਹਨ!)

ਸਾਨੂੰ ਤਾਂ ਇਸ ਸ਼ਬਦ ਦੇ ਅਰਥ ਹੁਣ ਵੀ ਨਹੀਂ ਸੀ ਪਤਾ ਲੱਗਣੇ। ਇਹ ਤਾਂ ਭਲਾ ਹੋਵੇ 'ਆਪ' ਦੇ ਸਨਮਾਨਯੋਗ ਆਗੂ ਅਤੇ ਹੁਣ ਸਾਬਕਾ ਸਿਹਤ ਮੰਤਰੀ ਡਾ. ਵਿਜੈ ਸਿੰਗਲਾ ਸਾਹਿਬ ਦਾ ਜਿਨ੍ਹਾਂ ਇਹ ਕੀਮਤੀ ਜਾਣਕਾਰੀ ਦਿਤੀ। ਭਾਵੇਂ ਉਨ੍ਹਾਂ ਨੂੰ ਬੜੀ ਕੁਰਬਾਨੀ ਕਰਨੀ ਪਈ ਇਸ ਸ਼ਬਦ ਦੇ ਵੱਖਰੇ ਤੇ ਨਿਵੇਕਲੇ ਅਰਥਾਂ ਲਈ! ਨਾ 'ਸ਼ੁਕਰਾਨਾ' ਹੀ ਮਿਲਿਆ ਤੇ ਨਾ ਹੀ ਮੰਤਰੀਸ਼ਿਪ ਰਹੀ। 'ਨਾ ਖ਼ੁਦਾ ਹੀ ਮਿਲਾ ਨਾ ਵਿਸਾਲੇ ਸਨਮ, ਨਾ ਇਧਰ ਕੇ ਰਹੇ ਨਾ ਉਧਰ ਕੇ ਰਹੇ'!

ਦਰਅਸਲ ਹੁਣ ਤੀਕ ਅਸੀਂ ਕੁਰੱਪਸ਼ਨ ਲਈ 35-65 ਜਾਂ 40-60 ਵਰਗੇ ਕੋਡ ਸ਼ਬਦ ਸੁਣਦੇ ਆਏ ਹਾਂ। ਕਿਸੇ ਕਮਾਊ ਮਹਿਕਮੇ 'ਚ ਟੇਬਲ ਦੇ ਹੇਠੋਂ, ਉੱਤੋਂ, ਸੱਜਿਓਂ, ਖੱਬਿਓਂ ਹੋਣ ਵਾਲੀ ਆਮਦਨੀ ਵਾਲੀ ਸੀਟ ਤੇ ਨਿਯੁਕਤੀ ਲਈ 'ਫਲਾਂ ਮਹਿਕਮਾ ਫੰਡ', ਬੇਦਰਜ ਪਾਰਟੀ ਫੰਡ, ਫਾਈਲ-ਪਹੀਆ-ਲਗਾਊ ਫੰਡ, ਘੁੱਗੀ ਮਾਰਨ ਵਰਗਾ ਥਕਾਊ ਕੰਮ ਕਰਨ ਲਈ ਸੇਵਾ/ਮਿਹਨਤਾਨਾ ਫਲ ਆਦਿ ਸਮੇਤ ਭ੍ਰਿਸ਼ਟਾਚਾਰ/ਵੱਢੀ ਲਈ ਅਨੇਕਾਂ ਕਿਸਮ ਦੇ ਸੁਹਾਵਣੇ ਸ਼ਬਦ ਸੁਣਦੇ ਆਏ ਹਾਂ ਪਰ ਸ਼ੁਕਰਾਨਾ ਸ਼ਬਦ ਦਾ ਨਵਾਂ ਪ੍ਰਯੋਗ ਨਵੀਂ ਪਾਰਟੀ ਦੇ ਨਵੇਂ ਨਵੇਂ ਮੰਤਰੀ, 'ਸਾਰੀ', ਸਾਬਕਾ ਮੰਤਰੀ, ਨੇ ਹੀ ਕੀਤਾ।

ਅਸੀਂ ਕੱਲ੍ਹ ਦੇ ਬੜੇ 'ਕਨਫਿਊਜ਼' ਹੋਏ ਫਿਰਦੇ ਹਾਂ। ਵੈਸੇ ਉਸ ਉਮਰ 'ਚ, ਜਿਸ 'ਚ ਸੁਖ ਨਾਲ ਅਸੀਂ ਹਾਂ, ਸਾਡੇ ਵਰਗਾ ਆਮ ਬੰਦਾ ਇਸੇ ਸਥਿਤੀ ਵਿਚ ਰਹਿੰਦਾ ਹੈ, ਜਾਣੀ 'ਕਨਫਿਊਜ਼ ਕਨਫਿਊਜ਼'। ਸਾਡੀ ਇਸ ਉਲਝਣ ਦਾ ਕਾਰਨ ਇਹ ਸੀ ਕਿ ਹੁਣ ਤਕ ਅਸੀਂ ਸ਼ੁਕਰਾਨਾ ਸ਼ਬਦ ਦਾ ਮਤਲਬ ਧੰਨਵਾਦ, ਕ੍ਰਿਤਗਤਾ ਸਮਝਦੇ ਰਹੇ ਹਾਂ। ਸਾਦੀ ਭਾਸ਼ਾ 'ਚ ਗੱਲ ਕਰੀਏ ਤਾਂ 'ਥੈਂਕਸ' ਸਮਝਦੇ ਰਹੇ ਹਾਂ। ਅਸੀਂ ਆਪਣੀ ਹੈਰਾਨੀ ਅਤੇ ਪ੍ਰੇਸ਼ਾਨੀ ਦੂਰ ਕਰਨ ਲਈ ਕਈ ਡਿਕਸ਼ਨਰੀਆਂ, ਕੋਸ਼ ਅਤੇ ਗੂਗਲ ਬਾਬਾ ਛਾਣ ਮਾਰੀਆਂ/ਮਾਰੇ। ਭਾਈ ਕਾਹਨ ਸਿੰਘ ਨਾਭਾ ਦੇ ਮਹਾਨਕੋਸ਼ ਅਨੁਸਾਰ ਸ਼ੁਕਰ ਸ਼ਬਦ ਅਰਬੀ ਭਾਸ਼ਾ ਦਾ ਹੈ ਜਿਸ ਦਾ ਅਰਥ ਧਨਯਵਾਦ, ਕ੍ਰਿਤਗਯਤਾ ਹੈ- 'ਯਾਂ ਤੇ ਸੁਕਰ ਰੱਬ ਕੇ ਘਰ ਕੋ' (ਗੁ.ਪ੍ਰ.ਸੂ.)। ਦਰਅਸਲ ਸ਼ੁਕਰ ਸ਼ਬਦ ਦੇ ਮੂਲ 'ਚੋਂ ਹੀ ਸ਼ੁਕਰੀਆ, ਸ਼ੁਕਰਾਨਾ, ਸ਼ੁਕਰਨ ਆਦਿ ਸ਼ਬਦ ਹਨ ਜਿਨ੍ਹਾਂ ਦਾ ਅਰਥ ਪਹਿਲਾਂ ਦਸਿਆ ਹੀ ਹੈ। ਅੰਗਰੇਜ਼ੀ ਵਿਚ ਇਸ ਦਾ ਅਰਥ 'ਥੈਂਕਸ' ਜਾਂ 'ਗਰੈਟੀਟਿਊਡ' ਕੀਤਾ ਗਿਆ ਹੈ। ਕੋਲਿਨਜ਼ ਇੰਗਲਿਸ਼ ਡਿਕਸ਼ਨਰੀ ਅਨੁਸਾਰ ਇਹ ਸ਼ਬਦ ਪੁਰਾਤਨ ਅੰਗਰੇਜ਼ੀ ਦੇ 'ਥੈਂਨਸ਼ੀਅਨ', ਲਾਤੀਨੀ ਦੇ 'ਗਰੈਟਸ' 'ਚੋਂ ਉਪਜੇ ਹਨ। ਇਨ੍ਹਾਂ ਦੇ ਪਹਿਲੇ ਅਰਥ ਸੋਚ, ਅਹਿਸਾਨ, ਕਿਰਪਾ, ਪ੍ਰਸੰਨਤਾ, ਸੰਤੁਸ਼ਟੀ, ਧੰਨਵਾਦ ਆਦਿ ਸਨ। ਕਿਸੇ ਤੋਹਫੇ ਜਾਂ ਅਹਿਸਾਨ ਲਈ ਪ੍ਰਸ਼ੰਸਾਤਮਕ ਧੰਨਵਾਦੀ ਅਹਿਸਾਸ। ਕਿਸੇ ਕੰਮ ਦੀ ਸਫਲਤਾ ਵਿਚ ਮਦਦ ਕਰਨ ਵਾਲੇ ਨੂੰ ਸਨਮਾਨਹਿਤ ਸ਼ੁਕਰੀਆ ਅਦਾ ਕਰਨ ਵੇਲੇ ਦਿੱਤਾ ਜਾਣ ਵਾਲਾ ਧੰਨ ਪਰ ਮੌਜੂਦਾ ਅਰਥ ਧੰਨਵਾਦ ਅਤੇ ਕ੍ਰਿਤਗਤਾ ਹਨ।

ਮੀਡੀਆ ਰਿਪੋਰਟਾਂ ਅਨੁਸਾਰ ਮਾਣਯੋਗ ਸਿੰਗਲਾ ਸਾਹਿਬ ਨੇ ਪਹਿਲਾਂ ਤਾਂ ਸ਼ੁਕਰਾਨਾ ਰੇਟ 1.16 ਕਰੋੜ ਰੱਖਿਆ ਪਰ ਨਿਗਰਾਨ ਇੰਜਨੀਅਰ ਰਾਜਿੰਦਰ ਸਿੰਘ ਨੇ ਅਸਮਰੱਥਾ ਪ੍ਰਗਟਾਈ ਤਾਂ 10 ਲੱਖ ਤੇ ਫਿਰ ਟੈਂਡਰਾਂ 'ਤੇ ਇਕ ਪਰਸੈਂਟ ਕਮਿਸ਼ਨ ਦੇ ਹਿਸਾਬ ਨਾਲ ਅਖੀਰ 'ਚ ਸੌਦਾ 5 ਲੱਖ 'ਚ ਨਿੱਬੜਿਆ। ਸਮਝ ਜਿਹੀ ਨਹੀਂ ਆਈ ਕਿ ਕਰੀਬ ਸਵਾ ਕਰੋੜ ਤੋਂ ਥੋੜੇ ਜਿਹੇ ਲੱਖਾਂ ਲਈ ਕਿਉਂ ਬਿਪਤਾ ਸਹੇੜੀ? ਸਿਆਲ ਨੂੰ ਗੁਆਂਢੀ



ਰਾਜਾਂ ਤੋਂ ਸ਼ਾਲ ਵੇਚਣ ਵਾਲੇ ਆਉਂਦੇ ਹਨ। ਉਹ ਹਜ਼ਾਰ-ਡੇਢ ਹਜ਼ਾਰ ਤੋਂ ਸ਼ੁਰੂ ਕਰਨਗੇ ਪਰ ਸੌਦਾ ਸੌ-ਡੇਢ ਸੌ 'ਤੇ ਮੁਕਾ ਲੈਣਗੇ। ਸਾਡੀਆਂ ਬੀਬੀਆਂ-ਭੈਣਾਂ 'ਬਾਰਗੇਨ' ਕਰਨ ਵਿਚ ਸਿਆਣੀਆਂ ਹਨ, ਐਵੇਂ ਲੁੱਟ ਨਹੀਂ ਹੁੰਦੀਆਂ ਪਰ ਸਿੰਗਲਾ ਸਾਹਿਬ ਅਤੇ ਉਨ੍ਹਾਂ ਦਾ ਭਤੀਜਾ ਪਰਦੀਪ ਕੁਮਾਰ (ਓ.ਐਸ.ਡੀ.) ਤਾਂ ਐਵੇਂ ਹੀ ਲੁੱਟੇ-ਪੁੱਟੇ ਗਏ (ਹੁਣ ਤਾਂ ਸ਼ਾਇਦ ਕੁੱਟੇ ਵੀ ਗਏ ਹੋਣ)। ਇਹ ਵੀ ਭਲਾ ਕਾਹਦੀ ਗੱਲ ਹੋਈ ਕਿ ਕਰੋੜ ਤੋਂ ਵੱਧ ਸ਼ੁਕਰਾਨਾ ਮੰਗਦੇ ਮੰਗਦੇ ਪੰਜ ਲੱਖ ਉਪਰ ਆ ਡਿੱਗੇ!

ਸਿੰਗਲਾ ਸਾਹਿਬ ਕਹਿੰਦੇ ਹਨ ਕਿ ਉਨ੍ਹਾਂ ਅਤੇ ਪਾਰਟੀ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਰਚੀ ਗਈ। ਭਲਾ ਕਿਸ ਨੇ ਰਚੀ ਇਹ ਸਾਜ਼ਿਸ਼? ਸ਼ੁਕਰਾਨਾ ਤੁਸੀਂ ਮੰਗਿਆ, ਦੇਣ ਵਾਲੇ ਨੇ ਵੱਧ ਰੇਟ ਦੇਣ ਤੋਂ ਅਸਮਰੱਥਾ ਪ੍ਰਗਟ ਕੀਤੀ, ਆਪਣੇ ਵੱਡੇ ਅਫਸਰ ਕੋਲ ਰੋਣਾ ਰੋਇਆ, ਵੱਡੇ ਅਫਸਰ ਨੇ ਮੁੱਖ ਮੰਤਰੀ ਕੋਲ ਰੋਣਾ ਰੋਇਆ, ਸਟਿੰਗ ਅਪਰੇਸ਼ਨ ਉਪਰੰਤ ਚਾਚੇ-ਭਤੀਜੇ ਨੇ ਰਲ ਕੇ ਰੋਇਆ, ਭਗਵੰਤ ਮਾਨ ਦੀ ਦਲੇਰਾਨਾ ਕਾਰਵਾਈ ਤੋਂ ਖੁਸ਼ ਹੋ ਕੇ 'ਆਪ' ਕਨਵੀਨਰ ਅਤੇ ਦਿੱਲੀ ਦਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਖੁਸ਼ੀ 'ਚ ਰੋਇਆ!

ਸਿੰਗਲਾ ਸਾਹਿਬ, ਕੀ ਮੁੱਖ ਮੰਤਰੀ ਨੇ ਸਾਜ਼ਿਸ਼ ਰਚੀ? ਉਸ ਨੇ ਤਾਂ ਭ੍ਰਿਸ਼ਟਾਚਾਰ ਨੂੰ ਨੱਥ ਪਾਈ। ਕੇਜਰੀਵਾਲ ਨੇ ਵੀ 2015 'ਚ ਆਪਣੇ ਇਕ ਕੁਰੱਪਟ ਮੰਤਰੀ ਨੂੰ ਬਰਖਾਸਤ ਕੀਤਾ ਸੀ। ਭਗਵੰਤ ਮਾਨ ਨੇ ਤਾਂ ਤੁਰੰਤ ਦਾਨ ਮਹਾਂ ਕਲਿਆਣ ਵਾਲੀ ਗੱਲ ਕੀਤੀ। ਬਰਖਾਸਤਗੀ ਦੇ ਨਾਲ ਹੀ ਗ੍ਰਿਫਤਾਰੀ! ਚੰਗਾ ਬਾਕੀਆਂ ਨੂੰ ਵੀ ਕੰਨ ਹੋ ਜਾਣਗੇ। ਸਿੰਗਲਾ ਸਾਹਿਬ! ਫੈਜ਼ ਅਹਿਮਦ ਫੈਜ਼ ਦਾ ਸ਼ੇਅਰ ਹੈ,

"ਕੁਛ ਅਪਨੇ ਦਿਲਕੀ ਖੂ ਕਾ ਭੀ
ਸ਼ੁਕਰਾਨਾ ਚਾਹੀਏ,
ਸੌ ਬਾਰ ਉਨ ਕੀ ਖੂ ਕਾ
ਗਿਲਾ ਕਰ ਚੁਕੇ ਹੈਂ ਹਮ'!

ਪੰਜਾਬੀ ਵਿਚ ਸ਼ੁਕਰਾਨਾ ਉਪਰ ਕਈ ਗੀਤ ਹਨ। ਸ਼ੇਕਸਪੀਅਰ ਦੇ ਕਈ ਨਾਟਕਾਂ ਵਿਚ ਸ਼ੁਕਰਾਨੇ ਦੇ ਸ਼ਬਦ ਹਨ। ਇਕ ਹੀ ਉਦਾਹਰਨ ਦਿੰਦੇ ਹਾਂ,

'ਜੇ ਕਿਧਰੇ ਮੈਂ
ਕਿਸੇ ਦਾ ਸ਼ੁਕਰਾਨਾ ਕੀਤਾ
ਤਾਂ ਮੈਂ ਤੁਹਾਡਾ ਕਰਾਂਗਾ'!

ਵੈਸੇ ਸ਼ੁਕਰਾਨਾ ਰੱਬ ਦਾ ਕਰਨਾ ਚਾਹੀਦੈ। ਇਹ ਵੱਖਰੀ ਗੱਲ ਹੈ ਕਿ ਸਿੰਗਲੇ ਵਰਗੇ ਕਈ ਸਿਆਸਤਦਾਨ, ਅਫਸਰ, ਨੇਤਾ, ਕਚਹਿਰੀਆਂ, ਠਾਣਿਆਂ ਵਿਚ ਕੰਮ ਕਰਦੇ ਮੁਲਾਜ਼ਮ ਆਮ ਬੰਦਾ ਤਾਂ ਕੀ ਖਾਸ ਬੰਦੇ ਦਾ ਵੀ ਜੀਊਣਾ ਦੁੱਭਰ ਕਰ ਦਿੰਦੇ ਹਨ। ਕਮਿਸ਼ਨ ਕਲਚਰ ਸਾਡੇ ਸ਼ਾਸਕੀ-ਪ੍ਰਸ਼ਾਸਕੀ ਸਿਸਟਮ ਦਾ ਸਿਆਸੀ/ਅਫਸਰਸ਼ਾਹੀ ਸਭਿਆਚਾਰ ਹੈ! ਭ੍ਰਿਸ਼ਟਾਚਾਰ ਕਰਕੇ ਲੋਕ ਦਫਤਰਾਂ 'ਚ ਜਾਣੋਂ ਡਰਦੇ ਹਨ। ਦਲਾਲਾਂ ਦੀ ਚਾਂਦੀ ਹੈ। ਸਾਡੇ ਨੌਜਵਾਨ ਵਿਦੇਸ਼ਾਂ ਵੱਲ ਵਹੀਰਾਂ ਘੱਤੀ ਜਾ ਰਹੇ ਹਨ। ਸ਼ਾਇਦ ਹੁਣ ਭ੍ਰਿਸ਼ਟਾਚਾਰ ਨੂੰ ਕੁਝ ਠੱਲ੍ਹ ਪੈ ਜਾਏ। ਸ਼ਾਇਦ ਕੁਝ ਚੰਗਾ ਹੋ ਹੀ ਜਾਏ। ਉਮੀਦ ਤਾਂ ਬਹੁਤ ਘੱਟ ਹੈ ਪਰ ਉਮੀਦ 'ਤੇ ਹੀ ਜਹਾਨ ਕਾਇਮ ਹੈ। ਉਂਝ ਕਰਨ ਵਾਲੇ ਤਾਂ ਰੱਬ ਨਾਲ ਵੀ ਸੌਦੇ ਕਰਦੇ ਹਨ!

ਪਰ 'ਵੋ ਜੋ ਕੁਛ ਮਾਂਗਨੇ ਕੇ ਇਵਜ਼ ਮੇਂ
ਇਬਾਦਤ ਕੀਆ ਕਰਤੇ ਹੈਂ,
ਸੌਦਾ ਕਰਤੇ ਹੈਂ,
ਇਬਾਦਤ ਕਹਾਂ ਕਰਤੇ ਹੈਂ"?

ਖੈਰ, ਸ਼ੁਕਰੀਆ ਸਿੰਗਲਾ ਸਾਹਿਬ, ਸ਼ੁਕਰਾਨਾ ਦਾ ਇਕ ਨਵਾਂ ਅਰਥ ਸਮਝਾਉਣ ਲਈ (ਤੇ ਸਮਝਣ ਲਈ ਵੀ!)-

'ਸ਼ੁਕਰਾਨਾ ਤੇਰੇ ਫਰੇਬ ਕਾ,
ਜੋ ਦਰਦ ਸਮਝਾ ਦੀਆ,
ਗੈਰੋਂ ਕੇ ਹਜੂਮ ਮੇਂ ਭੀ,
ਚਲਨਾ ਸਿਖਾ ਦੀਆ"।

ਚਲੋ ਫਿਰ ਪੁਲਿਸ ਰਿਮਾਂਡ ਮੁੱਕਣ ਤੋਂ ਪਹਿਲਾਂ-ਪਹਿਲਾਂ/ਜਾਂ ਮਗਰੋਂ 'ਡੁਪਲੀਕੇਟ' ਫਿਲਮ ਦੇ ਗੀਤ ਦੀਆਂ ਸਤਰਾਂ ਨਾਲ ਗੱਲ ਮੁਕਾਉਂਦੇ ਹਾਂ:

'ਕਬ ਮੈਂਨੇ ਯੇ ਸੋਚਾ ਥਾ
ਕਬ ਮੈਂਨੇ ਯੇ ਜਾਨਾ ਥਾ...
ਮੇਰੇ ਮਹਿਬੂਬ ਮੇਰੇ ਸਨਮ
ਸ਼ੁਕਰੀਆ ਮਿਹਰਬਾਨੀ ਕਰਮ'।

# ਪੰਜਾਬੀ ਗਾਇਕੀ, ਉੱਠਦੇ ਸਵਾਲ

## ਭਖਦਾ ਮਸਲਾ

ਪੰਜਾਬੀ ਦੇ ਗੀਤਕਾਰਾਂ, ਗਾਇਕਾਂ ਨੇ ਦੁਨੀਆ ਭਰ 'ਚ ਆਪਣੀ ਪੈਂਠ ਬਣਾਈ ਹੈ। ਚੰਗੇ ਗੀਤਕਾਰਾਂ ਨੇ ਮਾਨਸਿਕ ਸਕੂਨ ਦੇਣ ਵਾਲੇ ਗੀਤ ਲਿਖ ਕੇ ਪੰਜਾਬੀ ਸਭਿਆਚਾਰ, ਪੰਜਾਬੀ ਬੋਲੀ ਦੀ ਅਮੀਰੀ 'ਚ ਵਿਸ਼ਾਲ ਵਾਧਾ ਕੀਤਾ ਹੈ। ਗੀਤਕਾਰਾਂ, ਗਾਇਕਾਂ ਦੀ ਜੁਗਲਬੰਦੀ ਪਿਛਲੇ ਦਹਾਕਿਆਂ 'ਚ, ਸਮੇਂ ਦੀ ਤੋਰ ਨਾਲ ਤੁਰਦੀ, ਨਵੇਂ ਦਿਸਹੱਦੇ ਸਿਰਜਦੀ ਰਹੀ ਹੈ।

ਮਰਦ, ਔਰਤ ਗਾਇਕਾਂ ਨੇ ਜਿੱਥੇ ਪੰਜਾਬੀ ਦੇ ਲੋਕ ਗੀਤ ਗਾਏ, ਉੱਥੇ ਲੋਕ ਗੀਤਾਂ ਵਰਗੇ ਲਿਖੇ ਗੀਤਾਂ ਨੂੰ ਵੀ ਗਾਇਕਾਂ ਨੇ ਲੋਕ-ਕਚਹਿਰੀ 'ਚ ਪੇਸ਼ ਕੀਤਾ ਹੈ, ਸਿੱਟੇ ਵਜੋਂ ਗਾਇਕੀ 'ਚ ਸੂਫੀ ਰੰਗ ਵੇਖਣ ਨੂੰ ਮਿਲਿਆ। ਗਜ਼ਲ ਗਾਇਕੀ ਨੇ ਵੀ ਪੰਜਾਬੀ ਪਿਆਰਿਆਂ 'ਚ ਆਪਣੀ ਥਾਂ ਬਣਾਈ ਅਤੇ ਸਾਫ਼-ਸੁਥਰੀ ਗਾਇਕੀ



ਗੁਰਮੀਤ ਸਿੰਘ ਪਲਾਹੀ
ਫੋਨ:98158-02070

ਨਾਲ ਦੇਸ਼-ਪ੍ਰਦੇਸ 'ਚ ਚੰਗੀ ਭੱਲ ਖੱਟੀ। ਹੰਸ ਰਾਜ ਹੰਸ, ਗੁਰਦਾਸ ਮਾਨ, ਹਰਭਜਨ ਮਾਨ, ਕੰਵਰ ਗਰੇਵਾਲ, ਸਤਿੰਦਰ ਸਰਤਾਜ, ਮਲਕੀਤ ਸਿੰਘ, ਕੁਲਦੀਪ ਮਾਣਕ, ਸੁਰਿੰਦਰ ਕੌਰ, ਸੁਰਜੀਤ ਬਿੰਦਰੱਖੀਆ, ਯਮਲਾ ਜੱਟ, ਦਲੇਰ ਮਹਿੰਦੀ, ਸੁਰਿੰਦਰ ਸ਼ਿੰਦਾ, ਜਗਮੋਹਨ ਕੌਰ, ਸਤਵਿੰਦਰ ਬਿੱਟੀ, ਦਿਲਜੀਤ ਦੋਸਾਂਝ, ਡਾ. ਬਰਜਿੰਦਰ ਸਿੰਘ ਹਮਦਰਦ, ਐਮੀ ਵਿਰਕ, ਨੂਰਾਂ ਭੈਣਾਂ ਆਦਿ ਨੇ ਗਾਇਕੀ ਦੇ ਖੇਤਰ ਵਿਚ ਵੱਡੀਆਂ ਮੱਲਾਂ ਮਾਰੀਆਂ ਹਨ ਪਰ ਇਸਦੇ ਨਾਲ-ਨਾਲ ਕੁਝ ਗੀਤਕਾਰਾਂ-ਗਾਇਕਾਂ ਨੇ ਪੰਜਾਬ ਦੀ ਜੁਆਨੀ ਨੂੰ ਕੁਰਾਹੇ ਪਾਉਣ ਵਾਲੇ ਗੀਤ ਲਿਖੇ ਅਤੇ ਪੰਜਾਬੀ ਸੱਭਿਆਚਾਰ ਦੀ ਬੇਢੰਗੀ ਦਿਖ ਵਿਸ਼ਵ ਸਾਹਮਣੇ ਪੇਸ਼ ਕੀਤੀ।

ਲੱਚਰਤਾ ਅਤੇ ਹਿੰਸਾ ਨੂੰ ਉਤਸ਼ਾਹਿਤ ਕਰਨ ਵਾਲੇ ਗੀਤਾਂ ਨੇ ਪੰਜਾਬੀ ਨੌਜਵਾਨਾਂ 'ਚ ਵਿਸ਼ੇਸ਼ ਕਿਸਮ ਦਾ ਰੰਗ ਭਰਿਆ, ਜੋ ਬੇਰੰਗਾ ਹੋ ਨਿੱਬੜਿਆ। ਹਥਿਆਰਾਂ ਵਾਲੀ ਅਤੇ ਘਟੀਆ ਕਿਸਮ ਦੀ ਗਾਇਕੀ ਨੇ ਗੈਂਗਸਟਰਾਂ ਨੂੰ ਉਤਸ਼ਾਹਿਤ ਕੀਤਾ। ਪੰਜਾਬੀ ਵਿਰਸੇ ਅਤੇ ਸਭਿਆਚਾਰ ਦਾ ਘਾਣ ਕੀਤਾ। ਨਸ਼ਿਆਂ ਵੱਲ ਜਾਣ ਲਈ ਨੌਜਵਾਨਾਂ ਨੂੰ ਪ੍ਰੇਰਿਤ ਕੀਤਾ। ਕੁਝ ਨੇ ਹੱਥੀਂ ਨਾ ਕਰ ਕੇ ਮੁਫ਼ਤ ਦੀ ਕਮਾਈ, ਲੁੱਟ-ਖਸੁੱਟ ਨੂੰ ਪ੍ਰਮੋਟ ਕੀਤਾ ਅਤੇ ਪੰਜਾਬੀ ਕਦਰਾਂ-ਕੀਮਤਾਂ ਉੱਤੇ ਡੂੰਘੀ ਸੱਟ ਮਾਰੀ। ਨਿੱਘਰੀ ਸੋਚ, ਇਸ ਕਿਸਮ ਦੀ ਗਾਇਕੀ, ਅਸੱਭਿਅਕ ਗੀਤਾਂ ਨੂੰ ਲਿਖਣ-ਗਾਉਣ 'ਚ ਮਾਣ ਮਹਿਸੂਸ ਕਰਦੀ ਹੈ, ਜਿਸ ਪ੍ਰਤੀ ਪੰਜਾਬੀ ਚਿੰਤਕ, ਪੰਜਾਬੀ ਨੂੰ ਪਿਆਰ ਕਰਨ ਵਾਲੇ ਲੋਕ ਡੂੰਘੀ ਚਿੰਤਾ 'ਚ ਹਨ।

ਘਟੀਆ ਕਿਸਮ ਦੀ ਇਸ ਗਾਇਕੀ ਨੇ ਚਾਰ ਪੈਸਿਆਂ ਦੀ ਖ਼ਾਤਰ ਪੰਜਾਬੀਆਂ ਦੇ ਮੱਥੇ ਉੱਤੇ ਅਜਿਹਾ ਕਲੰਕ ਲਗਾਇਆ ਹੋਇਆ ਹੈ, ਜਿਹੋ ਜਿਹਾ ਕਲੰਕ ਪੰਜਾਬੀਆਂ ਦੇ ਮੱਥੇ ਉਤੇ 'ਧੀਆਂ ਨੂੰ ਕੁੱਖਾਂ 'ਚ ਮਾਰਨ', ਫਿਰ ਨਸ਼ਿਆਂ ਅਤੇ ਚਿੱਟੇ ਦੀ ਵਰਤੋਂ ਕਾਰਨ ਲੱਗਿਆ ਜਾਂ ਲਗਾ ਦਿੱਤਾ ਗਿਆ। ਇਸ ਕਿਸਮ ਦੀ ਗਾਇਕੀ ਤੋਂ ਪੰਜਾਬ ਦੇ ਹਰ ਵਰਗ ਦੇ ਲੋਕ ਔਖੇ ਹਨ। ਪੰਜਾਬ ਦੇ ਬਹੁ-ਗਿਣਤੀ ਨੌਜਵਾਨ ਹਿੰਸਕ ਤੇ ਲੱਚਰ ਗੀਤਾਂ ਦੀ ਮਾਰ ਹੇਠ ਆਏ ਦਿਸਦੇ ਹਨ, ਜੋ ਪੰਜਾਬ ਦੇ ਭਵਿੱਖ ਲਈ ਚੰਗਾ ਸ਼ਗਨ ਨਹੀਂ ਹੈ। ਪੰਜਾਬ ਦੀ ਉਹ ਰੰਗਲੀ ਧਰਤੀ, ਜਿੱਥੇ ਧਾਰਮਿਕ ਗ੍ਰੰਥ ਲਿਖੇ ਗਏ, ਜਿੱਥੇ ਸੂਫ਼ੀ ਸਾਹਿਤ ਦਾ ਨਿਵੇਕਲਾ ਰੰਗ ਬਿਖਰਿਆ, ਜਿਥੇ ਪ੍ਰੋ. ਪੂਰਨ ਸਿੰਘ, ਭਾਈ ਵੀਰ ਸਿੰਘ, ਸ਼ਿਵ ਕੁਮਾਰ ਬਟਾਲਵੀ, ਪਾਸ਼, ਲਾਲ ਸਿੰਘ ਦਿਲ ਦੀ ਕਵਿਤਾ ਨੂੰ ਪੰਜਾਬੀਆਂ ਆਪਣੇ ਹਿਰਦੇ 'ਚ ਵਸਾਇਆ, ਉਥੇ ਨਸ਼ਿਆਂ, ਹਥਿਆਰਾਂ, ਰਿਸ਼ਤਿਆਂ ਨੂੰ ਗਲਤ ਢੰਗ ਨਾਲ ਪੇਸ਼ ਕਰਨ ਨੂੰ ਕੀ ਜਾਇਜ਼ ਠਹਿਰਾਇਆ ਜਾ ਸਕਦਾ ਹੈ? ਸਾਡੇ ਸਾਂਝੇ ਪਰਿਵਾਰ, ਸਾਡਾ ਸਾਫ਼-ਸੁਥਰਾ ਮਨਮੋਹਣਾ ਸਭਿਆਚਾਰ, ਸਾਡੀ ਮਾਖਿਉਂ ਮਿੱਠੀ ਬੋਲੀ ਪੰਜਾਬੀ, ਸਾਡਾ ਅਮੀਰ ਵਿਰਸਾ ਹੈ। ਇਸ 'ਚ ਗੰਦ-ਮੰਦ ਦੀ ਕੋਈ ਥਾਂ ਨਹੀਂ। ਇੱਥੇ ਹਿੰਸਕ ਕਾਰਵਾਈਆਂ ਤੇ ਲੱਚਰਪੁਣੇ ਨੂੰ ਕਿਸੇ ਹਾਲਾਤ ਵਿਚ ਵੀ ਪ੍ਰਵਾਨ ਨਹੀਂ ਕੀਤਾ ਜਾ ਸਕਦਾ।

ਅੱਜ ਜਦੋਂ ਸੋਸ਼ਲ ਮੀਡੀਆ ਦਾ ਯੁੱਗ ਹੈ, ਹਰ ਕੋਈ ਆਪੋ-ਆਪਣੇ ਢੰਗ ਨਾਲ ਇਸ ਨੂੰ ਵਰਤ ਰਿਹਾ ਹੈ। ਚੰਗੇ-ਮਾੜੇ ਗੀਤਾਂ ਦੀ ਵੀ ਇਸ 'ਚ ਭਰਮਾਰ ਹੈ। ਚਿੰਤਾ ਵਾਲੀ ਗੱਲ ਇਹ ਹੈ ਕਿ ਕੁਝ ਖੱਬੀ ਖਾਨ 'ਗਾਇਕ' ਪੰਜਾਬ ਦੇ ਨੌਜਵਾਨਾਂ ਲਈ ਵਿਗਾੜ ਦਾ ਕਾਰਨ ਬਣ ਰਹੇ ਹਨ। ਬਰਛੀਆਂ, ਬੰਦੂਕਾਂ, ਹਥਿਆਰਾਂ ਵਾਲੇ ਹੋਛੇ ਗੀਤ ਅਤੇ ਲੱਚਰ ਗਾਇਕੀ ਨੇ ਕਈ ਹਾਲਾਤ 'ਚ ਨੌਜਵਾਨਾਂ ਨੂੰ ਗੁਮਰਾਹ ਕਰਨ 'ਚ ਕੋਈ ਕਸਰ ਨਹੀਂ ਛੱਡੀ। ਇਹ ਅਸਲ ਮਾਅਨਿਆਂ 'ਚ ਪੰਜਾਬ ਦਾ ਵੱਡਾ ਦੁਖਾਂਤ ਹੋ ਨਿੱਬੜਿਆ ਹੈ।

ਪ੍ਰਸਿੱਧ ਪੰਜਾਬੀ ਲੇਖਕ, ਗੀਤਕਾਰ ਆਮ ਤੌਰ 'ਤੇ ਸੁਚੱਜੇ ਗਾਇਕਾਂ ਦੇ ਪਥ ਪ੍ਰਦਰਸ਼ਕ ਰਹੇ। ਨੂਰਪੁਰੀ ਦੇ ਲਿਖੇ ਗੀਤ ਹਰ ਪੰਜਾਬੀ ਦੀ ਜ਼ਬਾਨ ਉਤੇ ਹਨ। ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਗਾਉਣ ਵਾਲੇ ਗਾਇਕਾਂ, ਗਾਇਕਾਵਾਂ ਨੇ ਪੀਰਾਂ, ਫ਼ਕੀਰਾਂ ਦੇ ਸਾਲਾਨਾ ਮੇਲਿਆਂ, ਉਰਸਾਂ 'ਚ ਝੰਡਾ ਗੱਡੀ ਰੱਖਿਆ ਹੈ। ਗੀਤਕਾਰਾਂ ਵਲੋਂ ਚੰਗੇ ਗੀਤ ਲਿਖਣੇ ਅਤੇ ਗਾਇਕਾਂ ਵਲੋਂ ਗਾਉਣੇ ਪੰਜਾਬੀ ਸਭਿਆਚਾਰ ਦੀ ਪਰੰਪਰਾ ਰਹੀ ਹੈ। ਪਰ ਅੱਜ ਪੰਜਾਬੀ ਗੀਤਕਾਰੀ 'ਚ ਲੱਚਰਤਾ ਵਧ ਰਹੀ ਹੈ। ਇਹ ਗੀਤਕਾਰ, ਗਾਇਕ ਸਾਡੀ ਸਿਰਜਣਾਤਮਿਕ ਜੀਵਨ-ਸ਼ੈਲੀ ਵਿਚ ਜ਼ਹਿਰ ਘੋਲ ਰਹੇ ਹਨ। ਇਸ ਨਾਲ ਪੰਜਾਬੀਆਂ ਦੀ ਸੋਚ ਵਿਚ ਪਸ਼ੂ ਰਸ ਵਧ ਰਿਹਾ ਹੈ। ਸ਼ੋਰੀਲੇ, ਬੜ੍ਹਕਾਂ ਦੇ ਲਲਕਾਰਿਆਂ ਵਿਚ ਨਿੱਜੀ ਅਸਫ਼ਲ ਪਿਆਰ ਦੇ ਰੁਦਨ, ਚੀਕ ਹਉਕੇ ਗੁਆਚ ਹੀ ਤਾਂ ਗਏ ਹਨ। ਕਦੇ ਸਮਕਾਲ ਵਿਚ ਵਾਪਰਦੇ ਜ਼ੁਲਮ, ਰਿਸ਼ਵਤਖੋਰੀ, ਸਿਆਸੀ ਮੱਕਾਰੀ, ਮਿਹਨਤਕਸ਼ਾਂ ਦੀ ਹੁੰਦੀ ਬੇਕਦਰੀ, ਗੀਤਾਂ ਤੇ ਕਵਿਤਾਵਾਂ ਦਾ ਵਿਸ਼ਾ ਹੋਇਆ ਕਰਦੇ ਸਨ। ਇਹ ਗੀਤ ਮਨੁੱਖ ਦੀ ਭਾਵਕ-ਇੱਛਾ ਦੀ ਪੂਰਤੀ ਦਾ ਸਾਧਨ ਸਨ। ਇਹ ਗੀਤ ਸੁਣਨ ਵਾਲਿਆਂ ਨੂੰ ਸੁਆਦਲੀ ਉਤੇਜਨਾ ਤਕ ਸੀਮਤ ਰੱਖਦੇ ਸਨ। ਸੰਤ ਰਾਮ ਉਦਾਸੀ ਦੇ ਗੀਤ ਅਤੇ ਗਾਇਕੀ ਨੇ ਆਪਣੇ ਸਮਿਆਂ 'ਚ ਲੋਕ ਮਨਾਂ 'ਚ ਚੇਤਨਾ ਪੈਦਾ ਕੀਤੀ। ਲੋਕ ਚੇਤਨਾ 'ਚ ਸਭਿਆਚਾਰਕ ਅਤੇ ਸਮਾਜ ਸੁਧਾਰਕ ਪ੍ਰਵਿਰਤੀਆਂ 'ਚ ਵਾਧਾ ਕੀਤਾ। ਪਰ ਅਫ਼ਸੋਸ ਕਿ ਅੱਜ ਦੀ ਗਾਇਕੀ ਵਿਚ ਕਾਮ ਵਾਸ਼ਨੀ ਉਤੇਜਨਾ ਦੀ ਬਹੁਲਤਾ ਹੈ। ਇਹ ਸਭਿਆਚਾਰਕ ਲੱਚਰਤਾ ਮਾਨਵੀ ਕਦਰਾਂ-ਕੀਮਤਾਂ ਵਿਚ ਅੰਤ ਦਰਜੇ ਦੀ ਗਿਰਾਵਟ ਦਾ ਕਾਰਨ ਬਣ ਰਹੀ ਹੈ। ਅੱਜ ਦਾ ਨੌਜਵਾਨ ਇਸ ਵਿਨਾਸ਼ਕਾਰੀ ਪ੍ਰਵਿਰਤੀ ਕਾਰਨ ਮੌਕਾ ਪ੍ਰਸਤੀ, ਨਿਰਾਸ਼ਾ ਦੀ ਜਿੱਲਣ 'ਚ ਫਸਦਾ ਜਾ ਰਿਹਾ ਹੈ। ਪੰਜਾਬ ਕਦੇ ਵੀ ਅਜਿਹੀ ਸੱਭਿਆਚਾਰਕ ਗਰੀਬੀ ਵਿਚੋਂ ਨਹੀਂ ਗੁਜ਼ਰਿਆ, ਜਿਹੋ ਜਿਹੀ ਸਥਿਤੀ 'ਚੋਂ ਹੁਣ ਲੰਘ ਰਿਹਾ ਹੈ। ਪੁਰਾਣੇ ਸਮਿਆਂ 'ਚ ਲਿਖੇ ਹੀਰ-ਰਾਂਝਾ, ਸੱਸੀ-ਪੁੰਨੂ, ਲੈਲਾ-ਮਜਨੂੰ, ਸ਼ੀਰੀ ਫਰਹਾਦ, ਸੋਹਣੀ-ਮਹੀਵਾਲ ਦੇ ਕਿੱਸੇ ਪੰਜਾਬ ਦੇ ਲੋਕਾਂ ਦਾ ਸਰਮਾਇਆ ਹਨ। ਇਨ੍ਹਾਂ ਕਿੱਸਿਆਂ ਨੂੰ ਲੋਕ-ਮਾਨਤਾ ਹਾਸਲ ਸੀ। ਇਨ੍ਹਾਂ ਕਿੱਸਿਆਂ ਵਿਚ ਸਮਕਾਲੀ, ਸਮਾਜਿਕ, ਆਰਥਿਕ ਅਤੇ ਸਭਿਆਚਾਰਕ ਜੀਵਨ-ਮੁੱਲਾਂ ਦਾ ਵੀ ਵਿਸਤਰਿਤ ਵਰਣਨ ਮਿਲਦਾ ਹੈ। ਇਨ੍ਹਾਂ ਕਿੱਸਿਆਂ ਨੂੰ ਪੀੜ੍ਹੀ ਦਰ ਪੀੜ੍ਹੀ ਗਾਇਕਾਂ ਨੇ ਗਾਇਆ ਤੇ ਲੋਕਾਂ 'ਚ ਚੰਗੀ ਭੱਲ ਖੱਟੀ।

ਇਹ ਚੰਗੀ ਗੱਲ ਹੈ ਕਿ ਪੰਜਾਬ ਸਰਕਾਰ ਨੇ ਹਿੰਸਾ ਭੜਕਾਊ ਤੇ ਹਥਿਆਰਾਂ ਨੂੰ ਉਤਸ਼ਾਹਿਤ ਕਰਨ ਵਾਲੇ ਗੀਤਾਂ ਨੂੰ ਰੋਕਣ ਲਈ ਪਹਿਲਕਦਮੀ ਕੀਤੀ ਹੈ। ਸਾਫ਼-ਸੁਥਰੀ ਸੋਚ ਵਾਲੇ ਗਾਇਕਾਂ, ਗੀਤਕਾਰਾਂ, ਫ਼ਿਲਮ ਨਿਰਮਾਤਾਵਾਂ ਅੱਗੇ ਗੰਦੀ ਗਾਇਕੀ ਨੂੰ ਰੋਕਣ ਦਾ ਇਕ ਵੱਡਾ ਚੈਲੰਜ ਹੈ। ਇਸ ਸਮੇਂ ਲੋੜ ਉਨ੍ਹਾਂ ਕਲਾਕਾਰਾਂ ਦੀ ਹੈ, ਜਿਹੜੇ ਉਸਾਰੂ ਬੌਧਿਕ, ਸਮਾਜਿਕ, ਸਭਿਆਚਾਰਕ ਪਰਿਵਾਰਕ ਗੀਤਾਂ ਨੂੰ ਉਭਾਰਨ। ਬੇਸ਼ਕ ਅਜਿਹੇ ਗਾਇਕਾਂ, ਗੀਤਕਾਰਾਂ ਦੀ ਪੰਜਾਬ 'ਚ ਕੋਈ ਕਮੀ ਨਹੀਂ ਹੈ। ਪੰਜਾਬੀ ਸਾਹਿਤ ਵਿਚ ਸੂਫ਼ੀ ਸਾਹਿਤ, ਪੰਜਾਬੀ ਲੋਕ-ਗੀਤਾਂ ਦਾ ਵੱਡਾ ਖ਼ਜ਼ਾਨਾ ਹੈ, ਜੋ ਗਾਇਆਂ ਮੁੱਕਣ ਵਾਲਾ ਨਹੀਂ ਹੈ। ਇਸ ਤੱਥ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਸੰਜੀਦਾ ਪੰਜਾਬੀ ਗਾਇਕਾਂ ਨੇ ਪੰਜਾਬ ਦੇ ਵਿਰਸੇ ਨੂੰ ਸੰਭਾਲਣ ਅਤੇ ਅਗਲੀਆਂ ਪੀੜ੍ਹੀਆ ਤੱਕ ਪਹੁੰਚਾਉਣ ਲਈ ਸ਼ਲਾਘਾਯੋਗ ਉੱਦਮ ਕੀਤਾ ਹੈ। ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਪੰਜਾਬੀ ਬੋਲੀ, ਸਾਹਿਤ, ਸਭਿਆਚਾਰ ਨੂੰ ਜੀਉਂਦਿਆਂ ਰੱਖਣ ਲਈ ਦੇਸ਼-ਵਿਦੇਸ਼ ਵਿਚ ਉਨ੍ਹਾਂ ਨੇ ਭਰਪੂਰ ਯਤਨ ਕੀਤੇ ਹਨ। ਗਾਇਕਾਂ, ਕਵਿਸ਼ਰਾਂ ਦੇ ਅਖਾੜੇ, ਪੰਜਾਬੀਆਂ ਦੇ ਮਨਾਂ 'ਚ ਖ਼ੁਸ਼ੀ, ਹੁਲਾਸ ਭਰਦੇ ਰਹੇ ਹਨ। ਪੁਰਾਣੇ ਪੰਜਾਬੀ ਗਾਇਕਾਂ ਨੇ ਮਾਰਸ਼ਲ ਪੰਜਾਬੀ ਕੌਮ ਨੂੰ ਜੀਉਂਦਿਆਂ ਰੱਖਣ ਲਈ ਉਨ੍ਹਾਂ 'ਚ ਅਣਖ ਭਰਨ ਵਾਲੇ ਗੀਤ ਗਾਏ। ਢਾਡੀ ਪਰੰਪਰਾ ਦਾ ਵੀ ਪੰਜਾਬ ਦੇ ਇਤਿਹਾਸ ਨੂੰ ਜੀਉਂਦਾ ਰੱਖਣ ਲਈ ਵੱਡਾ ਯੋਗਦਾਨ ਹੈ।

**ਪੰਜਾਬੀ ਦੇ ਲੇਖਕਾਂ, ਬੁੱਧੀਜੀਵੀਆਂ ਵਲੋਂ ਲਗਾਤਾਰ ਇਹ ਮੰਗ ਉੱਠ ਰਹੀ ਹੈ ਕਿ ਪੰਜਾਬ ਵਿਚ 'ਪੰਜਾਬੀ ਭਾਸ਼ਾ ਕਮਿਸ਼ਨ' ਬਣੇ, ਜੋ ਪੰਜਾਬੀ ਭਾਸ਼ਾ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਕੰਮ ਤਾਂ ਕਰੇ ਹੀ, ਇਸਦੇ ਨਾਲ-ਨਾਲ ਲੇਖਕਾਂ, ਪੱਤਰਕਾਰਾਂ, ਕਲਾਕਾਰਾਂ, ਗਾਇਕਾਂ, ਗੀਤਕਾਰਾਂ ਦੇ ਭਲੇ ਅਤੇ ਉਨ੍ਹਾਂ ਦੇ ਅਧਿਕਾਰਾਂ ਦੀ ਰੱਖਿਆ ਕਰੇ ਅਤੇ ਚੰਗੇ ਸਾਹਿਤ ਦੀ ਸਿਰਜਨਾ ਲਈ ਪੰਜਾਬ 'ਚ ਚੰਗਾ ਮਾਹੌਲ ਸਿਰਜੇ।**

# ਲੋਕਤੰਤਰ ਦੀ ਲੋੜ ਹੈ ਤਕੜੀ ਵਿਰੋਧੀ ਧਿਰ, ਆਗੂਆਂ ਦੀ ਨਹੀਂ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਦੇਸ਼ ਇਸ ਵੇਲੇ ਅਗਲੀਆਂ ਸੰਸਦੀ ਚੋਣਾਂ ਦੀ ਤਿਆਰੀ ਦੇ ਦੌਰ ਵਿਚ ਦਾਖਲ ਹੋ ਚੁੱਕਾ ਹੈ। ਕੇਂਦਰ ਦੀ ਸਰਕਾਰ ਚਲਾ ਰਹੀ ਭਾਰਤੀ ਜਨਤਾ ਪਾਰਟੀ ਹੋਰਨਾਂ ਤੋਂ ਇਸ ਮਾਮਲੇ ਵਿਚ ਅੱਗਲਵਾਂਢੀ ਚੱਲਦੀ ਜਾਪਦੀ ਹੈ ਤੇ ਉਸ ਦਾ ਬਦਲ ਹੋਣ ਦਾ ਹਾਲੇ ਤੱਕ ਦਾਅਵਾ ਕਰਦੀ ਕਾਂਗਰਸ ਪਾਰਟੀ ਆਪਣੀ ਲੀਡਰਸ਼ਿਪ ਦੀਆਂ ਅੰਦਰੂਨੀ ਉਲਝਣਾਂ ਕਾਰਨ ਅਗਲੀਆਂ ਚੋਣਾਂ ਦੀ ਤਿਆਰੀ ਦਾ ਵੱਡਾ ਕੰਮ ਭੁੱਲੀ ਬੈਠੀ ਜਾਪਦੀ ਹੈ। ਇਸ ਵੇਲੇ ਪਾਰਲੀਮੈਂਟ ਵਿਚਲੀ ਵਿਰੋਧ ਦੀ ਮੁੱਖ ਧਿਰ ਕਾਂਗਰਸ ਪਾਰਟੀ ਭਵਿੱਖ ਦੀ ਆਪਣੀ ਜ਼ਿੰਮੇਵਾਰੀ ਤੋਂ ਅਵੇਸਲੀ ਹੋ ਸਕਦੀ ਹੈ, ਪਰ ਲੋਕਤੰਤਰ ਆਪਣੀਆਂ ਲੋੜਾਂ ਨੂੰ ਅੱਖੋਂ ਪਰੋਖੇ ਨਹੀਂ ਕਰ ਸਕਦਾ ਅਤੇ ਹਰ ਸਮੇਂ ਦੇਸ਼ ਦੀ ਸਰਕਾਰ ਮੂਹਰੇ ਡਟਣ ਵਾਲੀ ਵਿਰੋਧੀ ਧਿਰ ਦਾ ਹੋਣਾ ਵੀ ਤੇ ਮਜ਼ਬੂਤ ਹੋਣਾ ਵੀ ਲੋਕਤੰਤਰ ਦੀ ਵੱਡੀ ਲੋੜ ਹੁੰਦੀ ਹੈ। ਜਦੋਂ ਕਿਸੇ ਦੇਸ਼ ਦੀ ਵਿਰੋਧੀ ਧਿਰ ਕਮਜ਼ੋਰ ਹੋ ਜਾਵੇ ਜਾਂ ਹੌਸਲਾ ਛੱਡ ਕੇ ਨਿਗੂਣੀਆਂ ਗੱਲਾਂ ਵਿਚ ਰੁੱਝ ਜਾਵੇ ਤਾਂ ਸਰਕਾਰ ਚਲਾਉਣ ਵਾਲੀ ਧਿਰ ਨਿਰੰਕੁਸ਼ ਹੋ ਕੇ ਆਪਣੀ ਮਨ-ਮਰਜ਼ੀ ਕਰਨ ਵਿਚ ਹੱਦਾਂ ਟੱਪਣ ਲੱਗ ਜਾਂਦੀ ਹੈ। ਹਾਥੀ ਦੀ ਗਰਦਨ ਉੱਤੇ ਬੈਠ ਕੇ ਉਸ ਨੂੰ ਕੰਟਰੋਲ ਕਰਦੇ ਮਹਾਵਤ ਦੇ ਹੱਥ ਵਿਚ ਫੜੇ ਹੋਏ ਲੋਹੇ ਦੇ ਕੁੰਡੇ ਨੂੰ 'ਅੰਕੁਸ਼' ਕਹਿੰਦੇ ਹਨ ਅਤੇ ਜਦੋਂ ਉਹ ਲੋਹੇ ਦਾ ਅੰਕੁਸ਼ ਮਹਾਵਤ ਕੋਲ ਨਾ ਹੋਵੇ ਤਾਂ ਹਾਥੀ 'ਨਿਰੰਕੁਸ਼' ਹੋ ਜਾਂਦਾ ਹੈ ਤੇ ਮਹਾਵਤ ਦੀ ਪ੍ਰਵਾਹ ਨਹੀਂ ਕਰਿਆ ਕਰਦਾ। ਇਸ ਵਕਤ ਭਾਰਤ ਦੇ ਲੋਕਤੰਤਰ ਦੀ ਅਗਵਾਈ ਕਰਨ ਵਾਲੇ ਵੀ ਆਪਣੇ ਸਾਹਮਣੇ ਵਿਰੋਧੀ ਧਿਰ ਦੇ ਖੋਖਲੇਪਣ ਕਾਰਨ ਨਿਰੰਕੁਸ਼ ਜਾਪਦੇ ਹਨ।

ਕਿਸੇ ਵਕਤ ਸੰਸਾਰ ਪ੍ਰਸਿੱਧ ਸ਼ਖਸੀਅਤ ਇੰਦਰਾ ਗਾਂਧੀ ਦੀ ਅਗਵਾਈ ਨੂੰ ਚੁਣੌਤੀ ਦੇਣਾ ਅਸੰਭਵ ਮੰਨਿਆ ਜਾਂਦਾ ਸੀ, ਪਰ ਉਹਦੇ ਰਾਜ ਦੀਆਂ ਗਲਤੀਆਂ ਤੇ ਜ਼ਿਆਦਤੀਆਂ ਉਸ ਦੇ ਖ਼ਿਲਾਫ ਆਮ ਲੋਕਾਂ ਦੀ ਕੋਈ ਨਾ ਕੋਈ ਲਹਿਰ ਖੜ੍ਹੀ ਹੋਣ ਦਾ ਕਾਰਨ ਬਣਦੀਆਂ ਰਹੀਆਂ ਸਨ। ਇਸ ਦਾ ਕਾਰਨ ਇਹ ਸੀ ਕਿ ਉਸ ਵੇਲੇ ਭਾਰਤ ਵਿਚ ਖੱਬੇ ਤੇ ਸੱਜੇ ਪਾਸੇ ਵਾਲੀਆਂ ਕਈ ਧਿਰਾਂ ਦਾ ਆਮ ਲੋਕਾਂ ਵਿਚ ਏਨਾ ਵੱਡਾ ਆਧਾਰ ਹੁੰਦਾ ਸੀ ਕਿ ਕਦੇ ਖੱਬੀਆਂ ਧਿਰਾਂ ਮੋਰਚਾ ਵਿੱਢ ਲੈਂਦੀਆਂ ਸਨ ਤੇ ਕਦੀ ਸੱਜੇ ਪੱਖੀ ਧਿਰਾਂ ਅੰਦੋਲਨ ਛੇੜ ਲੈਂਦੀਆਂ ਸਨ। ਇੰਦਰਾ ਗਾਂਧੀ ਦੇ ਰਾਜ ਦਾ ਕੋਈ ਸਾਲ ਵੀ ਮੋਰਚਿਆਂ ਅਤੇ ਅੰਦੋਲਨਾਂ ਤੋਂ ਵਾਂਝਾ ਨਹੀਂ ਸੀ ਰਹਿੰਦਾ ਅਤੇ ਫਿਰ ਇੱਕ ਮੌਕੇ ਉਸ ਦੇ ਵਿਰੋਧ ਵਾਸਤੇ ਕਈ ਪਾਰਟੀਆਂ ਨੇ ਮਹਾ-ਗੱਠਜੋੜ ਬਣਾ ਲਿਆ ਸੀ, ਜਿਸ ਦੀ ਅਗਵਾਈ 'ਪਾਰਟੀ ਰਹਿਤ ਲੋਕਤੰਤਰ' ਵਰਗੀ ਧਾਰਨਾ ਦੇ ਪ੍ਰਚਾਰਕ ਜੈ ਪ੍ਰਕਾਸ਼ ਨਾਰਾਇਣ ਨੂੰ ਦਿੱਤੀ ਗਈ ਸੀ। ਲੋਕਾਂ ਨੂੰ ਅੱਜ ਤੱਕ ਇਹ ਗੱਲ ਯਾਦ ਹੈ ਕਿ ਇੰਦਰਾ ਗਾਂਧੀ ਨੇ ਐਮਰਜੈਂਸੀ ਲਾਈ ਸੀ, ਪਰ ਇਹ ਗੱਲ ਯਾਦ ਰੱਖਣ ਦੀ ਲੋੜ ਨਹੀਂ ਜਾਪਦੀ ਕਿ ਇਹ ਉਸ ਨੇ ਲਾਈ ਨਹੀਂ ਸੀ, ਉਸ ਨੂੰ ਲਾਉਣੀ ਪੈ ਗਈ ਸੀ। ਹਾਲੇ ਸਾਢੇ ਤਿੰਨ ਸਾਲ ਪਹਿਲਾਂ ਬੰਗਲਾ ਦੇਸ਼ ਦੀ ਜੰਗ ਜਿੱਤ ਕੇ ਆਪਣੀ ਲੀਡਰੀ ਦਾ ਸਿੱਕਾ ਜਮਾਉਣ ਵਾਲੀ ਇੰਦਰਾ ਗਾਂਧੀ ਵਿਰੋਧੀ ਧਿਰ ਦੀਆਂ ਪਾਰਟੀਆਂ ਦੇ ਨਿੱਤ ਦੇ ਅੰਦੋਲਨਾਂ ਮੂਹਰੇ ਖੁਦ ਨੂੰ ਬੇਵੱਸ ਮਹਿਸੂਸ ਕਰਨ ਲੱਗ ਪਈ ਸੀ ਅਤੇ ਉਸ ਦੇ ਪੁੱਤਰ ਦੀ ਜੁੰਡੀ ਦੀਆਂ ਗਲਤੀਆਂ ਨੇ ਉਸ ਨੂੰ ਐਮਰਜੈਂਸੀ ਲਾ ਕੇ ਆਪਣਾ ਜਲੂਸ ਕਢਵਾਉਣ ਦੇ ਰਾਹ ਪਾ ਦਿੱਤਾ ਸੀ।

ਇਸ ਵੇਲੇ ਭਾਰਤ ਦੀ ਅਗਵਾਈ ਨਰਿੰਦਰ ਮੋਦੀ ਦੇ ਹੱਥ ਹੈ, ਜਿਸ ਦੇ ਪਿੱਛੇ ਜਥੇਬੰਦ ਫੋਰਸ ਖੜ੍ਹੀ ਹੈ ਤੇ ਉਸ ਦੀ ਆਪਣੀ ਸ਼ਖਸੀਅਤ ਇਸ ਵੇਲੇ ਕਈ ਲੋਕਾਂ ਨੂੰ ਇੰਦਰਾ ਗਾਂਧੀ ਤੇ ਜਵਾਹਰ ਲਾਲ ਨਹਿਰੂ ਤੋਂ ਵੀ ਵੱਡੀ ਜਾਪਣ ਲੱਗ ਪਈ ਹੈ। ਇੰਦਰਾ ਗਾਂਧੀ ਤੇ ਜਵਾਹਰ ਲਾਲ ਨਹਿਰੂ ਧਰਮ-ਨਿਰਪੱਖ ਰਾਜਨੀਤੀ ਕਰਨ ਦੇ ਝੰਡਾ ਬਰਦਾਰ ਸਨ, ਭਾਵੇਂ ਵਕਤ ਮੁਤਾਬਕ ਉਹ ਵੀ, ਖਾਸ ਕਰ ਕੇ ਇੰਦਰਾ ਗਾਂਧੀ, ਧਰਮ ਦਾ ਹੱਥਕੰਡਾ ਵਰਤ ਜਾਂਦੀ ਹੁੰਦੀ ਸੀ, ਪਰ ਨਰਿੰਦਰ ਮੋਦੀ ਏਦਾਂ ਦਾ ਨਹੀਂ, ਉਹ ਧਰਮ-ਨਿਰਪੱਖਤਾ ਨੂੰ ਵਿਖਾਵੇ ਦੀ ਗੱਲ ਕਹਿੰਦਾ ਹੈ ਤੇ ਦੇਸ਼ ਦੀ ਬਹੁ-ਗਿਣਤੀ ਦੇ ਧਰਮ ਦਾ ਝੰਡਾ ਚੁੱਕਣ ਤੋਂ ਕਦੇ ਝਿਜਕਿਆ ਹੀ ਨਹੀਂ। ਚੋਣਾਂ ਦੇ ਦੌਰਾਨ ਉਹ ਏਦਾਂ ਦੇ ਨਾਅਰੇ ਜਦੋਂ ਚੁੱਕਦਾ ਹੈ ਕਿ 'ਜਿਹੜੇ ਪਿੰਡ ਵਿਚ ਕਬਰਸਤਾਨ ਹੈ, ਓਥੇ ਸ਼ਮਸ਼ਾਨ ਵੀ ਚਾਹੀਦਾ ਹੈ' ਤਾਂ ਅਰਥ ਇਹ ਨਹੀਂ ਕਿ ਅੱਜ ਤੱਕ ਉਸ ਪਿੰਡ ਵਿਚਲੇ ਲੋਕ ਆਪਣੇ ਮ੍ਰਿਤਕਾਂ ਦਾ ਅੰਤਮ ਸੰਸਕਾਰ ਸ਼ਮਸ਼ਾਨਘਾਟ ਤੋਂ ਬਿਨਾਂ ਕਰਦੇ ਸਨ, ਸਗੋਂ ਇਸ ਬਹਾਨੇ ਉਹ 'ਕਬਰਸਤਾਨ' ਵਾਲਿਆਂ ਅਤੇ 'ਸ਼ਮਸ਼ਾਨ' ਵਾਲਿਆਂ ਵਿਚਾਲੇ ਇੱਕ ਕਤਾਰਬੰਦੀ ਕਰ ਦੇਂਦਾ ਹੈ। ਏਦਾਂ ਦੀ ਕਤਾਰਬੰਦੀ ਹੀ ਉਸ ਦੀ ਰਾਜਨੀਤੀ ਤੇ ਚੋਣ ਪੈਂਤੜੇ ਦਾ ਉਹ ਆਧਾਰ ਹੁੰਦੀ ਹੈ, ਜਿਹੜੀ ਇੰਦਰਾ ਗਾਂਧੀ ਤੇ ਜਵਾਹਰ ਲਾਲ ਨਹਿਰੂ ਕਦੇ ਨਹੀਂ ਸਨ ਕਰ ਸਕਦੇ, ਇਸ ਲਈ ਇਸ ਵੇਲੇ ਨਰਿੰਦਰ ਮੋਦੀ ਅੱਗੇ ਅੜਨ ਵਾਲਾ ਕੋਈ ਛੋਟੇ ਕੱਦ ਵਾਲਾ ਆਗੂ ਨਹੀਂ, ਆਪਣੇ ਅਕਸ ਅਤੇ ਇਸ ਦੇ ਨਾਲ ਆਪਣੇ ਪੈਂਤੜਿਆਂ ਅਤੇ ਲੋਕ-ਭਾਸ਼ਾ ਵਿਚ ਬੋਲ ਸਕਣ ਵਾਲਾ ਆਗੂ ਚਾਹੀਦਾ ਹੈ। ਅੱਜ ਦੀ ਰਾਜਨੀਤਕ ਸਥਿਤੀ ਵਿਚ ਵਿਰੋਧੀ ਧਿਰ ਕੋਲ ਅਜਿਹੇ ਪੱਖ ਤੋਂ ਨਰਿੰਦਰ ਮੋਦੀ ਦੇ ਮੁਕਾਬਲੇ ਦਾ ਲੀਡਰ ਅਜੇ ਉੱਭਰਦਾ ਨਜ਼ਰ ਨਹੀਂ ਪੈਂਦਾ ਤੇ ਉਸ ਦਾ ਮੁਕਾਬਲਾ ਕਰਨ ਜੋਗੇ ਲੀਡਰ ਦੀ ਘਾਟ ਵੀ ਲੋਕਤੰਤਰੀ ਸਰਕਾਰ ਨੂੰ ਨਿਰੰਕੁਸ਼ ਬਣਾ ਸਕਦੀ ਹੈ।

ਦਸ ਸਾਲ ਪਹਿਲਾਂ ਅਸੀਂ ਭ੍ਰਿਸ਼ਟਾਚਾਰ ਵਿਰੋਧ ਦੇ ਨਾਂਅ ਹੇਠ ਬਜ਼ੁਰਗ ਸਮਾਜ ਸੇਵੀ ਅੰਨਾ ਹਜ਼ਾਰੇ ਦੀ ਅਗਵਾਈ ਹੇਠ ਇੱਕ ਲਹਿਰ ਚੱਲਦੀ ਵੇਖੀ ਸੀ, ਜਿਸ ਕਾਰਨ ਇੱਕ ਮੌਕੇ ਪਾਰਲੀਮੈਂਟ ਨੂੰ ਦੇਰ ਰਾਤ ਤੱਕ ਬਹਿ ਕੇ ਉਸ ਦੀਆਂ ਮੰਗਾਂ ਮੰਨ ਲੈਣ ਦਾ ਮਤਾ ਪਾਸ ਕਰਨਾ ਅਤੇ ਉਸ ਦੇ ਮੰਚ ਉੱਤੇ ਇੱਕ ਮੰਤਰੀ ਹੱਥ ਭੇਜਣਾ ਪਿਆ ਸੀ। ਉਹ ਲਹਿਰ ਕੁਝ ਚਿਰ ਬਾਅਦ ਸਮੇਟੀ ਗਈ ਅਤੇ ਉਸ ਵਿਚੋਂ ਇੱਕ ਨਵੀਂ ਸਿਆਸੀ ਧਿਰ ਆਮ ਆਦਮੀ ਪਾਰਟੀ ਨਿਕਲੀ, ਜਿਹੜੀ ਪਹਿਲਾਂ ਚਾਰ ਦਿਨਾਂ ਦੀ ਚਮਕ ਹੀ ਜਾਪਦੀ ਸੀ, ਪਰ ਅੱਜ ਹਕੀਕਤ ਮੰਨੀ ਜਾਣ ਲੱਗ ਪਈ ਹੈ। ਇਹ ਕੋਈ ਇਨਕਲਾਬੀ ਪਾਰਟੀ ਨਹੀਂ ਤੇ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਜਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਇਨਕਲਾਬ ਦੇ ਨਾਅਰੇ ਲਾਉਣ ਨਾਲ ਇਨਕਲਾਬੀ ਨਹੀਂ ਮੰਨੀ ਜਾ ਸਕਦੀ, ਪਰ ਇਸ ਨੇ ਲੋਕਾਂ ਵਿਚ ਇਹ ਆਸ ਜ਼ਰੂਰ ਪੈਦਾ ਕਰ ਵਿਖਾਈ ਹੈ ਕਿ ਜਦੋਂ ਹਰ ਪਾਸੇ ਭਾਜਪਾ ਹੂੰਝਾ ਫੇਰੀ ਜਾ ਰਹੀ ਹੈ, ਉਸ ਅੱਗੇ ਅੜਨ ਵਾਲਾ ਕੋਈ ਹੈ। ਬਹੁਤ ਸਾਰੇ ਲੋਕਾਂ ਦਾ ਵਿਚਾਰ ਹੈ ਕਿ ਕੇਜਰੀਵਾਲ ਵੀ ਇੱਕ ਤਰ੍ਹਾਂ ਭਾਜਪਾ ਦੀ ਬੀ-ਟੀਮ ਹੈ, ਅਸੀਂ ਉਨ੍ਹਾਂ ਦੀ ਰਾਏ ਨਾਲ ਸਹਿਮਤ ਨਹੀਂ, ਕਾਰਨ ਇਸ ਦਾ ਇਹ ਹੈ ਕਿ ਗੁਰੂ ਗੋਲਵਾਲਕਰ ਦੇ ਵਕਤ ਤੋਂ ਇੱਕ ਖਾਸ ਧਰਮ ਦੀ ਸਰਦਾਰੀ ਦੀ ਸੋਚ ਨਾਲ ਪਰੇਡਾਂ ਕਰ ਕੇ ਪ੍ਰਵਾਨ ਚੜ੍ਹਿਆ ਇੱਕ ਖਾਸ ਵਰਗ ਇਸ ਨਵੀਂ ਪਾਰਟੀ ਦੇ ਪਿੱਛੇ ਖੜੋਤਾ ਨਹੀਂ ਦਿਸਦਾ। ਪਰਦੇ ਪਿੱਛੇ ਕੌਣ ਕੀ ਕਰਦਾ ਹੈ, ਇਸ ਨੂੰ ਸਮਝਣਾ ਸਾਡੇ ਲਈ ਮੁਸ਼ਕਲ ਹੋ ਸਕਦਾ ਹੈ, ਪਰ ਦੇਸ਼ ਦੇ ਆਮ ਲੋਕਾਂ ਦਾ ਮੁਹਾਣ ਹੈ ਕਿ ਜਿੰਦਾਂ ਭਾਰਤ ਦੀ ਮੌਜੂਦਾ ਸਰਕਾਰ ਲੋਕਤੰਤਰ ਨੂੰ ਆਪਣੀ ਜਕੜ ਵਿਚ ਰੱਖ ਕੇ ਮਰਜ਼ੀ ਮੁਤਾਬਕ ਚਲਾਉਣ ਦੇ ਯਤਨ ਕਰਦੀ ਹੈ, ਉਸ ਦੇ ਮੂਹਰੇ ਕੋਈ ਸਪੀਡ ਬਰੇਕਰ ਚਾਹੀਦਾ ਹੈ ਤੇ ਉਹ ਸਪੀਡ ਬਰੇਕਰ ਆਮ ਆਦਮੀ ਪਾਰਟੀ ਹੋ ਸਕਦੀ ਹੈ।

ਅਸੀਂ ਇਸ ਸੋਚ ਨਾਲ ਪੂਰੇ ਸਹਿਮਤ ਨਹੀਂ ਹੋ ਸਕੇ, ਪਰ ਪਿਛਲੇ ਦਿਨਾਂ ਦੀਆਂ ਘਟਨਾਵਾਂ ਦੌਰਾਨ ਜਿੰਦਾਂ ਕਾਂਗਰਸ ਦੀ ਲੀਡਰਸ਼ਿਪ ਨੂੰ ਆਪਸ ਵਿਚ ਘੁਲਦੇ ਤੇ ਖੁਰਦੇ ਵੇਖਿਆ ਹੈ, ਜਿਵੇਂ ਰਾਜਾਂ ਦੀ ਉਸ ਦੀ ਲੀਡਰਸ਼ਿਪ ਅਣਹੋਈ ਬਣਦੀ ਵੇਖੀ ਹੈ, ਉਸ ਨੇ ਕਈ ਨਵੇਂ ਸੰਕੇਤ ਦੇਣੇ ਸ਼ੁਰੂ ਕਰ ਦਿੱਤੇ ਹਨ। ਹਿਮਾਚਲ ਪ੍ਰਦੇਸ਼ ਵਿਚ ਅਰਵਿੰਦ ਕੇਜਰੀਵਾਲ ਨੇ ਤਿੰਨ ਰੈਲੀਆਂ ਕੀਤੀਆਂ, ਤਿੰਨੇ ਥਾਂ ਭੀੜਾਂ ਜੁੜੀਆਂ ਵੇਖ ਕੇ ਇੱਕ ਹਫਤੇ ਅੰਦਰ ਭਾਜਪਾ ਵਾਲਿਆਂ ਨੇ ਜਵਾਬੀ ਰੈਲੀਆਂ ਕਰ ਕੇ ਆਪਣੀ ਹੋਂਦ ਵਿਖਾਈ, ਪਰ ਉਸ ਰਾਜ ਵਿਚ ਅੱਜ ਤੱਕ ਦੀ ਮੁੱਖ ਵਿਰੋਧੀ ਧਿਰ ਕਾਂਗਰਸ ਕਿਤੇ ਨਹੀਂ ਰੜਕੀ। ਗੁਜਰਾਤ ਦੇ ਕਾਂਗਰਸੀ ਦਿਲ ਛੱਡੀ ਬੈਠੇ ਹਨ ਅਤੇ ਆਪਸੀ ਲੜਾਈ ਕਾਰਨ ਜਿਹੜਾ ਵੀ ਪਾਰਟੀ ਛੱਡੇ, ਸਿਰਫ ਭਾਜਪਾ ਵੱਲ ਜਾਂਦਾ ਹੈ। ਸ਼ਹਿਰਾਂ ਤੇ ਕਸਬਿਆਂ ਦੀਆਂ ਚੋਣਾਂ ਵਿਚ ਜਦੋਂ ਕਾਂਗਰਸ ਹਰ ਥਾਂ ਪਛੜਦੀ ਜਾਂਦੀ ਹੈ, ਆਮ ਆਦਮੀ ਪਾਰਟੀ ਵੱਧ ਜਾਂ ਘੱਟ ਜਿੰਨੀਆਂ ਵੀ ਸੀਟਾਂ ਲਵੇ, ਕਾਂਗਰਸ ਦੀ ਥਾਂ ਮੱਲਦੀ ਜਾਪਦੀ ਹੈ। ਪਿਛਲੇ ਐਤਵਾਰ ਹਰਿਆਣੇ ਦੇ ਤਿੰਨ ਸ਼ਹਿਰਾਂ ਵਿਚ ਇੱਕੋ ਸਮੇਂ ਤਿੰਨਾਂ ਧਿਰਾਂ ਨੇ ਰੈਲੀਆਂ ਕੀਤੀਆਂ ਤਾਂ ਭਾਜਪਾ ਦੀ ਰੈਲੀ ਆਸ ਮੁਤਾਬਕ ਬਹੁਤ ਤਕੜੀ ਸੀ ਤੇ ਆਮ ਆਦਮੀ ਪਾਰਟੀ ਦਾ ਇਕੱਠ ਵੀ ਬਹੁਤ ਤਕੜਾ ਸੀ, ਪਰ ਕਾਂਗਰਸ ਉਸ ਤਰ੍ਹਾਂ ਦੀ ਭੀੜ ਨਹੀਂ ਜੋੜ ਸਕੀ, ਜਿੱਦਾਂ ਦੀ ਉਸ ਤੋਂ ਆਸ ਕੀਤੀ ਜਾ ਰਹੀ ਸੀ। ਮਰਨੇ ਪਈ ਹੋਈ ਕਾਂਗਰਸ ਪਾਰਟੀ ਨੂੰ ਸੰਭਾਲਣ ਦੀ ਥਾਂ ਇਸ ਦੇ ਉਹ ਆਗੂ ਪਿਛਲੇ ਦਿਨੀਂ ਰਾਜ ਸਭਾ ਸੀਟਾਂ ਲਈ ਵੀ ਇੱਕ ਦੂਸਰੇ ਦੇ ਖੰਭ ਨੋਚਣ ਤੇ ਪਾਰਟੀ ਛੱਡਣ ਲੱਗ ਪਏ, ਜਿਹੜੇ ਪਾਰਟੀ ਦੇ ਭਵਿੱਖ ਵਾਸਤੇ ਹਾਈ ਕਮਾਂਡ ਨਾਲ ਆਢਾ ਲਾਉਣ ਦੇ ਦਾਅਵੇ ਕਰਦੇ ਸਨ। ਸਾਫ ਹੈ ਕਿ ਆਪਸੀ ਆਢਾ ਪਾਰਟੀ ਦੇ ਭਵਿੱਖ ਲਈ ਨਹੀਂ, ਆਪਣੇ ਭਵਿੱਖ ਦੀਆਂ ਲੋੜਾਂ ਵਾਸਤੇ ਲਾਇਆ ਜਾ ਰਿਹਾ ਸੀ। ਫਿਰ ਪਾਰਟੀ ਨੂੰ ਬਚਾਉਣ ਵਾਲਾ ਆਗੂ ਕਿਹੜਾ ਹੈ?

ਬਹੁਤ ਸਾਰੇ ਲੋਕਾਂ ਨੂੰ ਜਾਪਦਾ ਹੈ ਕਿ ਅਗਲੀਆਂ ਲੋਕ ਸਭਾ ਚੋਣਾਂ ਵਿਚ ਹਾਲੇ ਦੋ ਸਾਲ ਦੇ ਕਰੀਬ ਪਏ ਹਨ, ਪਰ ਉਹ ਇਹ ਭੁੱਲ ਜਾਂਦੇ ਹਨ ਕਿ ਅੱਗ ਲੱਗੀ ਤੋਂ ਖੂਹ ਪੁੱਟਣ ਵਾਂਗ ਕਿਸੇ ਵੀ ਚੋਣ ਦੰਗਲ ਦੀ ਤਿਆਰੀ ਸਿਰ ਪਏ ਤੋਂ ਨਹੀਂ ਹੋਇਆ ਕਰਦੀ, ਪਹਿਲਾਂ ਕਰਨੀ ਪੈਂਦੀ ਹੈ ਤੇ ਇਸ ਪੱਖੋਂ ਵਿਰੋਧ ਦੀ ਮੁੱਖ ਧਿਰ ਅਵੇਸਲੀ ਹੈ। ਭਾਰਤ ਅਗਲੇ ਚੋਣ ਘੋਲ ਲਈ ਜਦੋਂ ਤਿਆਰ ਹੁੰਦਾ ਪਿਆ ਹੈ, ਉਸ ਦੀ ਤਿਆਰੀ ਲਈ ਸਿਰਫ ਦੋ ਧਿਰਾਂ ਸਰਗਰਮ ਜਾਪਦੀਆਂ ਹਨ ਅਤੇ ਉਹ ਹਨ ਕੇਂਦਰ ਵਿਚ ਰਾਜ ਕਰਦੀ ਭਾਜਪਾ ਤੇ ਉਸ ਦਾ ਬਦਲ ਬਣਨ ਦੀ ਇੱਛਾ ਰੱਖਦੀ ਆਮ ਆਦਮੀ ਪਾਰਟੀ। ਅਜੋਕੇ ਹਾਲਾਤ ਵਿਚ ਇਹ ਕਹਿਣਾ ਔਖਾ ਹੈ ਕਿ ਆਮ ਆਦਮੀ ਪਾਰਟੀ ਦੀ ਇੱਛਾ ਸਿਰੇ ਚੜ੍ਹੇਗੀ ਜਾਂ ਨਹੀਂ, ਪਰ ਭਾਜਪਾ ਵਿਰੁੱਧ ਪੈਂਤੜੇ ਮੱਲਣ ਵਿਚ ਕਸਰ ਉਹ ਨਹੀਂ ਛੱਡ ਰਹੀ। ਮਜ਼ਬੂਤ ਵਿਰੋਧੀ ਧਿਰ ਕਿਉਂਕਿ ਕਿਸੇ ਪਾਰਟੀ ਦੀ ਨਹੀਂ, ਲੋਕਤੰਤਰ ਦੀ ਲੋੜ ਹੁੰਦੀ ਹੈ, ਭਾਰਤ ਦਾ ਲੋਕਤੰਤਰ ਵੀ ਕੁਝ ਨਾ ਕੁਝ ਰੰਗ ਵਿਖਾਵੇਗਾ ਜ਼ਰੂਰ, ਪਰ ਕਿਹੜੇ, ਪਤਾ ਨਹੀਂ।

## ਕਾਵਿ ਕਿਆਰੀ

### ਇੰਝ ਵਰਤਿਆ ਕਹਿਰ

ਤਿੰਨ ਜੂਨ ਚੌਰਾਸੀ ਵਾਲੀ ਸੀ
ਕਲਮੂੰਹੀ ਸਵੇਰ।
ਚੁਫੇਰੇ ਫਿਰਨ ਫੌਜਾਂ
ਪੰਜਾਬ ਲਿਆ ਆ ਘੇਰ।
ਸੌ ਤੋਂ ਵੱਧ ਗੁਰਦੁਆਰੇ
ਆਣ ਕੇ ਦਬੋਚੇ ਫੇਰ।
ਪੰਜਾਬ 'ਚ ਲੱਗਿਆ
ਕਰਫਿਊ ਨਾ ਲਾਈ ਦੇਰ।

ਵਿਚ ਹਰਿਮੰਦਰ ਸਦਾ
ਕੀਰਤਨ ਹੋਵੇ ਰਸਭਿੰਨ।
ਗੁਰੂ ਅਰਜਨ ਦੇਵ ਜੀ ਦਾ
ਸੀਗਾ ਸ਼ਹੀਦੀ ਦਿਨ।
ਸੰਗਤ ਜੁੜੀ ਸਾਰਾ ਦਿਨ
ਹਰ ਪਲ ਹਰ ਛਿਨ।
ਕਿੱਥੋਂ ਚੰਦਰੀ ਸ਼ਾਮ ਨੂੰ
ਉੱਤਰ ਆਏ ਬਣ ਜਿੰਨ।

ਮੋਟਰ ਸਾਈਕਲ, ਕਾਰਾਂ
ਬੱਸਾਂ, ਗੱਡੀਆਂ ਸੀ ਬੰਦ।
ਹਰ ਕੋਈ ਘਰ ਅੰਦਰ
ਰਹਿਣ ਲਈ ਸੀ ਪਾਬੰਦ।
ਨੂੜ ਦਿਤਾ ਪੰਜਾਬ ਇੰਝ ਸੀ
ਹਾਕਮਾਂ ਦੇ ਫਰਜ਼ੰਦ।
ਹੁਕਮ ਦਿੱਤਾ 'ਗਿਆਨੀ' ਨੇ
ਨਾ ਲਾਈ ਸੀ ਬਿੰਦ।

ਸੁਣ ਕੇ ਖਬਰ ਫੌਜ ਦੀ
ਸੰਗਤ ਹੋ ਗਈ ਸੁੰਨ।
ਲਾ ਪਾਬੰਦੀ ਬਾਹਰ ਆਣ 'ਤੇ
ਅੰਦਰ ਦਿੱਤੀ ਤੁੰਨ।
ਨਿਕਲੂ ਜੋ ਬਾਹਰ
ਗੋਲੀਆਂ ਨਾਲ ਦੇਵਾਂਗੇ ਭੁੰਨ।
ਦਿੱਤਾ ਹੁਕਮ 'ਦਿਆਲ' ਨੇ
ਸੁਣੋ ਸਾਰੇ ਕਾਰਕੁਨ।
ਹਫੜਾ-ਦਫੜੀ ਮਚੀ
ਫਿਰ ਅੰਦਰ ਦਰਬਾਰ।
ਬਾਹਰ ਨਾ ਜਾਓ ਸੰਗਤੋ
ਹੋਣ ਲੱਗਾ ਪਰਚਾਰ।
ਵਾਹਿਗੁਰੂ ਦਾ ਜਾਪ ਕਰੋ
ਭਲੀ ਕਰੇ ਕਰਤਾਰ!
ਚਿੰਤਾ ਛੱਡ ਅਚਿੰਤ ਹੋ
ਰੱਖੇਗਾ ਸਿਰਜਣਹਾਰ!

ਇੰਝ ਫਿਰ ਹੱਲਾ ਬੋਲਿਆ
ਹਿੰਦੁਸਤਾਨ ਦੀ ਫੌਜ।
ਸਿੰਘ ਸਮਝ ਗਏ ਕਿ
ਅਕਾਲ ਪੁਰਖ ਦੀ ਮੌਜ।
ਚੱਲੀਆਂ ਗੋਲੀਆਂ ਦੋ ਪਾਸਿਉਂ
ਇਵੇਂ ਚਾਰ ਰੋਜ਼।
ਲਾਸ਼ਾਂ ਦੇ ਸੱਥਰ ਵਿਛੇ
ਤੱਕ ਉੱਡ ਗਏ ਹੋਸ਼।

ਤੋਪਾਂ ਦੀ ਗੂੰਜ ਸੁਣਾਈ ਦਿੱਤੀ
ਧੁਰ ਅੰਮ੍ਰਿਤਸਰ।
ਲਹੂ ਨਾਲ ਸਿੰਜਿਆ ਗਿਆ
ਸਿਫ਼ਤੀ ਦਾ ਘਰ।
ਅਪਵਿੱਤਰ ਹੋਈ ਪਰਿਕਰਮਾ
ਨਾਲੇ ਹੋਇਆ ਸਰ।
ਘੱਲੂਘਾਰਾ ਅਸਹਿ ਸੀ
ਆਪਣੇ ਹੀ ਗਏ ਕਰ।

**-ਸੇਵਾ ਸਿੰਘ 'ਨੂਰਪੁਰੀ'**

---

### ਆਦਮ-ਬੋਅ

ਤੋਤੇ ਨੂੰ ਪਈ ਮੈਨਾਂ ਪੁੱਛਦੀ,
ਕਿਉਂ ਸਾਰੀ ਕਾਇਨਾਤ ਹੈ ਰੁੱਸਗੀ
ਨਾ ਕੋਈ ਬੋਲੇ, ਨਾ ਕੋਈ ਹੱਸੇ,
ਦਿਲ ਦੀ ਗੱਲ ਨਾ ਕੋਈ ਦੱਸੇ।

ਨਾ ਕੋਈ ਝਰਨਾ ਕਲ-ਕਲ ਵਗਦਾ,
ਨਾ ਸੀਤਲ ਕੋਈ ਪੌਣ ਵਗੇਂਦੀ।
ਨਾ ਬਾਬਲ ਦੇ ਵਿਹੜੇ ਵਿਚ ਅੱਜ,
ਧੀ-ਰਾਣੀ ਕੋਈ ਰਾਗ ਗਵੇਂਦੀ!

ਪੰਛੀ ਨੇ ਅੱਜ ਕਿਉਂ ਕੁਰਲਾਉਂਦੇ,
ਲੱਗਦਾ ਹੈ ਕੁਛ ਕਹਿਣਾ ਚਾਹੁੰਦੇ?
ਕੋਇਲ ਵੀ ਅੱਜ ਕਿਉਂ ਵੈਣ ਜੇ ਪਾਵੇ,
ਗਾਉਣਾ ਕਾਹਤੋਂ ਭੁੱਲਦੀ ਜਾਵੇ?

ਬੁਲਬੁਲ ਬੈਠੀ ਹੰਝੂ ਕੇਰੇ,
ਲੱਗਦੈ ਭੁੱਲਗੀ ਖੁਸ਼ੀਆਂ ਖੇੜੇ
ਮੋਰ ਵੀ ਭੁੱਲਿਆ ਪੈਲ੍ਹਾਂ ਪਾਉਣੋ,
ਕੁਦਰਤ ਭੁੱਲਗੀ ਨਾਦ ਵਜਾਉਣੋ

ਐਡੀ ਕੀ ਅੱਜ ਆਫ਼ਤ ਆ-ਗੀ?
ਜੱਗ 'ਤੇ ਐਡੀ ਚੁੱਪ ਕਿਉਂ ਛਾਅ-ਗੀ?
ਹਵਾ ਕੀਰਨੇ ਪਾਉਂਦੀ ਵਗਦੀ,
ਪਤਾ ਨੀ ਕੀ ਇਹਨੂੰ ਚੋਂਧੀ ਲੱਗ-ਗੀ?

ਨਾ ਕੋਈ ਕਾਗ ਸੁਨੇਹਾ ਦਿੰਦੇ,
ਬੈਠ ਬਨੇਰੀਂ ਹੰਝੂ ਕੇਰਨ
ਘੋਰ ਉਦਾਸ ਚਕੋਰਾਂ ਵੀ ਅੱਜ,
ਕਾਹਤੋਂ ਚੰਦ ਤੋਂ ਮੂੰਹ ਜਿਹਾ ਫੇਰਨ?

ਕੀ ਹੈ ਦੁਖੜਾ ਇਨ੍ਹਾਂ ਦਾ ਦੱਸ,
ਕਿਉਂ ਸਾਰੇ ਇਹ ਦੁਖੀ ਨੇ ਹੋਏ?
ਚਿੜੀਆਂ ਵੀ ਨਾ ਚੂਕਦੀਆਂ ਅੱਜ,
ਕਿਹੜੇ ਦਰਦ ਨੇ ਜਿਗਰ ਸਮੋਏ??

ਜਾਂ ਪ੍ਰਹਿਲਾਦ ਕੋਈ ਥੰਮ੍ਹ ਹੈ ਬੱਧਾ,
ਜਾਂ ਗੁਰੂ ਦਾ ਲਾਲ ਕੋਈ ਫ਼ੜਿਆ?
ਜਾਂ ਕੋਈ ਤੱਤੀ ਤਵੀ ਬਿਠਾਇਆ,
ਜਾਂ ਕੋਈ ਈਸਾ ਸੂਲੀ ਚੜ੍ਹਿਆ?

ਜਾਂ ਕੰਧਾਂ ਵਿਚ ਚਿਣ-ਤਾ ਕੋਈ,
ਜਾਂ ਰਾਜਾ, ਜਾਂ ਬਲੀ ਕੋਈ ਮੋਇਆ?
ਜਾਂ ਕੋਈ ਸੂਰਜ ਟੁਕੜੇ ਕਰਤਾ,
ਜਾਂ ਚੰਦਰਮਾ ਫੱਟੜ ਹੋਇਆ?

ਜਾਂ ਫਿਰ ਮੁੜ ਅਬਦਾਲੀ ਆਇਆ,
ਮੱਸਾ ਰੰਘੜ ਕਿਸੇ ਨੇ ਤੱਕਿਆ
ਜਾਂ ਫ਼ਿਰ ਨੰਨ੍ਹੇ ਬਾਲ ਦਾ ਦਿਲ ਅੱਜ,
ਫ਼ੇਰ ਬਾਪ ਦੇ ਮੂੰਹ ਵਿਚ ਧੱਕਿਆ?

ਐਡੀ ਕੀ ਅਣਹੋਣੀ ਬੀਤੀ,
ਐਨਾ ਸੋਗ ਕਿਉਂ ਜੱਗ ਨੇ ਕਰਿਆ?
ਜਾਂ ਕਿਸੇ ਵਿਧਵਾ ਮਾਤਾ ਦਾ,
ਕੋਈ ਅਕੇਲਾ ਪੁੱਤਰ ਮਰਿਆ?

ਜੱਗੋਂ ਤੇਰ੍ਹਵੀਂ ਹੋਗੀ ਮੈਨਾਂ?
ਧਰਤੀ ਅਤੇ ਪਤਾਲ ਹੈ ਰੋਂਦਾ
ਰੈਣਾਂ ਨੂੰ ਦਿਨ ਪੀੜ ਸੁਣਾਵੇ,
ਸੀਨੇਂ ਤੱਤੀ ਸੀਖ ਪਰੋਂਦਾ।

ਕਟਕ ਫੌਜ ਦੇ ਚੜ੍ਹ ਕੇ ਆਏ,
ਦਿੱਲੀਓਂ ਚੱਲੀ ਧਾੜ ਨੀ ਮੈਨਾਂ
ਦੁੱਧ ਚੁੰਘਦੇ ਉਨ੍ਹਾਂ ਬੱਚੇ ਮਾਰੇ,
ਸੀਨਾ ਹੋਇਆ ਭਰਾੜ੍ਹ ਨੀ ਮੈਨਾਂ।

ਐਡਾ ਕਹਿਰ ਹਰਿਮੰਦਰ ਵਰ੍ਹਿਆ,
ਗੋਲੇ ਦਾਗੇ, ਸੰਗਤ ਮਾਰੀ
ਆਦਮ ਨਾ ਅੱਜ ਰੱਬ ਤੋਂ ਡਰਦਾ,
ਕਰਨੀ ਭਰਨੀ ਪੈਣੀ ਭਾਰੀ
ਕਿਸੇ ਦੇ ਹੱਥ ਵਿਚ ਜਾਮ ਛਲਕਦਾ।

ਕੋਈ ਪਿਆ ਕਿਤੇ ਲੱਡੂ ਵੰਡੇ
ਦਿੱਲੀ ਘਰ ਚਿਰਾਗ ਪਏ ਬਲਦੇ,
ਚੁੱਲ੍ਹੇ ਨੇ ਪਏ ਸਾਡੇ ਠੰਢੇ
ਬੰਦੇ ਨਾਲੋਂ ਪੰਛੀ ਚੰਗੇ।

ਜਿਹੜੇ ਪੀੜ ਦਿਲਾਂ ਦੀ ਜਾਣਣ
ਕਈ ਜਿੰਨ ਦਿੱਲੀ ਵਿਚ ਬੈਠੇ,
ਸੁਣ-ਸੁਣ ਖ਼ਬਰਾਂ ਖੁਸ਼ੀਆਂ ਮਾਨਣ
'ਆਦਮ ਬੋ-ਆਦਮ ਬੋ' ਕਰਦਾ,
ਪਾਪੀ ਕੀ-ਕੀ ਪਾਪ ਕਮਾਉਂਦਾ,
ਤਖਤਾਂ ਦੇ ਓਸ ਤਖਤ ਦੇ ਅੱਗੇ,
'ਜੱਗੀ ਕੁੱਸਾ' ਸੀਸ ਝੁਕਾਉਂਦਾ।

**-ਸ਼ਿਵਚਰਨ ਜੱਗੀ ਕੁੱਸਾ**

---

### ਸਲਾਮ ਮੂਸੇਵਾਲਿਆ

ਬੱਚਾ, ਬੁੱਢਾ, ਗੱਭਰੂ ਜਵਾਨ ਰੋਇਆ ਏ
ਤੇਰੇ ਜਾਣ ਮਗਰੋਂ ਜਹਾਨ ਰੋਇਆ ਏ।
ਉਸਾਰਿਆ ਜੋ ਚਾਵਾਂ ਦੀਆਂ,
ਇੱਟਾਂ ਚਿਣ ਕੇ
ਲਾਸ਼ ਤੇਰੀ ਦੇਖ ਕੇ, ਮਕਾਨ ਰੋਇਆ ਏ।

ਮਾਂ ਦੀਆਂ ਧਾਹਾਂ ਅਤੇ ਹੰਝੂ ਤੱਕ ਬਾਪ ਦੇ
ਜਲ ਰਿਹਾ ਅੱਜ ਸ਼ਮਸ਼ਾਨ ਰੋਇਆ ਏ।
ਆਹ ਅੱਜ ਕਿਸ ਦਾ ਜਨਾਜ਼ਾ ਉੱਠਿਆ,
ਦੇਖ ਕੇ ਇਕੱਠ ਅਸਮਾਨ ਰੋਇਆ ਏ।

ਸੁਪਨੇ ਸੰਜੋਏ ਜਿਸ ਚੂੜੇ ਵਾਲੀ ਨੇ
ਦਫ਼ਨ ਹੋਇਆ ਉਹਦਾ
ਅਰਮਾਨ ਰੋਇਆ ਏ।

ਪਿੱਠਾਂ ਪਿੱਛੇ ਜਿਨ੍ਹਾਂ ਤੈਨੂੰ,
ਰੱਜ ਰੱਜ ਭੰਡਿਆ
ਟੁੱਟਾ ਹੋਇਆ ਉਨ੍ਹਾਂ ਦਾ
ਗੁਮਾਨ ਰੋਇਆ ਏ।

ਹਲ ਫਾਲੇ ਜੀਪਾਂ ਤੇ,
ਟਰੈਕਟਰ ਟਰਾਲੀਆਂ
ਸੁੰਨੇ ਵਿਹੜੇ ਵਿੱਚ ਪਿਆ,
ਉਹ ਸਾਮਾਨ ਰੋਇਆ ਏ।

ਪਿੰਡ ਵਿਚੋਂ ਉੱਠ ਝੰਡਾ,
ਗੱਡਿਆ ਜਹਾਨ 'ਤੇ
ਕੁਲਵੀਰ ਤੈਨੂੰ ਕਰ ਕੇ
ਸਲਾਮ ਰੋਇਆ ਏ।

**-ਕੁਲਵੀਰ ਸਿੰਘ ਡਾਨਸੀਵਾਲ**
ਫੋਨ: 778 863 2472

# ਕਹਾਣੀ

# ਲਾਲਚ ਤਾਂ ਥੋੜ੍ਹਾ ਵੀ ਬੁਰਾ

'ਹੈਲੋ'

'ਹਾਂ ਬਾਈ ਕੌਣ ਬੋਲਦੈ?' ਬੰਤੋ ਨੇ ਪੁੱਛਿਆ।

'ਮੈਂ ਫਲਾਣੀ ਕੰਪਨੀ ਦੇ ਦਫ਼ਤਰ ਵਿਚੋਂ ਬੋਲ ਰਿਹਾ ਹਾਂ। ਆਪ ਜੀ ਨੂੰ ਇਕ ਸਕੀਮ ਬਾਰੇ ਦੱਸਣਾ ਚਾਹੁੰਦਾ ਹਾਂ। ਮੈਮ! ਇਹ ਸਿਰਫ ਤੁਹਾਡੇ ਲੱਕੀ ਨੰਬਰ 'ਤੇ ਹੀ ਆਈ ਹੈ ਜੀ।'

'ਮੈਨੂੰ ਨਹੀਂ ਸਮਝ ਲੱਗਦੀ ਭਾਈ ਕੀ ਕਹਿ ਰਿਹੈਂ ਤੂੰ।' ਬੰਤੋ ਨੂੰ ਗੱਲ ਸਮਝ ਨਹੀਂ ਸੀ ਆ ਰਹੀ।

'ਪਲੀਜ਼ ਫੋਨ ਨਾ ਕੱਟਿਓ... ਤੁਹਾਡੇ ਫਾਇਦੇ ਦੀ ਗੱਲ ਹੈ।' ਫੋਨ ਕਰਨ ਵਾਲੇ ਨੇ ਕਿਹਾ।

'ਸਾਡੇ ਫਾਇਦੇ ਦੀ? ...ਕਿਵੇਂ ਭਾਈ?'

**ਅੰਮ੍ਰਿਤ ਕੌਰ ਸ਼ੇਰਗਿੱਲ**

ਫਾਇਦੇ ਦੀ ਗੱਲ ਸੁਣ ਕੇ ਬੰਤੋ ਨੇ ਫੋਨ ਨਾ ਕੱਟਿਆ।

'ਮੇਰੀ ਗੱਲ ਧਿਆਨ ਨਾਲ ਸੁਣਨਾ, ਤੁਸੀਂ ਸਿਰਫ ਫੋਨ ਸੁਣਨਾ ਹੈ... ਜੋ ਤੁਹਾਡੇ ਫੋਨ 'ਤੇ ਆਵੇਗਾ, ਤੁਹਾਡੇ ਫੋਨ ਵਿਚ ਪੈਸੇ ਅਸੀਂ ਪਵਾ ਦਿਆ ਕਰਾਂਗੇ ਤੁਸੀਂ ਸਿਰਫ ਗੱਲ ਸੁਣਨੀ ਹੋਇਆ ਕਰੇਗੀ?'

'ਅਸੀਂ ਤਾਂ ਭਾਈ ਬਾਹਰਲੇ ਦੇਸ਼ ਵੀ ਗੱਲ ਕਰਨੀ ਹੁੰਦੀ ਹੈ...।'

ਬੰਤੋ ਨੇ ਸੋਚਿਆ ਕਿਤੇ ਭਾਈ ਬਾਅਦ ਵਿਚ ਇਹ ਨਾ ਕਹਿ ਦੇਵੇ ਕਿ ਤੁਸੀਂ ਪਹਿਲਾਂ ਕਿਉਂ ਨਹੀਂ ਦੱਸਿਆ। ਉਸ ਨੇ ਅਜੇ ਗੱਲ ਪੂਰੀ ਵੀ ਨਹੀਂ ਸੀ ਕੀਤੀ ਆਵਾਜ਼ ਆਈ।

'ਜੋ ਵੀ ਤੁਹਾਡਾ ਮੋਬਾਈਲ ਖਰਚਾ ਹੋਵੇਗਾ ਅਸੀਂ ਦਿਆ ਕਰਾਂਗੇ।' ਭਾਈ ਨੇ ਕਾਫ਼ੀ ਗੱਲਾਂ ਬੰਤੋ ਨੂੰ ਸਮਝਾਈਆਂ।

'ਠੀਕ ਐ ਭਾਈ...।'

ਬੰਤੋ ਖ਼ੁਸ਼ੀ ਨਾਲ ਹੁੱਬ ਕੇ ਬੋਲੀ।

'ਸ਼ੁਕਰੀਆ ਜੀ।' ਕਹਿ ਕੇ ਭਾਈ ਨੇ ਫੋਨ ਕੱਟ ਦਿੱਤਾ।

ਬੰਤੋ ਸੋਚ ਰਹੀ ਸੀ ਘਰੇ ਬੈਠੇ ਬਿਠਾਏ ਚਲੋ ਉਸ ਨੇ ਮੋਬਾਈਲ ਦਾ ਖਰਚਾ ਤਾਂ ਘੱਟ ਕੀਤਾ।

'ਕਿਸੇ ਕੌਂਪਨੀ ਆਲੇ ਭਾਈ ਦਾ ਫੋਨ ਤੀ... ਕਹਿੰਦਾ ਆਪੇ ਪੈਸੇ ਪਵਾਊਂ ਥੋਡੇ ਫੋਨ 'ਚ... ਬਸ ਤੁਸੀਂ ਘੜੀ ਦੀ ਘੜੀ ਗੱਲ ਸੁਣਨੀ ਐ... ਜਿੰਨੀ ਵਾਰੀ ਫੋਨ ਆਊਗਾ ਤੁਸੀਂ ਚੁੱਕਣਾ... ਬਸ ਨਰਮਾਈ ਤੇ ਪਿਆਰ ਨਾਲ ਗੱਲ ਕਰਨੀ ਐ।' ਉਹ ਨੂੰਹ ਨੂੰ ਦੱਸਣ ਲੱਗੀ।

'ਬੇਬੇ ਕੋਈ ਹੋਰ ਨਾ ਪੰਗਾ ਪਾ ਲਈਂ।' ਨੂੰਹ ਬੋਲੀ।

'ਤੂੰ ਤਾਂ ਬਾਰਾਂ ਪੜ੍ਹ ਕੇ ਵੀ ਅਨਪੜ੍ਹਾਂ ਵਰਗੀ ਹੀ ਰਹੀਂ।' ਬੰਤੋ ਨੇ ਨੂੰਹ ਦੀ ਗੱਲ 'ਤੇ ਮੂੰਹ ਜਿਹਾ ਮਰੋੜ ਕੇ ਆਖਿਆ। ਉਸ ਤੋਂ ਖ਼ੁਸ਼ੀ ਸੰਭਾਲੀ ਨਹੀਂ ਸੀ ਜਾ ਰਹੀ। ਆਪਣੀ ਸਿਆਣਪ 'ਤੇ ਉਸ ਨੂੰ ਫਖ਼ਰ ਮਹਿਸੂਸ ਹੋ ਰਿਹਾ ਸੀ। ਉਸ ਦਾ ਦਿਲ ਕਰਦਾ ਸੀ ਕਿ ਉਹ ਉੱਡ ਕੇ ਖੇਤ ਚਲੀ ਜਾਵੇ, ਆਪਣੇ ਪਤੀ ਨੂੰ ਦੱਸੇ ਕਿ ਹੁਣ ਫੋਨ ਵਿਚ ਪੈਸੇ ਪਵਾਉਣ ਦੀ ਲੋੜ ਨਹੀਂ... ਉਸ ਨੇ ਇੰਤਜ਼ਾਮ ਕਰ ਲਿਆ।

ਬੰਤੋ ਅਜੇ ਸੋਚ ਰਹੀ ਸੀ ਕਿ ਫੋਨ ਦੀ ਘੰਟੀ ਵੱਜੀ, ਉਹ ਇਕਦਮ ਤ੍ਰਭਕ ਗਈ। ਉਸ ਨੇ ਫਿਰ ਚੰਗੀ ਤਰ੍ਹਾਂ ਕੰਨ ਨੰਗੇ ਕਰ ਕੇ ਫੋਨ ਕੰਨ 'ਤੇ ਲਾਇਆ ਤੇ ਪਿਆਰ ਨਾਲ 'ਹੈਲੋ' ਕਿਹਾ।

'ਆਪ ਕਾ ਨਾਮ ਕਿਆ ਹੈ...?' ਅੱਗੋਂ ਆਵਾਜ਼ ਆਈ।

'ਜੀ ਮੇਰਾ ਨਾਮ...।' ਬੰਤੋ ਚੁੱਪ ਕਰ ਗਈ ਤੇ ਸੋਚਣ ਲੱਗੀ...ਵਿਆਹ ਵੇਲੇ ਉਸ ਦਾ ਨਾਂ ਕੁਲਵੰਤ ਸੀ ਬੰਤੋ ਤਾਂ ਬਾਅਦ ਵਿਚ ਕਹਿਣ ਲੱਗ ਪਏ ਸੀ।

'ਆਪ ਕੁਛ ਬੋਲ ਕਿਉਂ ਨਹੀਂ ਰਹੇ?'

'ਜੀ ਕੁਲਵੰਤ ...।'

'ਵਾਓ!... ਕਿਤਨਾ ਸੁੰਦਰ, ਕਿਤਨਾ ਪਿਆਰਾ ਨਾਮ ਹੈ ਆਪ ਕਾ।' ਬੰਤੋ ਦੀਆਂ ਲੱਤਾਂ ਕੰਬਣ ਲੱਗ ਪਈਆਂ ਏਨੇ ਪਿਆਰ ਨਾਲ ਤਾਂ ਕਦੇ ਦੀਪੇ ਦੇ ਬਾਪੂ ਨੇ ਵੀ ਉਸ ਦੇ ਨਾਂ ਦੀ ਤਾਰੀਫ਼ ਨਹੀਂ ਸੀ ਕੀਤੀ।

'ਕਾਮ ਕਿਆ ਕਰਤੇਹੋ ?'

'ਕੰਮ ਤਾਂ ਭਾਈ ਘਰ ਦਾ ਸਾਰਾ ਹੀ ਕਰਦੀ ਆਂ। ਮੈਂ ਲੋਕਾਂ ਦੀਆਂ ਬੁੜ੍ਹੀਆਂ ਆਂਗੂੰ ਨੂੰਹ ਦੇ ਸਿਰ 'ਤੇ ਨਹੀਂ ਛੱਡਦੀ ਸਾਰਾ ਕੰਮ। ਧਾਰਾਂ ਵੀ ਆਪ ਕੱਢਦੀਆਂ, ਗੋਹਾ ਕੂੜਾ ਵੀ ਸਿੱਟ ਦਿੰਨੀ ਆਂ...।' ਕੰਮ ਗਿਣਾਉਂਦਿਆਂ ਬੰਤੋ ਨੂੰ ਪਤਾ ਹੀ ਨਹੀਂ ਲੱਗਿਆ ਕਿਹੜੇ ਵੇਲੇ ਅਗਲੇ ਨੇ ਫੋਨ ਕੱਟ ਦਿੱਤਾ। ਸੋਚ ਰਹੀ ਸੀ 'ਕਿੰਨਾ ਮਿੱਠਾ ਬੋਲਦੇ ਨੇ ਲੋਕ। ਸਾਡੇ ਵਾਲਿਆਂ ਨੂੰ ਤਾਂ ਪਿਆਰ ਨਾਲ ਬੋਲਣਾ ਈ ਨ੍ਹੀਂ ਆਉਂਦਾ... ਉੱਖੜੇ ਕੁਹਾੜੇ ਆਂਗੂੰ ਪੈਂਦੇ ਨੇ।' ਬੰਤੋ ਨੇ ਫਹੁੜਾ ਚੁੱਕਿਆ, ਮੱਝਾਂ ਦਾ ਗੋਹਾ ਹਟਾਉਣ ਲੱਗੀ। ਘੰਟੀ ਫਿਰ ਵੱਜੀ ਨੂੰਹ ਨੇ ਫ਼ੋਨ ਚੁੱਕਿਆ।

'ਹੈਲੋ... ਜੀ ਆਪ ਕਾ ਨਾਮ ਕਿਆ ਹੈ?' ਫੋਨ ਕਰਨ ਵਾਲੇ ਨੇ ਪੁੱਛਿਆ।

'ਤੂੰ ਨਾਮ ਤੋਂ ਕੀ ਲੈਣਾ ਵੀਰੇ... ਗੱਲ ਕੀਹਦੇ ਨਾਲ ਕਰਨੀ ਐ ਉਹ ਦੱਸ?' ਨੂੰਹ ਨੇ ਆਖਿਆ।

'ਵੀਰਾ ਨਹੀਂ ਸਿਰਫ ਫਰੈਂਡ...। ' ਅੱਗੋਂ ਅਵਾਜ਼ ਆਈ।

ਵਹੁਟੀ ਨੇ ਫੋਨ ਕੱਟ ਦਿੱਤਾ ਤੇ ਗੁੱਸੇ ਵਿਚ ਬੁੜ ਬੁੜ ਕਰਦੀ ਰਹੀ... .ਲੱਗਦਾ ਫਰੈਂਡ ਦਾ... ਲੱਤਾਂ ਤੁੜਵਾਉਣੀਆਂ ਹੋਣਗੀਆਂ...।'

'ਕੀ ਹੋ ਗਿਆ ਕੁੜੇ ਤੈਨੂੰ?' ਬੰਤੋ ਨੂੰਹ ਨੂੰ ਬੁੜਬੁੜ ਕਰਦਿਆਂ ਦੇਖ ਕੇ ਪੁੱਛਣ ਲੱਗੀ।

'ਹੋਣਾ ਕੀ ਐ... ਕਿਸੇ ਦਾ ਫ਼ੋਨ ਆਇਆ ਸੀ, ਮੇਰਾ ਨਾਂ ਪੁੱਛਦਾ ਸੀ ਟੁੱਟ ਪੈਣਾ...।

'ਫੇਰ ਤਾਂ ਮੇਰਾ ਫੋਨ ਹੋਊ।' ਬੰਤੋ ਨੇ ਕਿਹਾ।

'ਤੂੰ ਬੇਬੇ ਐਹੋ ਜੇ ਫੋਨ ਸੁਣਦੀ ਐਂ?'

'ਨਾ ਨਾ ਮੈਂ ਕਾਹਨੂੰ ਸੁਣਦੀਆਂ।' ਕਹਿ ਕੇ ਬੰਤੋ ਕੰਮ ਕਰਨ ਜਾ ਲੱਗੀ। ਫੋਨ ਦੀ ਘੰਟੀ ਫਿਰ ਵੱਜੀ ਪੋਤੇ ਨੇ ਫ਼ੋਨ ਚੁੱਕਿਆ। ਉਹ ਕਾਫ਼ੀ ਸਮਾਂ ਗੱਲਾਂ ਕਰਦਾ ਰਿਹਾ। ਬੰਤੋ ਨੇ ਪੁੱਛਿਆ, 'ਕੀਹਦਾ ਫੋਨ ਐ?'

ਪਰ ਮੁੰਡੇ ਨੇ ਚੁੱਪ ਰਹਿਣ ਦਾ ਇਸ਼ਾਰਾ ਕੀਤਾ ਤੇ ਥੋੜ੍ਹੀ ਦੇਰ ਬਾਅਦ ਫੋਨ ਫੜੀ ਆਪਣੀ ਭੈਣ ਨੂੰ ਹਾਕਾਂ ਮਾਰਨ ਲੱਗ ਪਿਆ ਕੁੜੀ ਨੂੰ ਫੋਨ ਜਾ ਫੜਾਇਆ।

ਮਾਂ ਨੇ ਪੁੱਛਿਆ, 'ਉਹਦੀ ਸਹੇਲੀ ਦਾ ਫੋਨ ਤੀ ਵੇ?'

'ਪਤਾ ਨਹੀਂ ਸਾਰਿਆਂ ਬਾਰੇ ਪੁੱਛ ਕੇ ਕਹਿੰਦਾ ਤੇਰੀ ਦੀਦੀ ਨਾਲ ਗੱਲ ਕਰਾ।'

ਮਾਂ ਨੇ ਮੱਥੇ 'ਤੇ ਹੱਥ ਮਾਰਿਆ ਤੇ ਕੁੜੀ ਵੱਲ ਭੱਜੀ। ਕੁੜੀ ਤੋਂ ਫੋਨ ਖੋਹ ਲਿਆ। ਕੁੜੀ ਘਬਰਾਈ ਜਿਹੀ ਆਵਾਜ਼ ਵਿਚ ਬੋਲੀ, 'ਮੰਮੀ! ਪਤਾ ਨ੍ਹੀਂ ਕੀਹਦਾ ਫੋਨ ਫੜਾ ਗਿਆ ਮੈਨੂੰ।'

'ਗਲਤ ਫੋਨ ਆਉਂਦੇ ਨੇ ਪੁੱਤ... ਆਪਣੇ ਨੰਬਰ 'ਤੇ, ਤੂੰ ਨਾ ਚੱਕਿਆ ਕਰ।'

ਅੱਧੇ ਕੁ ਘੰਟੇ ਬਾਅਦ ਫੋਨ ਫੇਰ ਨੂੰਹ ਨੇ ਚੁੱਕਿਆ,

'ਜੀ ਕੁਲਵੰਤ ਜੀ ਸੇ ਬਾਤ ਕਰਵਾਈਏ ਪਲੀਜ਼।' ਨੂੰਹ ਨੇ ਬੰਤੋ ਨੂੰ ਪੁੱਛਿਆ, 'ਬੇਬੇ ਆਪਣੇ




ਕੁਲਵੰਤ ਕੌਣ ਐ?'

ਬੰਤੋ ਨੇ ਫੋਨ ਫੜ ਕੇ 'ਹੈਲੋ' ਕਿਹਾ।

'ਆਪ ਕੁਲਵੰਤ ਜੀ ਬੋਲ ਰਹੇ ਹੋ?'

'ਹਾਂ ਜੀ'

'ਆਪ ਕੋ ਹਿੰਦੀ ਬੋਲਨੀ ਨਹੀਂ ਆਤੀ' ਭਾਈ ਨੇ ਕਿਹਾ।

'ਘੱਟ ਆਤੀ ਹੈ ਜੀ।'

'ਚਲੋ ਮੈਂ ਪੰਜਾਬੀ ਮੇਂ ਹੀ ਬਾਤ ਕਰੂੰਗਾ.... ਕੁਲਵੰਤ ਜੀ, ਤੁਹਾਡਾ ਨਾਮ ਬਹੁਤ ਪਿਆਰਾ ਹੈ। ਲੱਗਦਾ ਹੈ ਜਿੰਨਾ ਪਿਆਰਾ ਨਾਮ ਹੈ, ਇੰਨੇ ਹੀ ਪਿਆਰੇ ਤੁਸੀਂ ਹੋਵੋਗੇ।' ਬੰਤੋ ਫਿਰ ਸੋਚਣ ਲੱਗੀ.... ਮਨਾਂ ਤੇਰੀ ਤਾਂ ਕਦੇ ਕਿਸੇ ਨੇ ਕਦਰ ਈ ਨ੍ਹੀਂ ਪਾਈ, ਇੰਨੇ ਪਿਆਰ ਨਾਲ ਸਾਰੀ ਉਮਰ ਉਈਂ ਨੀਂ ਕਦੇ ਕਿਸੇ ਨੇ ਗੱਲ ਕੀਤੀ। ਐਨੇ ਪਿਆਰ ਨਾਲ ਉਸ ਨੂੰ ਕੋਈ ਬੋਲੇ ਹਜ਼ਮ ਨਹੀਂ ਸੀ ਹੋ ਰਿਹਾ ਲੱਗਦਾ। ਉਸ ਨੂੰ ਲੱਗਿਆ ਜਿਵੇਂ ਉਸ ਦੇ ਢਿੱਡ ਵਿਚ ਵੱਟ ਜਿਹੇ ਪੈਂਦੇ ਹੋਣ।

'ਹੈਲੋ...ਹੈਲੋ.... ਕੁਲਵੰਤ ਜੀ ਮੇਰੀ ਗੱਲ ਸੁਣ ਰਹੇ ਓ ਨਾ?'

'ਹਾਂ ਜੀ, ਹਾਂ ਜੀ।' ਉਹ ਜਿਵੇਂ ਕਿਸੇ ਨੀਂਦ ਵਿਚੋਂ ਜਾਗੀ ਹੋਵੇ। 'ਹਾਏ ਰੱਬਾ ..ਕੁਲਵੰਤ ਜੀ... ਕਹਿ ਕੇ ਬੋਲ ਰਿਹੈ ਭਾਈ। ਕਿੰਨੀ ਮਿੱਠੀ ਬੋਲੀ।' ਉਹ ਸੋਚ ਰਹੀ ਸੀ।

'ਕੁਲਵੰਤ ਜੀ, ਤੁਸੀਂ ਵੀ ਕੁਛ ਕਹੋ। ਮੈਂ 'ਕੱਲਾ ਹੀ ਬੋਲ ਰਿਹਾਂ। ਕੋਈ ਜਵਾਬ ਦਿਓ... ਕਿਹੜੀ ਕਲਾਸ ਵਿਚ ਪੜ੍ਹਦੇ ਓ। ਤੁਹਾਡੀ ਪੜ੍ਹਾਈ ਕਿੰਨੀ ਕੁ ਐ?'

'ਪੜ੍ਹਾਈ ਤਾਂ ਮੇਰੇ ਬੇਬੇ ਦਸਦੀ ਹੁੰਦੀ ਸੀ, ਮੇਰਾ ਬਾਪੂ ਮੈਨੂੰ ਮੋਢਿਆਂ 'ਤੇ ਬਿਠਾ ਕੇ ਸਕੂਲ ਛੱਡ ਕੇ ਆਉਂਦਾ ਸੀ। ਇਕ ਵਾਰੀ ਐਹਾ ਜਾ ਗੋਡੇ 'ਤੇ ਫੋੜਾ ਨਿਕਲਿਆ। ਇਕ ਮਹੀਨਾ ਸੂਤ ਨ੍ਹੀਂ ਆਇਆ... ਮੁੜ ਕੇ ਬਾਪੂ ਨੇ ਸਕੂਲ ਨ੍ਹੀਂ ਜਾਣ ਦਿੱਤਾ... ਬਾਹਲ਼ੀ ਲਾਡਲੀ ਤੀ ਮੈਂ ਮੇਰੇ ਪਿਓ ਨੂੰ।' ਉਹ ਮਿੱਠਾ ਬੋਲਣ ਦੀ ਪੂਰੀ ਕੋਸ਼ਿਸ਼ ਕਰ ਰਹੀ ਸੀ। ਉਸ ਨੂੰ ਪਤਾ ਵੀ ਨਾ ਲੱਗਾ ਕਿਹੜੇ ਵੇਲੇ ਦੂਜੇ ਪਾਸਿਓਂ ਫ਼ੋਨ ਕੱਟ ਦਿੱਤਾ ਗਿਆ।

ਦੋ ਕੁ ਵਾਰ ਹੋਰ ਫੋਨ ਆਇਆ ਬੰਤੋ ਦਾ ਜੀਅ ਕਾਹਲਾ ਪੈਣ ਲੱਗ ਪਿਆ। ਐਨੀਆਂ ਕਿੰਨੀਆਂ ਕੁ ਗੱਲਾਂ ਕਰ ਸਕਦਾ ਕੋਈ। ਸ਼ਾਮ ਤਕ ਬੰਤੋ ਨੇ ਹੀ ਫੋਨ ਚੁੱਕੇ... ਕੋਈ ਉਮਰ ਪੁੱਛੇ... ਕੋਈ ਪੜ੍ਹਾਈ ਪੁੱਛੇ... ਕੋਈ ਨੌਕਰੀ ਬਾਰੇ... ਕੋਈ ਪਰਿਵਾਰ ਦੇ ਮੈਂਬਰਾਂ ਬਾਰੇ...। ਕੋਈ ਪਸੰਦ ਦੀ ਫਿਲਮ, ਕੋਈ ਗਾਣੇ। ਨੂੰਹ ਨੇ ਚੇਤੇ ਕਰਾਇਆ ਕਿ ਬਾਪੂ ਖੇਤੋਂ ਘਰ ਨਹੀਂ ਆਇਆ। ਬੰਤੋ ਨੇ ਦੇਖਿਆ ਚਾਰ ਵੱਜਣ ਵਾਲੇ ਸੀ ਤੇ ਡੇਢ ਦੋ ਵਜੇ ਉਸ ਦੇ ਘਰ ਵਾਲਾ ਘਰੇ ਗੇੜਾ ਮਾਰਦਾ ਹੁੰਦਾ ਚਾਹ-ਰੋਟੀ ਲਈ।

'ਤੂੰ ਹੁਣ ਦੱਸਦੀ ਐਂ...... ਫੂਨ ਕਰਕੇ ਨ੍ਹੀਂ ਪੁੱਛ ਸਕਦੀ ਸੀ?

'ਫੋਨ ਤਾਂ ਸਾਰਾ ਦਿਨ ਵਿਹਲਾ ਨ੍ਹੀਂ ਹੋਇਆ ਅੱਜ।' ਨੂੰਹ ਨੇ ਜਵਾਬ ਸੁਣਾਇਆ। ਬੰਤੋ ਨੇ ਫੋਨ ਫੜਾਉਂਦਿਆਂ ਕਿਹਾ, 'ਹੁਣ ਲਾ ਕੇ ਪੁੱਛ ਕਿਉਂ ਨ੍ਹੀਂ ਆਇਆ?' ਨੂੰਹ ਨੇ ਨੰਬਰ ਮਿਲਾ ਕੇ ਬੰਤੋ ਨੂੰ ਫੜਾ ਦਿੱਤਾ।

ਬੰਤੋ ਦੇ ਮੂੰਹੋਂ ਹੌਲੀ ਕੁ ਦੇਣੇ 'ਹੈਲੋ' ਨਿਕਲਿਆ।

'ਕੌਣ ਬੋਲਦੈ?' ਅੱਗੋਂ ਆਵਾਜ਼ ਆਈ।

'ਮੈਂ ਕੁਲਵੰਤ...। ਬੰਤੋ ਸਵੇਰ ਦੀ ਮਿੱਠਾ ਬੋਲਦੀ ਬੋਲਦੀ ਭੁੱਲ ਚੁੱਕੀ ਸੀ ਕਿ ਪਰਿਵਾਰ ਵਾਲੇ ਉਸ ਦੀ ਅਸਲੀ ਆਵਾਜ਼ ਹੀ ਪਛਾਣਦੇ ਨੇ।

'ਕਿਹੜੀ ਕੁਲਵੰਤ?'

'ਬੰਤੋ ਬੋਲਦੀ ਆਂ ਮੈਂ।' ਉਹ ਉੱਚੀ ਦੇਣੇ ਬੋਲੀ।

'ਹੈਂ... ਬੋਲ ਤਾਂ ਮਰੀ ਜ੍ਹੀ 'ਵਾਜ ਕਿਉਂ ਕੱਢਦੀ ਐਂ। ਪੰਜਾਹ ਫੋਨ ਕਰਤੇ ਹੋਣਗੇ...। ਚਾਹ ਖੇਤ ਮੰਗਵਾਉਣੀ ਸੀ। ਮੋਟਰਾਂ ਆਲੀ ਲੈਟ ਆਈ ਹੋਈ ਐ।'

'ਹੁਣ ਫੇਰ...?'

'ਆ ਰਿਹਾਂ ਹੁਣ ਘਰੇ।'

ਬੰਤੋ ਨੇ ਆਪਣੇ ਆਪ ਨੂੰ ਕਿਹਾ, 'ਨਪੁੱਤੇ ਦੀਏ ਕਿਧਰ ਉਲਝਗੀ ਤੂੰ। ਉਹ ਵਿਚਾਰਾ ਭੁੱਖਣ ਭਾਣਾ ਖੇਤ ਕੰਮ ਕਰਦਾ ਫਿਰਦੈ ਤੇ ਤੂੰ ਲੋਕਾਂ ਨਾਲ ਗੱਲਾਂ ਕਰਦੀ ਫਿਰਦੀ ਐਂ... ਜਿਨ੍ਹਾਂ ਨਾਲ ਜਾਣ ਨਾ ਪਛਾਣ... ਘਰ ਦਾ ਭੇਤ ਤਾਂ ਉਈ ਨੀਂ ਦਈਂਦਾ ਕਿਸੇ ਨੂੰ... ਤੂੰ ਕਿਉਂ ਬੋਲ ਮੱਧ ਲਿਆ। ਨਾਲੇ ਜੇ ਦੀਪੇ ਦੇ ਬਾਪੂ ਨੂੰ ਪਤਾ ਲੱਗ ਗਿਆ, ਉਹ ਗਾਲ੍ਹਾਂ ਦਿਊ। ਦੀਪੇ ਨੂੰ ਪਤਾ ਲੱਗ ਗਿਆ ਉਹ ਔਖਾ ਹੋਊ।' ਉਸ ਦਾ ਸਾਰਾ ਜੋਸ਼ ਠੰਢਾ ਪੈ ਗਿਆ। ਮੁੰਡਾ ਕਿਸੇ ਕੰਮ ਸ਼ਹਿਰ ਗਿਆ ਸੀ, ਆ ਕੇ ਉਹ ਲੜਨ ਵਰਗਾ ਹੋ ਗਿਆ ਕਿ ਉਸ ਨੇ ਐਨੇ ਵਾਰੀ ਫੋਨ ਲਾਇਆ... ਬਿਜ਼ੀ ਆਈ ਜਾਂਦਾ ਸੀ।... 'ਕੀਹਦੇ ਨਾਲ ਗੱਲੀਂ ਲੱਗੀਆਂ ਸੀ।' ਨੂੰਹ ਨੇ ਬੇਬੇ ਵੱਲ ਦੇਖਿਆ, ਪਰ ਬੇਬੇ ਨੇ ਕੁਝ ਨਹੀਂ ਦੱਸਿਆ ਤੇ ਨੂੰਹ ਵੀ ਚੁੱਪ ਹੀ ਰਹੀ। ਐਨੇ ਨੂੰ ਬਾਪੂ ਘਰੇ ਆ ਗਿਆ। ਉਹ ਆ ਕੇ ਬੰਤੋ ਦੇ ਗਲ ਪੈ ਗਿਆ। ਬੰਤੋ ਨੂੰ ਸਮਝ ਨਾ ਆਵੇ ਕਿ ਕੀ ਕਹੇ ਅਤੇ ਕੀ ਕਰੇ। ਫੋਨ ਦੀ ਘੰਟੀ ਫੇਰ ਵੱਜਣੀ ਸ਼ੁਰੂ ਹੋ ਗਈ। ਬੰਤੋ ਨੇ ਫੋਨ ਚੁੱਕ ਕੇ ਲਾਲ ਨਿਸ਼ਾਨ ਵਾਲਾ ਬਟਨ ਦਬਾ ਦਿੱਤਾ। ਥੋੜ੍ਹੀ ਦੇਰ ਬਾਅਦ ਫੇਰ ਘੰਟੀ ਵੱਜਣ ਲੱਗੀ। ਬੰਤੋ ਫੋਨ ਚੁੱਕ ਕੇ ਗੁਆਂਢੀਆਂ ਦੇ ਕਾਲਜ ਪੜ੍ਹਦੇ ਮੁੰਡੇ ਕੋਲ ਲੈ ਕੇ ਚਲੀ ਗਈ। ਮੁੰਡੇ ਨੇ ਬਥੇਰਾ ਮੱਥਾ ਮਾਰਿਆ। ਫੋਨ ਆਉਣੇ ਬੰਦ ਨਾ ਹੋਏ ਪਰ ਮੁੰਡੇ ਨੇ ਘੰਟੀ ਦੀ ਅਵਾਜ਼ ਘਟਾ ਦਿੱਤੀ।

ਜਦੋਂ ਬੰਤੋ ਘਰੇ ਵਾਪਸ ਆਈ ਤਾਂ ਉਸ ਦੇ ਪਤੀ ਨੇ ਆਖਿਆ, 'ਕੁਲਵੰਤ ਕੁਰੇ ਕਿੰਨੇ ਪੈਸੇ ਪਵਾਉਣਗੇ ਤੇਰੇ ਕੌਂਪਨੀ ਵਾਲੇ।' ਬੰਤੋ ਸਮਝ ਗਈ ਕਿ ਇਨ੍ਹਾਂ ਨੂੰ ਪਤਾ ਲੱਗ ਗਿਆ।

'ਬਸ ਐਂ ਸੋਚ ਲਿਆ ਕਈ ਵਾਰੀ ਪੈਸੇ ਨ੍ਹੀਂ ਹੁੰਦੇ ਘਰੇਂ ਪਵਾਉਣ ਨੂੰ... ਆਪੇ ਪਾ ਦਿਆ ਕਰਨਗੇ।' ਉਸ ਨੇ ਨਿੰਮੋਝੂਣੀ ਜਿਹੀ ਹੋ ਕੇ ਆਖਿਆ।

'ਊਠ ਤੋਂ ਛਾਨਣੀ ਲਾਹਿਆਂ ਭਾਰ ਹੌਲੇ ਨ੍ਹੀਂ ਹੁੰਦੇ ਕੁਲਵੰਤ ਕੁਰੇ।'

'ਲਿਆ ਬੇਬੇ... ਮੈਂ ਠੀਕ ਕਰਾ ਕੇ ਲਿਆਵਾਂ ਮੋਬਾਈਲਾਂ ਵਾਲੇ ਤੋਂ... ਉਹ ਠੀਕ ਕਰ ਦਿੰਦੇ ਹੁੰਦੇ ਨੇ... ਮੇਰੇ ਦੋਸਤ ਨੇ ਠੀਕ ਕਰਾਇਆ ਤੀ ਇਕ ਵਾਰੀ... ਉਨ੍ਹਾਂ ਦੇ ਘਰੇ ਵੀ ਬਾਹਲੇ ਫੋਨ ਆਉਂਦੇ ਤੀ।' ਬੰਤੋ ਦੇ ਪੋਤੇ ਨੇ ਦੱਸਿਆ। ਬੰਤੋ ਦੇ ਸਾਹ ਵਿਚ ਸਾਹ ਆਇਆ। ਉਸ ਨੇ ਫੋਨ ਪੋਤੇ ਨੂੰ ਫੜਾਉਂਦਿਆਂ ਆਖਿਆ।

'ਜਾਹ ਮੇਰਾ ਪੁੱਤ... ਪਰ ਛੇਤੀ ਆ ਜੀਂ।'

'ਲਾਲਚ ਵਿਚ ਆ ਗਈ ਬੇਬੇ ਤਾਂ... ।' ਦੀਪੇ ਨੇ ਮਾਂ ਨੂੰ ਮਖੌਲ ਜਿਹੇ ਨਾਲ ਆਖਿਆ।

'ਦੋ-ਚਾਰ ਸੌ ਦਾ ਤਾਂ ਕਾਹਦਾ ਲਾਲਚ ਹੋਇਆ।' ਬੰਤੋ ਨੇ ਕਿਹਾ।

'ਬੇਬੇ! ਇਹ ਠੱਗ ਮਿੱਠੀਆਂ ਮਿੱਠੀਆਂ ਗੱਲਾਂ ਮਾਰ ਕੇ ਅਈਂ ਫਸਾ ਲੈਂਦੇ ਨੇ। ਚੰਗੇ ਭਲੇ ਸਿਆਣੇ ਬਿਆਣਿਆਂ ਨੂੰ ਬੁੱਧੂ ਬਣਾ ਕੇ ਖਾਤਿਆਂ ਵਿਚੋਂ ਪੈਸੇ ਕੱਢ ਲੈਂਦੇ ਨੇ।'

'ਲਾਲਚ ਤਾਂ ਥੋੜ੍ਹਾ ਜਿੰਨਾ ਵੀ ਬੁਰਾ ਹੁੰਦੈ। ਪਤਾ ਨ੍ਹੀਂ ਕਿੱਥੇ ਫਸਾ ਦੇ ਬੰਦੇ ਨੂੰ। ਚਲੋ ਚੰਗਾ ਹੋਇਆ ਕੁਲਵੰਤ ਕੁਰ ਨੂੰ ਛੇਤੀ ਹੀ ਪਤਾ ਲੱਗ ਗਿਆ।'

'ਅੱਗੇ ਤੋਂ ਨੀਂ ਏਹੀ ਜੀ ਗਲਤੀ ਕਰਦੀ।' ਉਸ ਨੇ ਕੰਨਾਂ ਨੂੰ ਫੜ ਕੇ ਖਿੱਚਦਿਆਂ ਆਖਿਆ, 'ਇੱਕ ...ਦੋ...ਤਿੰਨ।'

---

# ਨਿੱਜੀ ਡਾਇਰੀ ਦੇ ਪੰਨੇ

# ਨਿੱਕੇ ਨਿੱਕੇ ਪਲ

ਅੱਜ 6 ਜੂਨ ਹੈ। ਘੱਲੂਘਾਰਾ ਦੇ ਸ਼ਹੀਦਾਂ ਨੂੰ ਪ੍ਰਣਾਮ ਕਰਦਾ ਹਾਂ।



ਇਸਦੇ ਨਾਲ ਹੀ ਅੱਜ ਦੇ ਦਿਨ ਪਿਤਾ ਜੀ ਬੜਾ ਚੇਤੇ ਆਏ ਹਨ। ਅੱਜ ਦੇ ਦਿਨ ਆਥਣੇ ਉਨਾਂ ਨੂੰ ਸਸਕਾਰ ਆਇਆ ਸਾਂ। 10 ਸਾਲ ਹੋ ਚੱਲੇ ਨੇ, ਕੋਈ ਦਿਨ ਐਸਾ ਨਹੀਂ ਲੰਘਿਆ, ਜਦ ਪਿਤਾ ਚੇਤੇ ਨਾ ਆਇਆ ਹੋਵੇ, ਦੁੱਖ

**ਨਿੰਦਰ ਘੁਗਿਆਣਵੀ**

ਵਿਚ ਵੀ ਤੇ ਸੁਖ ਵਿਚ ਵੀ।

ਖਰਾ ਬੰਦਾ ਸੀ ਪਿਤਾ ਸਾਡਾ। ਦਿਲ 'ਚ ਕੁਝ ਨਹੀ ਸੀ ਰੱਖਦਾ। ਅੰਤ ਤੀਕ ਖੇਤੀ ਤੇ ਹੱਟੀ ਕਰਦਾ ਰਿਹਾ। ਮੈਨੂੰ ਕਹਿੰਦਾ ਰਿਹਾ ਕਿ ਪੁੱਤਰਾ ਸੰਭਲ ਜਾ, ਮੇਰੇ ਮਗਰੋਂ ਪਛਤਾਏਂਗਾ ਤੂੰ, ਕੋਈ ਮਰਦਾ ਹੈ, ਤੇ ਤੂੰ ਪਿਟਦਾ ਫਿਰਦਾ ਹੈਂ, ਕੋਈ ਜੰਮਦਾ ਹੈ, ਤੂੰ ਭੰਗੜੇ ਪਾਉਂਦਾ ਫਿਰਦਾ ਹੈਂ। ਜਿਹੜੇ 'ਏਹ ਕੁਛ ਕੁ' ਲੋਕਾਂ ਦਾ ਤੂੰ ਫਿਕਰ ਕਰਦਾ ਐਂ ਤੇ ਇਨ੍ਹਾਂ ਪਿਛੇ ਆਵਦੇ ਘਰੇ ਲੜਦਾ ਐਂ, ਮੇਰੇ ਮਗਰੋਂ ਏਹੀ ਲੋਕ ਤੇਰੇ ਪੈਰਾਂ ਹੇਠ ਕੰਡੇ ਬੀਜਣਗੇ, ਸੰਭਲ ਜਾਹ ਪੁੱਤਰਾ ਤੂੰ। ਪਿਤਾ ਦੀ ਇਹ ਗੱਲ ਸੁਣ ਮੈਂ ਭੜਕ ਜਾਂਦਾ ਤੇ ਸਗੋਂ ਉਨ੍ਹਾਂ ਨੂੰ ਵੀ ਬੁਰਾ-ਭਲਾ ਆਖ ਜਾਂਦਾ ਸਾਂ।

ਗਾਇਕ ਮਿੱਤਰ ਹਰਦੇਵ ਮਾਹੀਨੰਗਲ ਇਕ ਵਾਰ ਨਿਊਜ਼ੀਲੈਂਡ ਤੋਂ ਏਧਰ ਆਇਆ ਹੋਇਆ ਸੀ। ਸਾਡੇ ਕੋਲ ਪਿੰਡ ਆ ਕੇ ਇਕ ਰਾਤ ਰਹਿੰਦਾ। ਆਖਣ ਲੱਗਾ ਕਿ ਅੰਕਲ ਜੀ ਤਾਂ ਚਲੇ ਗਏ ਨੇ, ਤਰੀ ਵਾਲਾ ਚਿਕਨ ਕਿਥੋਂ ਖਾਵਾਂਗੇ? ਮੈਂ ਆਖਿਆ 'ਅਹੁ ਦੇਖ, ਬਣਿਆ ਪਿਆ ਐ, ਮੈਂ ਬਣਾਇਆ ਐ।' ਚੌਬਾਰੇ ਦੀ ਛੱਤ ਉਤੇ ਬੈਠੇ ਸਾਂ। ਮਾਹੀਨੰਗਲ ਨੇ ਉਦਾਸ ਹੋ ਕੇ ਗਾਇਆ:

ਬਾਬਲ ਮਰ ਜਾਵਣ ਦਾ
ਦੁਖ ਡਾਹਢਾ ਹੋਇਆ ਏ
ਸੱਪ ਵਾਂਗ ਸ਼ਰੀਕਾ ਵੀ,
ਹੁਣ ਉਠ ਖਲੋਇਆ ਏ।

ਟਿਕੀ ਰਾਤ, ਗਮਗੀਨ ਗੀਤ ਸੁਣ ਅਸੀਂ ਸਾਰੇ ਰੋਣ ਲੱਗੇ ਤੇ ਬਾਪੂ ਨੂੰ ਯਾਦ ਕਰਦੇ ਰਹੇ।

ਹੁਣ ਸਮਾਂ ਪੈ ਕੇ ਜਦ ਤਿੱਖੇ-ਤਿੱਖੇ ਕੰਡੇ ਚੁਭੇ ਹਨ, ਪਿਤਾ ਨੂੰ ਚੇਤੇ ਕਰ-ਕਰ ਫਿਰ ਰੋਇਆ ਹਾਂ ਕਿ ਮੈਂ ਬਾਪੂ ਤੇਰਾ ਆਖਿਆ ਮੰਨਿਆ ਹੁੰਦਾ, ਕਿੰਨਾ ਚੰਗਾ ਰਹਿੰਦਾ ਸੀ। ਮੈਨੂੰ 'ਸ਼ਰੀਕਾਂ' ਤੇ 'ਰਿਸ਼ਤਿਆਂ' ਦੀ ਸਮਝ ਪਿਤਾ ਦੇ ਸੰਸਾਰ ਤੋਂ ਚਲੇ ਜਾਣ ਬਾਅਦ ਹੀ ਆਈ ਹੈ।

ਕਿਹਾ ਕਰਦੇ ਨੇ ਕਿ ਸਿਆਣੇ ਦਾ ਕਿਹਾ ਤੇ ਔਲੇ ਦਾ ਖਾਧਾ ਬਾਅਦ ਵਿਚ ਈ ਪਤਾ ਲਗਦਾ ਹੁੰਦਾ। ਬਾਪੂ ਤੇਰਾ ਸੁਰਗੀਂ ਵਾਸਾ ਹੋਵੇ! ਹੁਣ ਮੈਂ ਤੇਰੇ ਆਖੇ ਲੱਗਿਆ ਕਰੂੰਗਾ, ਸੁਪਨੇ ਵਿਚ ਆ ਕੇ ਸਮਝਾਇਆ ਕਰੀਂ ਮੈਨੂੰ! ਹੁਣ ਨੀ ਗਲਤੀ ਕਰਦਾ ਮੈਂ ਬਾਪੂ।

ਤੇਰਾ ਬੇਟਾ ਨਿੰਦਰ।

(ਓਹੜ ਪੋਹੜ)

ਮੇਰੀ ਦਾਦੀ ਦੇ ਓਹੜ-ਪੋਹੜ ਅਜੇ ਵਿਸਾਰੇ ਨਹੀਂ ਮੈਂ। ਭਲੀ ਭਾਂਤ ਚੇਤੇ ਨੇ ਮੈਨੂੰ ਦਾਦੀ ਤੇ ਦਾਦੀਆਂ ਜਿਹੀਆਂ ਕਈ ਮਾਈਆਂ ਦੇ ਓਹੜ-ਪੋਹੜ। ਕਦੇ ਕਦੇ ਹੁਣ ਵੀ ਅਜਮਾ ਲਈਦੇ ਨੇ ਓਹ ਓਹੜ-ਪੋਹੜ। ਪਰਸੋਂ ਦੀ ਗੱਲ।

ਤਾਏ ਤੇ ਪਿਓ ਦੀ ਗੱਲ ਕਰਾਂ ਤਾਂ ਨਿਆਣਾ ਸਾਂ ਮੈਂ ਉਦੋਂ। ਉਨਾਂ ਨਾਲ ਅਕਸਰ ਈ ਖੇਤ ਚਲਿਆ ਜਾਂਦਾ। ਪੱਠੇ ਵਢਦਿਆਂ ਤਾਏ ਜਾਂ ਪਿਤਾ ਦੇ ਦਾਤਰੀ ਵੱਜ ਜਾਣੀ, ਲਹੂ ਵਗਣਾ, ਉਨ੍ਹਾਂ ਉਦੋਂ ਈ ਵੱਢੀ ਉਂਗਲ ਉਤੇ ਝਟ ਮੂਤ ਲੈਣਾ। ਲਹੂ ਵਗਣਾ ਬੰਦ ਤੇ ਉਂਗਲ ਪੱਕਦੀ ਵੀ ਨਾ। (ਸੋਚਦਾ ਸਾਂ ਕਿ ਸ਼ਾਇਦ ਇਥੋਂ ਈ ਇਹ ਮੁਹਾਵਰਾ ਬਣਿਆ ਹੋਵੇ ਕਿ ਫਲਾਣਾਂ ਤਾਂ ਵੱਢੀ ਉਂਗਲ ਉਤੇ ਨਹੀਂ ਮੂਤਦਾ)।

ਕਮਾਲ ਦੇ ਦਿਨ ਹੁੰਦੇ ਸਨ ਨਿੱਕੇ ਨਿੱਕੇ ਨੁਸਖਿਆਂ ਨੂੰ ਓਹੜ-ਪੋਹੜ ਆਖਣ ਲੱਗ ਗਏ! ਪੇਂਡੂ ਪਰਿਵਾਰ ਰੋਜ਼ਾਨਾ ਦੀ ਜ਼ਿੰਦਗੀ ਵਿਚ ਓਹੜ-ਪੋਹੜ ਕਰਦੇ ਰਹਿੰਦੇ। ਨਾ ਵੈਦ ਹਕੀਮ ਕੋਲ ਜਾਣ ਦੀ ਲੋੜ, ਤੇ ਨਾ ਕੋਈ ਹੋਰ ਤਰੱਦਦ। ਇਨਾਂ ਓਹੜਾਂ-ਪੋਹੜਾਂ ਵਿਚ ਸਾਡੇ ਅਟੁੱਟ ਵਿਸ਼ਵਾਸ, ਸੇਵਾ ਭਰੀ ਭਾਵਨਾ ਤੇ ਵੱਡੀ ਆਸ ਹੁੰਦੀ ਸੀ। ਆਸ ਪੂਰੀ ਹੁੰਦੀ, ਲੋਕ ਰਬ ਦਾ ਸੌ ਸੌ ਸ਼ੁਕਰਾਨਾ ਕਰਦੇ ਸਨ। ***(ਚੱਲਦਾ)***

# ਵਿਸ਼ਵ ਨਿਜ਼ਾਮ ਬਾਰੇ ਨਵੀਂ ਕਿਤਾਬ ਆਲਟਰਨੇਟਿਵ ਸਟੇਟ ਐਂਡ ਗਲੋਬਲ ਆਰਡਰ'

***ਦੁਨੀਆ ਬਹੁਤ ਤੇਜ਼ੀ ਨਾਲ ਬਦਲ ਰਹੀ ਹੈ ਅਤੇ ਵੱਖ-ਵੱਖ ਮੁਲਕਾਂ ਦੇ ਆਧਾਰ ਉਤੇ ਨਵੀਂ ਤਰਤੀਬ ਵੀ ਉਭਰ ਰਹੀ ਹੈ। ਦੁਨੀਆ ਦੇ ਵੱਖ-ਵੱਖ ਖਿੱਤਿਆਂ ਵਿਚ ਰਹਿੰਦੇ ਲੋਕਾਂ ਵਿਚਕਾਰ ਆਪਸੀ ਤਾਲਮੇਲ ਵਧ ਰਿਹਾ ਹੈ ਪਰ ਨਾਲ ਹੀ ਮੂਲ ਪਛਾਣ ਦਾ ਸਵਾਲ ਵੀ ਦਰਾਂ 'ਤੇ ਲਗਾਤਾਰ ਦਸਤਕ ਦੇ ਰਿਹਾ ਹੈ। ਭਾਈ ਹਰਸਿਮਰਨ ਸਿੰਘ ਦੀ ਅੰਗਰੇਜ਼ੀ ਵਿਚ ਆਈ ਕਿਤਾਬ 'ਆਲਟਰਨੇਟਿਵ ਸਟੇਟ ਐਂਡ ਗਲੋਬਲ ਆਰਡਰ' ਵਿਚ ਉਨ੍ਹਾਂ ਅਜਿਹੇ ਕੁਝ ਨੁਕਤੇ ਵਿਚਾਰੇ ਹਨ। ਸੀਨੀਅਰ ਪੱਤਰਕਾਰ ਕਰਮਜੀਤ ਸਿੰਘ ਨੇ ਆਪਣੇ ਇਸ ਲੇਖ ਵਿਚ ਇਨ੍ਹਾਂ ਨੁਕਤਿਆਂ ਬਾਰੇ ਕੁਝ ਗੱਲਾਂ ਸਾਂਝੀਆਂ ਕੀਤੀਆਂ ਹਨ।***

ਯੂਕਰੇਨ-ਰੂਸ ਦੀ ਜੰਗ ਨੇ ਸੰਸਾਰ ਭਰ ਦੇ ਵਿਦਵਾਨਾਂ ਵਿਚ ਵਿਸ਼ਵ ਨਿਜ਼ਾਮ (global order) ਵਿਚ ਨਵੀਂਆਂ ਤਬਦੀਲੀਆਂ ਲਿਆਉਣ ਬਾਰੇ ਇਕ ਬਹਿਸ ਜ਼ਰੂਰ ਛੇੜ ਦਿੱਤੀ ਹੈ,ਪਰ ਇਸ ਦਾ ਸਮਾਜਿਕ-ਰਾਜਨੀਤਕ ਤਾਣਾ ਬਾਣਾ (polity) 1648 ਦੀ ਵੈਸਟਫੇਲੀਅਨ ਸੰਧੀ (westfalia treaty) ਦੀ ਬੁਨਿਆਦ ਉੱਤੇ ਹੀ ਖੜ੍ਹਾ ਹੈ, ਜਿਸ ਨੇ ਮੁਲਕਾਂ (nation-states) ਨੂੰ ਵਜੂਦ ਵਿਚ ਲਿਆਂਦਾ ਪਰ ਇਕ ਨਵੀਂ ਕਿਤਾਬ ਵਿਸ਼ਵ ਨਿਜ਼ਾਮ ਦੇ ਬਦਲ ਨੂੰ ਲੈ ਕੇ ਸਾਡੇ ਸਾਹਮਣੇ ਆਈ ਹੈ, ਜਿਸ ਵਿਚ ਜ਼ਿੰਦਗੀ ਦੇ ਸਾਰੇ ਢਾਂਚੇ ਜੋ ਬੁਨਿਆਦੀ ਰੂਪ ਵਿਚ ਪੂੰਜੀ ਅਤੇ ਮੁਨਾਫ਼ੇ (capital and profit-centric) ਉਤੇ



**ਕਰਮਜੀਤ ਸਿੰਘ**
**ਫੋਨ:+91-99150-91063**

ਖੜ੍ਹੇ ਸਨ, ਪੂਰੀ ਤਰ੍ਹਾਂ ਮਿਸਾਲਾਂ ਅਤੇ ਤੱਥਾਂ ਨਾਲ ਰਦ ਕਰ ਦਿੱਤੇ ਗਏ ਹਨ ਅਤੇ ਨਵੇਂ ਪੈਰਾਡਾਈਮ-ਸ਼ਿਫਟ ਦੀ ਗੱਲ ਕੀਤੀ ਗਈ ਹੈ।


ਆਨੰਦਪੁਰ ਸਾਹਿਬ ਸਥਿਤ ਵਿਦਵਾਨ ਭਾਈ ਹਰਸਿਮਰਨ ਸਿੰਘ ਦੋ ਦਹਾਕਿਆਂ ਦੀ ਕਰੜੀ ਘਾਲਣਾ ਪਿੱਛੋਂ ਅੰਗਰੇਜ਼ੀ ਵਿਚ ਇਕ ਕਿਤਾਬ "alternative state and global order" ਸਾਡੇ ਸਾਹਮਣੇ ਲੈ ਕੇ ਆਏ ਹਨ, ਜੋ ਯਕੀਨਨ ਬੌਧਿਕ ਹਲਕਿਆਂ ਵਿਚ ਭਖਵੀਂ ਬਹਿਸ ਦਾ ਕੇਂਦਰ ਬਣੇਗੀ।

ਕੀ ਆਖਿਆ ਗਿਆ ਹੈ ਭਲਾ ਇਸ ਕਿਤਾਬ ਵਿਚ? ਉਹ ਕਿਹੜੀ ਵੱਡੀ ਗੱਲ ਹੈ ਜੋ ਵਿਦਵਾਨਾਂ ਨੇ ਪਹਿਲਾਂ ਨਹੀਂ ਦੱਸੀ? ਮੂਲ ਰੂਪ ਵਿਚ ਲੇਖਕ ਨੇ ਪੱਛਮੀ ਜਗਤ ਵੱਲੋਂ ਪੂੰਜੀ ਅਤੇ ਮੁਨਾਫ਼ੇ ਉੱਤੇ ਖੜ੍ਹੇ ਕੀਤੇ ਢਾਂਚਿਆਂ ਨੂੰ ਉਲਟਾ ਕੇ ਉਸ ਦੀ ਥਾਂ "ਕੁਦਰਤ ਅਤੇ ਵਿਸਮਾਦ" ਨੂੰ ਕੇਂਦਰ ਵਿਚ ਲਿਆ ਖੜ੍ਹਾ ਕੀਤਾ ਹੈ, ਜੋ ਸਮੁੱਚੀ ਮਾਨਵਤਾ ਦੇ 'ਵਿਕਾਸ' ਨੂੰ 'ਵਿਗਾਸ' ਵਿਚ ਬਦਲ ਦੇਣ ਦਾ ਦਾਅਵਾ ਕਰਦਾ ਹੈ।

ਵਰਣਨਯੋਗ ਹੈ ਕਿ ਲੇਖਕ ਨੇ ਗੁਰਬਾਣੀ ਉਤੇ ਆਧਾਰਤ ਇਕ ਅਜਿਹੇ ਸੰਸਾਰ ਦੀ ਸਿਰਜਣਾ ਕਰਨ ਦਾ ਯਤਨ ਕੀਤਾ ਹੈ ਜਾਂ ਵੱਡੀ ਬਹਿਸ ਲਈ ਮਹੱਤਵਪੂਰਨ ਨੁਕਤੇ ਉਠਾਏ ਹਨ, ਜਿਸ ਵਿਚ ਕੁਦਰਤ ਅਤੇ ਵਿਸਮਾਦ ਸਾਡੀ ਸਮਾਜਿਕ ਅਤੇ ਰਾਜਨੀਤਕ ਜ਼ਿੰਦਗੀ ਦਾ ਹਿੱਸਾ ਬਣ ਕੇ ਵਿਸ਼ਵ ਸਭਿਅਤਾ ਦੀ ਲੜੀ ਵਿਚ ਇਕ ਨਵੀਂ ਪੁਲਾਂਘ ਪੁੱਟੇਗਾ। ਦੂਜੇ ਸ਼ਬਦਾਂ ਵਿਚ ਅਰਥਚਾਰਾ ਜਿਸ ਵਿਚ ਮੰਡੀ ਮੁੱਖ ਰੋਲ ਅਦਾ ਕਰਦੀ ਹੈ, ਉਸ ਦੀ ਥਾਂ "ਵਿਸਮਾਦੀ ਅਰਥਚਾਰਾ" ਹੋਂਦ ਵਿਚ ਲਿਆਂਦਾ ਗਿਆ ਹੈ ਅਤੇ ਇਸ ਅਰਥਚਾਰੇ ਦਾ ਸਰਸਬਜ਼ ਚਸ਼ਮਾ 'ਕੁਦਰਤ' ਹੈ, ਜਿਸ ਦੀ ਮਹੱਤਤਾ ਤੇ ਮਹਾਨਤਾ ਨੂੰ ਅਸੀਂ ਨਜ਼ਰਅੰਦਾਜ਼ ਕੀਤਾ ਹੋਇਆ ਹੈ।

ਜਦੋਂ ਪ੍ਰੋ. ਪੂਰਨ ਸਿੰਘ ਹੁਰਾਂ ਇਹ ਕਿਹਾ ਸੀ ਕਿ ਜਪੁ ਜੀ ਦੀ ਬਾਣੀ ਸਾਨੂੰ 'ਕੁਦਰਤ ਦਾ ਭਰਾ' ਬਣਾਉਂਦੀ ਹੈ ਤਾਂ ਸਾਫ ਜ਼ਾਹਰ ਹੈ ਕਿ ਸਿੱਖ ਤਰਜ਼ੇ-ਜ਼ਿੰਦਗੀ ਕੁਦਰਤ ਨਾਲ ਇਕਮਿਕ ਹੋ ਕੇ ਅਤੇ ਜੀਵਨ ਦੀ ਅਸਚਰਜਤਾ (ਲੇਖਕ ਮੁਤਾਬਕ wonderment) ਨੂੰ ਆਪਣੇ ਅੰਦਰ ਜਜ਼ਬ ਕਰ ਕੇ ਮਾਨਵਤਾ ਦੇ ਰਿਸ਼ਤਿਆਂ ਨੂੰ ਨਵੇਂ ਤੇ ਮੌਲਿਕ ਅਰਥ ਦਿੰਦੀ ਹੈ ਪਰ ਪੂੰਜੀ ਤੇ ਮੁਨਾਫੇ ਦੀ ਬੁਨਿਆਦ ਉੱਤੇ ਖੜ੍ਹੇ ਢਾਂਚਿਆਂ ਨੇ ਇਨ੍ਹਾਂ ਰਿਸ਼ਤਿਆਂ ਵਿਚ ਗੰਭੀਰ ਸੰਕਟ ਖੜ੍ਹਾ ਕਰ ਦਿੱਤਾ ਹੈ।

ਇੱਥੇ ਚੇਤੇ ਕਰਾਇਆ ਜਾਂਦਾ ਹੈ ਕਿ ਸਿੱਖ ਵਿਦਵਾਨ ਡਾਕਟਰ ਗੁਰਭਗਤ ਸਿੰਘ ਨੇ 'ਵਿਸਮਾਦੀ ਪੂੰਜੀ' ਕਿਤਾਬ ਲਿਖ ਕੇ ਪੂੰਜੀ ਵਿਚ ਵਿਸਮਾਦ ਦੀ ਮਹਾਨਤਾ ਦਾ ਜ਼ਿਕਰ ਕਰ ਕੇ ਨਵੀਂ ਚਰਚਾ ਛੇੜ ਦਿੱਤੀ ਸੀ। ਉਸੇ ਵਿਸਮਾਦ ਦੀ ਗੱਲ ਨੂੰ ਭਾਈ ਹਰਸਿਮਰਨ ਸਿੰਘ ਨੇ ਵੱਖਰੇ ਅੰਦਾਜ਼ ਵਿਚ ਅੱਗੇ ਤੋਰਦਿਆਂ ਆਪਣੀ ਕਿਤਾਬ ਵਿਚ ਵਿਸਮਾਦ ਤੇ ਕੁਦਰਤ ਉੱਤੇ ਆਧਾਰਤ ਨਵੇਂ




ਢਾਂਚਿਆਂ ਦੀ ਰੂਪ ਰੇਖਾ, ਨਕਸ਼ ਅਤੇ ਲੱਛਣ ਤਕ ਵੀ ਬਿਆਨ ਕਰ ਦਿੱਤੇ ਹਨ, ਜੋ ਕਾਫ਼ੀ ਦਿਲਚਸਪ ਹਨ ਅਤੇ ਸਿੱਖ ਵਿਦਵਾਨਾਂ ਦੀ ਮਾਨਸਿਕਤਾ ਵਿਚ ਪੱਛਮ ਦੀ ਸੋਚ ਉੱਤੇ ਉਸਰੇ ਵਿਚਾਰਾਂ ਵਿਚ ਵੱਡੀ ਹਿਲਜੁਲ ਵੀ ਕਰਨਗੇ ਅਤੇ ਨਵੇਂ ਸਿਰਿਓਂ ਸੋਚਣ ਅਤੇ ਬਦਲਣ ਵਿਚ ਵੀ ਮਦਦ ਕਰਨਗੇ। ਇਕ ਹਿਸਾਬ ਨਾਲ ਇਹ ਕਿਤਾਬ ਭਾਈ ਹਰਸਿਮਰਨ ਸਿੰਘ ਦੀ ਪ੍ਰਾਪਤੀ ਸਮਝੀ ਜਾਵੇਗੀ।

ਵਿਸਮਾਦ ਦਾ ਸੰਕਲਪ ਜ਼ਿੰਦਗੀ ਨੂੰ ਕਿਵੇਂ ਸੇਧ ਦਿੰਦਾ ਹੈ ਅਤੇ ਅੰਦਰੋਂ-ਬਾਹਰੋਂ ਤਬਦੀਲ ਕਰਦਾ ਹੈ, ਉਸ ਜਜ਼ਬੇ ਨੂੰ ਲੈ ਕੇ ਇੱਕ ਹੋਰ ਵਿਦਵਾਨ ਭਾਈ ਸਿਮਰਜੀਤ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਵਿਸਮਾਦ ਦੇ ਵਿਸ਼ੇ ਉੱਤੇ ਹੀ ਪੀਐੱਚ. ਡੀ.ਕਰ ਰਹੇ ਹਨ। ਇੰਜ ਵਿਸਮਾਦ ਵਿਸ਼ਾ ਸਿੱਖ ਹਲਕਿਆਂ ਵਿਚ ਖੋਜ ਦਾ ਇਕ ਵਿਸ਼ੇਸ਼ ਕੇਂਦਰ ਬਣ ਗਿਆ ਹੈ।

12 ਨਵੰਬਰ, 2019 ਨੂੰ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਉਤਸਵ ਦੇ ਮੌਕੇ 'ਤੇ ਜੋ ਕੌਮ ਨੂੰ ਸੰਦੇਸ਼ ਦਿੱਤਾ ਗਿਆ, ਉਹ ਇਕ ਤਰ੍ਹਾਂ ਦਾ ਇਤਿਹਾਸਕ ਦਸਤਾਵੇਜ਼ ਹੈ, ਜਿਸ ਵਿਚ ਜਿੱਥੇ ਵਿਸ਼ਵ ਨਿਜ਼ਾਮ ਦੀ ਬਣਤਰ ਵਿਚ ਆਪਣਾ ਹਿੱਸਾ ਪਾਉਣ ਲਈ ਵਿਦਵਾਨਾਂ ਨੂੰ ਵਿਸ਼ੇਸ਼ ਸੱਦਾ ਦਿੱਤਾ ਗਿਆ ਸੀ, ਉੱਥੇ ਨਾਲ ਹੀ ਭਾਈ ਹਰਸਿਮਰਨ ਸਿੰਘ ਦੇ ਦਾਰਸ਼ਨਿਕ ਰੁਝਾਨਾਂ ਦਾ ਵੀ ਵਿਸ਼ੇਸ਼ ਜ਼ਿਕਰ ਕੀਤਾ ਗਿਆ ਸੀ। ਇਕ ਹੋਰ ਜਗ੍ਹਾ 'ਤੇ ਅਕਾਲ ਤਖ਼ਤ ਸਾਹਿਬ ਵੱਲੋਂ ਭਾਈ ਸਾਹਿਬ ਨੂੰ ਖ਼ਾਲਸਾ ਪੰਥ ਦੇ ਕੌਮੀ ਵਿਦਵਾਨ (ਨਅਟੌਨਿਅਲ ਟਹਨਿਕਏਰ) ਵਜੋਂ ਵੀ ਮਾਨਤਾ ਦਿੱਤੀ ਗਈ।

ਭਾਈ ਹਰਸਿਮਰਨ ਸਿੰਘ ਦਾ ਜੀਵਨ ਸਫ਼ਰ ਵੀ ਕਈ ਪੜਾਵਾਂ ਵਿਚੋਂ ਲੰਘਿਆ ਹੈ, ਜਿਸ ਦਾ ਪਹਿਲਾ ਕਦਮ ਸਿੱਖ ਕੌਮ ਦੀ ਆਜ਼ਾਦੀ ਦੇ ਸੰਘਰਸ਼ ਨਾਲ ਸ਼ੁਰੂ ਹੋਇਆ। ਇਸ ਸੰਘਰਸ਼ ਵਿਚ ਜੇਲ੍ਹਾਂ ਦੀ ਜ਼ਿੰਦਗੀ ਤੋਂ ਇਲਾਵਾ ਹੋਰ ਅਨੇਕ ਮਾਲੀ ਮੁਸ਼ਕਿਲਾਂ ਤੇ ਰੁਕਾਵਟਾਂ ਦਾ ਉਨ੍ਹਾਂ ਨੂੰ ਸਾਹਮਣਾ ਵੀ ਕਰਨਾ ਪਿਆ। ਫਿਰ ਇੱਕ ਅਜਿਹਾ ਪੜਾਅ ਆਇਆ ਜਦੋਂ ਉਨ੍ਹਾਂ ਨੇ ਸਿੱਖ ਇਤਿਹਾਸ ਅਤੇ ਦੁਨੀਆ ਦੇ ਇਤਿਹਾਸ ਅਤੇ ਸਬੰਧਤ ਵਿਸ਼ਿਆਂ, ਧਰਮਾਂ ਅਤੇ ਰਾਜਨੀਤੀਆਂ ਦਾ ਗੰਭੀਰ ਮੁਤਾਲਿਆ ਕੀਤਾ। ਸਿੱਖ ਇਤਿਹਾਸ ਅਤੇ ਸਿੱਖ ਰਾਜਨੀਤੀ ਬਾਰੇ ਉਨ੍ਹਾਂ ਨੇ ਆਪਣੀ ਇਕ ਆਜ਼ਾਦ ਅਤੇ ਮੌਲਿਕ ਰੰਗ ਵਿਚ ਰੰਗੀ ਸਮਝ ਬਣਾਈ, ਜਦਕਿ ਗੁਰਬਾਣੀ ਦਾ ਮਾਹੌਲ ਤਾਂ ਉਨ੍ਹਾਂ ਦੇ ਘਰ ਵਿਚ ਪਹਿਲਾਂ ਹੀ ਸੀ ਪਰ ਗੁਰਬਾਣੀ ਨੂੰ ਸਿੱਖ ਇਤਿਹਾਸ ਅਤੇ ਸਿੱਖ ਤਰਜ਼ੇ-ਜ਼ਿੰਦਗੀ ਦੇ ਨੁਕਤੇ ਤੋਂ ਵੇਖਣਾ ਪਰਖਣਾ ਅਤੇ ਪੇਸ਼ ਕਰਨ ਦਾ ਹੁਨਰ ਅਤੇ ਜੁਗਤ ਦੀ ਉਨ੍ਹਾਂ ਉੱਤੇ ਅਕਾਲ ਪੁਰਖ ਦੀ ਬਖਸ਼ਿਸ਼ ਹੀ ਕਿਹਾ ਜਾ ਸਕਦਾ ਹੈ। ਸੁੱਤਿਆਂ ਜਾਗਦਿਆਂ ਖ਼ਾਲਸਾ ਪੰਥ ਦੀ ਵਰਤਮਾਨ ਹਾਲਤ ਉਨ੍ਹਾਂ ਨੂੰ ਪ੍ਰੇਸ਼ਾਨ ਤੇ ਉਦਾਸ ਵੀ ਕਰਦੀ ਹੈ। ਇਹ ਦਰਦ ਉਨ੍ਹਾਂ ਦੀਆਂ ਇਕ ਦਰਜਨ ਤੋਂ ਵੱਧ ਕਿਤਾਬਾਂ ਦੇ ਆਰ ਪਾਰ ਮਹਿਸੂਸ ਕੀਤਾ ਜਾ ਸਕਦਾ ਹੈ। ਇਸ ਲਈ ਜਥੇਬੰਦੀ ਵਿਚ ਇਕ ਸਾਧਾਰਨ ਵਰਕਰ ਤੇ ਆਗੂ ਦੀ ਹੈਸੀਅਤ ਵਿਚ ਕੰਮ ਕਰਨ ਦਾ ਉਨ੍ਹਾਂ ਦਾ ਵਿਸ਼ੇਸ਼ ਅਨੁਭਵ ਹੈ, ਪਰ ਫਿਰ ਜਦੋਂ ਉਨ੍ਹਾਂ ਨੇ ਆਪਣੇ ਇਸ ਵੰਨ-ਸੁਵੰਨੇ ਅਨੁਭਵ ਨੂੰ ਡੂੰਘੀ ਵਿਦਵਤਾ ਦੀ ਸ਼ਕਲ ਵਿਚ ਜਿਵੇਂ ਇਸ ਕਿਤਾਬ ਵਿਚ ਪੇਸ਼ ਕੀਤਾ ਹੈ,ਉਹ ਉਨ੍ਹਾਂ ਦੀ ਮਾਣਯੋਗ ਅਤੇ ਇਤਿਹਾਸਕ ਪ੍ਰਾਪਤੀ ਹੈ। ਇਸ ਨਵੇਂ ਪੈਰਾਡਾਈਮ-ਸ਼ਿਫਟ ਬਾਰੇ ਵੀ ਵਿਦਵਾਨ ਹਲਕਿਆਂ ਵਿਚ ਬਹਿਸ ਆਰੰਭ ਹੋਣੀ ਚਾਹੀਦੀ ਹੈ ਅਤੇ ਅਕਾਲ ਤਖ਼ਤ ਦੇ ਜਥੇਦਾਰ ਇਸ ਸਬੰਧੀ ਪਹਿਲਕਦਮੀ ਕਰਨ ਤਾਂ ਇਹ ਵੱਡੀ ਗੱਲ ਹੋਵੇਗੀ। ਮੇਰਾ ਖਿਆਲ ਹੈ ਕਿ ਜੇਕਰ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿਚ 'ਵਿਸ਼ਵ ਨਿਜ਼ਾਮ' ਦੇ ਵਿਸ਼ੇ ਉਤੇ ਵਿਚਾਰ ਵਟਾਂਦਰੇ ਲਈ ਕੋਈ ਕੇਂਦਰ ਕਾਇਮ ਕਰਨ, ਜਿੱਥੇ ਵਿਦਵਾਨ ਗੁਰਬਾਣੀ ਤੇ ਇਤਿਹਾਸ ਬਾਰੇ ਆਪਣੇ ਖੋਜ ਪੱਤਰ ਪੇਸ਼ ਕਰਨ, ਜਿੱਥੇ ਵਿਚਾਰਾਂ ਦੀ ਸੁਤੰਤਰਤਾ ਨੂੰ ਖ਼ਾਸ ਸਥਾਨ ਮਿਲੇ, ਜਿੱਥੇ ਵਿਦਵਾਨਾਂ ਅੰਦਰ ਉੱਚੇ ਸੁੱਚੇ ਵਿਚਾਰਾਂ ਨੂੰ ਜਾਣਨ, ਸਮਝਣ ਦਾ ਉਤਸ਼ਾਹਜਨਕ ਮਾਹੌਲ ਸਿਰਜਿਆ ਜਾਵੇ ਤਾਂ ਨਿਸ਼ਚੇ ਹੀ ਸਾਡੀ ਆਪਣੀ ਗੱਲ ਸਾਡੀ ਆਪਣੀ ਸੰਗਤ ਤੋਂ ਇਲਾਵਾ ਬਾਹਰਲੀ ਦੁਨੀਆ ਦੇ ਵਿਦਵਾਨ ਹਲਕਿਆਂ ਵਿਚ ਵੀ ਆਪਣੀ ਥਾਂ ਬਣਾਏਗੀ। 532 ਪੰਨਿਆਂ ਵਿਚ ਫੈਲੀ ਇਹ ਕਿਤਾਬ ਲਾਹੌਰ ਬੁੱਕ ਸ਼ਾਪ ਲੁਧਿਆਣਾ (0161-2740738) ਵੱਲੋਂ ਸੁੰਦਰ ਦਿੱਖ ਵਿਚ ਛਾਪੀ ਗਈ ਹੈ ਅਤੇ ਇਸ ਦੀ ਕੀਮਤ 900 ਰੁਪਏ ਰੱਖੀ ਗਈ ਹੈ। ਭਾਈ ਹਰਸਿਮਰਨ ਸਿੰਘ ਨੂੰ 98725-91713 ਉੱਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

# 'ਸ਼ਗੂਫ਼ਿਆਂ ਦੀ ਰਾਣੀ ਸੁਲਤਾਨਾ ਬੇਗਮ' ਨੂੰ ਯਾਦ ਕਰਦਿਆਂ

ਜਬ ਲਿਖੀ ਹੋਈ ਨਸੀਬ ਮੇਂ ਖ਼ਾਨਾਬਦੋਸ਼ੀ ਏ ਸੁਲਤਾਨ,
ਨਾ ਜਾਨੇ ਕਹਾਂ-ਕਹਾਂ ਅਰਮਾਨੋਂ ਕੀ ਕਬਰ ਛੋੜ ਆਏ।
ਕਾਲੇ ਰੰਗ ਦਾ ਗੁਲਾਬ ਕੋਈ ਨਾ
ਜ਼ਿੰਦਗੀ ਸੀ ਚਾਰ ਦਿਨ ਦੀ
ਅਸਾਂ ਰੱਖਿਆ ਹਿਸਾਬ ਕੋਈ ਨਾ।

ਆਪਣੀਆਂ ਇਨ੍ਹਾਂ ਸਤਰਾਂ ਨੂੰ ਸੱਚ ਕਰਦੀ ਹੋਈ ਸ਼ਗੂਫ਼ਿਆਂ ਦੀ ਰਾਣੀ ਸੁਲਤਾਨਾ ਬੇਗਮ ਬੀਤੇ ਦਿਨੀਂ ਇਸ ਫਾਨੀ ਦੁਨੀਆ ਨੂੰ ਅਲਵਿਦਾ ਕਹਿ ਗਏ ਹਨ। ਸੰਨ 1947 ਦੀ ਵੰਡ ਨੇ ਲੋਕਾਂ ਨੂੰ ਉਨ੍ਹਾਂ ਦੀ ਜਾਇਦਾਦ, ਧਰਤੀ ਤੇ ਆਪਣਿਆਂ ਤੋਂ ਖੋਹ ਲਿਆ ਸੀ ਤੇ ਇਸ ਵੰਡ ਦਾ ਸ਼ਿਕਾਰ ਸੁਲਤਾਨਾ ਬੇਗਮ ਦਾ ਪਰਿਵਾਰ ਵੀ ਹੋਇਆ ਸੀ। ਆਪਣਿਆਂ ਦੇ ਖੋ ਜਾਣ ਦਾ ਦਰਦ ਸੁਲਤਾਨਾ ਬੇਗਮ ਦੀਆਂ ਅੱਖਾਂ ਵਿਚ ਸਾਫ਼ ਝਲਕਦਾ ਸੀ। ਸੁਲਤਾਨਾ ਬੇਗਮ ਪੰਜਾਬੀ ਯੂਨੀਵਰਸਿਟੀ ਪਟਿਆਲ਼ਾ ਤੋਂ ਪੀ.ਐਚਡੀ ਕਰਨ ਵਾਲੀ ਪਹਿਲੀ ਮੁਸਲਿਮ ਔਰਤ ਸੀ। ਜਦੋਂ ਵੀ ਕਦੇ ਉਨ੍ਹਾਂ ਨੂੰ ਮਿਲਣਾ ਤਾਂ ਉਹ ਮੈਨੂੰ ਵੱਡੀ ਭੈਣ ਵਾਂਗ ਪਿਆਰ ਦਿੰਦੇ ਸਨ। ਬੜੇ ਹਸਮੁੱਖ ਚਿਹਰੇ ਨਾਲ ਮਿਲਦੇ ਸਨ। ਉਨ੍ਹਾਂ ਦੇ ਹਸਮੁੱਖ ਚਿਹਰੇ ਨੂੰ ਦੇਖ ਕੇ ਕੋਈ ਕਿਵੇਂ ਅੰਦਾਜ਼ਾ ਲਗਾ ਸਕਦਾ ਸੀ ਕਿ ਉਨ੍ਹਾਂ ਦੇ ਦਿਲ ਅੰਦਰ ਦਰਦ ਦਾ ਸਮੁੰਦਰ ਸਮੋਇਆ ਹੋਇਆ ਸੀ।

8 ਮਾਰਚ, 2020 ਨੂੰ ਮੇਰੀ ਉਨ੍ਹਾਂ ਨਾਲ ਆਖਰੀ ਮੁਲਾਕਾਤ ਪਟਿਆਲ਼ਾ ਵਿਖੇ ਮਹਿਲਾ ਕਾਵਿ ਮੰਚ ਪੰਜਾਬ ਇਕਾਈ ਦੇ ਸਾਲਾਨਾ ਸਮਾਗਮ ਵਿਚ ਹੋਈ ਸੀ। ਉਸ ਦਿਨ ਹੀ ਮਹਿਲਾ ਕਾਵਿ ਮੰਚ ਪੰਜਾਬ ਇਕਾਈ ਵਲੋਂ ਉਨ੍ਹਾਂ ਨੂੰ ਵਿਸ਼ੇਸ਼ ਸਨਮਾਨ ਵੀ ਦਿੱਤਾ ਗਿਆ ਸੀ। ਉਹ ਹਮੇਸ਼ਾ ਨੇਕ ਸਲਾਹ ਦਿੰਦੇ ਸਨ। ਗ਼ਮ ਕਦੇ ਵੀ ਚਿਹਰੇ 'ਤੇ ਨਹੀਂ ਸਨ ਲੈ ਕੇ ਆਉਂਦੇ। ਕਈ ਵਾਰ ਮੁਲਾਕਾਤ ਦੌਰਾਨ ਉਨ੍ਹਾਂ ਦੱਸਿਆ ਕਿ ਸੰਨ ਸੰਤਾਲੀ ਵਿਚ ਉਨ੍ਹਾਂ ਦਾ ਦਾਦਕਾ ਪਰਿਵਾਰ ਬਹਾਦਰਗੜ੍ਹ ਵਿਚ ਰਹਿ ਗਿਆ ਸੀ ਤੇ ਨਾਨਕਾ ਪਰਿਵਾਰ ਪਾਕਿਸਤਾਨ ਚਲਾ ਗਿਆ ਸੀ। 1947 ਦੀ ਵੰਡ ਤੋਂ ਸੁਲਤਾਨਾ ਬੇਗਮ ਜੀ ਦੀ ਕਹਾਣੀ ਨੇ ਜਨਮ ਲਿਆ। ਇਸ ਵੰਡ ਤੋਂ ਪਹਿਲਾਂ ਉਨ੍ਹਾਂ ਦੇ ਮਾਤਾ ਪਿਤਾ ਦਾ ਵਿਆਹ ਅਪ੍ਰੈਲ ਮਹੀਨੇ ਹੋਇਆ ਸੀ। ਸੁਲਤਾਨਾ ਬੇਗਮ ਦੇ ਅੱਬੂ ਮਾਲਵਾ ਸਿਨੇਮਾ ਵਿਚ ਕੰਮ ਕਰਦੇ ਸਨ। ਅਗਸਤ ਵਿਚ ਜਦੋਂ ਮੁਲਕ ਨੂੰ ਦੋ ਹਿੱਸਿਆਂ ਵਿਚ ਵੰਡਿਆ ਗਿਆ ਤਾਂ ਉਨ੍ਹਾਂ ਦਾ ਦਾਦਕਾ ਪਰਿਵਾਰ ਬਹਾਦਗੜ੍ਹ ਸੀ ਤੇ ਅੰਮੀ ਪੇਕੇ ਘਰ ਪਟਿਆਲ਼ੇ ਗਈ ਹੋਈ ਸੀ। ਦਾਦਕਾ ਘਰ ਪਾਕਿਸਤਾਨ ਚਲਾ ਗਿਆ ਸੀ ਪਰ ਅੰਮੀ ਪਾਕਿਸਤਾਨ ਨਾ ਜਾ ਸਕੀ। ਬਾਅਦ ਵਿੱਚ ਚਿਰੰਜੀ ਲਾਲ ਨਾਂ ਦੇ ਹਿੰਦੂ ਵਿਅਕਤੀ ਨੇ ਉਨ੍ਹਾਂ ਨੂੰ 1948 ਵਿਚ ਉੱਥੇ ਪਹੁੰਚਾ ਦਿਤਾ ਸੀ। ਉਸ ਸਮੇਂ ਬੇਗਮ ਜੀ ਦੇ ਦਾਦਕਾ ਪਰਿਵਾਰ ਵਿਚ ਦਾਦਾ-ਦਾਦੀ, ਭੂਆ ਤੇ ਦੋ ਚਾਚੇ ਸਨ। ਬੇਗਮ ਜੀ ਦਾ ਨਾਨਕਾ ਪਰਿਵਾਰ ਸੀਟਾਂ ਵਾਲਾ ਰਹਿੰਦਾ ਸੀ। ਜਦੋਂ ਬੇਗਮ ਦੀ ਮਾਤਾ ਪਾਕਿਸਤਾਨ ਪਹੁੰਚੀ ਤਾਂ ਉਸਦੇ ਅੱਬੂ ਨੇ ਉਸਨੂੰ ਅਲੱਗ ਕਿਰਾਏ ਦਾ ਕਮਰਾ ਲੈ ਕੇ ਰਹਿਣ ਲਈ ਦੇ ਦਿੱਤਾ। ਕੁਝ ਸਮੇਂ ਬਾਅਦ ਬੇਗਮ ਦੇ ਚਾਚਾ ਜੀ ਦੇ ਦੱਸਣ 'ਤੇ ਉਸਦੀ ਅੰਮੀ ਨੂੰ ਪਤਾ ਲੱਗਿਆ ਕਿ ਉਸਦੇ ਅੱਬੂ ਦਾ ਇਕ ਹੋਰ ਪਰਿਵਾਰ ਵੀ ਹੈ। ਉਹ ਅੰਬਾਲੇ ਫਿਲਮਾਂ ਦੇ ਕੰਮ ਲਈ ਆਉਂਦੇ ਜਾਂਦੇ ਰਹਿੰਦੇ ਸਨ। ਕੁਝ ਦਿਨ ਏਥੇ ਰਹਿੰਦੇ ਸਨ ਤੇ ਕੁਝ ਦਿਨ ਦੂਜੇ ਪਰਿਵਾਰ ਨਾਲ ਰਹਿੰਦੇ ਸਨ। ਬੇਗਮ ਜੀ ਦੇ ਅੰਮੀ ਇਹ ਖ਼ਬਰ ਸੁਣ ਕੇ ਵਾਪਸ ਪਟਿਆਲ਼ੇ ਆ ਗਏ, ਉਦੋਂ ਉਹ ਗਰਭਵਤੀ ਸਨ। ਜਦੋਂ ਪਟਿਆਲ਼ੇ ਉਹ ਆਪਣੇ ਭਰਾ ਕੋਲ ਆਏ ਤਾਂ ਉਨ੍ਹਾਂ ਨੇ ਰੱਖਣ ਤੋਂ ਮਨ੍ਹਾ ਕਰ ਦਿੱਤਾ ਸੀ। ਸ਼ਾਇਦ ਉਨ੍ਹਾਂ ਦੀ ਕੋਈ ਮਜਬੂਰੀ ਹੋਵੇਗੀ। ਸੁਲਤਾਨਾ ਬੇਗਮ ਦੇ ਅੰਮੀ ਫਿਰ ਚਿਰੰਜੀ ਲਾਲ ਜੀ ਕੋਲ ਮਦਦ ਲਈ ਗਏ। ਉਨ੍ਹਾਂ ਨੇ ਉਸਨੂੰ ਆਪਣੀ ਧੀ ਬਣਾ ਲਿਆ ਸੀ। ਉਨ੍ਹਾਂ ਦੀ ਮਾਂ ਨੇ ਬੇਗਮ ਦੇ ਜਨਮ ਤੋਂ ਬਾਅਦ ਪੜ੍ਹਾਈ ਕਰ ਕੇ ਫਿਰ ਨਰਸਿੰਗ ਦੀ ਟ੍ਰੇਨਿੰਗ ਲੈ ਕੇ ਨੌਕਰੀ ਕੀਤੀ।

ਜਦੋਂ ਸੁਲਤਾਨਾ ਬੇਗਮ ਦਾ ਜਨਮ ਹੋਇਆ ਤਾਂ ਚਿਰੰਜੀ ਲਾਲ ਨੇ ਉਸਨੂੰ ਕਾਨੂੰਨੀ ਤੌਰ 'ਤੇ ਆਪਣੀ ਧੀ ਬਣਾ ਲਿਆ। ਕਾਗ਼ਜ਼ਾਂ ਵਿਚ ਸੁਲਤਾਨਾ ਬੇਗਮ ਦੀ ਮਾਤਾ ਦਾ ਨਾਂ ਕਮਲਾ ਦੇਵੀ ਤੇ ਪਿਤਾ



ਦਾ ਨਾਂ ਪੰਡਿਤ ਚਿਰੰਜੀ ਲਾਲ ਹੈ। ਬੇਗਮ ਦੇ ਨਾਲ ਇਕ ਹੋਰ ਕਹਾਣੀ ਜੁੜੀ ਹੋਈ ਹੈ। ਉਹ ਜੱਟ ਜਿਊਣਾ ਮੌੜ ਦੇ ਪੜਦੋਹਤੀ ਸਨ। ਉਨ੍ਹਾਂ ਇਕ ਵਾਰ ਦੱਸਿਆ ਸੀ ਕਿ ਉਨ੍ਹਾਂ ਦੇ ਨਾਨਕੇ ਪਰਿਵਾਰ ਨੂੰ ਡਾਕੂਆਂ ਦਾ ਪਰਿਵਾਰ ਕਿਹਾ ਜਾਂਦਾ ਸੀ। ਜਿਊਣਾ ਮੌੜ ਉਨ੍ਹਾਂ ਦਾ ਪੜਨਾਨਾ ਸੀ। 1969 ਵਿਚ ਬੇਗਮ ਦਾ ਰੋਕਾ ਮਲੇਰਕੋਟਕਲਾ ਵਿਖੇ ਮੁਸਲਿਮ ਪਰਿਵਾਰ ਦੇ ਲੜਕੇ ਨਾਲ ਹੋਇਆ ਸੀ ਪਰ ਬੇਗਮ ਜੀ ਸੁਤੰਤਰ ਖਿਆਲਾਂ ਦੇ ਸਨ, ਜਿਸ ਕਾਰਨ ਇਹ ਰਿਸ਼ਤਾ ਸਿਰੇ ਨਾ ਚੜ੍ਹ ਸਕਿਆ। 1975 ਵਿਚ ਉਹ ਇੰਡੀਅਨ ਪੰਜਾਬ ਯੂਨੀਵਰਸਿਟੀ ਥੀਏਟਰ ਵਿਚ ਸਨ। ਉਸ ਸਮੇਂ ਅਵਤਾਰ ਸਿੰਘ ਈਵਨਿੰਗ ਕਾਲਜ ਵਿਚ ਭੰਗੜਾ ਕਰਦੇ ਸਨ। ਬੇਗਮ ਜੀ ਗਿੱਧੇ ਦੇ ਕੈਪਟਨ ਸੀ। ਡਾ. ਜਗਤਾਰ ਸਿੰਘ ਦੇ ਸਹਿਯੋਗ ਨਾਲ ਸੁਲਤਾਨਾ ਬੇਗਮ ਦਾ ਵਿਆਹ ਅਵਤਾਰ ਸਿੰਘ ਨਾਲ ਹੋਇਆ। ਬੇਗਮ ਜੀ ਮੁਸਲਮਾਨ ਪਰਿਵਾਰ ਦੀ ਧੀ, ਹਿੰਦੂ ਪਰਿਵਾਰ ਵਿਚ ਪੜ੍ਹੀ ਤੇ ਸਿੱਖ ਪਰਿਵਾਰ ਵਿਚ ਵਿਆਹੀ ਗਈ। ਸਹੁਰੇ ਪਰਿਵਾਰ ਵਿਚ ਉਨ੍ਹਾਂ ਦਾ ਨਾਂ ਵੀ ਨਹੀਂ ਬਦਲਿਆ ਗਿਆ। ਅਵਤਾਰ ਸਿੰਘ ਨੇ ਬੇਗਮ ਨਾਲ ਰਿਸ਼ਤਾ ਨਿਭਾਉਣ ਖਾਤਰ ਆਪਣਾ ਘਰ ਤਕ ਛੱਡ ਦਿੱਤਾ ਸੀ। ਉਹ ਦੋਵੇਂ ਬੜੇ ਮਜ਼ਾਕੀਆ ਸੁਭਾਅ ਦੇ ਸਨ। ਬੇਗਮ ਜੀ ਉਨ੍ਹਾਂ ਨੂੰ ਤਾਰੀ ਤੇ ਅਵਤਾਰ ਜੀ ਉਨ੍ਹਾਂ ਨੂੰ ਕਾਲੋ ਕਹਿ ਕੇ ਬੁਲਾਉਂਦੇ ਸਨ। ਬੇਗਮ ਜੀ ਦੇ ਤਿੰਨ ਬੱਚੇ-ਦੋ ਬੇਟੀਆਂ ਤੇ ਇੱਕ ਬੇਟਾ ਹੈ। ਵੱਡੀ ਬੇਟੀ ਦਾ ਵਿਆਹ ਕ੍ਰਿਸ਼ਚਨ ਪਰਿਵਾਰ ਵਿਚ ਤੇ ਛੋਟੀ ਦਾ ਵਿਆਹ ਹਿੰਦੂ ਪਰਿਵਾਰ ਵਿਚ ਹੋਇਆ। ਬੇਗਮ ਦਾ ਪੋਤਰਾ ਵੀ ਉਨ੍ਹਾਂ ਨੂੰ ਬੇਗਮ ਦਾਦੀ ਕਹਿ ਕੇ ਬੁਲਾਉਂਦਾ ਹੈ।

'ਸੁਲਤਾਨਾ ਬੇਗਮ ਇਕ ਵਾਰ ਆਪਣੇ ਪਰਿਵਾਰ ਨੂੰ ਮਿਲਣ ਲਈ ਲਾਹੌਰ ਪਾਕਿਸਤਾਨ ਵੀ ਗਏ। 1993 ਵਿਚ ਇਕ ਸਿੱਖ ਜਥਾ ਪਾਕਿਸਤਾਨ ਜਾ ਰਿਹਾ ਸੀ ਤਾਂ ਬੇਗਮ ਜੀ ਨੇ ਜਥੇਦਾਰ ਟੌਹੜਾ ਨੂੰ ਚਿੱਠੀ ਲਿਖੀ ਕਿ ਉਹ ਪਾਕਿਸਤਾਨ ਜਾਣਾ ਚਾਹੁੰਦੇ ਹਨ ਤਾਂ ਟੌਹੜਾ ਸਾਹਿਬ ਨੇ ਕਿਹਾ ਤੂੰ ਕਿਵੇਂ ਜਾ ਸਕਦੀ ਏਂ ਮੁਸਲਿਮ ਹੈਂ ਤਾਂ ਬੇਗਮ ਜੀ ਨੇ ਜਵਾਬ ਦਿੱਤਾ ਹਾਂ ਮੈਂ ਨਹੀਂ ਜਾ ਸਕਦੀ ਮੈਂ ਮੁਸਲਿਮ ਹਾਂ, ਸੰਤ ਮੀਆਂ ਮੀਰ ਦਾ ਜ਼ਿਕਰ ਨਾ ਕਰੋ, ਪੀਰ ਬੁੱਧੂ ਸ਼ਾਹ ਦਾ ਜ਼ਿਕਰ ਨਾ ਕਰੋ, ਬਾਬਾ ਫਰੀਦ ਜੀ ਦੇ ਸਲੋਕਾਂ ਦਾ ਜ਼ਿਕਰ ਨਾ ਕਰੋ।'

ਇਹ ਸੁਣ ਕੇ ਟੌਹੜਾ ਸਾਹਿਬ ਨੇ ਇਜਾਜ਼ਤ ਦੇ ਦਿੱਤੀ ਤੇ ਕੁਝ ਸਮੇਂ ਬਾਅਦ ਬੇਗਮ ਦਾ ਵੀਜ਼ਾ ਲੱਗ ਗਿਆ ਸੀ। ਉਹ ਲਾਹੌਰ ਪਹੁੰਚ ਗਏ ਸਨ ਪਰ ਉਨ੍ਹਾਂ ਨੂੰ ਕੋਈ ਨਾ ਮਿਲਿਆ। ਉਹ ਪਟਿਆਲ਼ੇ ਵਾਪਸ ਆ ਗਏ। ਲੰਘੇ ਅਪਰੈਲ ਮਹੀਨੇ ਭਾਸ਼ਾ ਵਿਭਾਗ ਦੇ ਆਡੀਟੋਰੀਅਮ ਵਿਚ ਗਿਆਨਦੀਪ ਸਾਹਿਤ ਸਾਧਨਾ ਮੰਚ ਵਲੋਂ ਸਾਹਿਤਕ ਸਮਾਗਮ ਕਰਵਾਇਆ ਗਿਆ ਸੀ, ਜਿਸ ਵਿਚ ਸ਼ਾਇਰਾ ਡਾ. ਸੁਲਤਾਨਾ ਬੇਗਮ ਦੀ ਪੁਸਤਕ 'ਸ਼ਗੂਫ਼ੇ' ਦਾ ਲੋਕ ਅਰਪਣ ਕੀਤਾ ਗਿਆ ਸੀ। ਸੁਲਤਾਨਾ ਬੇਗਮ ਨੇ ਇਸ ਤੋਂ ਇਲਾਵਾ ਰੁਸਵਾਈਆਂ, ਗੁਲਜ਼ਾਰਾਂ ਪੁਸਤਕਾਂ ਵੀ ਲਿਖੀਆਂ। ਉਹ ਕਾਲਜ ਦੇ ਸਮੇਂ ਤੋਂ ਹੀ ਲਿਖਦੇ ਸਨ। ਫ਼ੈਸਟੀਵਲਾਂ ਵਿਚ ਕਵਿਤਾਵਾਂ, ਡੀਬੇਟ ਵਿਚ ਹਿੱਸਾ ਲੈਂਦੇ ਸਨ। ਉਸ ਸਮੇਂ ਪੰਜਾਬ ਦੇ ਉਰਦੂ ਦੇ ਬੈਸਟ ਬੁਲਾਰੇ ਸਨ। ਉਸ ਸਮੇਂ ਪੰਜਾਬੀ ਡਿਪਾਰਟਮੈਂਟ ਨੇ ਸਕਾਲਰਸ਼ਿਪ ਵੀ ਦਿੱਤੀ ਸੀ। ਸੁਲਤਾਨਾ ਬੇਗਮ ਦੇ ਸਾਹਿਤਕ ਸਫ਼ਰ ਵਿਚੋਂ ਉਨ੍ਹਾਂ ਦੀਆਂ ਪੁਸਤਕਾਂ ਵਿਚੋਂ ਕੁਝ ਟੱਪੇ ਤੇ ਸ਼ੇਅਰ ਇਸ ਤਰ੍ਹਾਂ ਹਨ:

ਥੋੜ੍ਹੇ ਰਹਿ ਗਏ ਨੇ ਸਾਹ ਮਾਹੀਆ
ਲਾਰਿਆਂ 'ਚ ਲੰਘੀ ਜ਼ਿੰਦਗੀ
ਨਹੀਂ ਜੀਣ ਦੀ ਚਾਹ ਮਾਹੀਆ।
ਮੋੜੇ ਪਿੱਛੇ ਨੂੰ ਪਾ ਮਾਹੀਆ
ਰੋਗ ਇਸ਼ਕੇ ਦੇ ਅਵੱਲੇ ਨੇ
ਤੁਰ ਜਾਂਦੇ ਯਾਰ ਛੱਡ ਕੇ
ਹੱਥੀਂ ਰਹਿ ਜਾਂਦੇ ਛੱਲੇ ਨੇ।
ਕਾਲੇ ਰੰਗ ਦਾ ਗੁਲਾਬ ਕੋਈ ਨਾ
ਜ਼ਿੰਦਗੀ ਸੀ ਚਾਰ ਦਿਨ ਦੀ
ਅਸਾਂ ਰੱਖਿਆ ਹਿਸਾਬ ਕੋਈ ਨਾ।

ਸ਼ਗੂਫ਼ਿਆਂ ਦੀ ਰਾਣੀ ਸੁਲਤਾਨਾ ਬੇਗਮ ਲੰਘੀ 28 ਮਈ ਨੂੰ ਸਭ ਨੂੰ ਛੱਡ ਕੇ ਚਲੇ ਗਏ। ਪੰਜਾਬੀ ਯੂਨੀਵਰਸਿਟੀ ਪਟਿਆਲ਼ਾ ਤੋਂ ਪੀ.ਐਚਡੀ ਕਰਨ ਵਾਲੀ ਪਹਿਲੀ ਮੁਸਲਿਮ ਔਰਤ, ਪੰਜਾਬੀ ਲੋਕ-ਧਾਰਾ ਪਰਿਵਾਰ ਦੀ ਮਾਂ ਦੇ ਤੁਰ ਜਾਣ ਦਾ ਬਹੁਤ ਅਫ਼ਸੋਸ ਹੈ। ਸਾਹਿਤ ਤੇ ਸਾਂਝੇ ਪੰਜਾਬ ਦੀਆਂ ਸਾਂਝਾਂ ਨਾਲ਼ ਮੋਹ ਰੱਖਣ ਵਾਲ਼ੀ ਹਰੇਕ ਅੱਖ ਉਨ੍ਹਾਂ ਦੇ ਵਿਛੋੜੇ 'ਤੇ ਨਮ ਹੈ।

***-ਅਸਿਸਟੈਂਟ ਪ੍ਰੋ. ਗਗਨਦੀਪ ਕੌਰ ਧਾਲੀਵਾਲ***

# ਜਹ ਜਹ ਜਾਉ ਤਹਾ ਤੇਰੀ ਸੇਵਾ: ਡਾ. ਮਹਿੰਦਰ ਸਿੰਘ ਰੰਧਾਵਾ

*ਡਾ. ਮਹਿੰਦਰ ਸਿੰਘ ਰੰਧਾਵਾ ਬਹੁ-ਪੱਖੀ ਸ਼ਖਸੀਅਤ ਦਾ ਮਾਲਕ ਸੀ। ਉਹ ਸਫਲ ਪ੍ਰਸ਼ਾਸਕ ਤਾਂ ਸੀ ਹੀ, ਉਸ ਨੇ ਵਿਗਿਆਨ ਅਤੇ ਕਲਾ ਦੇ ਖੇਤਰਾਂ ਵਿਚ ਵੀ ਭਰਵਾਂ ਯੋਗਦਾਨ ਪਾਇਆ। ਉਸ ਦੇ ਸੰਪਰਕ ਵਿਚ ਆਏ ਲੋਕ ਉਸ ਦੀ ਸ਼ਖਸੀਅਤ ਦੇ ਵੱਖ-ਵੱਖ ਪੱਖਾਂ ਬਾਰੇ ਗੱਲਾਂ ਕਰਦੇ ਥੱਕਦੇ ਨਹੀਂ। ਪ੍ਰੋਫੈਸਰ ਨਾਹਰ ਸਿੰਘ ਨੇ ਆਪਣੇ ਇਸ ਲੇਖ ਵਿਚ ਡਾ. ਰੰਧਾਵਾ ਦੇ ਜੀਵਨ ਅਤੇ ਕੰਮਾਂ-ਕਾਰਾਂ 'ਤੇ ਝਾਤ ਪਾਈ ਹੈ।*

ਡਾ. ਮਹਿੰਦਰ ਸਿੰਘ ਰੰਧਾਵਾ ਨੂੰ ਵਿਗਿਆਨ, ਸਾਹਿਤ ਅਤੇ ਕਲਾ ਦੀ ਤ੍ਰਿਵੈਣੀ ਵਜੋਂ ਜਾਣਿਆ ਜਾਂਦਾ ਹੈ। ਉਸ ਨੇ ਜਿਥੇ ਕਲਾ ਅਤੇ ਸਾਹਿਤ ਦੁਆਰਾ ਪੰਜਾਬੀਆਂ ਵਿਚ ਕਲਾ ਸੁਹਜ ਅਤੇ ਸਭਿਆਚਾਰਕ ਚੇਤਨਾ ਦਾ ਪਾਸਾਰ ਕਰਨ ਵਿਚ ਯਾਦਗਾਰੀ ਭੂਮਿਕਾ ਨਿਭਾਈ, ਉਥੇ ਉਸ ਨੇ ਹਰੇ ਇਨਕਲਾਬ ਦੀ ਮਸ਼ੀਨੀ ਖੇਤੀ ਤੋਂ ਲੈ ਕੇ ਪੰਜਾਬ ਦੇ ਪਿੰਡਾਂ ਦੇ ਸਰਬਪੱਖੀ ਵਿਕਾਸ ਵਿਚ ਇਤਿਹਾਸਕ ਮਹੱਤਤਾ ਵਾਲਾ ਯੋਗਦਾਨ ਪਾਇਆ। ਡਾ. ਰੰਧਾਵਾ ਵੀਹਵੀਂ ਸਦੀ ਦੇ ਚੋਣਵੇਂ ਪੰਜਾਬੀਆਂ ਵਿਚੋਂ ਸਨ ਜਿਨ੍ਹਾਂ ਨੇ ਪੰਜਾਬ ਦੀ ਧਰਤੀ ਅਤੇ ਇਸ ਦੇ ਲੋਕਾਂ ਦਾ ਮੂੰਹ-ਮੱਥਾ ਸੰਵਾਰਨ ਲਈ ਅਣਥੱਕ ਯੋਧਿਆਂ ਵਾਂਗ ਕੰਮ ਕੀਤਾ। ਡਾ. ਸਰਦਾਰਾ ਸਿੰਘ ਜੌਹਲ ਨੇ ਠੀਕ ਕਿਹਾ ਹੈ, "ਇਹ ਪੰਜਾਬ ਦਾ ਸਪੂਤ ਸਾਰੀ ਉਮਰ ਪੰਜਾਬ ਦੀ ਮਿੱਟੀ ਅਤੇ ਪਾਣੀ ਦਾ ਦੇਣ ਦਿੰਦਾ ਰਿਹਾ। ਅਣਥੱਕ ਲਗਨ ਨਾਲ।"

ਡਾ. ਮਹਿੰਦਰ ਸਿੰਘ ਰੰਧਾਵਾ ਨੇ ਬਹੁਤ ਸਾਰੇ ਖੇਤਰਾਂ ਵਿਚ ਕੰਮ ਕਰ ਕੇ ਨਵੀਆਂ ਪੈੜਾਂ ਪਾਈਆਂ ਹਨ। ਉਨ੍ਹਾਂ ਦਾ ਜੀਵਨ ਦੂਜਿਆਂ ਲਈ ਨਿਰੰਤਰ ਪ੍ਰੇਰਨਾ ਬਣਿਆ ਰਿਹਾ ਹੈ। ਉਨ੍ਹਾਂ ਦੀ ਪ੍ਰਬੰਧਕੀ ਕੁਸ਼ਲਤਾ, ਕਲਾ ਅਤੇ ਸਾਹਿਤ ਨਾਲ ਪਿਆਰ ਤੋਂ ਬਿਨਾਂ ਉਨ੍ਹਾਂ ਨੇ ਭਾਰਤ ਦੀ ਖੇਤੀਬਾੜੀ ਅਤੇ ਪਿੰਡਾਂ ਦੇ ਸਰਬਪੱਖੀ ਵਿਕਾਸ ਬਾਰੇ




ਡਾ. ਨਾਹਰ ਸਿੰਘ

ਖੋਜ ਭਰੀਆਂ ਪੁਸਤਕਾਂ ਲਿਖੀਆਂ ਹਨ। ਛਾਂ-ਦਾਰ ਅਤੇ ਫੁੱਲਾਂ ਵਾਲੇ ਬੂਟਿਆਂ ਰਾਹੀਂ ਧਰਤੀ, ਪਾਰਕਾਂ, ਸੜਕਾਂ ਅਤੇ ਰੇਲ ਮਾਰਗਾਂ ਨੂੰ ਕਿਵੇਂ ਸਜਾ ਕੇ ਸੁੰਦਰ ਦਿੱਖ ਦਿੱਤੀ ਜਾ ਸਕਦੀ ਹੈ, ਇਸ ਬਾਰੇ ਸ਼ਾਨਦਾਰ ਕੰਮ ਕੀਤਾ ਹੈ। ਆਪਣੀ ਉਮਰ ਦੇ ਪਹਿਲੇ ਪੰਜਾਹ ਵਰ੍ਹੇ ਉਸ ਨੇ ਬਨਸਪਤੀ ਵਿਗਿਆਨ ਦੇ ਖੇਤਰ ਵਿਚ ਅਣਥੱਕ ਖੋਜੀ ਵਾਂਗ ਖੋਜ ਕਰਨ ਪ੍ਰਤੀ ਸਮਰਪਤ ਕੀਤੇ।

ਡਾ. ਰੰਧਾਵਾ ਨੇ ਪੰਜਾਬ ਯੂਨੀਵਰਸਿਟੀ ਤੋਂ ਬਾਟਨੀ ਦੇ ਖੇਤਰ ਵਿਚ ਪੀਐੱਚ.ਡੀ. 1953 ਅਤੇ ਡੀ.ਐੱਸਸੀ. 1955 ਵਿਚ ਕੀਤੀ। ਉਨ੍ਹਾਂ ਦੀ ਖੋਜ ਦਾ ਖੇਤਰ ਉੱਤਰੀ ਭਾਰਤ ਖ਼ਾਸ ਕਰਕੇ ਪੰਜਾਬ ਦੇ ਵਗਦੇ ਪਾਣੀਆਂ ਵਿਚ ਪਨਪਣ ਵਾਲੀਆਂ ਕਾਈਆਂ ਦੀਆਂ ਨਵੀਆਂ ਕਿਸਮਾਂ ਦੀ ਖੋਜ ਨਾਲ ਸਬੰਧਤ ਸੀ। ਡਾ. ਰੰਧਾਵਾ ਦੀ ਵਧੇਰੇ ਰੁਚੀ ਜ਼ਿਗਨੀਮੇਸ਼ੀ ਪਰਿਵਾਰ ਦੀਆਂ ਕਾਈਆਂ ਦੀ ਖੋਜ ਵਿਚ ਸੀ। ਉਨ੍ਹਾਂ ਨੇ 1959 ਵਿਚ ਜ਼ਿਗਨੀਮੇਸ਼ੀ ਕਾਈਆਂ ਬਾਰੇ ਮੋਨੋਗ੍ਰਾਫ ਲਿਖਿਆ ਜੋ ਇੰਡੀਅਨ ਕੌਂਸਲ ਫਾਰ ਐਗਰੀਕਲਚਰ ਰਿਸਰਚ ਵੱਲੋਂ ਛਾਪਿਆ ਗਿਆ। ਇਸ ਮੋਨੋਗ੍ਰਾਫ ਵਿਚ ਉਨ੍ਹਾਂ ਨੇ ਇਸ ਪਰਿਵਾਰ ਦੀਆਂ ਕਾਈਆਂ ਦੀਆਂ ਵੱਖਰੀਆਂ ਵਿਸ਼ੇਸ਼ਤਾਵਾਂ, ਰਹਿਣ-ਸਹਿਣ, ਵਧਣ-ਫੁੱਲਣ ਅਤੇ ਇਨ੍ਹਾਂ ਦੇ ਸੈੱਲਾਂ ਦੀ ਬਣਤਰ ਸਬੰਧੀ ਬਹੁਤ ਡੂੰਘੀ ਖੋਜ ਕਰਕੇ ਬਨਸਪਤੀ ਵਿਗਿਆਨੀ ਵਜੋਂ ਆਪਣਾ ਵਿਲੱਖਣ ਸਥਾਨ ਪ੍ਰਾਪਤ ਕੀਤਾ। ਵਗਦੇ ਪਾਣੀਆਂ ਵਿਚ ਵਧਣ-ਫੁੱਲਣ ਵਾਲੀਆਂ ਕਾਈਆਂ ਬਾਰੇ ਉਨ੍ਹਾਂ ਦੇ ਖੋਜ ਭਰਪੂਰ ਪੱਤਰ ਇੰਡੀਅਨ ਅਕਾਦਮੀ ਆਫ ਸਾਇੰਸਿਜ਼ ਦੇ ਖੋਜ ਪੱਤਰਾਂ ਵਿਚ ਸਮੇਂ ਸਮੇਂ ਛਪਦੇ ਰਹੇ। ਡਾ. ਰੰਧਾਵਾ ਵੱਲੋਂ ਘੋਸੈਲਾ ਇੰਡੀਕਾ ਨਾਮਕ ਨਵੇਂ ਜੈਨਰ ਬਾਰੇ ਖੋਜ ਬੋਟੈਨੀਕਲ ਸੁਸਾਇਟੀ ਦੇ ਖੋਜ ਪੱਤਰ ਵਿਚ ਛਪਵਾਈ। ਉਨ੍ਹਾਂ ਨੇ ਜ਼ਿਗਨੀਮੇਸ਼ੀ ਪਰਿਵਾਰ ਦੇ ਸਪੀਸੀਜ਼ ਜੀਨਜ਼ 'ਜ਼ਿਗਨੀਆ' ਦੀਆਂ ਤਿੰਨ ਨਵੀਆਂ ਸਪੀਸੀਜ਼ ਦੀ ਖੋਜ ਕੀਤੀ। ਇਸ ਤਰ੍ਹਾਂ ਡਾ. ਰੰਧਾਵਾ ਨੇ ਜਿਹੜਾ ਵੀ ਖੇਤਰ ਚੁਣਿਆ ਉਥੇ ਪੂਰੀ ਤਨਦੇਹੀ ਅਤੇ ਪੂਰੀ ਬੌਧਿਕ ਸਮਰੱਥਾ ਜੁਟਾ ਕੇ ਕੰਮ ਕੀਤਾ। ਇਸ ਲਈ ਉਹ ਆਪਣੀ ਉਮਰ ਦੇ ਪਹਿਲੇ ਪੰਜਾਹ ਸਾਲਾਂ ਤਕ ਮੁੱਖ ਤੌਰ 'ਤੇ ਬਨਸਪਤੀ ਵਿਗਿਆਨੀ ਵਜੋਂ ਪੂਰੀ ਲਗਨ ਨਾਲ ਕੰਮ ਕਰਨ ਪ੍ਰਤੀ ਸਮਰਪਤ ਰਹੇ।

ਡਾ. ਰੰਧਾਵਾ ਨੇ ਆਪਣੇ ਜੀਵਨ ਦਾ ਲੰਮਾ ਸਮਾਂ ਭਾਰਤ ਵਿਚ ਖੇਤੀਬਾੜੀ ਦੇ ਵਿਕਾਸ ਅਤੇ ਕਿਸਾਨੀ ਜੀਵਨ ਨੂੰ ਉੱਚਾ ਚੁੱਕਣ ਪ੍ਰਤੀ ਸਮਰਪਤ ਕੀਤਾ। ਉਨ੍ਹਾਂ ਨੇ ਭਾਰਤੀ ਖੇਤੀਬਾੜੀ ਦੀ ਖੋਜ ਸੰਸਥਾ ਦੇ ਸਕੱਤਰ ਅਤੇ ਮੀਤ ਪ੍ਰਧਾਨ ਦੇ ਅਹੁਦਿਆਂ ਉੱਤੇ ਰਹਿੰਦਿਆਂ ਖੇਤੀਬਾੜੀ ਦੇ ਵਿਕਾਸ ਲਈ ਉੱਚ ਪਾਏ ਦੀਆਂ ਯੋਜਨਾਵਾਂ ਉਲੀਕੀਆਂ ਅਤੇ ਸਿਰੇ ਚੜ੍ਹਾਈਆਂ। ਉਨ੍ਹਾਂ ਨੇ ਆਪਣੀ ਪੁਸਤਕ 'ਸੁੰਦਰ ਰੁੱਖ ਅਤੇ ਬਾਗ਼ ਬਗੀਚੇ' ਲਿਖਣ ਲਈ ਹਿਮਾਲਿਆ ਤੋਂ ਲੈ ਕੇ ਕੰਨਿਆ ਕੁਮਾਰੀ ਤਕ ਸਾਰਾ ਭਾਰਤ ਗਾਹ ਮਾਰਿਆ। ਸਿਰਜਣਾਤਮਕ ਵਾਰਤਕ ਵਿਚ ਅੰਗਰੇਜ਼ੀ 'ਚ ਲਿਖੀ ਇਸ ਪੁਸਤਕ ਬਾਰੇ ਉਹ ਲਿਖਦੇ ਹਨ, "ਇਹ ਹੈ ਸੁੰਦਰ ਰੁੱਖਾਂ ਦਾ ਸ਼ਾਹਨਾਮਾ ਜੋ ਭਾਰਤ ਦੇ ਸੁੰਦਰ ਰੁੱਖਾਂ ਦੀ ਪੂਰੀ ਦਸ਼ਾਬੰਦੀ ਦਾ ਪੂਰਾ ਨਿਚੋੜ ਹੈ। ਇਸ ਪੁਸਤਕ ਨੂੰ ਦੇਖਦਿਆਂ ਹੀ ਮੇਰੀਆਂ ਪੁਰਾਣੀਆਂ ਯਾਦਾਂ ਤਾਜ਼ਾ ਹੋ ਜਾਂਦੀਆਂ ਹਨ। ਜਦ ਮੈਂ ਘੰਟਿਆਂ ਬੱਧੀ ਖੁਸ਼ੀ ਵਿਚ ਮਗਨ ਬੈਠਾ, ਪਿੰਡਾਂ ਅਤੇ ਬਾਗਾਂ ਵਿਚ ਅਰਗਬਾਨੀ ਕਚਨਾਰਾਂ ਦੇ ਛਿਛਰੇ ਤੇ ਅੰਗਿਆਰਾਂ ਵਾਂਗ ਭਖਦੇ ਲਾਲ ਫੁੱਲਾਂ ਨੂੰ ਵੇਖ-ਵੇਖ ਕੇ ਰੱਜਦਾ ਨਹੀਂ ਸਾਂ।"





*ਖੱਬਿਓਂ: ਗੁਰਬਖਸ਼ ਸਿੰਘ ਪ੍ਰੀਤ ਲੜੀ, ਮਹਿੰਦਰ ਸਿੰਘ ਰੰਧਾਵਾ ਤੇ ਖੁਸ਼ਵੰਤ ਸਿੰਘ; ਪਿੱਛੇ ਸ਼ਿਵ ਬਟਾਲਵੀ ਬੈਠਾ ਹੈ ਅਤੇ (ਐਨ ਸੱਜੇ) ਮਹਿੰਦਰ ਸਿੰਘ ਰੰਧਾਵਾ।*

ਡਾ. ਰੰਧਾਵਾ ਦਾ ਬਚਪਨ ਪਿੰਡਾਂ ਵਿਚ ਬੀਤਿਆ ਸੀ। ਨੌਕਰੀ ਦੌਰਾਨ ਵੀ ਉਨ੍ਹਾਂ ਦਾ ਨੇੜਲਾ ਵਾਹ ਕਿਸਾਨਾਂ ਤੇ ਖੇਤੀਬਾੜੀ ਨਾਲ ਰਿਹਾ। ਬਨਸਪਤੀ ਵਿਗਿਆਨੀ ਦਾ ਗਿਆਨ, ਕਿਸਾਨੀ ਜੀਵਨ ਦਾ ਨਿੱਜੀ ਅਨੁਭਵ, ਸਾਹਿਤ, ਕਲਾ ਅਤੇ ਆਪਣੇ ਲੋਕਾਂ ਨਾਲ ਡੂੰਘਾ ਭਾਵਕ ਲਗਾਉ ਇਸ ਸਭ ਕੁਝ ਦਾ ਖ਼ੂਬਸੂਰਤ ਸੰਗਮ ਸੀ ਰੰਧਾਵਾ। ਉਸ ਨੇ ਖੇਤੀਬਾੜੀ ਬਾਰੇ, ਪਸ਼ੂ ਪਾਲਣ ਬਾਰੇ, ਰੁੱਖਾਂ ਅਤੇ ਬੂਟਿਆਂ ਬਾਰੇ, ਪਿੰਡਾਂ ਦੇ ਸਮੂਹਕ ਵਿਕਾਸ ਬਾਰੇ ਆਪਣੇ ਵਿਗਿਆਨਕ ਗਿਆਨ ਅਤੇ ਅਮਲੀ ਤਜਰਬਿਆਂ ਦੇ ਆਧਾਰ 'ਤੇ ਕਮਾਲ ਦੀਆਂ ਖੋਜ ਭਰਪੂਰ ਪੁਸਤਕਾਂ ਲਿਖੀਆਂ ਜਿਹੜੀਆਂ ਅੱਜ ਵੀ ਇਸ ਖੇਤਰ ਦੇ ਗਿਆਨ ਸ੍ਰੋਤ ਸਿੱਧ ਹੋ ਰਹੀਆਂ ਹਨ, ਜਿਵੇਂ: ਬਿਊਟੀਫੁਲ ਟ੍ਰੀਜ਼ ਐਂਡ ਗਾਰਡਨਜ਼, ਬਿਊਟੀਫਾਈਂਗ ਇੰਡੀਆ, ਐਗਰੀਕਲਚਰ ਐਂਡ ਐਨੀਮਲ ਹਸਬੈਂਡਰੀ ਇੰਨ ਇੰਡੀਆ, ਨੈਸ਼ਨਲ ਐਕਸਟੈਨਸ਼ਨ ਸਰਵਿਸ ਐਂਡ ਕਮਿਊਨਿਟੀ ਪ੍ਰੋਜੈਕਟਸ ਇੰਨ ਪੰਜਾਬ ਆਦਿ। ਡਾ. ਰੰਧਾਵਾ ਨੇ ਇੰਡੀਅਨ ਕੌਂਸਲ ਆਫ ਐਗਰੀਕਲਚਰ ਰਿਸਰਚ ਦੇ ਮੀਤ ਪ੍ਰਧਾਨ ਹੁੰਦਿਆਂ ਭਾਰਤ ਦੇ ਕਿਸਾਨਾਂ ਦੀ ਜੀਵਨ-ਸ਼ੈਲੀ, ਉਨ੍ਹਾਂ ਦੀ ਆਰਥਕ, ਸਮਾਜਕ ਦਸ਼ਾ, ਖੇਤੀ ਕਰਨ ਦੇ ਢੰਗ ਤਰੀਕਿਆਂ, ਹਰ ਖਿੱਤੇ ਦੇ ਕਿਸਾਨੀ ਜੀਵਨ ਦੀਆਂ ਸਮੱਸਿਆਵਾਂ ਤੇ ਸਥਿਤੀ ਬਾਰੇ ਦੂਸਰੇ ਲੇਖਕਾਂ ਨਾਲ ਰਲ ਕੇ 'ਫਾਰਮਰਜ਼ ਆਫ ਇੰਡੀਆ ਚਾਰ ਜਿਲਦਾਂ ਵਿਚ ਪ੍ਰਕਾਸ਼ਿਤ ਕੀਤੀ। ਇਹ ਚਾਰੇ ਪੁਸਤਕਾਂ ਭਾਰਤ ਵਿਚ ਖੇਤੀ ਦੀ ਸਥਿਤੀ, ਜ਼ਮੀਨਾਂ ਤੇ ਫਸਲਾਂ ਦੀ ਵੰਨ-ਸਵੰਨਤਾ ਤੇ ਕਿਸਾਨੀ ਜੀਵਨ ਬਾਰੇ ਗਿਆਨ ਨਾਲ ਭਰਪੂਰ ਹਨ।

ਡਾ. ਮਹਿੰਦਰ ਸਿੰਘ ਰੰਧਾਵਾ ਫੁੱਲਾਂ, ਬੂਟਿਆਂ ਤੇ ਪ੍ਰਕਿਰਤਕ ਖ਼ੂਬਸੂਰਤੀ, ਔਰਤ ਦੇ ਹੁਸਨ ਅਤੇ ਕਲਾ ਦੇ ਸੁਹਜ, ਤਿੰਨਾਂ ਦਾ ਆਸ਼ਕ ਸੀ। ਉਹ ਵਿਰਲੇ ਪੰਜਾਬੀਆਂ ਵਿਚੋਂ ਸੀ ਜਿਸ ਨੂੰ ਚਿਤਰਕਲਾ ਦੀਆਂ ਬਾਰੀਕੀਆਂ ਦੀ ਸਮਝ ਸੀ। ਕਾਂਗੜੇ ਅਤੇ ਕੁੱਲੂ ਵਾਦੀ ਦੀਆਂ ਖ਼ੂਬਸੂਰਤੀ ਨਾਲ ਉਹ ਸਰਸ਼ਾਰ ਸੀ। ਉਸ ਦੇ ਜੀਵਨ ਦਾ ਉਹ ਸਮਾਂ ਬਹੁਤ ਸਿਰਜਣਾਤਮਕ ਤੇ ਹੁਸੀਨ ਸੀ ਜਦੋਂ ਉਹ ਕੁਝ ਸਾਲ ਕਾਂਗੜੇ ਤੇ ਕੁੱਲੂ ਦੇ ਇਲਾਕੇ ਵਿਚ ਲੋਕਗੀਤਾਂ ਦੀ ਭਾਲ ਕਰ ਰਿਹਾ ਸੀ ਅਤੇ ਇਥੋਂ ਦੀ ਚਿਤਰਕਲਾ ਦੀਆਂ ਸ਼ੈਲੀਆਂ ਨਾਲ ਸਬੰਧਿਤ ਦੁਰਲੱਭ ਪੇਂਟਿੰਗ ਇਕੱਠੀਆਂ ਕਰ ਰਿਹਾ ਸੀ। ਚਿਤਰਕਲਾ ਤੇ ਕਲਾਕਾਰਾਂ ਨਾਲ ਉਸ ਨੂੰ ਡੂੰਘਾ ਮੋਹ ਸੀ। ਉਸ ਨੇ ਇਕੱਲੇ ਨੇ ਜਾਂ ਦੂਸਰੇ ਲੇਖਕਾਂ ਨਾਲ ਮਿਲ ਕੇ ਚਿਤਰਕਲਾ ਸਬੰਧੀ ਪੁਸਤਕਾਂ ਲਿਖੀਆਂ। ਉਸ ਨੇ ਕਾਂਗੜੇ ਵਿਚ ਬਹੁਤ ਸਾਰੇ ਸਥਾਨਾਂ, ਖ਼ਾਸ ਕਰਕੇ ਗੁਲੇਰ, ਸੁਜਾਨਪੁਰ, ਆਲਮਪੁਰ, ਨਦੌਣ ਆਦਿ ਵਿਚੋਂ ਕਾਂਗੜਾ ਸ਼ੈਲੀ ਨਾਲ ਸਬੰਧਿਤ ਦੁਰਲੱਭ ਚਿਤਰ ਇਕੱਠੇ ਕੀਤੇ। ਡਾ. ਰੰਧਾਵਾ ਨੇ ਚਿਤਰਕਾਰਾਂ ਦੀ ਚਿਤਰਕਲਾ ਬਾਰੇ ਆਪਣੇ ਪ੍ਰਭਾਵਾਂ ਨੂੰ ਪੈਂਫਲਿਟਾਂ ਤੇ ਆਰਟੀਕਲਾਂ ਦੀ ਸ਼ਕਲ ਵਿਚ ਛਾਪ ਕੇ ਲੋਕਾਂ ਨੂੰ ਇਸ ਕਲਾ ਦੀ ਜਾਣਕਾਰੀ ਦਿੱਤੀ। ਇਨ੍ਹਾਂ ਪੈਂਫਲਿਟਾਂ ਵਿਚ ਕਲਾਕਾਰਾਂ ਦੇ ਜੀਵਨ ਤੇ ਉਨ੍ਹਾਂ ਦੀਆਂ ਰਚਨਾਵਾਂ ਬਾਰੇ ਜਾਣਕਾਰੀ ਦੇਣ ਦੇ ਨਾਲ-ਨਾਲ ਰੰਧਾਵਾ ਨੇ ਇਸ ਤੱਥ ਵੱਲ ਵਿਸ਼ੇਸ਼ ਧਿਆਨ ਦਿੱਤਾ ਹੈ ਕਿ ਭੂਗੋਲਿਕ ਪ੍ਰਸਥਿਤੀਆਂ, ਪ੍ਰਕਿਰਤਕ ਵਾਤਾਵਰਨ ਦਾ ਕਲਾਕਾਰ ਦੇ ਸੂਖਮ ਮਨ ਉੱਤੇ ਜਿਹੜਾ ਸੁਹਜਮਈ ਪ੍ਰਭਾਵ ਪੈਂਦਾ ਹੈ ਅਤੇ ਉਹ ਉਸ ਦੇ ਰੰਗਾਂ ਵਿਚੋਂ ਤੇ ਚਿਤਰ ਦੀ ਪਿੱਠ-ਭੂਮੀ ਵਿਚੋਂ ਕਿਵੇਂ ਉੱਘੜਦਾ ਹੈ। ਉਸ ਨੇ ਇਕ ਦਰਜਨ ਤੋਂ ਵੱਧ ਕਲਾਕਾਰਾਂ ਬਾਰੇ ਅਜਿਹੇ ਕਿਤਾਬਚੇ ਲਿਖੇ। ਡਾ. ਰੰਧਾਵਾ ਦੇ ਚਿਤਰਕਲਾ ਬਾਰੇ ਲਿਖੇ ਲੇਖਾਂ ਅਤੇ ਸ੍ਵੈ-ਜੀਵਨੀ (ਆਪ ਬੀਤੀ) ਵਿਚ ਅੰਕਿਤ ਅਨੁਭਵਾਂ ਵਿਚੋਂ ਇਹ ਤੱਥ ਭਲੀਭਾਂਤ ਪ੍ਰਮਾਣਤ ਹੁੰਦਾ ਹੈ ਕਿ ਉਸ ਦੀ ਨੀਝ ਬਹੁਤ ਡੂੰਘੀ ਅਤੇ ਮਨ ਬਹੁਤ ਹੀ ਸੰਵੇਦਨਸ਼ੀਲ ਸੀ। ਉਹ ਜਦੋਂ ਵੀ ਪ੍ਰਕਿਰਤੀ ਦੀ, ਔਰਤ ਜਾਂ ਕਲਾ ਦੀ ਖ਼ੂਬਸੂਰਤੀ ਦਾ ਵਰਨਣ ਕਰਦੇ ਹਨ ਤਾਂ ਉਨ੍ਹਾਂ ਦੀ ਲਿਖਤ ਮੋਹ ਭਰੀ ਅਤੇ ਰਸਮਈ ਹੋ ਜਾਂਦੀ ਹੈ। ਜਿਵੇਂ ਕੁਦਰਤ ਦਾ ਨਜ਼ਾਰਾ ਰੰਧਾਵੇ ਨੂੰ ਕੀਲ ਕੇ ਰੱਖ ਦਿੰਦਾ ਹੋਵੇ। ਅਜਿਹੀ ਅਵਸਥਾ ਵਿਚ ਉਹ ਆਨੰਦਮਈ ਤੇ ਵਿਸਮਾਦੀ ਅਨੁਭਵਾਂ ਨੂੰ ਮੰਤਰ ਮੁਗਧ ਹੋ ਕੇ ਆਪਣੀ ਰੂਹ ਵਿਚ ਰਚਾ ਲੈਂਦੇ ਸਨ। ਉਹ ਤੀਖਣ ਅਨੁਭਵ ਵਾਲੇ ਰਸੀਏ ਸਨ, ਜ਼ਰਾ ਭਾਸ਼ਾ ਸ਼ੈਲੀ ਦੇਖੋ, "ਪੂਰਨਮਾਸ਼ੀ ਦਾ ਪੂਰਾ ਚੰਨ ਬਿਆਸ ਦੀ ਵਾਦੀ ਤੋਂ ਜਿਵੇਂ ਚਾਂਦੀ ਦਾ ਛੜਕਾਉ ਕਰ ਰਿਹਾ ਸੀ। ਚੰਨ ਨੂੰ ਪਰਵਾਰ ਲੱਗਾ ਹੋਇਆ ਸੀ ਜਿਸ ਨਾਲ ਇਹ ਹੋਰ ਵੀ ਸੁੰਦਰ ਲੱਗ ਰਿਹਾ ਸੀ। ਦਰਿਆ ਦੇ ਕੰਢੇ ਇਕ ਬ੍ਰਿਛ ਦੇ ਪੱਤੇ ਸੋਨੇ ਦੇ ਦੀਵਿਆਂ ਵਾਂਗ ਚਮਕ ਰਹੇ ਸਨ। ਇਹ ਰੁੱਖ ਪਿੱਪਲ ਦਾ ਸੀ ਤੇ ਇਸ ਦੇ ਤਾਂਬੇ ਰੰਗੇ ਨਵੇਂ ਪੱਤੇ ਚੰਦ ਦੀ ਚਾਨਣੀ ਵਿਚ ਬੇਸ਼ੁਮਾਰ ਜੋਤਾਂ ਵਾਂਗ ਨਜ਼ਰ ਆ ਰਹੇ ਹਨ।" (ਆਪ ਬੀਤੀ, ਪੰਨਾ 316)

ਭਾਰਤ ਵਿਚ ਅਮਰੀਕੀ ਸਫੀਰ ਪ੍ਰੋਫੈਸਰ ਗਾਲਬ੍ਰਿਥ ਨਾਲ ਰਲ ਕੇ ਡਾ. ਰੰਧਾਵਾ ਨੇ ਤਿੰਨ ਮਹੀਨੇ ਦੀ ਛੁੱਟੀ ਲੈ ਕੇ ਕਾਂਗੜੇ ਦੀ ਚਿਤਰਕਲਾ ਬਾਰੇ ਪੁਸਤਕ 'ਇੰਡੀਅਨ ਪੇਂਟਿੰਗਜ਼' ਲਿਖੀ ਜਿਹੜੀ ਬਾਅਦ ਵਿਚ ਬਹੁਤ ਪੜ੍ਹੀ ਜਾਣ ਵਾਲੀ ਪ੍ਰਮਾਣਕ ਪੁਸਤਕ ਸਿੱਧ ਹੋਈ। ਇਸ ਪੁਸਤਕ ਵਿਚ ਕਾਂਗੜਾ ਸ਼ੈਲੀ ਦੀਆਂ ਮੁੱਖ ਵੰਨਗੀਆਂ- ਗੁਲੇਰ, ਬਸੋਹਲੀ, ਸੁਜਾਨਪੁਰ ਟੀਰਾ, ਨਦੌਣ, ਨੂਰਪੁਰ ਅਤੇ ਹੋਰ ਥਾਵਾਂ ਦੀਆਂ ਪੇਂਟਿੰਗ ਦੇ ਨਮੂਨੇ ਦਿੱਤੇ ਗਏ ਹਨ ਅਤੇ ਉਨ੍ਹਾਂ ਬਾਰੇ ਇਤਿਹਾਸਕ ਪੱਖ ਤੋਂ ਚਰਚਾ ਕੀਤੀ ਗਈ ਹੈ। ਉਨ੍ਹਾਂ ਬੜੇ ਦੁਰਲੱਭ ਚਿਤਰ ਖ਼ਰੀਦ ਕੇ ਪੰਜਾਬ ਮਿਊਜ਼ੀਅਮ ਵਿਚ ਲਿਆਂਦੇ। ਇਸ ਤਰ੍ਹਾਂ ਚਿਤਰਕਲਾ ਦੇ ਖੇਤਰ ਵਿਚ ਉਨ੍ਹਾਂ ਨੇ ਆਪਣੀਆਂ ਲਿਖਤਾਂ ਦੁਆਰਾ ਤੇ ਦੁਰਲੱਭ ਚਿੱਤਰਾਂ ਦੇ ਵਡਮੁੱਲੇ ਖਜ਼ਾਨੇ ਨੂੰ ਸਾਂਭਣ ਵਿਚ ਬਹੁਤ ਇਤਿਹਾਸਕ ਮਹੱਤਤਾ ਵਾਲਾ ਕੰਮ ਕੀਤਾ।

ਡਾ. ਮਹਿੰਦਰ ਸਿੰਘ ਰੰਧਾਵਾ ਨੇ ਲੋਕ ਸਾਹਿਤ ਦੇ ਇਕੱਤ੍ਰਣ, ਸੰਪਾਦਨ ਅਤੇ ਅਧਿਐਨ ਦੇ ਖੇਤਰ ਵਿਚ ਬੜਾ ਯਾਦਗਾਰੀ ਕੰਮ ਕੀਤਾ ਹੈ। ਉਸ ਨੇ ਲੋਕਗੀਤਾਂ ਦੀ ਸਮੱਗਰੀ ਇਕੱਤਰ ਕਰਵਾਈ। ਆਪਣੇ ਦ੍ਰਿਸ਼ਟੀਕੋਣ ਤੋਂ ਉਨ੍ਹਾਂ ਲੋਕਗੀਤਾਂ ਦਾ ਸੰਪਾਦਨ ਕੀਤਾ ਅਤੇ ਖੋਜ ਭਰਪੂਰ ਭੂਮਿਕਾਵਾਂ ਲਿਖੀਆਂ। ਇਸ ਖੇਤਰ ਵਿਚ ਉਨ੍ਹਾਂ ਦੀਆਂ ਸੱਤ ਪੁਸਤਕਾਂ ਸਿੱਧੇ ਤੌਰ 'ਤੇ ਲੋਕਗੀਤਾਂ ਦੇ ਸੰਗ੍ਰਹਿ ਹਨ ਜਿਨ੍ਹਾਂ ਵਿਚ ਸਬੰਧਿਤ ਸਭਿਆਚਾਰਕ ਖੰਡ ਦੇ ਲੋਕਾਂ ਦੀ ਸਭਿਆਚਾਰਕ ਵਿਲੱਖਣਤਾ ਨੂੰ ਬੜੇ ਸੂਖਮ ਰੂਪ ਵਿਚ ਪਛਾਣਿਆ ਗਿਆ ਹੈ। ਇਹ ਸੰਗ੍ਰਹਿ ਹਨ: ਪੰਜਾਬ ਦੇ ਲੋਕਗੀਤ (1955), ਪੰਜਾਬੀ ਲੋਕਗੀਤ (1960), ਹਰਿਆਣੇ ਦੇ ਲੋਕਗੀਤ (1956), ਕਾਂਗੜਾ ਕਲਾ ਤੇ ਲੋਕਗੀਤ (1963), ਕੁੱਲੂ ਦੇ ਲੋਕਗੀਤ (1955), ਕਾਂਗੜਾ ਦੇ ਲੋਕਗੀਤ (1955), ਪ੍ਰੀਤ ਕਹਾਣੀਆਂ (1957)। ਇਨ੍ਹਾਂ ਬਾਰੇ ਲੋਕਗੀਤ ਸੰਗ੍ਰਹਿ ਅਤੇ ਪੁਸਤਕਾਂ ਦੀ ਖ਼ੂਬਸੂਰਤੀ ਇਸ ਗੱਲ ਵਿਚ ਹੈ ਕਿ ਡਾ. ਰੰਧਾਵਾ ਨੇ ਲੋਕਗੀਤਾਂ ਦੇ ਹਵਾਲੇ ਨਾਲ ਹਰ ਸਭਿਆਚਾਰਕ ਖਿੱਤੇ ਦੀ ਵਿਲੱਖਣਤਾ ਤੇ ਸਭਿਆਚਾਰ ਦੀ ਸਥਾਨਕ ਆਭਾ ਨੂੰ ਪਛਾਣ ਕੇ ਉਜਾਗਰ ਕਰਨ ਦਾ ਯਤਨ ਕੀਤਾ ਹੈ। ਇਸੇ ਲਈ ਇਨ੍ਹਾਂ ਖਿੱਤਿਆਂ ਵਿਚ ਵਸਦੇ ਲੋਕਾਂ ਦੇ ਰੀਤਾਂ-ਰਸਮਾਂ, ਖਾਣ-ਪਹਿਨਣ ਦੀਆਂ ਆਦਤਾਂ, ਪਹਿਰਾਵੇ ਅਤੇ ਗਹਿਣਿਆਂ ਬਾਰੇ ਵਿਸ਼ੇਸ਼ ਤੌਰ 'ਤੇ ਜਾਣਕਾਰੀ ਦਿੱਤੀ ਗਈ ਹੈ। 1966 ਤੋਂ ਪਹਿਲਾਂ ਲੋਕਗੀਤਾਂ ਦਾ ਇਹ ਖਿੱਤਾ ਹਰਿਆਣਾ, ਪੰਜਾਬ ਤੇ ਹਿਮਾਚਲ ਭਾਸ਼ਾਈ ਪੱਖ ਅਤੇ ਰਾਜਨੀਤਕ ਇਕਾਈ ਵਜੋਂ ਇਕ ਸੀ। ਇਸ ਖੇਤਰ ਦੇ ਉਪਭਾਸ਼ਾਈ ਤੇ ਸਥਾਨਕ ਰੰਗਾਂ ਨੂੰ ਚਿਤਰਨ ਦੇ ਪਿੱਛੇ ਰੰਧਾਵੇ ਦਾ ਮਕਸਦ ਵਿਸ਼ਾਲ ਖੇਤਰ ਦੇ ਪੰਜਾਬੀ ਸਭਿਆਚਾਰ ਦੀ ਗੌਰਵਮਈ ਪਰੰਪਰਾ ਨੂੰ ਉਜਾਗਰ ਕਰਨਾ ਸੀ ਜਿਸ ਦੇ ਅੰਦਰ ਕਈ ਸਥਾਨਕ ਵੰਨਗੀਆਂ ਸਨ। ਆਜ਼ਾਦੀ ਤੋਂ ਬਾਅਦ ਜਦੋਂ ਭਾਸ਼ਾ ਦੇ ਆਧਾਰ ਨਵੀਆਂ ਭਾਸ਼ਾਈ-ਪ੍ਰਾਂਤਕ ਇਕਾਈਆਂ ਨੂੰ ਰਾਜਸੀ ਪੱਖੋਂ ਪ੍ਰਵਾਨ ਕੀਤਾ ਗਿਆ ਤਾਂ ਇਨ੍ਹਾਂ ਭਾਸ਼ਾਈ-ਪ੍ਰਾਂਤਕ ਖਿੱਤਿਆਂ ਦੀ ਵਿਲੱਖਣ ਪਛਾਣ ਨੂੰ ਉਜਾਗਰ ਕਰਨਾ ਰੰਧਾਵਾ ਵਰਗੇ ਖੁੱਲ੍ਹ ਦਿਲੇ ਵਿਦਵਾਨ ਦਾ ਕੰਮ ਸੀ ਤਾਂ ਕਿ ਭਾਰਤ ਦੀ ਏਕਤਾ ਵਿਚ ਅਨੇਕਤਾ ਨੂੰ ਪ੍ਰਵਾਨਗੀ ਮਿਲੇ। ਇਥੇ ਸਥਾਨਕ ਪਛਾਣਾਂ, ਰਾਸ਼ਟਰੀ ਪਛਾਣ ਦੇ ਟਕਰਾਉ ਵਿਚੋਂ ਨਹੀਂ ਸਗੋਂ ਸਹਿਯੋਗੀ ਧਿਰ ਵਜੋਂ ਉਜਾਗਰ ਹੁੰਦੀਆਂ ਹਨ।

ਹੁਣ ਜਦੋਂ ਪੰਜਾਬ, ਹਰਿਆਣਾ ਤੇ ਹਿਮਾਚਲ ਵੱਖਰੀ ਰਾਜਸੀ ਪ੍ਰਾਂਤਕ ਇਕਾਈਆਂ ਬਣ ਚੁੱਕੀਆਂ ਹਨ, ਉਦੋਂ ਇਨ੍ਹਾਂ ਪੁਸਤਕਾਂ ਦਾ ਮਹੱਤਵ ਹੋਰ ਵੀ ਵਧ ਜਾਂਦਾ ਹੈ ਕਿਉਂਕਿ ਇਨ੍ਹਾਂ ਵਿਚਲੇ ਹਰਿਆਣਵੀ, ਪੰਜਾਬੀ ਤੇ ਹਿਮਾਚਲੀ ਰੰਗਾਂ ਦੀ ਖ਼ੂਬਸੂਰਤ ਪਛਾਣ ਉਘੜਦੀ ਹੈ ਜਿਹੜੀ ਸਥਾਨਕ ਰੰਗ ਵਿਚ ਵਿਲੱਖਣ ਹੈ ਪਰ ਕਿਸੇ ਹੋਰ ਨਾਲ ਟਕਰਾਉਂਦੀ ਨਹੀਂ ਹੈ। ਇਸ ਦਾ ਭਾਵ ਹੈ ਕਿ ਇਨ੍ਹਾਂ ਤਿੰਨਾ ਖੰਡਾਂ ਦੇ ਲੋਕ ਜਿੱਥੇ ਆਪੋ-ਆਪਣੀ ਵਿਲੱਖਣ ਸਭਿਆਚਾਰਕ ਪਛਾਣ ਉਤੇ ਮਾਣ ਕਰ ਸਕਦੇ ਹਨ, ਉਥੇ ਉਸ ਸਮੇਂ ਇਨ੍ਹਾਂ ਤਿੰਨਾਂ ਖਿੱਤਿਆਂ ਵਿਚਲੇ ਲੋਕਗੀਤਾਂ ਦੇ ਸਿਰਜਣਹਾਰਿਆਂ ਦੇ ਸਾਂਝੇ ਦਿਲਾਂ ਦੀ ਧੜਕਣ ਨੂੰ ਵੀ ਮਹਿਸੂਸ ਕਰ ਸਕਦੇ ਹਨ। ਰੰਧਾਵੇ ਵੱਲੋਂ ਸਥਾਪਤ ਕੀਤੀ ਹਰ ਖਿੱਤੇ ਦੀ ਖ਼ੂਬਸੂਰਤੀ ਦੀ ਪਛਾਣ ਉੱਤੇ ਇਹ ਸਾਰੇ ਮਾਣ ਕਰ ਸਕਦੇ ਹਨ। ਜੇ ਇਹ ਪੁਸਤਕਾਂ ਨਾ ਹੁੰਦੀਆਂ ਤਾਂ ਸ਼ਾਇਦ ਟਕਰਾਵੀਆਂ ਪਛਾਣਾਂ ਤਾਂ ਹੁੰਦੀਆਂ ਪਰ ਇਨ੍ਹਾਂ ਵਿਚਲੀ ਸਾਂਝੀ ਤੰਦ ਜੋੜੇ ਰਾਜਸੀ ਹਿਤਾਂ ਕਾਰਨ ਗੁਆਚ ਚੁੱਕੀ ਹੁੰਦੀ। ਇਹ ਰੰਧਾਵਾ ਹੀ ਸੀ ਜਿਹੜਾ ਹਰ ਵਿਲੱਖਣਤਾ ਨੂੰ ਖੁੱਲ੍ਹੇ ਦਿਲ ਨਾਲ ਸਵੀਕਾਰਦਾ ਸੀ ਕਿਉਂਕਿ ਉਹ ਕਿਸੇ ਸੌੜੀ ਧਾਰਮਿਕ ਪਛਾਣ ਅੰਦਰ ਕੈਦ ਨਹੀਂ ਸੀ। ਡਾ. ਰੰਧਾਵੇ ਨੂੰ ਸੁਤੇ-ਸਿਧ ਇਹ ਸੋਝੀ ਸੀ ਕਿ ਲੋਕ ਆਪੋ ਆਪਣੇ ਸਭਿਆਚਾਰਕ ਸੰਦਰਭਾਂ ਵਿਚ ਆਪੋ ਆਪਣੀ ਸੁਤੰਤਰ ਸਿਰਜਣਾਤਮਕ ਪ੍ਰਤਿਭਾ ਨੂੰ ਹੁੰਗਾਰਾ ਭਰਦੇ ਹਨ।

ਡਾ. ਰੰਧਾਵਾ ਨੇ ਇਨ੍ਹਾਂ ਪੁਸਤਕਾਂ ਦੀਆਂ ਭੂਮਿਕਾਵਾਂ ਵਿਚ ਸਥਾਨਕ ਲੋਕਾਂ ਦੀਆਂ ਆਦਤਾਂ, ਸੁਭਾਅ ਅਤੇ ਵਰਤੋਂ-ਵਿਹਾਰ ਬਾਰੇ ਆਪਣੀਆਂ ਧਾਰਨਾਵਾਂ ਦਿੱਤੀਆਂ ਹਨ। ਪੁਸਤਕ 'ਪੰਜਾਬ ਦੇ ਲੋਕਗੀਤ' ਵਿਚ ਉਹ ਪੰਜਾਬ ਦੀ ਸੰਸਕ੍ਰਿਤੀ ਨੂੰ ਉਹ 'ਨੱਚਦੀ ਗਾਉਂਦੀ ਜੂਝਦੀ ਸੰਸਕ੍ਰਿਤੀ' ਵਜੋਂ ਪਛਾਣ ਕਰਦਾ ਹੈ। ਪੰਜਾਬ, ਹਰਿਆਣਾ ਤੇ ਹਿਮਾਚਲ ਦੇ ਲੋਕਾਂ ਪ੍ਰਤੀ ਉਨ੍ਹਾਂ ਦਾ ਡੂੰਘਾ ਭਾਵੁਕ ਲਗਾਉ ਇਨ੍ਹਾਂ ਸੰਗ੍ਰਹਿਆਂ ਵਿਚੋਂ ਪਤਾ ਲੱਗਦਾ ਹੈ। ਉਸ ਦਾ ਵਿਸ਼ੇਸ਼ ਧਿਆਨ ਬਦਲਦੀਆਂ ਰੁੱਤਾਂ, ਮੌਲਦੀ ਬਨਸਪਤੀ, ਪ੍ਰਕਿਰਤੀ ਦੇ ਵੰਨ-ਸਵੰਨੇ ਰੰਗਾਂ ਦੀ ਦੁਨੀਆ ਵਿਚ ਵਿਚਰਦੇ ਜਨ-ਸਾਧਾਰਨ ਦੇ ਪਰਿਵਾਰਕ ਤੇ ਸਮਾਜਕ ਰਿਸ਼ਤਿਆਂ ਵਿਚਲੇ ਤਣਾਉ-ਟਕਰਾਉ ਤੇ ਮੋਹ ਪਿਆਰ ਦੇ ਸਬੰਧਾਂ ਨੂੰ ਚਿਤਰਨ ਵਲ ਰਿਹਾ ਹੈ।

ਡਾ. ਰੰਧਾਵਾ ਵੱਲੋਂ ਸੰਪਾਦਤ ਪੁਸਤਕ 'ਪੰਜਾਬ' (1961) ਪੰਜਾਬੀ ਸਭਿਆਚਾਰ ਤੇ ਬੋਲੀ ਬਾਰੇ ਦਸਤਾਵੇਜ਼ੀ ਜਾਣਕਾਰੀ ਨਾਲ ਭਰਪੂਰ ਹੈ। ਇਸ ਵਿਚ ਚੋਟੀ ਦੇ ਪੰਜਾਬੀ ਲੇਖਕਾਂ ਦੁਆਰਾ ਪੰਜਾਬ ਦੇ ਇਤਿਹਾਸ ਤੋਂ ਲੈ ਕੇ ਕਲਾ ਤਕ ਵੱਖ-ਵੱਖ ਪੱਖਾਂ ਬਾਰੇ ਜਾਣਕਾਰੀ ਭਰਪੂਰ ਲੇਖ ਸ਼ਾਮਲ ਹਨ ਜਿਨ੍ਹਾਂ ਵਿਚ ਪੰਜਾਬੀਅਤ ਦੀ ਪਛਾਣ ਉਜਾਗਰ ਹੁੰਦੀ ਹੈ।

ਡਾ. ਮਹਿੰਦਰ ਸਿੰਘ ਰੰਧਾਵਾ ਦੂਰ ਦ੍ਰਿਸ਼ਟੀ ਵਾਲਾ ਪ੍ਰਸ਼ਾਸਕ ਅਤੇ ਕਲਾ ਪ੍ਰੇਮੀ ਸੀ। ਉਸ ਨੇ ਅਜਿਹੇ ਸੁਪਨੇ ਸਿਰਜੇ ਜਿਨ੍ਹਾਂ ਨੂੰ ਵਿਉਂਤਬੰਦੀ ਨਾਲ ਸਿਰੇ ਚਾੜ੍ਹਿਆ। ਪੰਜਾਬ ਵਿਚ ਹਰੇ ਇਨਕਲਾਬ ਦੀ ਸਫਲਤਾ ਦਾ ਵੱਡਾ ਕਾਰਨ ਪੰਜਾਬ ਦੇ ਪਿੰਡਾਂ ਵਿਚ 1955 ਤੋਂ ਆਰੰਭੀਆਂ ਪੇਂਡੂ ਵਿਕਾਸ ਦੀਆਂ ਸਕੀਮਾਂ ਦੀ ਸਫਲਤਾ ਸੀ। ਉਦਾਹਰਣ ਵਜੋਂ ਚੱਕਬੰਦੀ ਨਾਲ ਪੰਜਾਬ ਦੇ ਪਿੰਡਾਂ ਦਾ ਮੂੰਹ ਮੱਥਾ ਸੰਵਾਰਿਆ। ਪਿੰਡ ਦੇ ਚੁਫੇਰੇ ਵਿਰਨੀਆਂ ਕੱਢਣੀਆਂ, ਸਾਂਝੀਆਂ ਥਾਵਾਂ ਛੱਡਣੀਆਂ, ਸਮੂਹਿਕ ਪੱਧਰ ਦੀਆਂ ਸਕੀਮਾਂ ਅਤੇ ਘਣੀ ਖੇਤੀ ਜ਼ਿਲ੍ਹਾ ਪ੍ਰੋਗਰਾਮਾਂ ਦੀ ਸਫਲਤਾ ਸੀ। ਪਿੰਡਾਂ ਦੀਆਂ ਸੜਕਾਂ ਸਿੱਧੀਆਂ ਹੋਈਆਂ, ਰਾਹ ਪੱਧਰੇ ਹੋਏ ਜਿਹੜੇ ਬਾਅਦ ਵਿਚ ਪੱਕੀਆਂ ਸੜਕਾਂ ਬਣੇ।

ਡਾ. ਰੰਧਾਵਾ ਦਾ ਸੁਪਨਾ ਸੀ ਕਿ ਪਿੰਡਾਂ ਵਿਚ ਲਾਇਬ੍ਰੇਰੀਆਂ ਹੋਣ, ਖੇਡ ਗਰਾਊਂਡ ਹੋਣ, ਨਵੇਂ ਢੰਗ ਦੀ ਖੇਤੀ ਹੋਵੇ, ਕਿਸਾਨਾਂ ਕੋਲ ਮਿੱਟੀ ਨਾਲ ਮਿੱਟੀ ਹੋਣ ਤੋਂ ਇਲਾਵਾ ਹੋਰ ਕੰਮਾਂ ਲਈ ਵਿਹਲ ਹੋਵੇ। ਸੰਖੇਪ ਵਿਚ ਰੰਧਾਵਾ ਪਿੰਡਾਂ ਦੇ ਮਾਨਵੀ ਸਰੋਤਾਂ, ਭਾਵ ਨੌਜੁਆਨਾਂ ਨੂੰ ਸ਼ਹਿਰਾਂ ਦੇ ਪੜ੍ਹੇ ਲਿਖੇ ਲੋਕਾਂ ਬਰਾਬਰ ਪਨਪਦੇ ਦੇਖਣਾ ਚਾਹੁੰਦਾ ਸੀ। ਉਹ ਨਵੀਂ ਪੀੜ੍ਹੀ ਨੂੰ ਸਰੀਰਕ, ਬੌਧਿਕ ਅਤੇ ਭਾਵੁਕ ਤਿੰਨੇ ਪੱਖਾਂ ਤੋਂ ਸਪੰਨ ਕਰਨਾ ਚਾਹੁੰਦਾ ਸੀ। ਡਾ. ਰੰਧਾਵੇ ਦੀ 'ਆਪ ਬੀਤੀ' ਪੜ੍ਹ ਕੇ ਪਤਾ ਲੱਗਦਾ ਹੈ ਕਿ ਉਸ ਦੇ ਧੁਰ ਅੰਦਰ ਪੰਜਾਬ ਦੇ ਪਿੰਡਾਂ ਅਤੇ ਕਿਸਾਨਾਂ ਲਈ ਡੂੰਘਾ ਦਰਦ ਸੀ। ਉਸ ਨੂੰ ਕਿਸਾਨੀ ਜੀਵਨ ਦੀ ਕਰੜੀ ਮੁਸ਼ੱਕਤ ਦਾ ਨਿੱਜੀ ਅਨੁਭਵ ਸੀ। ਉਹ ਦਰਿਆ ਦਿਲ, ਸਿੱਧਾ ਸਪਾਟ, ਬਿਨਾਂ ਵਲ ਫੇਰ ਤੋਂ ਖੁੱਲ੍ਹੇ ਡੁੱਲ੍ਹੇ ਵਿਚਾਰਾਂ ਵਾਲਾ

*(ਬਾਕੀ ਅਗਲੇ 'ਤੇ)*

## ਫਿਰਕੂ ਦੰਗੇ ਅਤੇ ਭਾਰਤੀ ਪੁਲਿਸ-6

# ਫਿਰਕੂ ਦੰਗਿਆਂ ਦਾ ਮਨੋਵਿਗਿਆਨ

*ਵਿਭੂਤੀ ਨਰਾਇਣ ਰਾਏ ਪੁਲਿਸ ਅਫਸਰ ਰਹੇ ਹਨ। ਇਸ ਦੇ ਨਾਲ-ਨਾਲ ਉਹ ਲਿਖਾਰੀ ਵੀ ਹਨ। ਉਨ੍ਹਾਂ 5 ਨਾਵਲਾਂ ਤੋਂ ਇਲਾਵਾ ਭਾਰਤ ਵਿਚ ਫਿਰਕੂ ਸਿਆਸਤ ਨਾਲ ਸਬੰਧਤ ਦੋ ਪੁਸਤਕਾਂ ਲਿਖੀਆਂ ਹਨ। 'ਫਿਰਕੂ ਦੰਗੇ ਅਤੇ ਭਾਰਤੀ ਪੁਲਿਸ' ਨਾਂ ਦੀ ਪੁਸਤਕ ਵਿਚ ਉਨ੍ਹਾਂ ਫਿਰਕੂ ਦੰਗਿਆਂ ਦੇ ਵੱਖ-ਵੱਖ ਪਹਿਲੂਆਂ ਬਾਰੇ ਛਾਣ-ਬੀਣ ਕੀਤੀ ਹੈ। ਉਨ੍ਹਾਂ ਦਾ ਇਹ ਮੰਨਣਾ ਹੈ ਕਿ ਭਾਰਤ ਵਰਗੇ ਮੁਲਕ ਨੂੰ ਧਰਮ ਨਿਰਪੱਖ ਅਤੇ ਤਰੱਕੀ ਦੇ ਰਸਤੇ 'ਤੇ ਅੱਗੇ ਵਧਾਉਣ ਲਈ ਧਾਰਮਿਕ ਕੱਟੜਤਾ, ਗੈਰ-ਵਿਗਿਆਨਕ ਸੋਚ, ਰੂੜ੍ਹੀਵਾਦੀ ਮਾਨਸਿਕਤਾ ਤੋਂ ਬਾਹਰ ਆਉਣਾ ਪਵੇਗਾ। ਇਸ ਲਿਖਤ ਦੀ ਛੇਵੀਂ ਕਿਸ਼ਤ ਹਾਜ਼ਰ ਹੈ। ਇਸ ਦਾ ਹਿੰਦੀ ਤੋਂ ਪੰਜਾਬੀ ਵਿਚ ਅਨੁਵਾਦ ਤਰਸੇਮ ਲਾਲ ਨੇ ਕੀਤਾ ਹੈ।*

ਫਿਰਕੂ ਦੰਗਿਆਂ ਦੇ ਸਬੰਧ ਵਿਚ ਬਹੁਸੰਖਿਅਕ ਫਿਰਕੇ ਦੀ ਸੋਚ ਦੋ ਧਾਰਨਾਵਾਂ 'ਤੇ ਆਧਾਰ ਹੈ: (1) ਬਹੁਸੰਖਿਅਕ ਫਿਰਕੇ, ਹਿੰਦੂਆਂ ਦਾ ਇਹ ਮੰਨਣਾ ਹੈ ਕਿ ਦੰਗੇ ਮੁਸਲਮਾਨ ਸ਼ੁਰੂ ਕਰਦੇ ਹਨ। ਇਨ੍ਹਾਂ ਦੰਗਿਆਂ ਵਿਚ ਮਰਨ ਵਾਲਿਆਂ ਵਿਚ ਹਿੰਦੂਆਂ ਦੀ ਸੰਖਿਆ ਵਧੇਰੇ ਹੁੰਦੀ ਹੈ। ਇਨ੍ਹਾਂ ਧਾਰਨਾਵਾਂ ਪਿਛੇ ਕੁਝ ਅਜਿਹੇ ਵਿਚਾਰ ਹਨ ਜੋ ਹਿੰਦੂ ਜਨਤਾ ਵਿਚ ਡੂੰਘੇ ਘਰ ਕੀਤੇ ਹੋਏ ਹਨ। (2) ਔਸਤ ਹਿੰਦੂ ਇਹ ਮੰਨਦਾ ਹੈ ਕਿ ਮੁਸਲਮਾਨ



ਕੁਦਰਤੀ ਤੌਰ 'ਤੇ ਹਿੰਸਕ, ਕੱਟੜ, ਵਿਸ਼ਵਾਸਘਾਤੀ ਅਤੇ ਜਨੂਨੀ ਹੁੰਦੇ ਹਨ। ਇਕ ਵਾਰ ਇਹ ਦੋਵੇਂ ਧਾਰਨਾਵਾਂ ਆਪਣੇ ਮਨੋਵਿਗਿਆਨ ਦਾ ਸਹਿਜ ਹਿੱਸਾ ਬਣ

**ਵਿਭੂਤੀ ਨਰਾਇਣ ਰਾਏ**
**ਅਨੁਵਾਦ: ਤਰਸੇਮ ਲਾਲ**

ਜਾਣ ਤੋਂ ਬਾਅਦ ਇਹ ਸੁਭਾਵਿਕ ਹੋ ਜਾਂਦਾ ਹੈ ਕਿ ਬਹੁਗਿਣਤੀ ਹਿੰਦੂ ਇਹ ਮੰਨ ਕੇ ਚੱਲਦੇ ਹਨ ਕਿ ਦੰਗੇ ਮੁਸਲਮਾਨ ਸ਼ੁਰੂ ਕਰਦੇ ਹਨ ਅਤੇ ਉਸ ਵਿਚ ਵਧੇਰੇ ਹਿੰਦੂ ਮਰਦੇ ਹਨ। ਇਕ 'ਕਰੂਰ ਅਤੇ ਕੱਟੜ ਸਮਾਜ' ਦੁਆਰਾ ਦੰਗਾ ਸ਼ੁਰੂ ਕਰਨ ਦੀ ਧਾਰਨਾ ਕਿਸੇ ਵੀ ਤਰ੍ਹਾਂ ਉਨ੍ਹਾਂ ਨੂੰ ਅਸੁਭਾਵਿਕ ਨਹੀਂ ਲੱਗਦੀ। ਇਸ ਤਰ੍ਹਾਂ ਦੰਗਿਆਂ ਵਿਚ ਕੁਦਰਤੀ ਅਹਿੰਸਕ ਅਤੇ ਉਦਾਰ ਫਿਰਕੇ ਦੀ ਵਧੇਰੇ ਹਾਨੀ ਹੋਣਾ ਵੀ ਸੱਚ ਮੰਨ ਲਿਆ ਜਾਂਦਾ ਹੈ।

ਭਾਰਤ ਵਿਚ ਫਿਰਕੂ ਦੰਗਿਆਂ ਦਾ ਮਨੋਵਿਗਿਆਨ ਸਮਝਣ ਲਈ ਬਹੁਸੰਖਿਅਕ ਸਮੂਹ ਦੇ ਮਨ ਵਿਚ ਬੈਠੀ ਇਸ ਧਾਰਨਾ ਦਾ ਵਿਸ਼ਲੇਸ਼ਣ ਕਰਨਾ ਦਿਲਚਸਪ ਹੋਵੇਗਾ।

ਆਮ ਤੌਰ 'ਤੇ ਦੰਗਾ ਕੌਣ ਸ਼ੁਰੂ ਕਰਦਾ ਹੈ, ਮੁਸਲਮਾਨ ਜਾਂ ਹਿੰਦੂ, ਇਹ ਬਹਿਸ ਦਾ ਮੁੱਦਾ ਹੋ ਸਕਦਾ ਹੈ, ਕਿਉਂਕਿ ਇਕੋ ਤੱਥ ਨੂੰ ਅਲੱਗ-ਅਲੱਗ ਅਤੇ ਕਈ ਵਾਰ ਉਲਟ ਅਰਥਾਂ ਵਿਚ ਪੇਸ਼ ਕੀਤਾ ਜਾ ਸਕਦਾ ਹੈ। ਦੰਗਿਆਂ ਦੀ ਸ਼ੁਰੂਆਤ ਬਾਰੇ ਬਹਿਸ ਦੀ ਗੁੰਜਾਇਸ਼ ਹੈ ਪਰ ਮਰਨ ਵਾਲਿਆਂ ਦੀ ਗਿਣਤੀ ਬਾਰੇ ਬਿਲਕੁਲ ਨਹੀਂ। ਇਸ ਲਈ ਵਾਜਬ ਇਹੀ ਹੋਵੇਗਾ ਕਿ ਪਹਿਲਾਂ ਮਰਨ ਵਾਲਿਆਂ ਦੀ ਸੰਖਿਆ ਨਾਲ ਸਬੰਧਤ ਧਾਰਨਾ ਨੂੰ ਪਰਖਣ ਦੀ ਲੋੜ ਹੈ। ਜੇ ਕੇਵਲ ਸਰਕਾਰੀ ਅੰਕੜਿਆਂ 'ਤੇ ਵਿਸ਼ਵਾਸ ਕੀਤਾ ਜਾਵੇ ਤਾਂ ਵੀ ਮਰਨ ਵਾਲਿਆਂ ਵਿਚ ਨਾ ਕੇਵਲ ਮੁਸਲਮਾਨਾਂ ਦੀ ਸੰਖਿਆ ਵਧੇਰੇ ਹੁੰਦੀ ਹੈ ਸਗੋਂ ਅੱਧੇ ਤੋਂ ਜ਼ਿਆਦਾ ਦੰਗਿਆਂ ਵਿਚ ਇਹ ਸੰਖਿਆ 90% ਤੋਂ ਵੀ ਵਧੇਰੇ ਹੁੰਦੀ ਹੈ। ਭਾਰਤ ਵਿਚ ਸਰਕਾਰੀ ਅੰਕੜੇ ਹਮੇਸ਼ਾ ਸ਼ੱਕ ਦੀ ਨਜ਼ਰ ਨਾਲ ਦੇਖੇ ਜਾਂਦੇ ਹਨ ਪਰ ਘੱਟ ਗਿਣਤੀਆਂ ਦੇ ਮਾਮਲੇ ਵਿਚ ਦੁਨੀਆ ਦੀ ਕੋਈ ਸਰਕਾਰ ਇਸ ਤਰ੍ਹਾਂ ਝੂਠੇ ਅੰਕੜੇ ਨਹੀਂ ਰੱਖਣਾ ਚਾਹੇਗੀ ਜਿਸ ਨਾਲ ਇਹ ਜਾਪੇ ਕਿ ਉਨ੍ਹਾਂ ਦੇ ਦੇਸ਼ ਵਿਚ ਘੱਟ ਗਿਣਤੀਆਂ ਸੁਰੱਖਿਅਤ ਨਹੀਂ ਹਨ।

ਇਸ ਲੇਖ ਵਿਚ ਦਰਜ **'ਫਿਰਕੂ ਦੰਗੇ: ਮੌਤਾਂ ਦੀ ਗਿਣਤੀ'** ਅਤੇ **'ਫਿਰਕੂ ਦੰਗਿਆਂ ਵਿਚ ਮਰਨ ਵਾਲੇ'** ਵਾਲੀਆਂ ਡੱਬੀਆਂ ਵਿਚ



ਦਿੱਤੇ ਚਾਰਟਾਂ ਤੋਂ ਇਹ ਸਮਝਣ ਵਿਚ ਮਦਦ ਮਿਲੇਗੀ। ਇਹ ਅੰਕੜੇ ਗ੍ਰਿਹਿ ਮੰਤਰਾਲੇ ਦੁਆਰਾ ਜਾਰੀ ਰਿਪੋਰਟਾਂ ਤੋਂ ਲਏ ਗਏ ਹਨ। ਕਈ ਥਾਵਾਂ 'ਤੇ ਮੌਤਾਂ ਦੀ ਕੁੱਲ ਗਿਣਤੀ ਹਿੰਦੂ ਅਤੇ ਮੁਸਲਮਾਨਾਂ ਦੀ ਗਿਣਤੀ ਤੋਂ ਵੱਧ ਹੈ ਕਿਉਂਕਿ ਇਸ ਵਿਚ ਪੁਲਿਸ ਕਰਮਚਾਰੀ ਅਤੇ ਹੋਰ ਧਰਮਾਂ ਦੇ ਅਤੇ ਸ਼ਨਾਖ਼ਤ ਨਾ ਹੋਣ ਵਾਲੇ ਲੋਕ ਵੀ ਸ਼ਾਮਲ ਹਨ।

ਇਸ ਤੋਂ ਇਲਾਵਾ 1960 ਤੋਂ ਬਾਅਦ ਕਈ ਵੱਡੇ ਫਿਰਕੂ ਦੰਗਿਆਂ ਵਿਚ ਮਰਨ ਵਾਲਿਆਂ ਦੀ ਗਿਣਤੀ 'ਤੇ ਨਜ਼ਰ ਮਾਰਨਾ ਪ੍ਰਸੰਗਿਕ ਹੋਵੇਗਾ।

ਦੋਵਾਂ ਚਾਰਟਾਂ ਤੋਂ ਸਪਸ਼ਟ ਹੈ ਕਿ ਆਜ਼ਾਦੀ ਤੋਂ ਬਾਅਦ ਲਗਭਗ ਸਾਰੇ ਦੰਗਿਆਂ ਵਿਚ, ਕੁਝ ਬਹੁਤ ਹੀ ਥੋੜ੍ਹੇ ਅਪਵਾਦਾਂ ਨੂੰ ਛੱਡ ਕੇ, ਮਰਨ ਵਾਲਿਆਂ ਵਿਚ ਮੁਸਲਮਾਨਾਂ ਦੀ ਗਿਣਤੀ ਕੇਵਲ ਵੱਧ ਹੀ ਨਹੀਂ, ਬਹੁਤ ਵੱਧ ਹੈ। ਇਸ ਤੋਂ ਇਲਾਵਾ ਦੰਗਿਆਂ ਦੌਰਾਨ ਪੁਲਿਸ ਕਾਰਵਾਈ ਵੀ ਮੁਸਲਮਾਨਾਂ ਖ਼ਿਲਾਫ਼ ਹੀ ਕੇਂਦਰਤ ਰਹੀ। ਤੱਥ ਇਹ ਵੀ ਹੈ ਕਿ ਦੰਗਿਆਂ ਦੌਰਾਨ ਮੁਸਲਮਾਨ ਮਾਰੇ ਵੀ ਜ਼ਿਆਦਾ ਗਏ, ਗ੍ਰਿਫ਼ਤਾਰੀਆਂ ਵੀ ਉਨ੍ਹਾਂ ਦੀਆਂ ਵੱਧ ਹੋਈਆਂ। ਤਲਾਸ਼ੀਆਂ ਵੀ ਉਨ੍ਹਾਂ ਦੀਆਂ ਹੋਈਆਂ, ਕਰਫਿਊ ਦੇ ਸੰਕਟ ਵੀ ਉਨ੍ਹਾਂ ਨੇ ਝੱਲੇ। ਇਹ ਤੱਥ ਕਿਸੇ ਤਰ੍ਹਾਂ ਵੀ ਗੁਪਤ ਨਹੀਂ। ਖ਼ਾਸ ਤੌਰ 'ਤੇ ਉਰਦੂ ਪ੍ਰੈਸ ਵਿਚ ਹਰ ਦੰਗੇ ਤੋਂ ਬਾਅਦ ਮੁਸਲਮਾਨਾਂ ਨਾਲ ਹੋਈਆਂ ਜ਼ਿਆਦਤੀਆਂ ਦਾ ਜ਼ਿਕਰ ਨਜ਼ਰ ਆਇਆ। ਕਈ ਵਾਰ ਤਾਂ ਇਹ ਖ਼ਬਰਾਂ ਬਹੁਤ ਹੀ ਦੁਖਦਾਈ ਹੁੰਦੀਆਂ ਪਰ ਇਨ੍ਹਾਂ ਦਾ ਮੂਲ ਸੰਦੇਸ਼ ਤਾਂ ਮੁਸਲਮਾਨਾਂ ਤੱਕ ਪਹੁੰਚ ਹੀ ਜਾਂਦਾ ਹੈ ਕਿ ਜੇ ਦੰਗਾ ਹੋਇਆ ਤਾਂ ਉਸ ਵਿਚ ਮੁਸਲਮਾਨ ਹੀ ਮੁੱਖ ਰੂਪ ਵਿਚ ਮਾਰੇ ਜਾਣਗੇ, ਉਨ੍ਹਾਂ ਦੇ ਘਰਾਂ ਦੀਆਂ ਤਲਾਸ਼ੀਆਂ ਹੋਣਗੀਆਂ ਅਤੇ ਉਨ੍ਹਾਂ ਨੂੰ ਹੀ ਗ੍ਰਿਫ਼ਤਾਰ ਕੀਤਾ ਜਾਵੇਗਾ। ਇਸ ਤੋਂ ਬਾਅਦ ਵੀ ਜੇ ਮੁਸਲਮਾਨ ਦੰਗਾ ਸ਼ੁਰੂ ਕਰਦੇ ਹਨ ਤਾਂ ਇਸ ਧਾਰਨਾ ਪਿਛੇ ਕਈ ਨਤੀਜੇ ਕੱਢੇ ਜਾ ਸਕਦੇ ਹਨ। ਸਭ ਤੋਂ ਪਹਿਲਾਂ ਤਾਂ ਇਹ ਮੰਨਣਾ ਹੋਵੇਗਾ ਕਿ ਇਸ ਧਾਰਨਾ ਵਿਚ ਕੋਈ ਬੁਨਿਆਦੀ ਗ਼ਲਤੀ ਹੈ। ਕੋਈ ਵੀ ਫਿਰਕਾ ਜਾਂ ਤਾਂ ਆਤਮ-ਹੱਤਿਆ ਕਰਨ ਲਈ ਉਤਾਰੂ ਹੋਵੇ ਜਾਂ ਪਾਗਲ ਹੋਵੇ, ਨਹੀਂ ਤਾਂ ਆਪਣੇ ਨੁਕਸਾਨ ਬਾਰੇ ਜਾਨਣ ਦੇ ਬਾਵਜੂਦ ਉਹ ਦੰਗਾ ਕਿਉਂ ਸ਼ੁਰੂ ਕਰੇਗਾ? ਕਿਤੇ ਇਹ ਤਾਂ ਨਹੀਂ ਕਿ ਡਰਿਆ ਹੋਇਆ ਸਮੂਹ ਪਹਿਲੇ ਹੱਥ ਉਠਾ ਕੇ ਪੂਰੇ ਰਾਜਤੰਤਰ ਪ੍ਰਤੀ ਆਪਣੇ ਅਵਿਸ਼ਵਾਸ ਅਤੇ ਗੁੱਸੇ ਦਾ ਇਜ਼ਹਾਰ ਕਰ ਰਿਹਾ ਹੋਵੇ? ਨਾਲ ਹੀ ਸਾਨੂੰ ਦੰਗਿਆਂ ਦੀ ਸ਼ੁਰੂਆਤ ਬਾਰੇ ਇਹ ਤੈਅ ਕਰਨਾ ਹੋਵੇਗਾ ਕਿ ਕਿਤੇ ਕਿਸੇ ਦੰਗੇ ਦੀ ਸ਼ੁਰੂਆਤ ਅਸਲ ਵਿਚ ਉਸ ਸਮੇਂ ਹੀ ਮੰਨਣਾ ਚਾਹੀਦੀ ਹੈ, ਜੇ ਉਹ ਸਾਡੇ ਸਾਹਮਣੇ ਸ਼ੁਰੂ ਹੋਇਆ ਹੋਵੇ। ***(ਚੱਲਦਾ)***

### ਵੱਡੀ ਵੰਗਾਰ

*ਪੁਲਿਸ ਅਫਸਰ ਵਜੋਂ ਮੈਂ ਮਹਿਸੂਸ ਕੀਤਾ ਹੈ ਕਿ ਭਾਰਤੀ ਪੁਲਿਸ ਪਹਿਲਾਂ ਹੀ ਮਨ ਬਣਾ ਕੇ ਘੱਟ-ਗਿਣਤੀ ਵਿਰੋਧੀ ਮਾਨਸਿਕਤਾ ਦੀ ਸ਼ਿਕਾਰ ਹੁੰਦੀ ਹੈ। ਉਨ੍ਹਾਂ ਦੀ ਯੋਗ ਸਿਖਲਾਈ ਅਤੇ ਘੱਟ-ਗਿਣਤੀਆਂ ਦੀ ਪੁਲਿਸ ਬਲਾਂ ਅੰਦਰ ਭਰਤੀ ਦਾ ਅਨੁਪਾਤ ਮੁੱਖ ਤੌਰ 'ਤੇ ਦੋਸ਼ੀ ਹੈ। ਤੁਹਾਡੇ ਕੋਲ ਵਧੇਰੇ ਪੁਲਿਸ ਬਲ, ਵੱਡੀ ਗਿਣਤੀ ਹਥਿਆਰ, ਵਧੇਰੇ ਗੱਡੀਆਂ, ਬਹੁਤ ਵਧੀਆ ਸੂਚਨਾ ਤੰਤਰ ਕੋਈ ਮਾਇਨੇ ਨਹੀਂ ਰੱਖਦਾ, ਜੇ ਉਨ੍ਹਾਂ ਦੀ ਸੋਚ ਪਹਿਲਾਂ ਹੀ ਵਿਸ਼ੇਸ਼ ਵਿਚਾਰ ਨਾਲ ਲੈਸ ਹੈ।*

*-ਵਿਭੂਤੀ ਨਰਾਇਣ ਰਾਏ*

### ਫਿਰਕੂ ਦੰਗੇ: ਮੌਤਾਂ ਦੀ ਗਿਣਤੀ

| ਸਾਲ | ਫਿਰਕੂ ਦੰਗਿਆਂ ਦੀ ਗਿਣਤੀ | ਹਿੰਦੂ | ਮੁਸਲਮਾਨ |
|---|---|---|---|
| 1968 | 346 | 24 | 99 |
| 1969 | 519 | 66 | 558 |
| 1970 | 521 | 68 | 176 |
| 1971 | 321 | 38 | 65 |
| 1972 | 210 | 21 | 45 |
| 1973 | 242 | 26 | 45 |
| 1974 | 248 | 26 | 61 |
| 1975 | 205 | 11 | 22 |
| 1976 | 169 | 20 | 19 |
| 1977 | 188 | 12 | 24 |
| 1978 | 219 | 51 | 56 |
| 1979 | 304 | 80 | 15 |
| 1980 | 427 | 87 | 278 |
| **ਜੋੜ** | **3949** | **530** | **1598** |

### ਫਿਰਕੂ ਦੰਗਿਆਂ ਵਿਚ ਮਰਨ ਵਾਲੇ

| ਸਥਾਨ | ਸਮਾਂ | ਹਿੰਦੂ | ਮੁਸਲਿਮ | ਹੋਰ |
|---|---|---|---|---|
| ਅਲੀਗੜ੍ਹ | 1961 | 1 | 12 | -- |
| ਰਾਂਚੀ ਹਟੀਆ | ਅਗਸਤ 1967 | 20 | 156 | 1 |
| ਅਹਿਮਦਾਬਾਦ | ਸਤੰਬਰ 1969 | 24 | 430 | 58 |
| ਭਿਵੰਡੀ | ਮਈ 1970 | 17 | 56 | 2 |
| ਜਲਗਾਓਂ | ਮਈ 1970 | 1 | 42 | -- |
| ਫ਼ਿਰੋਜ਼ਾਬਾਦ | 1972 | 3 | 16 | 2 |
| ਅਲੀਗੜ੍ਹ | 1979 | 6 | 19 | 3 |
| ਮੁਰਾਦਾਬਾਦ | ਅਗਸਤ ਸਤੰਬਰ 1980 | 18 | 142 | 6 |
| ਮੇਰਠ | ਅਕਤੂਬਰ 1982 ਤੱਕ | 6 | 21 | 2 |
| **ਜੋੜ** | | **96** | **897** | **74** |

# ਜਹ ਜਹ ਜਾਉ ਤਹਾ ਤੇਰੀ ਸੇਵਾ: ਡਾ. ਮਹਿੰਦਰ ਸਿੰਘ ਰੰਧਾਵਾ

***(ਪਿਛਲੇ ਸਫੇ ਦੀ ਬਾਕੀ)***

ਇਨਸਾਨ ਸੀ। ਧਾਰਮਿਕ ਕੱਟੜਤਾ ਉਸ ਦੇ ਨੇੜੇ ਤੇੜੇ ਵੀ ਨਹੀਂ ਸੀ।

ਡਾ. ਰੰਧਾਵਾ ਦੇਖਣ ਨੂੰ ਅੰਗਰੇਜ਼ ਲੱਗਦਾ ਸੀ ਪਰ ਧੁਰ ਅੰਦਰੋਂ ਪੇਂਡੂ ਕਿਸਾਨਾਂ ਵਰਗਾ ਸੀ। ਉਹ ਬੌਧਿਕ ਪੱਖ ਤੋਂ ਵਿਗਿਆਨੀ ਤੇ ਭਾਵੁਕ ਪੱਖ ਤੋਂ ਕਲਾ ਪ੍ਰੇਮੀ ਸੀ। ਸੋਚ ਵਿਚ ਆਧੁਨਿਕ, ਵਿਹਾਰ ਵਿਚ ਸੱਚਾ-ਸੁੱਚਾ। ਇਕ ਪਾਸੇ ਨਵੇਂ ਪੰਜਾਬ ਦੀ ਉਸਾਰੀ ਲਈ ਅਣਥੱਕ ਘਾਲਣਾ ਘਾਲੀ ਅਤੇ ਨਾਲ ਹੀ ਪੰਜਾਬ ਦੀ ਕਲਾ ਅਤੇ ਸਭਿਆਚਾਰ ਦੀ ਵਿਰਾਸਤ ਨੂੰ ਸਾਂਭਿਆ। ਉਸ ਨੇ ਆਪਣੀਆਂ ਉੱਚੀਆਂ ਪਦਵੀਆਂ ਕਾਰਨ ਮਿਲੀਆਂ ਸ਼ਕਤੀਆਂ ਨੂੰ ਲੋਕਾਂ ਦੀ ਭਲਾਈ ਅਤੇ ਜੀਵਨ ਦੀ ਬਿਹਤਰੀ ਲਈ ਕੰਮ ਕਰਨ ਦੇ ਲੇਖੇ ਲਾਇਆ। ਡਾ. ਰੰਧਾਵੇ ਦਾ ਇਸ਼ਕ ਕੰਮ ਨਾਲ ਸੀ। ਉਸ ਨੇ ਆਪਣੇ ਜੀਵਨ ਦਾ ਹਰ ਪਲ ਸਕਾਰਥ ਕੀਤਾ, ਸੁਪਨੇ ਲੈਂਦਿਆਂ, ਨਵੀਆਂ ਯੋਜਨਾਵਾਂ ਉਲੀਕਦਿਆਂ, ਉਨ੍ਹਾਂ ਨੂੰ ਤਨਦੇਹੀ ਨਾਲ ਸਿਰੇ ਚੜ੍ਹਾਇਆ। ਡਾ. ਰੰਧਾਵਾ ਦੀ ਸ਼ਖ਼ਸੀਅਤ ਵਿਚ ਖ਼ਾਸ ਗੁਣ ਸੀ ਕਿ ਉਹ ਆਪਣੇ ਸੰਪਰਕ ਵਿਚ ਆਉਣ ਵਾਲੇ ਬੰਦੇ ਨੂੰ ਪਰਖ ਲੈਂਦਾ ਸੀ ਕਿ ਇਸ ਵਿਚ ਕਿਹੜਾ ਗੁਣ ਹੈ ਜਿਸ ਨੂੰ ਪ੍ਰਫੁੱਲਤ ਕਰਨ ਲਈ ਉਸ ਨੂੰ ਪ੍ਰੇਰਿਆ ਜਾਵੇ। ਉਸ ਦੇ ਨੇੜਲੇ ਸੰਪਰਕ ਵਿਚ ਆਏ ਦਰਜਨਾਂ ਹੀ ਸਾਹਿਤਕਾਰ, ਚਿਤਰਕਾਰ, ਲੋਕਗੀਤਾਂ ਦੇ ਸੰਗ੍ਰਹਿਕਾਰ ਸਨ ਜਿਨ੍ਹਾਂ ਨੂੰ ਉਸ ਨੇ ਹੱਲਾਸ਼ੇਰੀ ਦਿੱਤੀ। ਉਨ੍ਹਾਂ ਦੀ ਮਦਦ ਕੀਤੀ ਅਤੇ ਉਨ੍ਹਾਂ ਨੂੰ ਕਲਾ ਦੇ ਖੇਤਰ ਵਿਚ ਵਿਉਂਤਬੰਦੀ ਨਾਲ ਸਿਰਜਣਾਤਮਕ ਕਿਰਤਾਂ ਪੈਦਾ ਕਰਨ ਲਈ ਪ੍ਰੇਰਿਆ।

ਜਿਹੜੇ ਕੰਮ ਵਿਅਕਤੀਆਂ ਦੀ ਵਿਤੋਂ ਬਾਹਰੇ ਸੰਸਥਾਵਾਂ ਦੇ ਕਰਨ ਦੇ ਸਨ, ਉਨ੍ਹਾਂ ਲਈ ਉਸ ਨੇ ਅੱਗੇ ਲੱਗ ਕੇ ਉਨ੍ਹਾਂ ਸੰਸਥਾਵਾਂ ਦੀ ਨਿਰਮਾਣਕਾਰੀ ਕੀਤੀ। ਉਸ ਨੇ ਇਕ ਪੁਸਤਕ 'ਐਵੋਲਿਊਸ਼ਨ ਆਫ ਲਾਈਫ' ਲਿਖਵਾਈ ਜਿਸ ਵਿਚ ਵਿਸ਼ਵ ਪ੍ਰਸਿੱਧ ਵਿਗਿਆਨੀ ਦੇ ਜੀਵਨ ਦੀ ਉਤਪਤੀ ਤੇ ਵਿਕਾਸ ਸੰਬੰਧੀ ਲੇਖ ਹਨ। ਚੰਡੀਗੜ੍ਹ ਵਿਚ ਉਸ ਨੇ ਵਿਗਿਆਨ ਤੇ ਕਲਾ ਦਾ ਮਿਊਜ਼ੀਅਮ ਬਣਵਾਇਆ। ਲੁਧਿਆਣਾ ਖੇਤੀਬਾੜੀ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਹੁੰਦਿਆਂ ਉਥੇ ਪੰਜਾਬੀ ਸਭਿਆਚਾਰ ਦਾ ਅਜਾਇਬ ਘਰ ਬਣਵਾਇਆ। ਉਸ ਦਾ ਇਕ ਹੋਰ ਉੱਦਮ ਪੰਜਾਬ ਆਰਟਸ ਕੌਂਸਲ ਦੀ ਸਥਾਪਨਾ ਅਤੇ ਕਲਾ ਭਵਨ (ਸੈਕਟਰ 16, ਚੰਡੀਗੜ੍ਹ) ਦੀ ਉਸਾਰੀ ਸੀ। ਇਸ ਕਲਾ ਪ੍ਰੀਸ਼ਦ ਦੇ ਤਿੰਨ ਵਿੰਗ ਹਨ: ਸੰਗੀਤ-ਨਾਟਕ ਅਕਾਦਮੀ, ਸਾਹਿਤ ਅਕਾਦਮੀ ਅਤੇ ਲਲਿਤ ਕਲਾ ਅਕਾਦਮੀ। ਡਾ. ਰੰਧਾਵਾ ਦਾ ਸੰਕਲਪ ਸੀ ਕਿ ਜਦੋਂ ਪੰਜਾਬ ਦੇ ਹਰ ਵੰਨਗੀ ਦੇ ਕਲਾਕਾਰ, ਸਾਹਿਤਕਾਰ ਤੇ ਅਦਾਕਾਰ ਇਕ ਥਾਂ ਜੁੜ ਕੇ ਬੈਠਿਆ ਕਰਨਗੇ ਤਾਂ ਪੰਜਾਬੀਆਂ ਦੀ ਕਲਾਤਮਕ ਪ੍ਰਤਿਭਾ ਨੇ ਖਿੜਨ ਲਈ ਸਾਵਾਂ ਮਾਹੌਲ ਮਿਲੇਗਾ। ਇਸੇ ਲਈ ਪੰਜਾਬ ਵਿਚ ਪਿੰਡ-ਪਿੰਡ ਲਾਇਬ੍ਰੇਰੀਆਂ ਬਣਾਉਣ ਦੀ ਸਕੀਮ ਚਲਾਈ ਸੀ ਤਾਂ ਕਿ ਲੋਕ ਪੜ੍ਹ ਲਿਖ ਕੇ ਅੰਧ-ਵਿਸ਼ਵਾਸ ਦੇ ਹਨੇਰੇ ਵਿਚੋਂ ਨਿਕਲ ਸਕਣ। ਚੰਡੀਗੜ੍ਹ ਦੀ ਨਿਰਮਾਣਕਾਰੀ ਅਤੇ ਖੇਤੀਬਾੜੀ ਯੂਨੀਵਰਸਿਟੀ ਨੂੰ ਨਵੀਆਂ ਬੁਲੰਦੀਆਂ ਤਕ ਲਿਜਾਣ ਲਈ ਰੰਧਾਵੇ ਦੀਆਂ ਦੂਰ ਦ੍ਰਿਸ਼ਟੀ ਵਾਲੀਆਂ ਸਕੀਮਾਂ ਰਾਸ ਆਈਆਂ ਹਨ।

ਕਦੇ-ਕਦੇ ਇਹ ਮਹਿਸੂਸ ਹੁੰਦਾ ਹੈ ਕਿ ਕੋਈ ਇਕੱਲਾ ਬੰਦਾ ਇੰਨੇ ਕੰਮ ਕਿਵੇਂ ਕਰ ਸਕਦਾ ਹੈ? ਇਸ ਸਵਾਲ ਦਾ ਜੇ ਉੱਤਰ ਲੱਭਣਾ ਹੋਵੇ ਤਾਂ ਉਸ ਦੀ ਸਵੈ-ਜੀਵਨੀ ਵਾਰ-ਵਾਰ ਪੜ੍ਹਨੀ ਚਾਹੀਦੀ ਹੈ ਤਾਂ ਕਿ ਅਸੀਂ ਸਮਝ ਸਕੀਏ ਕਿ ਸਾਡਿਆਂ ਸਮਿਆਂ ਵਿਚ ਏਡੀ ਕੱਦਾਵਰ ਸ਼ਖ਼ਸੀਅਤ ਵਾਲਾ ਬੰਦਾ ਕਿਵੇਂ ਸਿਦਕ, ਸਿਰੜ ਅਤੇ ਮਿਹਨਤ ਦੇ ਜ਼ੋਰ ਉਸਾਰਿਆ। ਜ਼ਿੰਦਗੀ ਦੀ ਉਸਾਰੀ ਦਾ ਦੂਜਾ ਨਾਂ ਹੈ ਮਹਿੰਦਰ ਸਿੰਘ ਰੰਧਾਵਾ। ਸੰਤ ਸਿੰਘ ਸੇਖੋਂ ਨੇ ਠੀਕ ਹੀ ਕਿਹਾ ਹੈ, "ਨਹੀਂ ਹੋਣਾ ਰੰਧਾਵੇ ਵਰਗਾ ਕੋਈ ਹੋਰ।"

# ਨਰਿੰਦਰ ਸਿੰਘ ਕਪੂਰ ਦੇ ਖੇਡ ਕਥਨ

ਪੰਜਾਬੀ ਖੇਡ ਸਾਹਿਤ



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਨਰਿੰਦਰ ਸਿੰਘ ਕਪੂਰ ਵਿਲੱਖਣ ਵਾਰਤਕ ਦਾ ਖਿਡਾਰੀ ਹੈ। ਚਕਾਚੌਂਧ ਕਰਦੇ ਫਿਕਰਿਆਂ ਦਾ ਸਿਰਜਕ! ਅਖੇ ਵਾਰਤਕ ਟੁਰਦੀ ਹੈ, ਕਵਿਤਾ ਨੱਚਦੀ ਹੈ, ਆਲੋਚਨਾ ਪਰੇਡ ਕਰਦੀ ਹੈ। ਵਾਰਤਕ ਦੀ ਉਡਾਣ ਦੂਰ ਤਕ ਹੁੰਦੀ ਹੈ, ਕਵਿਤਾ ਦੀ ਬਹੁਤ ਉੱਚੀ। ਉਸ ਦੇ ਖੇਡ ਕਥਨ, ਖੇਡ ਮੈਦਾਨਾਂ ਦੀਆਂ ਕੰਧਾਂ ਅਤੇ ਸਟੇਡੀਅਮਾਂ ਦੀਆਂ ਪੌੜੀਆਂ 'ਤੇ ਲਿਖੇ ਜਾਣ ਲੱਗੇ ਹਨ। ਇਹਦਾ ਤੋਰਾ ਅਸੀਂ ਆਪਣੇ ਪਿੰਡ ਚਕਰ ਦੇ ਸਕੂਲ ਤੇ ਸਪੋਰਟਸ ਅਕੈਡਮੀ ਤੋਂ ਤੋਰਿਆ ਸੀ। ਮਸਲਨ: ਓਲੰਪਿਕਸ ਵਿਚ ਸੌ ਮੀਟਰ ਦੀ ਦੌੜ, ਦੌੜ ਨਹੀਂ; ਧਰਤੀ ਉਤੇ ਕੁਝ ਸਕਿੰਟਾਂ ਦੀ ਉਡਾਣ ਹੁੰਦੀ ਹੈ। ਕੁਸ਼ਤੀ-ਕਬੱਡੀ ਗਰੀਬਾਂ ਦੀਆਂ ਖੇਡਾਂ ਹਨ, ਹੋਰਨਾਂ ਖੇਡਾਂ ਲਈ ਸਾਮਾਨ ਦੀ ਲੋੜ ਪੈਂਦੀ ਹੈ ਪਰ ਇਨ੍ਹਾਂ ਖੇਡਾਂ 'ਚ ਕੱਪੜੇ ਵੀ ਲਾਹੁਣੇ ਪੈਂਦੇ ਹਨ। ਜਿੱਤਣ ਵਾਲੇ ਦੇ ਗਲ 'ਚ 'ਹਾਰ' ਇਸ ਲਈ ਪਾਏ ਜਾਂਦੇ ਹਨ ਤਾਂ ਕਿ ਉਹ ਜਿੱਤਾਂ ਨੂੰ ਹੀ ਨਹੀਂ, 'ਹਾਰਾਂ' ਨੂੰ ਵੀ ਯਾਦ ਰੱਖੇ। ਖੇਡਾਂ ਕਸਰਤ ਹੀ ਨਹੀਂ ਹੁੰਦੀਆਂ, ਇਹ ਮਨੁੱਖ ਵਿਚ ਆਪਸੀ ਸਦਭਾਵਨਾ ਅਤੇ ਜਿੱਤ ਦਾ ਭਰੋਸਾ ਉਪਜਾਉਂਦੀਆਂ ਹਨ। ਓਲੰਪਿਕਸ ਵਿਚ ਭਾਗ ਲੈਣ ਵਾਲੇ, ਚਾਰ ਸਾਲ ਦਾ ਗਰਭ ਹੰਢਾਉਂਦੇ ਹਨ। ਖੇਡਾਂ ਵਿਚ ਜਿੱਤ ਕਦੇ-ਕਦੇ ਹੁੰਦੀ ਹੈ, ਹਾਰ ਹੁੰਦੀ ਹੀ ਰਹਿੰਦੀ ਹੈ।


ਫੈਸਲਾਕੁਨ ਪੜਾਅ ਵਿਚ, ਫੁੱਟਬਾਲ ਦੀ ਖੇਡ, ਗੋਲਕੀਪਰ ਦੇ ਆਲੇ-ਦੁਆਲੇ ਘੁੰਮਣ ਲੱਗ ਪੈਂਦੀ ਹੈ। ਚੈਂਪੀਅਨ ਨੂੰ ਅਸਫਲਤਾ ਦਾ ਡਰ ਹੁੰਦਾ ਹੈ, ਬਾਕੀਆਂ ਨੂੰ ਜਿੱਤਣ ਦਾ ਲਾਲਚ ਹੁੰਦਾ ਹੈ। ਸ਼ੈਂਪੇਨ ਜੇਤੂਆਂ ਲਈ ਹੁੰਦੀ ਹੈ, ਹਾਰਿਆਂ ਲਈ ਸ਼ਰਾਬ ਹੁੰਦੀ ਹੈ। ਪਿਆਰ ਦੀ ਖੇਡ ਵਿਚ, ਇਸਤਰੀ ਕੋਲ ਦਰਜਨਾਂ ਪੈਂਤੜੇ ਅਤੇ ਸੈਂਕੜੇ ਦਾਓ-ਪੇਚ ਹੁੰਦੇ ਹਨ। ਸੰਸਾਰ ਦੀ ਸਭ ਤੋਂ ਮਹਿੰਗੀ ਖੇਡ, ਯੁੱਧ ਕਹਿਲਾਉਂਦੀ ਹੈ। ਖੇਡ ਦੇ ਅਰਥ ਖੇਡਣ ਤੋਂ ਹਨ; ਜਦੋਂ ਖੇਡ, ਮੁਕਾਬਲਾ ਬਣ ਜਾਵੇ, ਖੇਡ ਗੁਆਚ ਜਾਂਦੀ ਹੈ ਅਤੇ ਦਿਲਚਸਪੀ ਖੇਡ ਵਿਚ ਨਹੀਂ, ਜਿੱਤ-ਹਾਰ ਵਿਚ **ਰਹਿ ਜਾਂਦੀ** ਹੈ। ਖੇਡਾਂ ਵਿਚ ਇਕ ਦੀ ਜਿੱਤ, ਕਈਆਂ ਦੀ ਹਾਰ 'ਤੇ ਉੱਸਰੀ ਹੁੰਦੀ ਹੈ। ਹਾਰਨ ਵਿਚ ਖਿਡਾਰੀਆਂ ਦਾ ਕੋਈ ਦੋਸ਼ ਨਹੀਂ ਹੁੰਦਾ; ਦੋਸ਼ ਉਨ੍ਹਾਂ ਵਿਚ ਹੁੰਦਾ ਹੈ, ਜਿਹੜੇ ਹਰ ਵਾਰੀ ਉਨ੍ਹਾਂ ਨੂੰ ਜਿੱਤਦੇ ਹੀ ਵੇਖਣਾ ਚਾਹੁੰਦੇ ਹੁੰਦੇ ਹਨ। ਖੇਡਾਂ ਅਸਲ ਜੀਵਨ ਨਹੀਂ ਹੁੰਦੀਆਂ, ਪਰ ਇਹ ਅਸਲ ਜੀਵਨ ਲਈ ਬੜੀ ਪੱਕੀ ਤਿਆਰੀ ਹੁੰਦੀਆਂ ਹਨ...।

**ਨਰਿੰਦਰ ਸਿੰਘ ਕਪੂਰ ਪੰਜਾਬੀ ਦਾ ਉੱਘਾ ਲੇਖਕ ਹੈ। ਨਿਵੇਕਲੀ ਵਾਰਤਕ ਦਾ ਅਫ਼ਲਾਤੂਨ! ਉਹਦੇ ਪਾਠਕ ਹਜ਼ਾਰਾਂ ਦੀ ਗਿਣਤੀ ਵਿਚ ਹਨ। ਉਹਦੀਆਂ ਕਿਤਾਬਾਂ ਗਰਮ ਪਕੌੜਿਆਂ ਤੇ ਤਾਜ਼ਾ ਜਲੇਬੀਆਂ ਵਾਂਗ ਵਿਕਦੀਆਂ ਹਨ। ਉਸ ਦੇ ਅਜਿਹੇ** ਫਿਕਰੇ ਉਹਦੇ ਫੈਨ ਨੋਟਬੁੱਕਾਂ 'ਚ ਨੋਟ ਕਰਦੇ ਰਹਿੰਦੇ ਹਨ: **ਕਾਰਲ ਮਾਰਕਸ, ਰੱਬ ਨੂੰ ਨਾ ਮੰਨਣ ਵਾਲਿਆਂ ਦਾ ਰੱਬ ਹੈ। ਜਿਸ ਪਿਆਰ ਵਿਚ ਕੋਈ ਖ਼ਤਰਾ ਨਹੀਂ ਹੁੰਦਾ, ਉਹ ਵਿਆਹ ਹੁੰਦਾ ਹੈ। ਹੱਸਣ ਮਗਰੋਂ ਚਿਹਰਾ ਪੂੰਝਣਾ ਨਹੀਂ ਪੈਂਦਾ, ਰੋਣ ਮਗਰੋਂ ਧੋਣਾ ਵੀ ਪੈਂਦਾ ਹੈ। ਭਾਰਤੀ ਧਰਮਾਂ ਨੇ ਧਨ ਦੀ ਨਿੰਦਾ ਕਰ-ਕਰ ਕੇ, ਇਸ ਦਾ ਲਾਲਚ ਵਧਾ ਦਿੱਤਾ ਹੈ। ਆਪਣਾ ਭਵਿੱਖ ਜੋਤਸ਼ੀਆਂ ਤੋਂ ਪੁੱਛਣ ਵਾਲਿਆਂ ਦਾ ਕੋਈ ਭਵਿੱਖ ਹੁੰਦਾ ਹੀ ਨਹੀਂ। ਸੰਬੰਧ ਵਿਗੜੇ ਹੋਣ ਤਾਂ ਸਧਾਰਨ ਸ਼ਬਦ ਵੀ ਵਿਅੰਗ ਪ੍ਰਤੀਤ ਹੁੰਦੇ ਹਨ। ਇਕ ਸੰਸਾਰ ਵਿਚ ਅਸੀਂ ਜਿਊਂਦੇ ਹਾਂ, ਇਕ ਸੰਸਾਰ ਸਾਡੇ ਵਿਚ ਜਿਊਂਦਾ ਹੈ। ਕੁੜੀਆਂ ਨੂੰ ਵਿਆਹ ਵਾਲਾ ਜੀਵਨ ਨਹੀਂ, ਵਿਆਹ ਵਾਲਾ ਸਮਾਗਮ ਚੰਗਾ ਲਗਦਾ ਹੈ...।**

2021 ਵਿਚ ਉਸ ਦੀ ਸਵੈਜੀਵਨੀ 'ਧੁੱਪਾਂ-ਛਾਵਾਂ' ਛਪੀ। ਉਸ ਦੇ ਸਰਵਰਕ ਉਤੇ ਛਪਿਆ ਹੈ: ਇਹ ਮੇਰੀ ਜ਼ਿੰਦਗੀ ਦੀਆਂ ਧੁੱਪਾਂ-ਛਾਵਾਂ ਦੀ ਸੰਖੇਪ ਕਹਾਣੀ ਹੈ। ਮੇਰੇ ਬਚਪਨ ਵਿਚ ਮੁਸ਼ਕਿਲਾਂ ਸਨ ਪਰ ਅਸੰਭਵ ਕੁਝ ਨਹੀਂ ਸੀ। ਜਵਾਨੀ ਵਿਚ ਹਾਰਾਂ ਅਤੇ ਅਸਫਲਤਾਵਾਂ ਅਨੇਕਾਂ ਸਨ ਪਰ ਅਵਸਰਾਂ ਅਤੇ ਅਨੁਭਵਾਂ ਦੀਆਂ ਡੂੰਘੀਆਂ ਸਿਖਰਾਂ ਦੀ ਵੀ ਭਰਮਾਰ ਸੀ। ਜ਼ਿੰਦਗੀ ਦੀ ਹਰ ਸਵੇਰ ਵਿਚ ਸੱਜਰੀ ਉਮੀਦ ਸੀ। ਮਸ਼ਾਲਾਂ ਵਰਗੇ ਸਾਥੀਆਂ ਅਤੇ ਫੁਲਕਾਰੀਆਂ ਵਰਗੀਆਂ ਨਾਰਾਂ ਨੇ ਮੇਰੀਆਂ ਉਦਾਸੀਆਂ ਵਿਚ ਸ਼ਿੱਦਤ ਅਤੇ ਮਾਯੂਸੀਆਂ ਵਿਚ ਰੌਣਕ ਭਰੀ ਹੈ। ਜਿੱਤ ਦੇ ਭਰੋਸੇ ਵਾਲੀ ਇਹ ਸਵੈ-ਜੀਵਨੀ ਜ਼ਿੰਦਗੀ ਦੀਆਂ ਵੰਗਾਰਾਂ ਅਤੇ ਚੁਣੌਤੀਆਂ ਵਿਚੋਂ ਤਲਾਸ਼ੇ ਅਵਸਰਾਂ ਦੀ ਦਾਸਤਾਨ ਹੈ, ਜਿਸ ਵਿਚ ਖੁੱਲ੍ਹੀਆਂ ਅੱਖਾਂ ਨਾਲ ਵੇਖੇ ਸੁਪਨਿਆਂ ਦੇ ਰੰਗ ਅਤੇ ਜੀਵਨ ਵਿਚ ਕਮਾਏ ਅਤੇ ਮਾਣੇ ਝੂਟਿਆਂ ਦੇ ਹੁਲਾਰੇ ਹਨ।

ਉਸ ਦੀਆਂ ਪਹਿਲਾਂ ਛਪੀਆਂ ਪੁਸਤਕਾਂ ਦੇ ਨਾਂ ਹਨ: ਸੱਚੋ-ਸੱਚ, ਦਰ-ਦਰਵਾਜ਼ੇ, ਰਾਹ-ਰਸਤੇ, ਮਾਲਾ ਮਣਕੇ, ਮਾਲਾ ਮਣਕੇ ਭਾਗ ਦੂਜਾ, ਕੱਲਿਆਂ ਦਾ ਕਾਫ਼ਲਾ, ਖਿੜਕੀਆਂ, ਕੁੰਜੀਆਂ, ਬੁਨਿਆਦਾਂ, ਡੂੰਘੀਆਂ ਸਿਖਰਾਂ, ਅੰਤਰ-ਝਾਤ, ਆਹਮੋ-ਸਾਹਮਣੇ, ਬੂਹੇ-ਬਾਰੀਆਂ, ਸੁਖ਼ਨ-ਸੁਨੇਹੇ, ਮੇਲ-ਜੋਲ, ਵਿਆਖਿਆ ਵਿਸ਼ਲੇਸ਼ਣ,







*ਨਰਿੰਦਰ ਸਿੰਘ ਕਪੂਰ ਆਪਣੀ ਹਮਸਫਰ ਨਾਲ ਅਤੇ ਪੁਸਤਕ ਧੁੱਪਾਂ-ਛਾਵਾਂ ਦਾ ਸਰਵਰਕ*

ਤਰਕਵੇਦ, ਰੋਸ਼ਨੀਆਂ, ਨਿੱਕੀਆਂ-ਨਿੱਕੀਆਂ ਗੱਲਾਂ, ਮੇਲ-ਜੋਲ ਤੇ ਸ਼ੁਭ ਇੱਛਾਵਾਂ। ਉਸ ਨੇ ਆਲੋਚਨਾ ਤੇ ਖੋਜ ਦੀਆਂ ਚਾਰ ਪੁਸਤਕਾਂ ਲਿਖਣ ਨਾਲ ਪੰਜ ਪੁਸਤਕਾਂ ਦੇ ਅਨੁਵਾਦ ਵੀ ਛਪਵਾਏ ਹਨ। ਉਹਦੀ ਸਵੈ-ਜੀਵਨੀ ਇੰਜ ਤੁਰਦੀ ਹੈ: ਆਪਣੀ ਸਵੈ-ਜੀਵਨੀ ਵਿਚ ਮੈਂ ਆਪਣੇ ਬਚਪਨ ਦੇ ਵੇਰਵੇ ਵਿਸਥਾਰ ਨਾਲ ਦਰਜ ਕੀਤੇ ਹਨ ਕਿਉਂਕਿ ਮੇਰਾ ਬਚਪਨ ਆਮ ਬੱਚਿਆਂ ਦੇ ਬਚਪਨ ਤੋਂ ਵੱਖਰੀ ਭਾਂਤ ਦਾ ਸੀ। ਜਿਹੜਾ ਆਮ ਬੱਚਿਆਂ ਲਈ ਖੇਡਣ ਦਾ ਸਮਾਂ ਸੀ, ਉਹ ਮੇਰੇ ਲਈ ਜ਼ਿੰਦਗੀ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਲਈ ਭਾਂਤ-ਭਾਂਤ ਦੇ ਕੰਮ ਕਰਨ ਦਾ ਸਮਾਂ ਸੀ, ਜਿਸ ਤੋਂ ਨਿਆਰੇ ਅਨੁਭਵ ਪ੍ਰਾਪਤ ਹੁੰਦੇ ਰਹੇ।

ਬਚਪਨ ਵਿਚ ਹੀ ਮੈਂ ਇਕ ਅਖ਼ਬਾਰ ਵਿਚ ਕੰਮ ਕਰਨ ਲੱਗ ਪਿਆ ਸਾਂ ਅਤੇ ਅਜਿਹਾ ਵਾਪਰਨਾ ਮੇਰੇ ਜੀਵਨ ਵਿਚ ਇਕ ਸੁਨਹਿਰੀ ਮੋੜ ਸੀ, ਕਿਉਂਕਿ ਇਥੇ ਕੰਮ ਕਰਦਿਆਂ ਸਾਰਾ ਸੰਸਾਰ ਮੇਰੇ ਸਾਹਮਣੇ ਖੁੱਲ੍ਹ ਗਿਆ ਸੀ। ਇਸ ਅਨੁਭਵ ਦੀ ਬਦੌਲਤ ਹੀ ਮੈਂ ਜਰਨਲਿਜ਼ਮ ਦੇ ਵਿਸ਼ੇ 'ਤੇ ਪੀ.ਐਚਡੀ ਕੀਤੀ, ਲਿਖਣਾ ਆਰੰਭਿਆ ਅਤੇ ਜਰਨਲਿਜ਼ਮ ਦਾ ਪ੍ਰੋਫ਼ੈਸਰ ਬਣਿਆ। ਸਕੂਲ ਵਿਚ ਗੁਜ਼ਾਰਿਆ ਸਮਾਂ ਬੜਾ ਦਿਲਚਸਪ, ਰੰਗੀਨ ਅਤੇ ਯਾਦਗਾਰੀ ਅਨੁਭਵ ਸੀ। ਬਿਜਲੀ ਬੋਰਡ ਅਤੇ ਬੈਂਕ ਵਿਚ ਗੁਜ਼ਾਰਿਆ ਸਮਾਂ, ਯੂਨੀਵਰਸਿਟੀ ਵਿਚ ਦਾਖਲ ਹੋ ਕੇ ਪੜ੍ਹਨ ਲਈ ਤਿਆਰੀ ਅਤੇ ਮਾਇਕ ਸਰੋਤ ਜੁਟਾਉਣ ਦਾ ਸਮਾਂ ਸੀ। ਮੇਰੇ ਜੀਵਨ ਵਿਚ ਯੂਨੀਵਰਸਿਟੀ ਵਿਚ ਦਾਖਲ ਹੋ ਕੇ ਕੀਤੀ ਐਮ.ਏ ਅੰਗਰੇਜ਼ੀ ਦੀ ਪੜ੍ਹਾਈ ਲਲਾਰੀ ਦਾ ਉਹ ਤੱਸਲਾ ਸਾਬਤ ਹੋਈ, ਜਿਥੇ ਮੇਰੇ ਖੱਦਰ ਉਤੇ ਰੇਸ਼ਮੀ ਰੰਗ ਚੜ੍ਹਿਆ ਸੀ। ਤਿੰਨ ਕਾਲਜਾਂ ਵਿਚ ਅਧਿਆਪਨ ਕਰਨਾ ਅਤੇ ਅਗਲੇਰੀ ਪੜ੍ਹਾਈ ਜਾਰੀ ਰੱਖਣਾ, ਯੂਨੀਵਰਸਿਟੀ ਵਿਚ ਮੇਰੀ ਨਿਯੁਕਤੀ ਦਾ ਕਾਰਨ ਬਣਿਆ। ਯੂਨੀਵਰਸਿਟੀ ਵਿਚ ਪਹਿਲਾਂ ਹੀ ਨਿਯੁਕਤ, ਲੜਕੀ ਨਾਲ ਮੇਰੇ ਵਿਆਹ ਨਾਲ ਬਣੀ ਪਤਨੀ, ਮੇਰੀ ਜ਼ਿੰਦਗੀ ਦੀ ਬਰਕਤ ਸਾਬਤ ਹੋਈ। ਮੇਰੇ ਪੀ.ਐਚਡੀ ਕਰਦਿਆਂ ਹੀ 'ਪੰਜਾਬੀ ਟ੍ਰਿਬਿਊਨ' ਦਾ ਆਰੰਭ ਹੋਣਾ ਮੇਰੇ ਲਈ ਵਰਦਾਨ ਹੋਇਆ, ਜਿਸ ਵਿਚ ਮੈਂ ਦਾਰਸ਼ਨਿਕ ਅਤੇ ਮਨੋਵਿਗਿਆਨਕ ਵਾਰਤਕ ਦੀ ਰਚਨਾ ਕਰਦਾ ਤੇ ਛਪਵਾਉਂਦਾ ਰਿਹਾ। ਇਵੇਂ ਮੇਰਾ ਪਾਠਕ-ਵਰਗ ਉਸਰਦਾ ਗਿਆ। ਯੂਨੀਵਰਸਿਟੀ ਵਿਚ ਮੇਰੀ ਕਲਾਸ ਵਿਚ ਤੀਹ ਵਿਦਿਆਰਥੀ ਹੁੰਦੇ ਸਨ ਪਰੰਤੂ 'ਪੰਜਾਬੀ ਟ੍ਰਿਬਿਊਨ' ਰਾਹੀਂ ਸੈਂਕੜੇ-ਹਜ਼ਾਰਾਂ ਪਾਠਕ-ਵਿਦਿਆਰਥੀ ਮੇਰੇ ਸੰਪਰਕ ਵਿਚ ਆਏ।

ਪੁਰਸ਼ਾਂ ਦੇ ਮੁਕਾਬਲੇ ਮਿਲਣ ਵਾਲੀਆਂ ਇਸਤਰੀਆਂ ਵਧੇਰੇ ਦਿਲਚਸਪ ਅਤੇ ਗੁੰਝਲਦਾਰ ਸਨ। ਕੁਝ ਲੜਾਕੀਆਂ ਅਤੇ ਨਿਰਮੋਹੀਆਂ ਸਨ ਪਰ ਬਹੁਤੀਆਂ ਮਮਤਾ ਦੀਆਂ ਮੂਰਤੀਆਂ ਸਨ। ਕਈ ਸੋਹਣੀਆਂ, ਸੁਨੱਖੀਆਂ, ਸਿਆਣੀਆਂ ਅਤੇ ਮਿਹਰਬਾਨ ਇਸਤਰੀਆਂ ਦੇ ਸੰਪਰਕ ਵਿਚ ਆਉਣ ਦਾ ਅਵਸਰ ਮਿਲਿਆ। ਕਈਆਂ ਨੂੰ ਮੈਂ ਪਿਆਰ ਕੀਤਾ ਪਰ ਕਿਸੇ ਨੇ ਮੈਨੂੰ ਪਿਆਰ ਕਰਨ ਯੋਗ ਨਹੀਂ ਸਮਝਿਆ। ਇਸ ਮਾਯੂਸੀ ਅਤੇ ਉਦਾਸੀ ਕਾਰਨ ਪਏ ਘਾਟੇ ਨੂੰ, ਨਫ਼ੇ ਵਿਚ ਬਦਲਣ ਲਈ, ਮੈਂ ਫ਼ਿਲਾਸਫ਼ੀ ਵੱਲ ਝੁਕਿਆ। ਲਿਖਣ ਜਾਂ ਪੜ੍ਹਨ ਵਾਸਤੇ ਮੈਨੂੰ ਮੂਡ ਬਣਾਉਣ ਦੀ ਲੋੜ ਨਹੀਂ ਪੈਂਦੀ। ਮੈਨੂੰ ਪਤਵੰਤਿਆਂ ਦੀ ਥਾਂ ਸਾਧਾਰਨ ਇਸਤਰੀਆਂ ਅਤੇ ਪੁਰਸ਼ ਚੰਗੇ ਲੱਗਦੇ ਹਨ। ਸਮੁੱਚੇ ਰੂਪ ਵਿਚ ਮੈਂ ਸਾਧਾਰਨ, ਸਰਲ ਅਤੇ ਸੰਜਮੀ ਆਦਤਾਂ ਵਾਲਾ ਔਸਤ ਵਿਅਕਤੀ ਹਾਂ, ਇਵੇਂ ਤੁਹਾਡੇ ਹੱਥ ਵਿਚ ਇਕ ਸਾਧਾਰਨ ਵਿਅਕਤੀ ਦੀ ਸਵੈ-ਜੀਵਨੀ ਹੈ। ਮੇਰੇ ਕਹਿਣ 'ਤੇ ਉਸ ਨੇ ਆਪਣੇ ਜੀਵਨ ਵਿਚ ਖੇਡਾਂ ਬਾਰੇ ਵੀ ਆਪਣੀ ਸੁੰਦਰ ਹੱਥ ਲਿਖਤ ਭੇਜੀ ਜੋ ਉਸ ਦੀ ਸਵੈ-ਜੀਵਨੀ 'ਚ ਨਵਾਂ ਵਾਧਾ ਹੈ:

## ਮੇਰੇ ਜੀਵਨ ਦੀਆਂ ਖੇਡਾਂ

ਦੇਸ਼ ਆਜ਼ਾਦੀ ਦਾ ਜਸ਼ਨ ਮਨਾ ਰਿਹਾ ਸੀ ਅਤੇ ਅਸੀਂ ਉਜਾੜੇ ਦਾ ਸੰਤਾਪ ਭੋਗ ਰਹੇ ਸਾਂ। ਮੇਰੀ ਜਿਹੜੀ ਉਮਰ ਨਾਲ ਖਿਡੌਣਿਆਂ ਦਾ ਸੰਬੰਧ ਹੋਣਾ ਸੀ, ਉਹ ਸਮਾਂ ਅਸੀਂ ਮਜਬੂਰੀਆਂ ਅਤੇ ਮਾਯੂਸੀਆਂ ਨਾਲ ਜੂਝਦੇ ਰਹੇ। ਲਗਭਗ ਪੰਦਰਾਂ ਸਾਲ ਉੱਜੜੇ ਹੋਏ ਸ਼ਰਨਾਰਥੀਆਂ ਨੂੰ ਆਪਣੇ ਪੈਰਾਂ 'ਤੇ ਖਲੋਣ ਵਿਚ ਲੱਗ ਗਏ। ਮੈਨੂੰ ਯਾਦ ਹੈ ਕਿ ਰਸੋਈ ਦੇ ਥੋੜ੍ਹੇ ਜਿਹੇ ਭਾਂਡਿਆਂ ਨੂੰ ਇਕ ਲਾਈਨ ਵਿਚ ਰੱਖ ਕੇ ਕੜਛੀ ਜਾਂ ਚਮਚੇ ਨਾਲ ਉਨ੍ਹਾਂ ਨੂੰ ਵਜਾਉਂਦੇ ਸਾਂ। ਇਹ ਮੇਰਾ ਜਲਤਰੰਗ ਸੀ। ਹਰੇਕ ਕੌਲੀ-ਗਲਾਸ ਦਾ ਆਕਾਰ ਅਤੇ ਰੂਪ ਵੱਖਰਾ ਹੋਣ ਕਰਕੇ ਆਵਾਜ਼ਾਂ ਵੱਖਰੀਆਂ ਹੁੰਦੀਆਂ ਸਨ। ਮੈਂ ਮਹਿਸੂਸ ਕੀਤਾ ਹੈ ਕਿ ਖੇਡ ਖਿਡੌਣਿਆਂ ਵਿਚ ਨਹੀਂ ਹੁੰਦੀ, ਖੇਡ ਬੱਚੇ ਦੇ ਅੰਦਰ ਹੁੰਦੀ ਹੈ ਅਤੇ ਬੱਚੇ ਨੂੰ ਜੋ ਕੁਝ ਵੀ ਮਿਲੇ, ਉਹ ਉਸੇ ਨਾਲ ਖੇਡ ਸਿਰਜ ਲੈਂਦਾ ਹੈ। ਕੁਝ ਬੱਚੇ ਲੁਡੋ ਖੇਡਦੇ ਸਨ, ਜਿਸ ਵਿਚ ਸੱਪਾਂ ਨਾਲ ਥੱਲੇ ਲੁੜ੍ਹਕਣ ਅਤੇ ਪੌੜੀਆਂ ਨਾਲ ਉਪਰ ਜਾਇਆ ਜਾਂਦਾ ਸੀ। ਅਸੀਂ ਸ਼ਰਨਾਰਥੀ ਕੈਂਪ ਵਿਚ ਰਹਿੰਦੇ ਸਾਂ, ਜਿਥੇ ਸੰਗਰਾਂਦ-ਪੂਰਨਮਾਸ਼ੀ ਵਾਲੇ ਦਿਨ ਸਾਡੀ ਮਾਂ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਲੰਗਰ ਦੀ ਸੇਵਾ ਕਰਨ ਚਲੀ ਜਾਇਆ ਕਰਦੀ ਸੀ ਅਤੇ ਅਸੀਂ ਦੁਪਹਿਰ ਦਾ ਅਤੇ ਕਈ ਵਾਰ ਸਵੇਰ ਦਾ ਬਚਿਆ ਲੰਗਰ ਰਾਤ ਨੂੰ ਖਾਣ ਲਈ ਗੁਰਦੁਆਰੇ ਪਹੁੰਚਣ ਲਈ ਦੌੜ ਕੇ ਜਾਇਆ ਕਰਦੇ ਸਾਂ। ਕੈਂਪ ਤੋਂ ਗੁਰਦੁਆਰਾ ਲਗਭਗ ਤਿੰਨ ਫਰਲਾਂਗ ਦੂਰ ਸੀ ਪਰ ਜਾਂਦੇ ਅਸੀਂ ਦੌੜ ਕੇ ਹੀ ਸਾਂ, ਇਹ ਸਾਡਾ ਅਥਲੈਟਿਕ ਮੁਕਾਬਲਾ ਹੁੰਦਾ ਸੀ।

ਜਦੋਂ ਸਾਨੂੰ ਸ਼ਹਿਰ ਵਿਚ ਇਕ ਛੋਟਾ ਜਿਹਾ ਮਕਾਨ ਅਲਾਟ ਹੋ ਗਿਆ ਤਾਂ ਅਸੀਂ ਰਾਤ ਵੇਲੇ ਘਰ ਦੇ ਨੇੜਲੇ ਗੁਰਦੁਆਰੇ ਜਾਂਦੇ ਸਾਂ। ਗੁਰਦੁਆਰੇ ਅੰਦਰ ਖੁੱਲ੍ਹੀ ਥਾਂ ਸੀ ਜਿਥੇ ਬੱਚੇ ਰਲ ਕੇ ਲੁਕਣ-ਮੀਟੀ ਖੇਡਦੇ ਸਨ। ਅਸਲ ਗੱਲ ਇਹ ਸੀ ਕਿ ਗੁਰਦੁਆਰੇ ਅੰਦਰ ਬੈਠੇ ਬਾਬੇ ਅਸੀਂ ਆਪਸ ਵਿਚ ਵੰਡੇ ਹੋਏ ਸਨ। ਕੀਰਤਨ ਸਾਨੂੰ ਸਮਝ ਨਹੀਂ ਸੀ ਪੈਂਦਾ, ਜਿਸ ਕਾਰਨ ਅਸੀਂ ਬਾਹਰ ਖੇਡਦੇ ਸਾਂ ਪਰ ਸਾਨੂੰ ਪਛਾਣ ਸੀ ਕਿ ਤੇਜ਼-ਤੇਜ਼ ਗਾਏ ਜਾਣ ਵਾਲੇ ਅਨੰਦ ਸਾਹਿਬ ਮਗਰੋਂ ਅਰਦਾਸ ਹੁੰਦੀ ਸੀ ਜਿਸ ਮਗਰੋਂ ਪ੍ਰਸ਼ਾਦ ਮਿਲਦਾ ਸੀ। ਅਸੀਂ ਅਰਦਾਸ ਵੇਲੇ ਆਪਣੇ ਬਾਬੇ ਕੋਲ ਪਹੁੰਚ ਜਾਂਦੇ ਸਾਂ। ਸਾਨੂੰ ਆਪਣਾ ਪ੍ਰਸ਼ਾਦ ਤਾਂ ਮਿਲਦਾ ਹੀ ਸੀ, ਬਾਬੇ ਵੀ ਆਪਣਾ ਪ੍ਰਸ਼ਾਦ ਦੇ ਦਿੰਦੇ ਸਨ। ਬਚਪਨ ਦੌਰਾਨ ਸਾਡਾ ਧਿਆਨ ਖੇਡਾਂ ਵੱਲ ਨਹੀਂ, ਕੁਝ ਖਾਣ-ਪੀਣ ਵੱਲ ਵਧੇਰੇ ਹੁੰਦਾ ਸੀ। ਭੁੱਖ ਲੱਗੀ ਹੀ ਰਹਿੰਦੀ ਸੀ, ਜਿਥੋਂ ਜੋ ਮਿਲ ਜਾਂਦਾ ਸੀ, ਉਸ ਨੂੰ ਸੁਆਦ ਨਾਲ ਖਾ ਲਿਆ ਜਾਂਦਾ ਸੀ। ਹੋਰ ਬੱਚਿਆਂ ਨਾਲ ਗੁਜ਼ਾਰੇ ਇਸ ਸਮੇਂ ਦੌਰਾਨ ਅਸੀਂ ਲਾਪ੍ਰਵਾਹ ਤੇ ਬੇਪ੍ਰਵਾਹ ਹੁੰਦੇ ਸਾਂ। ਦੌੜ ਭੱਜ ਹੋਣ ਕਾਰਨ ਸਾਨੂੰ ਸਭ ਕੁਝ ਸੌਖਿਆਂ ਹੀ ਹਜ਼ਮ ਹੋ ਜਾਂਦਾ ਸੀ।

ਉਜਾੜੇ ਕਾਰਨ ਵੱਡੀ ਗਿਣਤੀ ਵਿਚ ਸ਼ਰਨਾਰਥੀ ਪਟਿਆਲੇ ਆਏ ਸਨ। ਇਵੇਂ ਜੀਵਨ ਦੇ ਮੁੱਢਲੇ ਸਾਲ, ਹੋਰਾਂ ਵਾਂਗ ਮੈਂ ਵੀ ਗਰੀਬੀ ਅਤੇ ਮਜਬੂਰੀਆਂ ਨਾਲ ਖੇਡਦਾ ਰਿਹਾ। ਉਂਜ ਉਸ ਵੇਲੇ ਦੀਆਂ ਖੇਡਾਂ ਵਿਚ ਮੁੰਡਿਆਂ ਲਈ ਗੁੱਲੀ-ਡੰਡਾ ਅਤੇ ਬੰਟੇ ਖੇਡੇ ਜਾਂਦੇ ਸਨ। ਕੁੜੀਆਂ ਪੀਚੋ, ਅੱਡੀ-ਟੱਪਾ ਅਤੇ ਗੀਟੇ ਖੇਡਦੀਆਂ ਸਨ। ਸਾਡੇ ਘਰ ਨੇੜੇ ਇਕ ਪਾਰਕ ਹੁੰਦਾ ਸੀ ਜਿਸ ਵਿਚ ਜਲਸੇ ਹੁੰਦੇ। ਇਹ ਪਾਰਕ ਦਿਨ ਵੇਲੇ ਖਾਲੀ ਹੁੰਦਾ ਸੀ, ਜਿਥੇ ਅਸੀਂ ਗੁੱਲੀ-ਡੰਡਾ ਖੇਡਦੇ ਸਾਂ। ਸਾਡੇ ਨਾਲ ਚੋਚੋ ਨਾਂ ਦੀ ਇਕ ਕੁੜੀ ਵੀ ਗੁੱਲੀ-ਡੰਡਾ ਖੇਡਦੀ ਸੀ, ਜਿਹੜੀ ਮੁੰਡਿਆਂ ਵਾਂਗ ਟੁਰਦੀ ਅਤੇ ਮੁੰਡਿਆਂ ਵਾਂਗ ਹੀ ਬੋਲਦੀ ਸੀ। ਮਹੱਤਵਪੂਰਨ ਗੱਲ ਇਹ ਸੀ ਕਿ ਉਹ ਅਕਸਰ ਹੀ ਮੁੰਡਿਆਂ ਨੂੰ ਹਰਾ ਦਿੰਦੀ ਸੀ। ਰਾਤ ਦੀ ਰੋਟੀ ਖਾ ਕੇ ਮੁੰਡੇ-ਕੁੜੀਆਂ ਗਲ਼ੀ ਵਿਚ ਹੀ ਲੁਕਣ-ਮੀਟੀ ਖੇਡਦੇ ਸਾਂ। ਕਈ ਖੇਡਾਂ ਅਸੀਂ ਆਪ ਹੀ ਸਿਰਜ ਲੈਂਦੇ ਸਾਂ। ਹੁਣ ਤਾਂ ਸਾਡੇ ਬਚਪਨ ਦੀਆਂ ਖੇਡਾਂ ਲੋਪ ਹੀ ਹੋ ਗਈਆਂ ਹਨ। ਮੈਨੂੰ ਯਾਦ ਹੈ ਕਿ ਸਾਡੇ ਕੋਲ ਖੇਡਣ ਦੇ ਵਸੀਲੇ ਤੇ ਸਾਮਾਨ ਨਾ ਹੋਣ ਕਾਰਨ ਅਸੀਂ ਸੈਰ ਬਹੁਤ ਕਰਦੇ ਸਾਂ। ਜਿਸ ਨੂੰ ਜਿਹੜਾ ਸਾਈਕਲ ਮਿਲ ਜਾਂਦਾ ਸੀ, ਉਹ ਉਸ ਨੂੰ ਖ਼ੂਬ ਚਲਾਉਂਦਾ ਸੀ। ਅਸੀਂ ਸਾਈਕਲਾਂ 'ਤੇ ਚੰਡੀਗੜ੍ਹ ਤਕ ਚਲੇ ਜਾਂਦੇ ਸਾਂ। ਜਿਸ ਸਕੂਲ ਵਿਚ ਮੈਂ ਪੜ੍ਹਿਆ ਉਸ ਦੀ ਗਰਾਊਂਡ ਨਹੀਂ ਸੀ, ਜਿਸ ਕਾਰਨ ਸਕੂਲ ਵਿਚ ਖੇਡਣ ਦਾ ਕੋਈ ਪ੍ਰਬੰਧ ਨਹੀਂ ਸੀ। ਅਸੀਂ ਖੇਡੇ ਤਾਂ ਘੱਟ ਪਰ ਭੱਜ-ਦੌੜ ਵਾਲਾ ਕੰਮ ਬਹੁਤ ਕਰਦੇ ਸਾਂ, ਜਿਸ ਕਾਰਨ ਸਾਡੀ ਖ਼ੂਬ ਕਸਰਤ ਹੋ ਜਾਂਦੀ ਸੀ ਅਤੇ ਅਸੀਂ ਰਿਸ਼ਟ-ਪੁਸ਼ਟ ਰਹਿੰਦੇ ਸਾਂ। ਮੈਨੂੰ ਨਹੀਂ ਯਾਦ ਕਿ ਮੈਂ ਕਦੇ ਬਿਮਾਰ ਪਿਆ ਸਾਂ। ਮੈਂ ਬਚਪਨ ਵਿਚ ਹੀ ਕੰਮ ਕਰਨ ਲੱਗ ਪਿਆ ਸਾਂ ਪਰ ਸਾਡਾ ਰੋਜ਼ ਸਕੂਲ ਜਾਣਾ ਨਿਸ਼ਚਿਤ ਸੀ।

ਬੀ.ਏ ਦੀ ਪੜ੍ਹਾਈ ਮੈਂ ਪ੍ਰਾਈਵੇਟ ਵਜੋਂ ਕੀਤੀ ਅਤੇ ਐਮ.ਏ ਅੰਗਰੇਜ਼ੀ ਮੈਂ ਪੰਜਾਬੀ ਯੂਨੀਵਰਸਿਟੀ ਤੋਂ ਕੀਤੀ। ਮੈਨੂੰ ਤਿੰਨ ਸਰਕਾਰੀ ਕਾਲਜਾਂ, ਨਾਭਾ, ਸੰਗਰੂਰ ਅਤੇ ਮਹਿੰਦਰਾ ਕਾਲਜ ਵਿਚ ਪੜ੍ਹਾਉਣ ਦਾ ਅਵਸਰ ਮਿਲਿਆ। ਇਨ੍ਹਾਂ ਕਾਲਜਾਂ ਵਿਚ ਖੇਡਾਂ ਦਾ ਚੰਗਾ ਪ੍ਰਬੰਧ ਸੀ। ਸੰਗਰੂਰ ਮੈਂ ਚਾਰ ਸਾਲ ਰਿਹਾ ਜਿੱਥੇ ਮੈਂ ਫੁੱਟਬਾਲ ਦੀ ਖੇਡ ਦਾ ਇੰਚਾਰਜ ਹੁੰਦਾ ਸੀ ਅਤੇ ਟੀਮ ਨੂੰ ਵੱਖ-ਵੱਖ ਕਾਲਜਾਂ ਵਿਚ ਮੁਕਾਬਲੇ ਦੇ ਮੈਚਾਂ ਲਈ ਲੈ ਕੇ ਜਾਂਦਾ ਸਾਂ। ਸੰਗਰੂਰ ਅਤੇ ਮਲੇਰਕੋਟਲਾ ਦੀਆਂ ਟੀਮਾਂ ਮਜ਼ਬੂਤ ਸਨ। ਉਂਜ ਵੀ ਸੰਗਰੂਰ ਵਿਚ ਸ਼ਾਮ ਨੂੰ ਖੇਡਾਂ ਖੇਡਣ ਦਾ ਰਿਵਾਜ ਸੀ। ਸੰਗਰੂਰ ਦੀ ਬਾਕਸਿੰਗ ਟੀਮ ਪੰਜਾਬ ਵਿਚ ਮੋਹਰੀ ਟੀਮ ਹੁੰਦੀ ਸੀ। ਜਦੋਂ ਮੈਂ ਮਹਿੰਦਰਾ ਕਾਲਜ ਵਿਚ ਆਇਆ ਤਾਂ ਇਥੇ ਮੈਂ ਤੈਰਾਕੀ ਸਿੱਖੀ। ਮਹਿੰਦਰਾ ਕਾਲਜ ਵਿਦਵਾਨ ਪ੍ਰੋਫ਼ੈਸਰਾਂ ਅਤੇ ਉੱਘੇ ਖਿਡਾਰੀਆਂ ਲਈ ਖ਼ਾਲਸਾ ਕਾਲਜ ਅੰਮ੍ਰਿਤਸਰ ਵਾਂਗ ਪ੍ਰਸਿੱਧ ਰਿਹਾ ਹੈ। ਮਹਿੰਦਰਾ ਕਾਲਜ ਵਿਚ ਕੁਝ ਨਾ ਕੁਝ ਹੁੰਦਾ ਹੀ ਰਹਿੰਦਾ ਸੀ, ਜਿਹੜਾ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਹੁਲਾਰਾ ਦਿੰਦਾ ਸੀ।

ਪੰਜ ਸਾਲ ਤਿੰਨ ਕਾਲਜਾਂ ਵਿਚ ਅਧਿਆਪਨ ਦਾ ਕਾਰਜ ਕਰ ਕੇ ਮੈਂ ਪੰਜਾਬੀ ਯੂਨੀਵਰਸਿਟੀ ਵਿਚ ਨਿਯੁਕਤ ਹੋ ਗਿਆ। ਪੰਜਾਬੀ ਯੂਨੀਵਰਸਿਟੀ, ਪੰਜਾਬ ਯੂਨੀਵਰਸਿਟੀ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਖੇਡਾਂ ਦੇ ਪੱਖੋਂ ਦੇਸ਼ ਦੀਆਂ ਸਿਰਕੱਢ ਯੂਨੀਵਰਸਿਟੀਆਂ ਰਹੀਆਂ ਹਨ ਅਤੇ ਖੇਡਾਂ ਦੀ ਦੇਸ਼ ਦੀ ਵੱਕਾਰੀ ਮਾਕਾ ਟਰਾਫੀ ਇਨ੍ਹਾਂ ਤਿੰਨਾਂ ਵਿਚੋਂ ਕਿਸੇ ਇਕ ਯੂਨੀਵਰਸਿਟੀ ਨੂੰ ਮਿਲਦੀ ਰਹੀ ਹੈ। ਯੂਨੀਵਰਸਿਟੀ ਦੇ ਨੇੜੇ ਹੀ ਰਿਹਾਇਸ਼ ਹੋਣ ਕਰਕੇ ਮੈਂ ਸਵੇਰੇ-ਸ਼ਾਮ ਸੈਰ ਕਰਨ ਯੂਨੀਵਰਸਿਟੀ ਜਾਂਦਾ ਰਿਹਾ ਹਾਂ। ਯੂਨੀਵਰਸਿਟੀ ਦੇ ਵਾਲੀਬਾਲ ਕੋਚ ਮੇਰੇ ਮਿੱਤਰ ਬਣ ਗਏ ਸਨ ਅਤੇ ਸ਼ਾਮ ਨੂੰ ਮੈਂ ਅਕਸਰ ਉਨ੍ਹਾਂ ਵੱਲੋਂ ਕਰਵਾਏ ਜਾਂਦੇ ਅਭਿਆਸੀ ਮੈਚਾਂ ਨੂੰ ਵੇਖਦਾ ਰਿਹਾ ਹਾਂ। ਭਾਵੇਂ ਕਿਸੇ ਪ੍ਰਮਾਣਕ ਖੇਡ ਦਾ ਸਰਗਰਮ ਖਿਡਾਰੀ ਤਾਂ ਨਹੀਂ ਰਿਹਾ ਪਰ ਖੇਡਾਂ ਵਿਚ ਮੈਂ ਦਿਸਚਸਪੀ ਜ਼ਰੂਰ ਲੈਂਦਾ ਰਿਹਾਂ ਹਾਂ। ਮੇਰਾ ਇਕ ਬੇਟਾ ਸਕੇਟਿੰਗ ਕਰਦਾ ਰਿਹਾ ਹੈ। ਮੇਰੀ ਬੇਟੀ ਟੇਬਲ ਟੈਨਿਸ ਦੀ ਨੈਸ਼ਨਲ ਪੱਧਰ ਦੀ ਜੂਨੀਅਰ ਖਿਡਾਰਨ ਹੈ ਅਤੇ ਆਈ ਏ ਐਸ ਅਧਿਕਾਰੀ ਹੋਣ ਦੇ ਬਾਵਜੂਦ ਉਹ ਹੁਣ ਵੀ ਖੇਡਾਂ ਵਿਚ ਭਾਗ ਲੈਂਦੀ ਹੈ ਤੇ ਮੈਰਾਥਨ ਰੱਨਰ ਹੈ। ਮੇਰੀ ਧਾਰਨਾ ਹੈ ਕਿ ਬੱਚਿਆਂ ਨੂੰ ਅਜਿਹੇ ਸਕੂਲ ਵਿਚ ਦਾਖਲ ਕਰਵਾਉਣਾ ਚਾਹੀਦਾ ਹੈ, ਜਿਸ ਦਾ ਆਲਾ-ਦੁਆਲਾ ਵਿਸ਼ਾਲ ਤੇ ਖੁੱਲ੍ਹਾ-ਡੁੱਲ੍ਹਾ ਹੋਵੇ ਅਤੇ ਜਿਸ ਵਿਚ ਖੇਡਣ ਦੀਆਂ ਸਹੂਲਤਾਂ ਵੀ ਹੋਣ। ਖੇਡਾਂ ਵਿਚ ਭਾਗ ਲੈਣ ਕਾਰਨ ਵਿਦਿਆਰਥੀ ਚੁਸਤ ਨਹੀਂ ਹੁੰਦੇ, ਖੇਡਾਂ ਵਿਚ ਚੁਸਤ ਵਿਦਿਆਰਥੀ ਹੀ ਭਾਗ ਲੈਂਦੇ ਹਨ। ਮੈਨੂੰ ਹਾਕੀ, ਫੁੱਟਬਾਲ, ਵਾਲੀਬਾਲ, ਬਾਸਕਟਬਾਲ, ਕਬੱਡੀ ਆਦਿ ਖੇਡਾਂ ਵਿਸ਼ੇਸ਼ ਤੌਰ 'ਤੇ ਚੰਗੀਆਂ ਲੱਗਦੀਆਂ ਹਨ।

ਯੂਨੀਵਰਸਿਟੀ ਵਿਚ ਫੈਕਲਟੀ ਦੇ ਡੀਨ ਵਜੋਂ ਮੈਂ ਦੋ ਸਾਲ ਖੇਡ ਵਿਭਾਗ ਦਾ ਮੁਖੀ ਵੀ ਰਿਹਾਂ ਹਾਂ ਅਤੇ ਖੇਡਾਂ ਦੇ ਮਹੱਤਵਪੂਰਨ ਮੁਕਾਬਲਿਆਂ ਵਿਚ ਸ਼ਾਮਲ ਹੁੰਦਾ ਰਿਹਾ ਹਾਂ। ਪ੍ਰਿੰ. ਸਰਵਣ ਸਿੰਘ ਜੀ ਨਾਲ ਮੇਰੀ ਜਾਣ-ਪਛਾਣ ਯੂਨੀਵਰਸਿਟੀ ਵਿਚ ਇਕ ਖੇਡ ਮੇਲੇ ਦੌਰਾਨ ਹੀ ਹੋਈ ਸੀ, ਉਂਜ ਮੈਂ ਖੇਡਾਂ ਬਾਰੇ ਉਨ੍ਹਾਂ ਦੀਆਂ ਲਿਖਤਾਂ ਨੂੰ ਕਾਫੀ ਅਰਸੇ ਤੋਂ ਦਿਲਚਸਪੀ ਨਾਲ ਪੜ੍ਹਦਾ ਰਿਹਾ ਹਾਂ। ਪੰਜਾਬ ਵਿਚ ਖੇਡ ਸਭਿਆਚਾਰ ਨੂੰ ਪ੍ਰਫੁੱਲਤ ਕਰਨ ਵਿਚ ਉਨ੍ਹਾਂ ਦਾ ਯੋਗਦਾਨ ਸਲਾਹੁਣਯੋਗ ਹੈ। ਸਾਨੂੰ ਖੇਡਾਂ ਤੇ ਖੇਡ ਸਾਹਿਤ ਵਿਚ ਦਿਲਚਸਪੀ ਜਗਾਉਣ ਵਾਲੇ ਉਨ੍ਹਾਂ ਵਰਗੇ ਉਤਸ਼ਾਹੀ ਮਾਹਿਰਾਂ ਦੀ ਹੋਰ ਵੀ ਲੋੜ ਹੈ।

## ਖੇਡਾਂ ਬਾਰੇ ਲੇਖਕ ਦੇ ਹੋਰ ਕਥਨ

ਓਲੰਪਿਕਸ ਦਾ ਮਹੱਤਵ ਇਸ ਗੱਲ ਵਿਚ ਹੈ ਕਿ ਇਸ ਵਿਚ ਸਰਵੋਤਮ ਦੇ ਵਿਰੁੱਧ ਸਰਵੋਤਮ ਹੀ ਜੂਝਦੇ ਹਨ। ਰਾਜਨੀਤੀ ਵਿਚ ਸਖ਼ਤ ਮੁਕਾਬਲਾ ਹੈ, ਵਪਾਰ ਵਿਚ ਮੁਕਾਬਲਾ ਹੋਰ ਵੀ ਸਖ਼ਤ ਹੈ, ਖੇਡਾਂ ਵਿਚ ਮੁਕਾਬਲੇ ਤੋਂ ਸਿਵਾਇ ਕੁਝ ਹੈ ਹੀ ਨਹੀਂ। ਓਲੰਪਿਕਸ ਵਿਚ ਹੁਣ ਵੀ ਦੌੜ ਉਵੇਂ ਲਾਈ ਜਾਂਦੀ ਹੈ, ਜਿਵੇਂ ਸ਼ਿਕਾਰੀ ਯੁੱਗ ਵਿਚਲੇ ਅਨੇਕਾਂ ਬੰਦੇ, ਸ਼ਿਕਾਰ ਪਿੱਛੇ ਦੌੜ ਰਹੇ ਹੋਣ। ਇੰਗਲੈਂਡ ਨੇ ਖੇਡ ਦੇ ਮੈਦਾਨ ਵਿਚ ਸਿੱਖੇ ਮੁੱਲਵਾਨ ਅਤੇ ਵਿਹਾਰਕ ਸ਼ਬਦਾਂ ਨੂੰ ਵਰਤ ਕੇ, ਸੰਸਾਰ 'ਤੇ ਰਾਜ ਕੀਤਾ ਹੈ। ਜੂਏ ਵਿਚ ਸਭ ਤੋਂ ਦਿਲਚਸਪ ਚੀਜ਼ ਜਿੱਤਣਾ ਹੁੰਦੀ ਹੈ; ਦੂਜੀ ਸਭ ਤੋਂ ਦਿਲਚਸਪ ਚੀਜ਼ ਹਾਰਨਾ ਹੁੰਦੀ ਹੈ, ਤੀਜੀ ਦਿਲਚਸਪ ਚੀਜ਼ ਕੋਈ ਨਹੀਂ ਹੁੰਦੀ। ਹਰ ਟੀਮ ਅੰਦਰ ਦੋ ਟੀਮਾਂ ਹੁੰਦੀਆਂ

*(ਬਾਕੀ ਅਗਲੇ ਸਫੇ 'ਤੇ)*

# ਹਾਕਮੀ ਮਹਿੰਗਾਈ ਵਿਰੁੱਧ ਬੱਝਵੇਂ ਯਤਨ ਹੋਣ



**ਜਗਦੀਸ਼ ਸਿੰਘ ਚੋਹਕਾ**
**ਫੋਨ: 91-92179-97445**
**001-403-285-4208**

ਪੰਜ ਅਰਬ ਦੀ ਅਰਥ-ਵਿਵਸਥਾ ਦੱਸਣ ਵਾਲੇ ਭਾਰਤ ਨੂੰ, ਜੋ ਦੁਨੀਆ ਅੰਦਰ ਤੀਸਰੀ ਥਾਂ ਬਣਾਉਣ ਵਾਲਾ ਮਹਾਨ ਦੇਸ਼ ਹੈ, ਦੇ ਸਾਹਮਣੇ ਖੜ੍ਹੇ ਮਹਿੰਗਾਈ ਦੇ ਦੈਂਤ ਨੂੰ ਨਕੇਲ ਪਾਉਣ ਲਈ ਕੋਈ ਉਪਾਅ ਨਹੀਂ ਦਿਸ ਰਿਹਾ। ਅਪ੍ਰੈਲ-2022 ਮਹੀਨੇ 'ਚ ਥੋਕ ਮਹਿੰਗਾਈ ਦਰ 15.8 ਪ੍ਰਤੀਸ਼ਤ ਰਿਕਾਰਡ 'ਤੇ ਪਹੁੰਚ ਗਈ। ਮਹਿੰਗਾਈ ਦੀ ਮਾਰ ਹੇਠ ਆਮ ਜਨਤਾ ਤਰਾਹ-ਤਰਾਹ ਕਰ ਰਹੀ ਹੈ ਪਰ ਹਾਕਮ ਬੰਸਰੀਆਂ ਵਜਾ ਰਹੇ ਹਨ। ਗਰੀਬ ਲੋਕ ਦੋ ਵੇਲੇ ਦੀ ਰੋਟੀ ਤੋਂ ਆਤੁਰ ਹੋ ਗਏ ਹਨ, ਪਰ ਮੋਦੀ ਸਰਕਾਰ ਵੱਲੋਂ ਸੁਝਾਏ ਨੁਸਖੇ ਅਤੇ ਬਿਆਨ-ਬਾਜ਼ੀਆਂ ਕਾਰਗਰ ਸਾਬਤ ਹੁੰਦੀਆਂ ਨਜ਼ਰ ਨਹੀਂ ਆ ਰਹੀਆਂ। ਪੈਟਰੋਲ-ਵਸਤਾਂ ਦੀਆਂ ਕੀਮਤਾਂ ਉਪਰ ਕਾਬੂ ਪਾਉਣ ਦੇ ਹਾਕਮਾਂ ਵਲੋਂ ਦਰਸਾਏ ਉਪਾਅ ਬੇ-ਨਤੀਜਾ ਸਾਬਤ ਹੋ ਚੁੱਕੇ ਹਨ। ਸੀ.ਐਨ.ਜੀ. ਜੀ ਦੀ ਕੀਮਤ ਵਿਚ ਫਿਰ ਦੋ ਰੁਪਏ ਇਜ਼ਾਫ਼ਾ ਪ੍ਰਤੀ ਕਿਲੋ ਵਧਾਇਆ ਗਿਆ। ਹਵਾਈ-ਈਂਧਨ ਦੀ ਕੀਮਤ ਵਿਚ ਪੰਜ-ਰੁਪਏ ਦਾ ਵਾਧਾ ਕੀਤਾ ਗਿਆ। ਖਾਣ-ਪੀਣ ਦੀਆਂ ਆਮ ਵਸਤਾਂ, ਸਬਜ਼ੀਆਂ-ਫਲ ਅਤੇ ਪੇਟ ਭਰਨ ਵਾਲੀਆਂ ਵਸਤਾਂ ਦੀਆਂ ਕੀਮਤਾਂ ਅਸਮਾਨੀਂ ਚੜ੍ਹ ਗਈਆਂ ਹਨ। ਮੋਦੀ ਸਰਕਾਰ ਜਿਹੜੀ ਕਿ ਕਣਕ ਬਾਹਰ ਭੇਜਣ ਲਈ ਡੀਂਗਾਂ ਮਾਰ ਰਹੀ ਸੀ, ਨੇ ਕਣਕ ਬਾਹਰ ਭੇਜਣ 'ਤੇ ਹੁਣ ਪਾਬੰਦੀਆਂ ਲਾ ਦਿੱਤੀਆਂ ਹਨ। ਮਹਿੰਗਾਈ ਨੂੰ ਭਾਂਪਦੇ ਹੋਏ ਰਿਜ਼ਰਵ ਬੈਂਕ ਨੇ ਵਿਆਜ ਦਰਾਂ 'ਚ ਬਦਲਾਅ ਨਹੀਂ ਕੀਤਾ ਤਾਂ ਕਿ ਪੂੰਜੀ ਦਾ ਵਹਾਅ ਰੁਕੇ ਨਾ ਪਰ ਅਜਿਹਾ ਨਹੀਂ ਹੋ ਸਕਿਆ ਤੇ ਸਟੇਟ ਬੈਂਕ ਆਫ ਇੰਡੀਆ ਸਮੇਤ ਕਈ ਬੈਂਕਾਂ ਨੇ ਵਿਆਜ ਦੀਆਂ ਦਰਾਂ 'ਚ ਵਧਾ ਕਰ ਦਿੱਤਾ ਹੈ, ਜਿਸ ਨਾਲ ਮਹਿੰਗਾਈ ਹੋਰ ਵਧੇਗੀ?

ਰਸੋਈ ਗੈਸ, ਤੇਲ ਦੀਆਂ ਕੀਮਤਾਂ ਤੇ ਵਿਆਜ ਦਰਾਂ 'ਚ ਵਾਧੇ ਕਾਰਨ ਆਮ ਖਪਤਕਾਰ ਦੀ ਪਹੁੰਚ ਤੋਂ ਜ਼ਰੂਰੀ ਵਸਤਾਂ ਬਾਹਰ ਹੋ ਜਾਣਗੀਆਂ। ਪੰਜ-ਅਰਬ ਦੀ ਅਰਥ-ਵਿਵਸਥਾ ਬਣਨ ਦਾ ਦਮ ਭਰਨ ਵਾਲੀ ਭਾਰਤੀ ਜਨਤਾ ਪਾਰਟੀ ਦੀ ਮੋਦੀ ਸਰਕਾਰ ਦੀਆਂ ਫਿਰਕੂ-ਪੂੰਜੀਪਤੀਆਂ ਤੇ ਕਾਰਪੋਰੇਟ ਪੱਖੀ ਨੀਤੀਆਂ ਦਾ ਪਾਜ ਪੁਨਰ ਸਾਹਮਣੇ ਆ ਰਿਹਾ ਹੈ। ਮਹਿੰਗਾਈ ਦਾ ਹਿਸਾਬ ਬਹੁਤ ਸਾਰੀਆਂ ਵਸਤਾਂ 'ਤੇ ਨਿਰਭਰ ਕਰਦਾ ਹੈ। ਮਹਿੰਗਾਈ ਨੂੰ ਇਕ ਸੂਤਰ ਨਾਲ ਫੜ ਕੇ ਨਹੀਂ ਅੰਕਿਆ ਜਾ ਸਕਦਾ। ਜਦੋਂ ਤੇਲ ਦੀਆਂ ਕੀਮਤਾਂ ਵਧਦੀਆਂ ਹਨ ਤਾਂ ਹਰ ਤਰ੍ਹਾਂ ਦੇ ਉਤਪਾਦਨ ਦੀਆਂ ਲਾਗਤਾਂ 'ਤੇ ਇਸਦਾ ਅਸਰ ਪੈਂਦਾ ਹੈ। ਢੋਆ-ਢੁਆਈ, ਸਫਰ, ਫਲ-ਸਬਜ਼ੀਆਂ, ਵਸਤਾਂ ਆਦਿ ਦੇ ਖਪਤਕਾਰ ਪਾਸ ਪੁੱਜਣ ਤੱਕ ਭਾੜਾ, ਕਿਰਾਇਆ ਤੇ ਪਹੁੰਚ ਦੀ ਲਾਗਤ ਦੀਆਂ ਕੀਮਤਾਂ ਕਈ ਗੁਣਾ ਵਧ ਜਾਂਦੀਆਂ ਹਨ। ਮਹਿੰਗਾਈ ਵਧਣ ਨਾਲ ਇਨ੍ਹਾਂ 'ਤੇ ਲੱਗਣ ਵਾਲੇ ਕਰਾਂ-ਟੈਕਸਾਂ ਵਿਚ ਵੀ ਵਾਧਾ ਹੋ ਜਾਂਦਾ ਹੈ, ਜਿਸ ਦਾ ਭਾਰ ਆਮ ਲੋਕਾਂ 'ਤੇ ਪੈਂਦਾ ਹੈ। ਲੋਕਾਂ ਦੀ ਆਮਦਨ ਤਾਂ ਵੱਧਦੀ ਨਹੀਂ ਪਰ ਰੋਜ਼ਾਨਾ ਖਰਚੇ ਵਧਦੇ ਜਾ ਰਹੇ ਹਨ, ਜਿਸ ਨਾਲ ਜਨਤਾ ਦਾ ਬਜਟ ਖੁਰ ਜਾਂਦਾ ਹੈ।

ਪਿਛਲੇ 13 ਮਹੀਨਿਆਂ ਤੋਂ ਵਧ ਰਹੀ ਮਹਿੰਗਾਈ ਨੇ ਦੇਸ਼ ਦੀ ਵੱਡੀ ਆਬਾਦੀ ਦੇ ਵੱਡੇ ਹਿੱਸੇ 'ਤੇ ਮਾੜਾ ਪ੍ਰਭਾਵ ਪਾਇਆ ਹੈ। ਅਪ੍ਰੈਲ ਮਹੀਨੇ ਮਹਿੰਗਾਈ 15.08 ਫੀਸਦ ਵਧਣ ਕਾਰਨ ਕੀਮਤਾਂ ਅੰਦਰ ਉਛਾਲ ਆਇਆ। ਤੇਲ ਅਤੇ ਖੁਰਾਕੀ ਵਸਤਾਂ ਦੀਆ ਕੀਮਤਾਂ ਵਿਚ ਪਿਛਲੇ ਸਾਲ 'ਚ ਕਾਫੀ ਵਾਧਾ ਹੋਇਆ ਹੈ। ਦੇਸ਼ ਅੰਦਰ ਨੋਟਬੰਦੀ ਤੋਂ ਬਾਅਦ ਅਜੇ ਤਕ ਦੇਸ਼ ਦੀ ਗੱਡੀ ਪਟੜੀ 'ਤੇ ਆਈ ਨਹੀਂ ਹੈ। ਨੋਟਬੰਦੀ ਦੇ ਸਦਮੇ ਕਾਰਨ ਬਹੁਤ ਸਾਰੇ ਛੋਟੇ-ਛੋਟੇ ਕਾਰੋਬਾਰ ਬੰਦ ਹੋ ਗਏ ਸਨ। ਲੋਕਾਂ ਦੀ ਆਮਦਨ ਨੂੰ ਸੱਟ ਲੱਗੀ। ਮਗਰੋਂ ਮਾਰਚ 2020 'ਚ ਕੋਵਿਡ-19 ਕਰਕੇ ਦੇਸ਼ ਅੰਦਰ ਐਲਾਨੀ ਤਾਲਾਬੰਦੀ ਨੇ ਲੋਕਾਂ ਦੀ ਆਰਥਿਕ ਹਾਲਤ ਨੂੰ ਹੋਰ ਖਰਾਬ ਕਰ ਦਿੱਤਾ। ਇਸ ਸੰਕਟ ਦੌਰਾਨ 14 ਕਰੋੜ ਗੈਰ-ਸੰਗਠਤ ਖੇਤਰ ਦੇ ਕਿਰਤੀਆਂ ਦੀ ਹਾਲਤ ਬਦ ਤੋਂ ਬਦਤਰ ਹੋ ਗਈ। ਉਹ ਅਜੇ ਪੈਰਾਂ 'ਤੇ ਹੀ ਨਹੀਂ ਆਏ ਸਨ ਕਿ ਛਾਲਾਂ ਮਾਰਦੀ ਮਹਿੰਗਾਈ ਨੇ ਗਰੀਬ ਲੋਕਾਂ ਨੂੰ ਭੁੱਖੇ ਮਰਨ ਲਈ ਮਜਬੂਰ ਕਰ ਦਿੱਤਾ ਹੈ।

ਇਸ ਮਹਿੰਗਾਈ ਦੇ ਦੌਰ ਦੌਰਾਨ ਦੇਸ਼ ਦੇ 84 ਫੀਸਦ ਪਰਿਵਾਰਾਂ ਦੀ ਆਮਦਨ ਵਿਚ ਗਿਰਾਵਟ ਨੋਟ ਕੀਤੀ ਗਈ ਹੈ। ਬਹੁਤ ਸਾਰੇ ਅਰਥ-ਸ਼ਾਸਤਰੀਆਂ ਨੇ ਘੱਟ ਆਮਦਨ ਵਾਲੇ ਲੋਕਾਂ ਨੂੰ ਇਸ ਸੰਕਟ ਵਿਚੋਂ ਉਭਾਰਨ ਲਈ ਆਰਥਿਕ ਗਤੀਵਿਧੀਆਂ 'ਚ ਸ਼ਾਮਲ ਕਰ ਕੇ ਆਮਦਨ ਦੇ ਸਾਧਨ ਜੁਟਾਉਣ ਦੀ ਦਲੀਲ ਦਿੱਤੀ ਹੈ ਪਰ ਦੇਸ਼ ਦੀਆਂ ਪੂੰਜੀਪਤੀ ਪੱਖੀ ਕੇਂਦਰ ਤੇ ਕਈ ਰਾਜ ਸਰਕਾਰਾਂ ਨੇ ਪੈਟਰੋਲ ਤੇ ਡੀਜ਼ਲ 'ਤੇ ਆਬਕਾਰੀ ਡਿਊਟੀ, ਸਰਚਾਰਜ ਤੇ ਐਡੀਸ਼ਨਲ ਡਿਊਟੀ ਲਗਾ ਕੇ ਕਰੋੜਾਂ ਰੁਪਏ ਕਮਾ ਲਏ ਹਨ ਪਰ ਕੱਚੇ ਤੇਲ ਦੀਆਂ ਕੀਮਤਾਂ ਵਿਚ ਆਈ ਗਿਰਾਵਟ ਦਾ ਲਾਭ ਲੋਕਾਂ ਤਕ ਕਦੀ ਵੀ ਨਹੀਂ ਪੁੱਜਿਆ ਹੈ। ਭਾਵੇਂ ਇਹ ਮੰਨਿਆ ਜਾ ਰਿਹਾ ਹੈ ਕਿ ਯੂਕਰੇਨ ਅਤੇ ਰੂਸ ਦੀ ਜੰਗ ਨੇ ਕੌਮਾਂਤਰੀ ਮਹਿੰਗਾਈ ਨੂੰ ਵਧਾਉਣ ਵਿਚ ਵੱਡੀ ਭੂਮਿਕਾ ਨਿਭਾਈ ਹੈ ਪਰ ਬਹੁਤ ਸਾਰੇ ਦੇਸ਼ਾਂ ਅੰਦਰ 24 ਫਰਵਰੀ, 2022 ਤੋਂ ਪਹਿਲਾਂ ਹੀ ਰਿਕਾਰਡ ਤੋੜ ਮਹਿੰਗਾਈ ਸੀ। ਭਾਰਤ ਦੇ ਕੇਂਦਰੀ ਪੂਲ 'ਚ ਸਭ ਤੋਂ ਵੱਧ ਕਣਕ ਦੇਣ ਵਾਲੇ ਪੰਜਾਬ ਅੰਦਰ ਅਚਾਨਕ ਤਪਸ਼ ਵਧਣ ਕਾਰਨ ਇਸ ਵਾਰ ਕਣਕ ਦੇ ਝਾੜ ਵਿਚ 20 ਫੀਸਦ ਕਮੀ ਆਈ ਹੈ। ਇਸ ਕਾਰਨ ਦੇਸ਼ ਅੰਦਰ ਜ਼ਖੀਰੇਬਾਜ਼ੀ ਤੇ ਕਣਕ ਦੀ ਕੇਂਦਰੀ ਪੂਲ 'ਚ ਵਸੂਲੀ ਘਟਣ ਕਾਰਨ ਕਣਕ ਦੇ ਭਾਅ ਹੋਰ ਚੜ੍ਹ ਜਾਣਗੇ ਤੇ ਮਹਿੰਗਾਈ ਹੋਰ ਵਧ ਜਾਵੇਗੀ।



ਨੋਟਬੰਦੀ ਤੇ ਕੋਵਿਡ-19 ਦੌਰਾਨ ਤਾਲਾਬੰਦੀ ਕਾਰਨ ਆਮ ਲੋਕਾਂ ਦੀ ਆਮਦਨ ਘਟਣ ਅਤੇ ਮਹਿੰਗਾਈ ਵਧਣ ਕਾਰਨ ਗਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਲੋਕਾਂ ਦੀ ਗਿਣਤੀ ਵਿਚ ਹੋਰ ਵਾਧਾ ਹੋ ਰਿਹਾ ਹੈ। ਲੋਕਾਂ ਨੂੰ ਜ਼ਰੂਰੀ ਖਾਣ-ਪੀਣ ਵਾਲੀਆਂ ਵਸਤਾਂ, ਕੱਪੜੇ ਤੇ ਹੋਰ ਜ਼ਰੂਰੀ ਲੋੜਾਂ ਪੂਰੀਆਂ ਕਰਨ ਤੋਂ ਹੱਥ ਖਿੱਚਣੇ ਪੈ ਰਹੇ ਹਨ। ਦੇਸ਼ ਅੰਦਰ ਇਸ ਵੇਲੇ ਬੇਰੁਜ਼ਗਾਰੀ ਸਿਖਰਾਂ 'ਤੇ ਹੈ। ਕੌਮਾਂਤਰੀ ਸਿਹਤ ਤੇ ਖੁਰਾਕ ਸੰਸਥਾਵਾਂ ਦੀਆਂ ਰਿਪੋਰਟਾਂ ਅਨੁਸਾਰ ਭਾਰਤ ਅੰਦਰ ਅਮੀਰੀ ਤੇ ਗਰੀਬੀ ਤੇ ਪਾੜੇ ਅਤੇ ਵਧ ਰਹੀ ਅਸਮਾਨਤਾ ਕਾਰਨ ਭਾਰਤ ਦਾ ਨੰਬਰ ਗਰੀਬ ਦੇਸ਼ਾਂ 'ਚ ਪਹਿਲੇ ਥਾਂ 'ਤੇ ਆਉਂਦਾ ਹੈ ਪਰ ਦੇਸ਼ ਦੇ ਹਾਕਮ ਵਧ ਰਹੀ ਆਰਥਿਕ ਅਸਮਾਨਤਾ ਨੂੰ ਘਟਾਉਣ, ਮਹਿੰਗਾਈ ਨੂੰ ਕੰਟਰੋਲ ਕਰਨ ਅਤੇ ਰੁਜ਼ਗਾਰ ਪੈਦਾ ਕਰਨ ਲਈ ਕੋਈ ਠੋਸ ਤੇ ਉਸਾਰੂ ਕਦਮ ਉਠਾਉਣ ਲਈ ਕਾਰਗਰ ਸਾਬਤ ਹੁੰਦੇ ਨਹੀਂ ਦਿਸ ਰਹੇ। ਉਪਰੋਕਤ ਮੁੱਦੇ ਕੇਵਲ ਮੁਦਰਾ ਨੀਤੀ ਤੱਕ ਹੀ ਸੀਮਤ ਨਹੀਂ, ਸਗੋਂ ਸਿਆਸੀ ਤੇ ਆਰਥਿਕ ਵਿਕਾਸ ਦੇ ਮਾਡਲ ਨਾਲ ਵੀ ਜੁੜੇ ਹੋਏ ਹਨ। ਮਹਿੰਗਾਈ ਦੀ ਮਾਰ ਝੱਲ ਰਹੇ ਪੀੜਤ ਲੋਕਾਂ ਨੂੰ ਜਥੇਬੰਦ ਕਰ ਕੇ ਆਵਾਜ਼ ਉਠਾਉਣ ਲਈ ਵਿਰੋਧੀ ਧਿਰਾਂ ਆਪਣੀ ਜ਼ਿੰਮੇਵਾਰੀ ਨਿਭਾਉਣ ਵਿਚ ਕਾਮਯਾਬ ਹੁੰਦੀਆਂ ਵੀ ਦਿਖਾਈ ਨਹੀਂ ਦੇ ਰਹੀਆਂ। ਜਦਕਿ ਜਮਹੂਰੀਅਤ ਵਿਚ ਲੋਕ ਰਾਏ ਦੇਣ ਦਾ ਮਹੱਤਵਪੂਰਨ ਕਾਜ ਹੁੰਦਾ ਹੈ।

ਅੱਜ ਦੇਸ਼ ਅੰਦਰ ਅਨਾਜ ਦੀਆਂ ਕੀਮਤਾਂ 'ਚ ਹੋਏ ਵਾਧੇ ਕਾਰਨ ਹਰ ਪਾਸੇ ਜਮ੍ਹਾਂਖੋਰੀ ਅਤੇ ਵੰਡ 'ਚ ਹੋਏ ਭੇਦਭਾਵ ਨੇ ਲੋੜਵੰਦ ਖਪਤਕਾਰ ਵਰਗ ਅੰਦਰ ਚਿੰਤਾ ਪੈਦਾ ਕਰ ਦਿੱਤੀ ਹੈ। ਸਗੋਂ ਘੱਟ ਆਮਦਨ ਵਾਲੇ ਵੱਖ-ਵੱਖ ਵਰਗਾਂ ਦੇ ਲੋਕਾਂ ਨੂੰ ਇਕ ਪਾਸੇ ਵਧ ਰਹੀ ਮਹਿੰਗਾਈ ਅਤੇ ਦੂਸਰੇ ਪਾਸੇ ਅਨਾਜ ਦੀਆਂ ਵਧ ਰਹੀਆਂ ਕੀਮਤਾਂ ਕਾਰਨ ਦੋਹਰੀ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇੱਥੋਂ ਤਕ ਕਿ ਲੋੜੀਂਦੇ ਅਨਾਜ ਭੰਡਾਰ ਵਾਲੇ ਭਾਰਤ ਅੰਦਰ ਵੀ ਵਧ ਰਹੀਆਂ ਕੀਮਤਾਂ ਅਤੇ ਜਮ੍ਹਾਂਖੋਰੀ ਦੇ ਚਲਦਿਆਂ ਚਿੰਤਾ ਪ੍ਰਗਟ ਕਰਦੇ ਵਿਦੇਸ਼ ਮੰਤਰੀ ਵੀ. ਮੁਰਲੀਧਰਨ ਨੇ 'ਗਲੋਬਲ ਫੂਡ ਸਕਿਓਰਿਟੀ ਕਾਲ ਟੂ ਐਕਸ਼ਨ' ਬਾਰੇ ਹੋਈ ਇਕ ਮੀਟਿੰਗ 'ਚ ਕਿਹਾ ਕਿ ਆਲਮੀ ਕੀਮਤਾਂ 'ਚ ਹੋਏ ਵਾਧੇ ਕਾਰਨ ਗਰੀਬ ਦੇਸ਼ਾਂ ਵਿਚ ਖੁਰਾਕ ਸੁਰੱਖਿਆ ਖਤਰੇ 'ਚ ਪੈ ਗਈ ਹੈ। ਜੇਕਰ ਇਸ ਤਰ੍ਹਾਂ ਕੀਮਤਾਂ ਵਿਚ ਵਾਧਾ ਜਾਰੀ ਰਿਹਾ ਤਾਂ ਆਮ ਜਨਤਾ ਦਾ ਜੀਣਾ ਦੁਭਰ ਹੋ ਜਾਵੇਗਾ। ਦੇਸ਼ ਅੰਦਰ ਕਣਕ ਅਤੇ ਕਣਕ ਦੇ ਆਟੇ ਦੀਆਂ ਪ੍ਰਚੂਨ ਕੀਮਤਾਂ 'ਚ ਇਕ ਸਾਲ ਅੰਦਰ 14-20 ਫੀਸਦ ਤੱਕ ਵਾਧਾ ਹੋਇਆ ਹੈ। ਇਸ ਮੀਟਿੰਗ ਦੀ ਪ੍ਰਧਾਨਗੀ ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਕੀਤੀ। ਇਹ ਮੀਟਿੰਗ ਉਸ ਸਮੇਂ ਹੋਈ ਜਦੋਂ ਭਾਰਤ ਨੇ ਲੰਘੇ ਹਫ਼ਤੇ ਕਣਕ ਦੀ ਬਰਾਮਦ 'ਤੇ ਪਾਬੰਦੀ ਲਾਉਣ ਦਾ ਫੈਸਲਾ ਕੀਤਾ ਸੀ। ਭਾਰਤ ਨੇ ਸੰਯੁਕਤ ਰਾਸ਼ਟਰ ਦੀ ਉੱਚ-ਪੱਧਰੀ ਮੀਟਿੰਗ ਵਿਚ ਪਹਿਲੀ ਵਾਰ ਕਣਕ ਬਰਾਮਦ 'ਤੇ ਪਾਬੰਦੀ ਦੇ ਮੁੱਦੇ 'ਤੇ ਇਹ ਰਾਏ ਰੱਖੀ।

ਖੁਦ ਭਾਰਤ ਸਰਕਾਰ ਇਹ ਦਾਅਵਾ ਕਰ ਰਹੀ ਹੈ ਕਿ ਦੇਸ਼ ਅੰਦਰ 80 ਕਰੋੜ ਲੋਕਾਂ ਨੂੰ ਮੁਫ਼ਤ ਰਾਸ਼ਨ ਵੰਡਿਆ ਜਾ ਰਿਹਾ ਹੈ। ਭਾਵ, ਜਿਸ ਦੇਸ਼ ਦੇ ਲੋਕਾਂ ਪਾਸ ਕੋਈ ਰੁਜ਼ਗਾਰ ਨਹੀਂ ਹੈ, ਏਡੀ ਵੱਡੀ ਕਿਰਤ ਸ਼ਕਤੀ ਰੁਜ਼ਗਾਰ-ਹੀਣ ਹੋਵੇ ਤਾਂ ਉਹ ਦੇਸ਼ ਆਪਣੇ ਆਵਾਮ ਦੀਆਂ ਮੁਢਲੀਆਂ ਲੋੜਾਂ ਰੋਟੀ, ਕੱਪੜਾ ਤੇ ਮਕਾਨ ਪੂਰੀਆਂ ਕਿਵੇਂ ਕਰ ਸਕਦਾ ਹੈ। ਅਪ੍ਰੈਲ, 2022 ਦੇ ਮਹੀਨੇ ਪਰਚੂਨ ਮੁਦਰਾ-ਸਫ਼ੀਤੀ ਪਿਛਲੇ 8-ਸਾਲਾਂ (ਮੋਦੀ ਰਾਜ) ਦੇ ਸਭ ਤੋਂ ਉਪਰਲੇ ਸਿਰੇ 'ਤੇ ਭਾਵ 7.79 ਪ੍ਰਤੀਸ਼ਤ ਪੁੱਜ ਗਈ। ਖਾਣ-ਪੀਣ ਦੀਆਂ ਵਸਤਾਂ ਦੀਆਂ ਕੀਮਤਾਂ 'ਚ ਵਾਧਾ 17.28 ਫੀਸਦ, ਸਬਜ਼ੀਆਂ ਦੀਆਂ ਕੀਮਤਾਂ 'ਚ 15.41 ਫੀਸਦ, ਮਾਸ-ਮੱਛੀ ਦੀ ਕੀਮਤ 'ਚ 6.97 ਫੀਸਦ, ਤਿਆਰ ਖਾਣ-ਪੀਣ ਦੀਆਂ ਵਸਤਾਂ ਦੀਆਂ ਕੀਮਤਾਂ 'ਚ ਵਾਧਾ 7.10 ਫੀਸਦ, ਅਨਾਜ ਦੇ ਉਤਪਾਦਾਂ 'ਚ 5.96 ਫੀਸਦ ਤੇ ਦੁੱਧ ਦੇ ਉਤਪਾਦਾਂ 'ਚ 5.47 ਫੀਸਦ ਵਾਧਾ ਹੋਇਆ ਹੈ। ਉਪਭੋਗਤਾ ਖਾਣ-ਪੀਣ ਮੁੱਲ ਸੂਚਕ ਅੰਕ (ਸੀ.ਐਫ.ਪੀ.ਆਈ.) 'ਚ ਮਹਿੰਗਾਈ ਦਰ ਅਪ੍ਰੈਲ ਮਹੀਨੇ ਦੌਰਾਨ ਵਧ ਕੇ 8.38 ਫੀਸਦ ਹੋ ਗਈ। ਅਜੇ ਵੀ ਮੋਦੀ ਸਰਕਾਰ ਕਹਿ ਰਹੀ ਹੈ ਕਿ ਭਾਰਤ 5 ਅਰਬ ਵਾਲੀ ਅਰਥ-ਵਿਵਸਥਾ ਵਾਲਾ ਦੇਸ਼ ਬਣ ਗਿਆ ਹੈ, ਜਿੱਥੇ ਮਹਿੰਗਾਈ ਦਾ ਕਹਿਰ, ਬੇਰੁਜ਼ਗਾਰੀ ਕਾਰਨ ਭੁੱਖੇ ਲੋਕਾਂ ਦੀਆ ਆਹਾਂ, ਕੁਪੋਸ਼ਣਤ-ਬੱਚੇ ਅਤੇ ਬੇ-ਇਲਾਜੇ ਲੋਕ ਜੀਅ ਰਹੇ ਹਨ ਪਰ ਅਸੀਂ ਦੇਸ਼ ਅੰਦਰ ਮਸਜਿਦਾਂ ਦੀ ਜਗ੍ਹਾ ਉਨ੍ਹਾਂ ਉਪਰ ਮੰਦਰ ਬਣਾਵਾਂਗੇ, ਇਹੋ ਹੀ ਭਾਰਤ ਦੇ ਨਿਰਮਾਣ ਲਈ ਸੁਨਹਿਰੀ ਮਾਰਗ ਹੈ, ਜੋ ਭਗਵਾਂਕਰਨ ਦੀ ਖਾਹਸ਼ ਹੈ।

ਭਾਜਪਾ ਨੇ ਆਪਣੀ ਰਾਜਨੀਤਕ ਸਥਿਤੀ ਨੂੰ ਮਜ਼ਬੂਤ ਕਰ ਲਿਆ ਹੈ, ਮੋਦੀ ਸਰਕਾਰ ਅਧੀਨ, ਲੋਕਾਂ ਦਾ ਨਵ-ਉਦਾਰੀਵਾਦੀ ਪੂੰਜੀਵਾਦੀ ਸ਼ੋਸ਼ਣ ਤਿੱਖਾ ਹੋ ਗਿਆ ਹੈ। ਹਿੰਦੂਤਵ ਏਜੰਡੇ ਨੂੰ ਲਾਗੂ ਕਰਦਿਆਂ ਸੰਵਿਧਾਨ ਦਾ ਧਰਮ-ਨਿਰਪੱਖ ਜਮਹੂਰੀ ਚੌਖਟਾ ਖੋਰਿਆ ਜਾ ਰਿਹਾ ਹੈ। ਲੋਕਾਂ ਉਪਰ ਲੱਦੇ ਜਾ ਰਹੇ ਆਰਥਿਕ ਬੋਝਾਂ ਵਿਰੁੱਧ ਕਿਰਤੀ ਲੋਕਾਂ ਦੇ ਵੱਖੋ-ਵੱਖ ਭਾਗਾਂ ਦੇ ਸੰਘਰਸ਼ਾਂ ਨੂੰ ਇਕਮੁੱਠ ਕਰਦੇ ਅੱਗੇ ਵਧਾਉਣਾ ਚਾਹੀਦਾ ਹੈ। ਮਹਿੰਗਾਈ, ਬੇਰੁਜ਼ਗਾਰੀ ਅਤੇ ਆਰਥਿਕ ਨਾ-ਬਰਾਬਰੀਆਂ ਵਿਰੁੱਧ ਅਤੇ ਨਵ-ਉਦਾਰੀਵਾਦੀ ਨੀਤੀਆਂ ਦੇ ਪ੍ਰਭਾਵਾਂ ਵਿਰੁੱਧ, ਫਿਰਕਾਪ੍ਰਸਤੀ ਦੇ ਏਜੰਡੇ ਵਿਰੁੱਧ ਉਠ ਰਹੇ ਸਭ ਸੰਘਰਸ਼ਾਂ ਨੂੰ ਜੋੜ ਕੇ ਲੋਕਾਂ ਨੂੰ ਲਾਮਬੰਦ ਕਰਨ ਦੇ ਉਪਰਾਲੇ ਕਰਨੇ ਦੇਸ਼ ਦੀਆਂ ਧਰਮ ਨਿਰਪੱਖ, ਜਮਹੂਰੀ ਅਤੇ ਖੱਬੀਆਂ ਧਿਰਾਂ ਦਾ ਮੁੱਢਲਾ ਕਾਰਜ ਹੈ। ਲੋਕ ਪੱਖੀ ਜਨਤਕ ਅਤੇ ਜਮਾਤੀ ਜਥੇਬੰਦੀਆਂ ਨੂੰ ਮਿਲ ਕੇ ਬੱਝਵੀਆਂ ਟਿਕਾਊ ਲਹਿਰਾਂ ਅਤੇ ਵਿਸ਼ਾਲ ਅਧਾਰ ਵਾਲੇ ਸੰਘਰਸ਼ਾਂ ਨੂੰ ਜਥੇਬੰਦ ਕਰਨ ਲਈ ਲੋਕਾਂ ਦੇ ਵਿਸ਼ਾਲ ਭਾਗਾਂ ਨੂੰ ਲਾਮਬੰਦ ਕਰਨ ਵਾਲੇ ਫੋਰਮ ਬਣਨਾ ਹੋਵੇਗਾ।

---

(ਪਿਛਲੇ ਸਫੇ ਦਾ ਬਾਕੀ)

ਹਨ; ਇਕ ਹਮਲਾ ਕਰਨ ਵਾਲੀ, ਇਕ ਬਚਾਓ ਕਰਨ ਵਾਲੀ। ਬਰਾਬਰ ਦੀਆਂ ਟੀਮਾਂ ਵਿਚ, ਜਦੋਂ ਮੈਚ ਦਿਲਚਸਪ ਹੋ ਜਾਵੇ ਤਾਂ ਉਸ ਮੈਚ ਨੂੰ ਖਿਡਾਰੀ ਨਹੀਂ, ਦਰਸ਼ਕ ਖੇਡਣ ਲੱਗ ਪੈਂਦੇ ਹਨ।

ਜੇਤੂਆਂ ਨੂੰ ਹਾਰਿਆਂ ਦੀ ਨਫਰਤ ਦਾ ਸਾਹਮਣਾ ਕਰਨਾ ਪੈਂਦਾ ਹੈ। ਜੇ ਉਨ੍ਹਾਂ ਦੀ ਖੇਡ ਵਿਚ ਨੁਕਸ ਨਾ ਲੱਭੇ ਤਾਂ ਉਨ੍ਹਾਂ ਦੇ ਵਿਹਾਰ ਵਿਚ ਨੁਕਸ ਕੱਢਿਆ ਜਾਂਦਾ ਹੈ। ਜੇਤੂ ਕਦੇ ਨਹੀਂ ਥੱਕਦਾ, ਥੱਕਣ ਵਾਲਾ ਕਦੇ ਨਹੀਂ ਜਿੱਤਦਾ। ਯੁੱਧ, ਚੋਣ, ਖੇਡ ਅਤੇ ਜੂਏ ਵਿਚ ਕੇਵਲ ਅਤੇ ਕੇਵਲ ਜਿੱਤ ਮਹੱਤਵਪੂਰਨ ਹੁੰਦੀ ਹੈ। ਇਕ ਛਾਲ ਮਾਰੋਗੇ ਤਾਂ ਉਹ ਵਡੇਰੀ ਛਾਲ ਮਾਰਨ ਦਾ ਰਾਹ ਖੋਲ੍ਹ ਦੇਵੇਗੀ।ਖੇਡ ਇਸ ਕਰਕੇ ਦਿਲਚਸਪ ਹੁੰਦੀ ਹੈ, ਕਿਉਂਕਿ ਕਿਸੇ ਨੂੰ ਪਤਾ ਨਹੀਂ ਹੁੰਦਾ ਕਿ ਇਹ ਕਿਵੇਂ ਮੁੱਕੇਗੀ? ਖੇਡ ਕੋਈ ਵੀ ਹੋਵੇ, ਉਸ ਨੂੰ ਦਿਲਚਸਪ, ਹਾਰਨ ਵਾਲੀ ਟੀਮ ਬਣਾਉਂਦੀ ਹੈ। ਖੇਡਾਂ ਵਿਚਲਾ ਮਨੋਰੰਜਨ, ਟਕਰਾਓ ਵਿਚੋਂ ਉਪਜਦਾ ਹੈ ਅਤੇ ਤਣਾਓ ਨਾਲ ਵਧਦਾ ਹੈ। ਕਈ ਜਿੱਤਣਾ ਹੀ ਚਾਹੁੰਦੇ ਹਨ, ਹਾਰਨ 'ਤੇ ਉਹ ਦੰਗਾ ਫਸਾਦ ਕਰਦੇ ਹਨ। ਖੇਡ ਕੋਈ ਵੀ ਹੋਵੇ, ਦੋ ਵੇਲਿਆਂ 'ਤੇ ਸਵੈ-ਕਾਬੂ ਬਣਾਈ ਰੱਖਣ ਦੀ ਬੜੀ ਲੋੜ ਹੁੰਦੀ ਹੈ; ਜਿੱਤਣ ਵੇਲੇ ਅਤੇ ਹਾਰਨ ਵੇਲੇ। ਹਾਰ ਤੋਂ ਬਚਣ ਨੂੰ ਜਿੱਤ ਨਹੀਂ ਕਹਿੰਦੇ; ਜਿੱਤ ਵੱਖਰੇ ਢੰਗ ਨਾਲ ਲੜਨ ਅਤੇ ਜੱਦੋ-ਜਹਿਦ ਕਰਨ ਦਾ ਨਾਂ ਹੁੰਦੀ ਹੈ।

ਖੇਡ ਰਾਹੀਂ, ਖੇਡ ਨਾਲ ਹੀ ਨਹੀਂ, ਅਸੀਂ ਖੇਡ ਮੈਦਾਨ ਦੇ ਖੁੱਲ੍ਹੇਪਣ ਅਤੇ ਹਾਜ਼ਰ ਦਰਸ਼ਕਾਂ ਦੀ ਹਾਜ਼ਰੀ ਨਾਲ ਪ੍ਰਭਾਵਿਤ ਹੁੰਦੇ ਹਾਂ। ਸਕੂਲੋਂ ਦੌੜਨ ਵਾਲੇ, ਦੌੜਨ ਦੇ ਮਾਹਿਰ ਤਾਂ ਹੋ ਜਾਂਦੇ ਹਨ, ਪਰ ਉਹ ਪਹੁੰਚਦੇ ਕਿਤੇ ਨਹੀਂ। ਜਿੱਤਣ-ਹਾਰਨ ਨਾਲ ਕੋਈ ਫਰਕ ਨਹੀਂ ਪੈਂਦਾ, ਇਹ ਗੱਲ ਕਿਸੇ ਹਾਰਨ ਵਾਲੇ ਨੇ ਹੀ ਕਹੀ ਹੋਵੇਗੀ; ਫਰਕ ਪੈਂਦਾ ਹੀ ਜਿੱਤਣ-ਹਾਰਨ ਨਾਲ ਹੈ। ਯੂਨਾਨੀਆਂ ਕੋਲ ਇਕ ਸਾਲ ਦਾ ਨਹੀਂ, ਚਾਰ ਸਾਲ ਦਾ ਸੰਕਲਪ ਸੀ; ਓਲੰਪਿਕਸ ਵਾਂਗ ਹਰ ਉਤਸਵ ਚਾਰ ਸਾਲਾਂ ਮਗਰੋਂ ਮਨਾਇਆ ਜਾਂਦਾ ਸੀ। ਸਵੇਰ ਦੀ ਸੈਰ ਸਰੀਰ ਨੂੰ ਸਾਰਾ ਦਿਨ ਅਸੀਸਾਂ ਦਿੰਦੀ ਰਹਿੰਦੀ ਹੈ। ਵੱਡੇ ਖਿਡਾਰੀਆਂ ਦਾ ਉਦੇਸ਼, ਇਹ ਜਾਂ ਉਹ ਮੈਚ ਜਿੱਤਣਾ ਨਹੀਂ ਹੁੰਦਾ, ਚੈਂਪੀਅਨ ਬਣਨਾ ਹੁੰਦਾ ਹੈ। ਭਾਵੇਂ ਨੈਪੋਲੀਅਨ ਅੰਤ ਨੂੰ ਹਾਰਿਆ ਪਰ ਗਿਣਿਆ ਸੰਸਾਰ ਦੇ ਮਹਾਨ ਜੇਤੂਆਂ ਵਿਚ ਜਾਂਦਾ ਹੈ। ਸਰੀਰਕ ਅਤੇ ਆਰਥਿਕ ਘਾਟਾਂ, ਹਿੰਮਤੀਆਂ ਨੂੰ ਨਹੀਂ ਰੋਕਦੀਆਂ, ਇਹ ਕੰਮਚੋਰਾਂ ਨੂੰ ਹੀ ਰੋਕਦੀਆਂ ਹਨ।। ਜਹੜੀ ਜਿੱਤ ਵਿਚ ਇਨਸਾਫ਼ ਨਹੀਂ ਹੁੰਦਾ, ਉਹ ਜਿੱਤ ਨਹੀਂ ਹਾਰ ਹੁੰਦੀ ਹੈ। ਮਨੁੱਖ ਉਤੇ ਦਸ ਸਾਲ ਦੀ ਉਮਰ 'ਤੇ ਖੇਡ, ਵੀਹ 'ਤੇ ਮਨਮਰਜ਼ੀ, ਤੀਹ 'ਤੇ ਚਲਾਕੀ, ਚਾਲੀ 'ਤੇ ਰੁਤਬਾ, ਪੰਜਾਹ 'ਤੇ ਜਾਇਦਾਦ ਅਤੇ ਸੱਠ ਪਿੱਛੋਂ ਬਿਮਾਰੀ ਦਾ ਰਾਜ ਹੁੰਦਾ ਹੈ। ਖੇਡ ਰਾਹੀਂ ਬੱਚੇ ਆਪਣਾ ਇਕ ਛੋਟਾ ਜਿਹਾ ਸੰਸਾਰ ਸਿਰਜਦੇ ਹਨ। ਉਹ ਆਪਣੇ ਸਿਰਜੇ ਸੰਸਾਰ ਨੂੰ ਹੀ ਅਸਲੀ ਸੰਸਾਰ ਸਮਝਦੇ ਹਨ।

ਪੰਜਾਬੀਆਂ ਦੇ ਸ਼ਰਨਾਰਥੀ ਹੋਣ ਦਾ ਸੰਤਾਪ

ਮੇਰੀ ਮਾਂ ਦੱਸਿਆ ਕਰਦੀ ਸੀ ਕਿ ਜਦੋਂ ਰੌਲੇ ਪੈ ਗਏ ਤਾਂ ਉਜਾੜੇ ਵਾਪਰੇ ਅਤੇ ਵਸਦੇ-ਰਸਦੇ ਪਰਿਵਾਰ ਸ਼ਰਨਾਰਥੀਆਂ ਦੇ ਲੰਮੇ ਕਾਫ਼ਲੇ ਬਣ ਗਏ। ਉਸ ਭੀੜ ਵਿਚ ਕਿਸੇ ਨੇ ਸਿਰ 'ਤੇ ਲੋਹੇ ਦਾ ਟਰੰਕ ਚੁੱਕਿਆ ਹੋਇਆ ਸੀ। ਉਸ ਦੇ ਅਚਾਨਕ ਗਰਦਨ ਮੋੜਨ 'ਤੇ, ਟਰੰਕ ਦਾ ਇਕ ਕੋਨਾ, ਮੇਰੇ ਦਾਦਾ ਜੀ ਦੀ ਅੱਖ ਵਿਚ ਵੱਜ ਗਿਆ ਸੀ। ਸ਼ਰਨਾਰਥੀਆਂ ਦੇ ਕਾਫ਼ਲੇ ਵਿਚ ਕਿਸੇ ਇਲਾਜ ਜਾਂ ਸਹਾਇਤਾ ਦੀ ਕੋਈ ਸੰਭਾਵਨਾ ਨਹੀਂ ਸੀ ਜਿਸ ਕਾਰਨ ਦਾਦਾ ਜੀ ਨੂੰ ਪਹਿਲਾਂ ਇਕ ਅੱਖ ਅਤੇ ਕੁਝ ਘੰਟਿਆਂ ਮਗਰੋਂ ਦੂਜੀ ਅੱਖ ਤੋਂ ਵੀ ਦਿਸਣਾ ਬੰਦ ਹੋ ਗਿਆ ਸੀ। ਇਸ ਹਾਲਤ ਵਿਚ ਦਾਦਾ ਜੀ ਨੂੰ ਸੰਭਾਲਣਾ ਬੜਾ ਮੁਸ਼ਕਲ ਸੀ। ਦਾਦਾ ਜੀ ਨੂੰ ਆਵਾਜ਼ਾਂ ਤਾਂ ਸੁਣਦੀਆਂ ਸਨ ਪਰ ਦਿਸਦਾ ਕੁਝ ਨਹੀਂ ਸੀ। ਮੈਂ ਕੇਵਲ ਦੋ ਸਾਲ ਦਾ ਸਾਂ, ਮੇਰੀ ਭੈਣ ਚਾਰ ਸਾਲ ਦੀ ਅਤੇ ਮੇਰਾ ਵੱਡਾ ਭਰਾ ਅੱਠ ਸਾਲ ਦਾ ਸੀ। ਮੈਨੂੰ ਚੁੱਕਣਾ ਤੇ ਟੋਰਨਾ ਦੋਵੇਂ ਮੁਸ਼ਕਲ ਸਨ। ਮੇਰਾ ਭਰਾ ਦੱਸਦਾ ਸੀ ਕਿ ਅਸੀਂ ਲੋਕਾਂ ਦੀ ਭੀੜ ਵਿਚ ਟੁਰੀ ਜਾਂਦੇ ਸਾਂ। ਥਕਾਵਟ, ਭੁੱਖ, ਪਿਆਸ ਅਤੇ ਸਹਿਮ ਨਾਲ ਸਾਡਾ ਹੀ ਨਹੀਂ, ਹਰ ਕਿਸੇ ਦਾ ਬੁਰਾ ਹਾਲ ਸੀ। ਪਰਿਵਾਰ ਵਿਛੜ ਗਏ ਸਨ, ਗੁਆਚੇ ਵਿਅਕਤੀ ਤੇ ਬੱਚੇ ਲਭਣੇ ਸੰਭਵ ਨਹੀਂ ਸਨ। ਮੇਰੀ ਮਾਂ ਦੱਸਦੀ ਸੀ ਕਿ ਦਾਦਾ ਜੀ ਬੜੇ ਸਬਰ ਸੰਤੋਖ ਵਾਲੇ ਵਿਅਕਤੀ ਸਨ। ਜਦੋਂ ਉਨ੍ਹਾਂ ਲਈ ਸਹਾਰੇ ਤੋਂ ਬਿਨਾਂ ਚੱਲਣਾ ਸੰਭਵ ਨਾ ਰਿਹਾ ਤਾਂ ਉਨ੍ਹਾਂ ਨੇ ਮੇਰੇ ਮਾਤਾ-ਪਿਤਾ ਨੂੰ ਕਿਹਾ, ਮੇਰੇ ਕਾਰਨ ਤੁਸੀਂ ਹੋਰਨਾਂ ਨਾਲੋਂ ਨਿੱਖੜ ਜਾਓਗੇ। ਮੈਨੂੰ ਇਕ ਪਾਸੇ ਲਿਟਾ ਦਿਓ ਤੇ ਆਪ ਲੰਘ ਜਾਓ। ਦਾਦਾ ਜੀ ਦੇ ਇਸ ਸੁਝਾਓ ਨਾਲ ਸਹਿਮਤ ਹੋਣਾ ਬੜਾ ਮੁਸ਼ਕਲ ਸੀ। ਦਾਦਾ ਜੀ ਦੇ ਵਾਰ-ਵਾਰ ਕਹਿਣ 'ਤੇ, ਅੰਤ ਨੂੰ ਮੇਰੇ ਮਾਪਿਆਂ ਨੇ ਇਕ ਖੂਹ ਨਾਲ ਬਣੇ ਥੜ੍ਹੇ ਉਤੇ ਦਾਦਾ ਜੀ ਨੂੰ ਲਿਟਾ ਦਿੱਤਾ ਜਿਥੇ ਉਹ ਲੇਟ ਵੀ ਸਕਦੇ ਸਨ। ਇਹੋ ਜਿਹੀ ਘਟਨਾ ਭੁੱਲਣੀ ਸੰਭਵ ਨਹੀਂ ਹੁੰਦੀ। ਮੇਰੀ ਮਾਂ ਕਿਤਨੇ ਹੀ ਸਾਲ, ਇਸ ਗੱਲ ਨੂੰ ਯਾਦ ਕਰਕੇ ਰੋਂਦੀ ਰਹਿੰਦੀ ਸੀ ਅਤੇ ਮੇਰੇ ਪਿਤਾ ਜੀ ਸਦਮੇ ਨਾਲ ਆਪਣਾ ਮਾਨਸਿਕ ਸੰਤੁਲਨ ਗੁਆ ਬੈਠੇ ਸਨ। ਮੇਰੀ ਮਾਂ ਕਈ ਸਾਲਾਂ ਮਗਰੋਂ, ਪਿਤਾ ਜੀ ਨੂੰ ਨਾਲ ਲੈ ਕੇ ਇਕ ਜਥੇ ਨਾਲ ਪਾਕਿਸਤਾਨ ਗਈ, ਜਿਥੇ ਉਸ ਥੜ੍ਹੇ ਨੂੰ ਲਭਦੀ ਰਹੀ। ਉਸ ਦਾ ਪ੍ਰੇਸ਼ਾਨ ਮਨ ਇਹੀ ਆਸ ਲਾਈ ਬੈਠਾ ਸੀ ਕਿ ਮੇਰੇ ਦਾਦਾ ਜੀ ਅਜੇ ਵੀ ਉਥੇ ਹੀ ਪਏ ਹੋਣਗੇ! ਮੇਰੀ ਮਾਂ ਉਂਝ ਬੜੇ ਦ੍ਰਿੜ ਇਰਾਦੇ ਵਾਲੀ ਸੀ ਪਰ ਇਸ ਗੱਲ ਨੂੰ ਯਾਦ ਕਰਦਿਆਂ, ਉਸ ਦੀਆਂ ਅੱਖਾਂ ਉੱਬਲ ਪੈਂਦੀਆਂ ਸਨ। ਸ਼ਰਨਾਰਥੀ ਹੋਣ ਦੀ, ਉਜੜਨ ਅਤੇ ਵਿਛੜਨ ਦੀ, ਸੰਤਾਪ ਹੰਢਾਉਣ ਜਿਹੀ ਬਦਕਿਸਮਤੀ ਕੋਈ ਹੋਰ ਨਹੀਂ ਹੋ ਸਕਦੀ।

---

ਜਦੋ ਮੈਂ ਨਵਾਂ-ਨਵਾਂ ਲਿਖਣਾ ਸ਼ੁਰੂ ਕੀਤਾ ਸੀ ਤਾਂ ਅੰਮ੍ਰਿਤਾ ਪ੍ਰੀਤਮ ਜੀ ਨੇ ਨਾਗਮਣੀ ਦੇ ਅੰਕ 176 'ਚ ਮੇਰੀ ਹੇਠ ਲਿਖੀ ਕਵਿਤਾ ਨੂੰ ਥਾਂ ਦਿੱਤੀ ਸੀ। ਸਵਾਮੀ ਇਬਲੀਸ ਜੀ ਨੇ ਨਾਗਮਣੀ ਦੇ ਸਾਰੇ ਅੰਕ ਸਾਂਭ ਕੇ ਰੱਖੇ ਹੋਏ ਹਨ। ਉਨ੍ਹਾਂ ਨੇ ਹੀ ਮੇਰੀ ਇਹ ਕਵਿਤਾ ਫੇਸਬੁੱਕ 'ਤੇ ਸਾਂਝੀ ਕੀਤੀ, ਜਿਸ ਨੂੰ ਦੇਖ ਕੇ ਖੁਸ਼ੀ ਹੋਈ ਕਿ ਉਨ੍ਹਾਂ ਨੇ ਅੰਮ੍ਰਿਤਾ ਪ੍ਰੀਤਮ ਜੀ ਦੀਆਂ ਸਾਰੀਆਂ ਨਾਗਮਣੀ ਮੈਗਜ਼ੀਨ ਦੀਆਂ ਕਾਪੀਆਂ ਅਦਬ ਨਾਲ ਆਪਣੇ ਕੋਲ ਸਾਂਭ ਕੇ ਰੱਖੀਆਂ ਹਨ, ਜਿਸ ਲਈ ਮੈਂ ਉਨ੍ਹਾਂ ਦੀ ਧੰਨਵਾਦੀ ਹਾਂ।

### ਨਜ਼ਮ

ਕਲਮ ਲਹੂ
ਜੇ ਕਿਸੇ ਦੇ ਘਰ ਦਾ
ਕੋਈ ਕਮਰਾ ਮਰ ਜਾਵੇ
ਫਿਰ ਕਮਰੇ ਦੀ ਸੋਗੀ ਰੂਹ
ਵਿਹੜੇ 'ਚ ਉਤਰ ਆਵੇ।
ਜੇਠ ਹਾੜ੍ਹ ਦੀਆ ਧੁੱਪਾਂ ਜਿਹੇ
ਹਉਕੇ ਲਵੇ ਜਾਂ
ਪੋਹ ਦੇ ਪਾਲੇ ਜਿਹਾ ਕੋਈ ਵੈਣ ਪਾਵੇ।
ਉਹ ਕਾਲੇ ਕਾਨਿਆਂ ਦੀ ਅਰਥੀ ਬਣਾਵੇ,
ਫਿਰ ਕਾਲੇ ਵੱਰਿਆਂ ਦੇ ਕਫ਼ਨ 'ਤੇ ਉਹ
ਜ਼ਿੰਦਗੀ ਦੇ ਹਰਫ਼ਾਂ ਦੀਆਂ
ਬੂਟੀਆਂ ਪਾਵੇ।
ਤੇ ਆਪਣੀ ਚਿਤਾ 'ਤੇ
ਆਪਣੇ ਹੀ ਹੱਥਾਂ ਨੂੰ ਸੇਕਣ ਬਹਿ ਜਾਵੇ।
ਤਾਂ ਫਿਰ?

***-ਦੇਵਿੰਦਰ ਕੌਰ ਧਾਲੀਵਾਲ***

# ਤੈਰਾਕੀ ਬਾਰੇ ਨਵੀਂ ਖੋਜ

ਕਸਰਤ ਬਾਰੇ ਇਕ ਖੋਜ ਬਹੁਤ ਪੁਰਾਣੀ ਹੋ ਚੁੱਕੀ ਹੈ ਕਿ ਹਰ ਜਣੇ ਨੂੰ ਹਫਤੇ ਵਿਚ 150 ਮਿੰਟ ਤਗੜੀ ਕਸਰਤ ਜ਼ਰੂਰ ਕਰਨੀ ਚਾਹੀਦੀ ਹੈ। ਇਸ ਤੋਂ ਇਲਾਵਾ ਹਰ ਰੋਜ਼ ਹਲਕਾ ਭੱਜਣਾ ਜਾਂ ਤੇਜ਼ ਤੁਰਨਾ ਵੀ ਜ਼ਰੂਰੀ ਹੈ ਜਿਸ ਲਈ ਘੱਟੋ ਘੱਟ 40 ਮਿੰਟ ਰੋਜ਼ ਲਾਉਣੇ ਚਾਹੀਦੇ ਹਨ।

ਤੈਰਨ ਬਾਰੇ ਇਹ ਪਤਾ ਲੱਗਿਆ ਹੈ ਕਿ ਅਮਰੀਕਾ ਵਿਚ ਹਰ ਤਰਾਂ ਦੀ ਕਸਰਤ ਜਾਂ ਖੇਡ ਵਿਚੋਂ ਲੋਕਾਂ ਦੀ ਪਸੰਦ ਅਨੁਸਾਰ ਤੈਰਨਾ ਚੌਥੇ ਨੰਬਰ ਉੱਤੇ ਆ ਚੁੱਕਿਆ ਹੈ। ਜਿੰਨੇ ਵੀ ਜਣੇ ਕਸਰਤ ਦੇ ਸ਼ੌਕੀਨ ਹੋਣ, ਉਨ੍ਹਾਂ ਵਿਚੋਂ ਲਗਭਗ ਇੱਕ ਤਿਹਾਈ ਤੋਂ ਵੱਧ ਤੈਰਨਾ ਪਸੰਦ ਕਰਦੇ ਹਨ। ਜੇ ਨਾ ਵੀ ਤੈਰਨਾ ਆਉਂਦਾ ਹੋਵੇ, ਤਾਂ ਵੀ ਗਰਮੀ ਵਿਚ ਪਾਣੀ ਵਿਚ ਬਹਿ ਕੇ ਹੱਥ ਪੈਰ ਮਾਰਦੇ ਰਹਿਣ ਦਾ ਆਨੰਦ ਹੀ ਵੱਖਰਾ ਹੁੰਦਾ ਹੈ।

**ਡਾ. ਹਰਸ਼ਿੰਦਰ ਕੌਰ, ਐਮ.ਡੀ.**
**ਫੋਨ: 0175-2216783**

ਨਵੀਂ ਖੋਜ ਦੱਸਦੀ ਹੈ ਕਿ ਇੱਕ ਘੰਟਾ ਦੌੜਨ ਤੇ ਇੱਕ ਘੰਟਾ ਤੈਰਨ ਨਾਲ ਇੱਕੋ ਜਿੰਨੀਆਂ ਕੈਲਰੀਆਂ ਖ਼ਰਚ ਹੁੰਦੀਆਂ ਹਨ ਪਰ ਤੈਰਨ ਨਾਲ ਕੁੱਝ ਫ਼ਾਇਦੇ ਵੱਧ ਹੁੰਦੇ ਹਨ ਕਿਉਂਕਿ ਨਾ ਜੋੜ ਤੇ ਨਾ ਹੀ ਹੱਡੀਆਂ ਉੱਤੇ ਵਾਧੂ ਜ਼ੋਰ ਪੈਂਦਾ ਹੈ।

ਪੂਰੇ ਸਰੀਰ ਦੀ ਤਗੜੀ ਕਸਰਤ ਦੇ ਨਾਲ-ਨਾਲ ਤੈਰਨ ਨਾਲ ਸਿਰ ਠੰਢਾ ਰਹਿੰਦਾ ਹੈ। ਦਿਲ ਦੀ ਧੜਕਨ ਤੇਜ਼ ਹੋ ਜਾਣ ਨਾਲ ਸਾਰੇ ਸਰੀਰ ਵਿਚ ਬਰਾਬਰ ਦਾ ਲਹੂ ਦਾ ਦੌਰਾ ਹੋਣ ਸਦਕਾ ਸਾਰੇ ਅੰਗ ਚੁਸਤ ਹੋ ਜਾਂਦੇ ਹਨ। ਸਾਰੇ ਪੱਠਿਆਂ ਦੀ ਇਕ ਸਾਰ ਕਸਰਤ ਹੋਣ ਸਦਕਾ ਉਨ੍ਹਾਂ ਵਿਚਲਾ ਵਾਧੂ ਥਿੰਦਾ ਖੁਰ ਜਾਂਦਾ ਹੈ, ਤਾਕਤ ਬਰਕਰਾਰ ਰਹਿੰਦੀ ਹੈ ਅਤੇ ਫੇਫੜੇ ਵੀ ਪੂਰੀ ਤਰ੍ਹਾਂ ਖੁੱਲ੍ਹ ਕੇ ਤਕੜੇ ਹੋ ਜਾਂਦੇ ਹਨ।

ਤਾਜ਼ਾ ਖੋਜ ਦੱਸਦੀ ਹੈ ਕਿ ਤੈਰਨ ਵਾਲਿਆਂ ਵਿਚ ਮੌਤ ਦਰ ਘੱਟ ਹੁੰਦੀ ਹੈ ਤੇ ਬਾਕੀਆਂ ਨਾਲੋਂ ਪੰਜ ਸਾਲ ਤੱਕ ਵੱਧ ਉਮਰ ਭੋਗੀ ਜਾ ਸਕਦੀ ਹੈ। ਇਹ ਖੋਜ ਹਜ਼ਾਰਾਂ ਬੰਦਿਆਂ ਅਤੇ ਔਰਤਾਂ ਉੱਤੇ ਕੀਤੀ ਗਈ ਸੀ ਜਿਨ੍ਹਾਂ ਵਿਚ ਤੈਰਨ ਵਾਲੇ ਅਤੇ ਨਾ ਤੈਰਨ ਵਾਲਿਆਂ ਦਾ 10 ਸਾਲ ਤਕ ਲਗਾਤਾਰ ਚੈਕਅੱਪ ਕੀਤਾ ਗਿਆ ਸੀ।

ਇਹ ਵੀ ਕੁੱਝ ਖੋਜਾਂ ਵਿਚ ਸਾਬਤ ਹੋਇਆ ਕਿ ਤੈਰਨ ਨਾਲ ਬਲੱਡ ਪ੍ਰੈਸ਼ਰ ਜਲਦੀ ਕਾਬੂ ਵਿਚ ਹੋ ਜਾਂਦਾ ਹੈ ਅਤੇ ਲਹੂ ਵਿਚ ਸ਼ੱਕਰ ਦੀ ਮਾਤਰਾ ਵੀ ਘਟ ਜਾਂਦੀ ਹੈ ਜਿਸ ਸਦਕਾ ਸ਼ੱਕਰ ਰੋਗੀਆਂ ਨੂੰ ਦਵਾਈ ਜਾਂ ਟੀਕਾ ਘਟਾਉਣ ਦੀ ਲੋੜ ਪੈ ਸਕਦੀ ਹੈ।

ਜੋੜਾਂ ਦੇ ਰੋਗਾਂ ਵਾਲਿਆਂ ਲਈ ਤਾਂ ਤੈਰਨਾ ਵਰਦਾਨ ਸਾਬਤ ਹੋ ਚੁੱਕਿਆ ਹੈ। ਅਪੰਗ ਬੰਦੇ ਵੀ ਤੈਰਨ ਨਾਲ ਫ਼ਾਇਦਾ ਲੈ ਸਕਦੇ ਹਨ। ਜੇ ਸੱਟ ਵੱਜੀ ਹੋਵੇ ਤਾਂ ਤੈਰਨ ਨਾਲ ਉਸ ਪੀੜ ਨੂੰ ਵੀ ਅਰਾਮ ਮਿਲ ਜਾਂਦਾ ਹੈ।

ਓਸਟੀਓਆਰਥਰਾਈਟਿਸ ਵਾਲੇ ਮਰੀਜ਼ਾਂ ਦੇ ਜੋੜਾਂ ਦਾ ਅਕੜਾਅ, ਪੱਠਿਆਂ ਵਿਚਲੀ ਖਿੱਚ ਅਤੇ ਪੀੜ ਨੂੰ ਵੀ ਤੈਰਨ ਨਾਲ ਆਰਾਮ ਮਿਲਿਆ ਦਿਸਿਆ ਅਤੇ ਉਨ੍ਹਾਂ ਨੂੰ ਤੁਰਨ ਫਿਰਨ ਵਿਚ ਪਹਿਲਾਂ ਨਾਲੋਂ ਵੱਧ ਸੌਖ ਜਾਪੀ। ਇਸ ਖੋਜ ਵਿਚ ਸਾਈਕਲ ਚਲਾਉਣ ਵਾਲਿਆਂ ਨੂੰ ਵੀ ਜੋੜਾਂ ਵਿਚ ਓਨਾ ਹੀ ਆਰਾਮ ਮਹਿਸੂਸ ਹੋਇਆ ਪਰ ਤੈਰਨ ਵਾਲਿਆਂ ਵਿਚ ਥਕਾਨ ਘੱਟ ਮਹਿਸੂਸ ਹੋਈ ਲੱਭੀ ਅਤੇ ਬਾਅਦ ਵਿਚ ਵੀ ਚੁਸਤੀ ਮਹਿਸੂਸ ਹੁੰਦੀ ਰਹੀ।

ਦਮੇ ਦੇ ਮਰੀਜ਼ਾਂ ਲਈ ਤੈਰਨਾ ਵਰਦਾਨ ਵਾਂਗ ਹੈ ਕਿਉਂਕਿ ਹਵਾ ਵਿਚਲੀ ਨਮੀ ਅਤੇ ਸਾਹ ਨੂੰ ਰੋਕਣ ਦੀ ਕਿਰਿਆ ਸਦਕਾ ਫੇਫੜਿਆਂ ਦਾ ਪੂਰਾ ਫੈਲਣਾ ਅਤੇ ਨਮੀ ਨਾਲ ਸਾਹ ਦੀਆਂ ਨਾਲੀਆਂ ਵਿਚਲੀ ਲਚਕ ਦਾ ਵਧਣਾ ਉਨ੍ਹਾਂ ਦੀ ਬਿਮਾਰੀ ਘਟਾ ਦਿੰਦਾ ਹੈ।

ਜੇ ਸਵਿਮਿੰਗ ਪੂਲ ਵਿਚ ਕੈਮੀਕਲ ਪਾਏ ਜਾ ਰਹੇ ਹੋਣ ਤਾਂ ਉਸ ਸਦਕਾ ਦਮੇ ਦੇ ਮਰੀਜ਼ਾਂ ਨੂੰ ਦਮੇ ਦਾ ਅਟੈਕ ਹੋਣ ਦਾ ਖ਼ਤਰਾ ਵਧ ਵੀ ਸਕਦਾ ਹੈ। ਇਸੇ ਲਈ ਕਲੋਰੀਨ ਦੀ ਥਾਂ ਜੇ ਲੂਣ ਪਾਇਆ ਜਾਵੇ ਤਾਂ ਦਮੇ ਦੇ ਮਰੀਜ਼ਾਂ ਲਈ ਬਹੁਤ ਵਧੀਆ ਸਾਬਤ ਹੋ ਸਕਦਾ ਹੈ।

ਜਿਨ੍ਹਾਂ ਨੂੰ ਮਲਟੀਪਲ ਸਕਲਿਰੋਸਿਸ ਹੋਵੇ, ਉਨ੍ਹਾਂ ਮਰੀਜ਼ਾਂ ਲਈ ਵੀ ਪਾਣੀ ਦੀ ਹਲਕੀ ਵਿਰੋਧੀ ਤਾਕਤ ਲੱਤਾਂ ਦੀ ਕਮਜ਼ੋਰੀ ਲਈ ਫ਼ਾਇਦੇਮੰਦ ਸਾਬਤ ਹੋ ਸਕਦੀ ਹੈ। ਇੱਕ ਖੋਜ ਵਿਚ ਜਦੋਂ 20 ਹਫ਼ਤੇ ਮਲਟੀਪਲ ਸਕਲਿਰੋਸਿਸ ਦੇ ਮਰੀਜ਼ਾਂ ਨੂੰ ਤੈਰਨ ਲਈ ਲਾਇਆ ਗਿਆ ਤਾਂ ਉਨ੍ਹਾਂ ਦੀਆਂ ਲੱਤਾਂ ਦੀ ਹਿਲਜੁਲ, ਥਕਾਨ ਅਤੇ ਢਹਿੰਦੀ ਕਲਾ ਵਿਚ 20 ਫੀਸਦੀ ਤੱਕ ਫ਼ਾਇਦਾ ਹੁੰਦਾ ਦਿਸਿਆ।

ਜਿਸ ਨੇ ਭਾਰ ਘਟਾਉਣਾ ਹੋਵੇ, ਉਸ ਨੂੰ ਤਾਂ ਤੈਰਨਾ ਹੀ ਪੈਣਾ ਹੈ ਕਿਉਂਕਿ ਇਹ ਸਾਬਤ ਹੋ ਚੁੱਕਿਆ ਹੈ ਕਿ ਇੱਕ ਘੰਟਾ ਲਗਾਤਾਰ ਰੋਜ਼ ਤੈਰਨ ਨਾਲ 73 ਕਿੱਲੋ ਦੇ ਬੰਦੇ ਦੀਆਂ ਲਗਭਗ 423 ਕੈਲਰੀਆਂ ਖ਼ਰਚ ਹੋ ਜਾਂਦੀਆਂ ਹਨ। ਜੇ ਤੇਜ਼ੀ ਨਾਲ ਤੈਰਿਆ ਜਾਵੇ ਤਾਂ 715 ਕੈਲਰੀਆਂ ਵੀ ਇੱਕ ਘੰਟੇ ਵਿਚ ਖ਼ਰਚੀਆਂ ਜਾ ਸਕਦੀਆਂ ਹਨ। ਜੇ 91 ਕਿੱਲੋ ਦੇ ਨੇੜੇ ਤੇੜੇ ਦਾ ਵਜ਼ਨ ਹੋਵੇ ਤਾਂ ਹੌਲੀ ਤੈਰਨ ਨਾਲ 528 ਅਤੇ ਤੇਜ਼ ਤੈਰਨ ਨਾਲ 892 ਕੈਲਰੀਆਂ ਪ੍ਰਤੀ ਘੰਟਾ ਤੱਕ ਖ਼ਰਚ ਹੋ ਜਾਂਦੀਆਂ ਹਨ। ਜੇ ਕਿਤੇ 109 ਕਿੱਲੋ ਵਜ਼ਨ ਹੋਵੇ ਤਾਂ 632 ਅਤੇ 1068 ਕੈਲਰੀਆਂ ਤੱਕ ਖ਼ਰਚੀਆਂ ਜਾਂਦੀਆਂ ਹਨ।

ਜਦੋਂ ਇਹੀ ਖੋਜ ਤੇਜ਼ ਤੁਰਨ ਵਾਲਿਆਂ ਉੱਤੇ ਕੀਤੀ ਗਈ ਤਾਂ ਨਤੀਜੇ ਕੁੱਝ ਅਜਿਹੇ ਸਨ:

73 ਕਿੱਲੋ ਭਾਰ ਵਾਲੇ ਬੰਦੇ ਦੀਆਂ ਇੱਕ ਘੰਟੇ ਵਿਚ 314 ਕੈਲਰੀਆਂ, 3.5 ਮੀਲ ਤੁਰਨ ਨਾਲ!

ਯੋਗ ਕਰਨ ਵਾਲਿਆਂ ਵਿਚ ਸਿਰਫ਼ 183 ਕੈਲਰੀਆਂ ਪ੍ਰਤੀ ਘੰਟਾ ਵਰਤੀਆਂ ਗਈਆਂ। ਪਾਵਰ ਯੋਗ ਵਿਚ 365 ਕੈਲਰੀਆਂ ਤੱਕ ਵਰਤੀਆਂ ਲੱਭੀਆਂ। ਸਪੱਸ਼ਟ ਹੋ ਗਿਆ ਕਿ ਤੈਰਨ ਨਾਲ ਸਭ ਤੋਂ ਤੇਜ਼ੀ ਨਾਲ ਭਾਰ ਘਟਦਾ ਹੈ ਤੇ ਖ਼ਾਸ ਕਰ ਢਿੱਡ ਦੁਆਲਿਓਂ!

**ਨੀਂਦਰ ਦੀ ਗੱਲ ਕਰੀਏ:**

ਇੱਕ ਖੋਜ ਵਿਚ ਉਨ੍ਹਾਂ ਬਜ਼ੁਰਗਾਂ ਨੂੰ ਸ਼ਾਮਲ ਕੀਤਾ ਗਿਆ ਜਿਨ੍ਹਾਂ ਨੂੰ ਨੀਂਦਰ ਨਾ ਆਉਣ ਦੀ ਬਿਮਾਰੀ ਸੀ। ਇਨ੍ਹਾਂ ਸਭ ਨੂੰ ਰੋਜ਼ ਸਿਰਫ਼ ਸਵਿਮਿੰਗ ਪੂਲ ਵਿਚ ਇਕ ਥਾਂ ਰੁਕ ਕੇ ਲਗਾਤਾਰ ਲੱਤਾਂ ਹਿਲਾਉਣ ਲਈ ਕਿਹਾ ਗਿਆ।



ਇਨ੍ਹਾਂ ਵਿਚੋਂ 90 ਫੀਸਦੀ ਨੂੰ ਸਿਰਫ਼ ਇੱਕ ਹਫ਼ਤੇ ਦੇ ਅੰਦਰ ਅੰਦਰ ਹੀ ਵਧੀਆ ਨੀਂਦਰ ਆਉਣੀ ਸ਼ੁਰੂ ਹੋ ਗਈ ਅਤੇ ਉਨ੍ਹਾਂ ਦੇ ਜੋੜਾਂ ਦੀ ਲਚਕ ਵੀ ਇੱਕ ਮਹੀਨੇ ਦੇ ਅੰਦਰ ਅੰਦਰ ਵਧੀ ਲੱਭੀ। ਇਨ੍ਹਾਂ ਵਿਚੋਂ ਕੁੱਝ ਤਾਂ ਤਿੰਨ ਮਹੀਨਿਆਂ ਦੇ ਬਾਅਦ ਸਾਈਕਲ ਵੀ ਚਲਾਉਣਾ ਸ਼ੁਰੂ ਹੋ ਗਏ।

ਢਹਿੰਦੀ ਕਲਾ ਅਤੇ ਭੁੱਲ ਜਾਣ ਦੀ ਬਿਮਾਰੀ ਵਾਲੇ ਲੋਕਾਂ ਵਿਚ ਵੀ 12 ਹਫ਼ਤਿਆਂ ਦੇ ਤੈਰਨ ਦੀ ਕਸਰਤ ਬਾਅਦ 60 ਫੀਸਦੀ ਫ਼ਾਇਦਾ ਹੋਇਆ ਲੱਭਿਆ।

ਇਸ ਖੋਜ ਤੋਂ ਬਾਅਦ ਤਾਇਵਾਨ ਦੇ ਨਿਊ ਤਾਇਪੇਈ ਸ਼ਹਿਰ ਵਿਚ ਢਹਿੰਦੀ ਕਲਾ ਦੇ 44 ਮਰੀਜ਼ਾਂ ਨੂੰ ਤੈਰਨ ਦੀ ਸਲਾਹ ਦਿੱਤੀ ਗਈ ਪਰ ਕੋਈ ਵੀ ਦਵਾਈ ਖਾਣ ਲਈ ਨਹੀਂ ਦਿੱਤੀ ਗਈ। ਇੱਕ ਹਫ਼ਤੇ ਦੇ ਅੰਦਰ-ਅੰਦਰ 36 ਮਰੀਜ਼ਾਂ ਦੀ ਢਹਿੰਦੀ ਕਲਾ ਵਿਚ 90 ਫੀਸਦੀ ਫ਼ਾਇਦਾ ਦਿਸਿਆ। ਬਾਕੀ 8 ਨੂੰ ਦਵਾਈ ਵੀ ਨਾਲੋ-ਨਾਲ ਦੇਣੀ ਪਈ।

ਜਦੋਂ ਗਰਭਵਤੀ ਚੂਹੀਆਂ ਨੂੰ ਖੋਜ ਦੌਰਾਨ ਤੈਰਨ ਲਈ ਲਾਇਆ ਗਿਆ ਤਾਂ ਪਤਾ ਲੱਗਿਆ ਕਿ ਗਰਭ ਅੰਦਰ ਪਲ ਰਹੇ ਬੱਚੇ ਦੇ ਦਿਮਾਗ਼ ਦੇ ਵਿਕਾਸ ਵਿਚ ਵਾਧਾ ਹੋ ਗਿਆ। ਇਸ ਤੋਂ ਬਾਅਦ ਜੰਮਣ ਸਮੇਂ ਆਕਸੀਜਨ ਦੀ ਕਮੀ ਨਾਲ ਨਵਜੰਮੇ ਦੇ ਦਿਮਾਗ਼ ਉੱਤੇ ਮਾੜੇ ਅਸਰ ਵੀ ਨਹੀਂ ਲੱਭੇ।

ਇਸ ਖੋਜ ਤੋਂ ਬਾਅਦ ਗਰਭਵਤੀ ਔਰਤਾਂ ਨੂੰ ਸਤਵੇਂ ਮਹੀਨੇ ਦੇ ਅਖ਼ੀਰ ਤੱਕ ਤੈਰਦੇ ਰਹਿਣ ਦੀ ਸਲਾਹ ਦਿੱਤੀ ਗਈ, ਖ਼ਾਸ ਕਰ ਜੇ ਕੋਈ ਹੋਰ ਨੁਕਸ ਨਹੀਂ ਸੀ। ਜਿਹੜੀਆਂ ਔਰਤਾਂ ਮੰਨੀਆਂ, ਉਨ੍ਹਾਂ ਦੇ ਬੱਚਿਆਂ ਵਿਚ ਵੀ ਫ਼ਾਇਦਾ ਹੋਇਆ ਲੱਭਿਆ, ਪਰ ਇਹ ਗਿਣਤੀ ਕਾਫ਼ੀ ਘੱਟ ਸੀ। ਇਸੇ ਲਈ ਇਸ ਵਿਸ਼ੇ ਉੱਤੇ ਹੋਰ ਖੋਜਾਂ ਕਰਨ ਦੀ ਸਲਾਹ ਦਿੱਤੀ ਗਈ ਹੈ। ਕਲੋਰੀਨ ਵਾਲੇ ਪੂਲ ਵਿਚ ਵੀ ਤੈਰਨ ਨਾਲ ਗਰਭਵਤੀ ਔਰਤਾਂ ਨੂੰ ਕੋਈ ਨੁਕਸਾਨ ਹੋਇਆ ਨਹੀਂ ਲੱਭਿਆ ਤੇ ਇਨ੍ਹਾਂ ਔਰਤਾਂ ਨੂੰ ਜੰਮਣ ਪੀੜਾਂ ਵੀ ਘੱਟ ਹੋਈਆਂ। ਇਨ੍ਹਾਂ ਔਰਤਾਂ ਦੇ ਬੱਚਿਆਂ ਵਿਚ ਦਿਲ ਦੇ ਜਮਾਂਦਰੂ ਰੋਗ ਘੱਟ ਲੱਭੇ ਅਤੇ ਬੱਚੇ ਵੀ ਪੂਰੇ ਵਕਤ ਉੱਤੇ ਜੰਮੇ, ਯਾਨੀ ਸਤਮਾਹੇ ਬੱਚੇ ਜੰਮਣ ਦਾ ਖ਼ਤਰਾ ਵੀ ਘਟ ਗਿਆ।

ਛੋਟੇ ਬੱਚਿਆਂ ਨੂੰ ਜੇ ਤੈਰਨਾ ਸਿਖਾ ਦਿੱਤਾ ਜਾਵੇ ਤਾਂ ਉਨ੍ਹਾਂ ਵਿਚ ਇਕਾਗਰਤਾ ਵਧਦੀ ਹੈ ਤੇ ਉਹ ਛੇਤੀ ਮੋਟਾਪੇ ਦਾ ਸ਼ਿਕਾਰ ਨਹੀਂ ਹੁੰਦੇ।

**ਤੈਰਨ ਦੇ ਖ਼ਤਰੇ:**

1. ਜੇ ਚੰਗੀ ਤਰ੍ਹਾਂ ਤੈਰਨਾ ਨਹੀਂ ਸਿੱਖਿਆ ਤਾਂ ਡੁੱਬਣ ਦਾ ਖ਼ਤਰਾ ਹੁੰਦਾ ਹੈ।
2. ਜੇ ਪਾਣੀ ਸਾਫ਼ ਨਾ ਹੋਵੇ ਤਾਂ ਕੀਟਾਣੂਆਂ ਦਾ ਹਮਲਾ ਹੋ ਸਕਦਾ ਹੈ।
3. ਤੈਰਨ ਤੋਂ ਪਹਿਲਾਂ ਪਾਣੀ ਜ਼ਰੂਰ ਪੀਣਾ ਚਾਹੀਦਾ ਹੈ ਕਿਉਂਕਿ ਲਗਾਤਾਰ ਕਸਰਤ ਨਾਲ ਪਾਣੀ ਦੀ ਕਮੀ ਹੋ ਸਕਦੀ ਹੈ ਜੋ ਪਾਣੀ ਅੰਦਰ ਤੈਰਦੇ ਰਹਿਣ ਸਦਕਾ ਮਹਿਸੂਸ ਨਹੀਂ ਹੁੰਦੀ। ਕੌਫ਼ੀ ਜਾਂ ਸ਼ਰਾਬ ਤੈਰਨ ਲੱਗਿਆਂ ਨਹੀਂ ਪੀਣੀ ਚਾਹੀਦੀ।
4. ਕਈਆਂ ਨੂੰ ਪਾਣੀ ਵਿਚਲੇ ਕਲੋਰੀਨ ਨਾਲ ਐਲਰਜੀ ਹੋ ਸਕਦੀ ਹੈ। ਇਸੇ ਲਈ ਤੈਰਨ ਬਾਅਦ ਚੰਗੀ ਤਰ੍ਹਾਂ ਸਾਫ਼ ਪਾਣੀ ਨਾਲ ਨਹਾਉਣ ਬਾਅਦ ਹਲਕੀ ਕਰੀਮ ਜ਼ਰੂਰ ਸਾਰੇ ਸਰੀਰ ਉੱਤੇ ਲਗਾ ਲੈਣੀ ਚਾਹੀਦੀ ਹੈ।
5. ਸਵੇਰ ਵੇਲੇ ਨਿਰਣੇ ਪੇਟ ਤੈਰਨ ਨਾਲ ਛੇਤੀ ਭਾਰ ਘਟਦਾ ਹੈ। ਸ਼ੱਕਰ ਰੋਗੀਆਂ ਦੀ ਸ਼ੱਕਰ ਦੀ ਮਾਤਰਾ ਇਸ ਕਸਰਤ ਨਾਲ ਲੋੜੋਂ ਵੱਧ ਘਟ ਸਕਦੀ ਹੈ।
6. ਸੋਰਾਇਸਿਸ ਬੀਮਾਰੀ ਵਾਲੇ ਕਲੋਰੀਨ ਵਾਲੇ ਪਾਣੀ ਵਿਚ ਨਾ ਹੀ ਤੈਰਨ ਤਾਂ ਠੀਕ ਰਹਿੰਦਾ ਹੈ।
7. ਜੇ ਸਵੇਰੇ 10 ਤੋਂ ਸ਼ਾਮ 4 ਵਜੇ ਵਿਚਕਾਰ ਤੈਰਨਾ ਹੋਵੇ ਤਾਂ ਸਨਸਕਰੀਨ ਐਸ.ਪੀ. ਐਫ਼. 15 ਵਾਲੀ ਕਰੀਮ ਚਮੜੀ ਉੱਤੇ ਮਲ ਕੇ ਤੈਰਨਾ ਚਾਹੀਦਾ ਹੈ।
8. ਮੂੰਹ ਜਾਂ ਨੱਕ ਰਾਹੀਂ ਪੂਲ ਦਾ ਪਾਣੀ ਅੰਦਰ ਨਹੀਂ ਲੰਘਾਉਣਾ ਚਾਹੀਦਾ।
9. ਜੇ ਖੁੱਲ੍ਹੇ ਜ਼ਖ਼ਮ ਹੋਣ, ਤਾਂ ਨਹੀਂ ਤੈਰਨਾ ਚਾਹੀਦਾ ਕਿਉਂਕਿ ਇਨ੍ਹਾਂ ਉੱਤੇ ਪਾਣੀ ਵਿਚਲੇ ਕੀਟਾਣੂੰ ਹਮਲਾ ਬੋਲ ਸਕਦੇ ਹਨ।
10. ਵਾਧੂ ਕਲੋਰੀਨ ਨਾਲ ਅੱਖਾਂ ਵਿਚ ਜਲਨ ਹੋ ਸਕਦੀ ਹੈ।
11. ਬਹੁਤ ਲੰਮੇ ਸਮੇਂ ਤਕ ਸਾਹ ਰੋਕ ਕੇ ਪਾਣੀ ਹੇਠਾਂ ਤੈਰਦੇ ਰਹਿਣਾ ਵੀ ਕਦੇ ਕਦੇ ਖ਼ਤਰਨਾਕ ਹੋ ਸਕਦਾ ਹੈ ਤੇ ਮੌਤ ਦਾ ਕਾਰਨ ਵੀ ਬਣ ਸਕਦਾ ਹੈ।
12. ਘੱਟ ਡੂੰਘਾਈ ਵਾਲੇ ਪੂਲ ਵਿਚ ਸਿਰ ਪਰਨੇ ਛਾਲ ਮਾਰਨ ਨਾਲ ਮੌਤ ਤੱਕ ਹੋ ਸਕਦੀ ਹੈ।
13. ਇਕਦਮ ਸਾਹ ਰੁਕ ਜਾਣ ਵਾਲੀ ਬਿਮਾਰੀ (ਬਰੈਥ ਹੋਲਡਿੰਗ ਸਪੈੱਲ) ਵਾਲਿਆਂ ਨੂੰ ਵੀ ਬਹੁਤ ਧਿਆਨ ਨਾਲ ਕਿਸੇ ਦੀ ਦੇਖ ਰੇਖ ਹੇਠਾਂ ਤੈਰਨਾ ਚਾਹੀਦਾ ਹੈ।

**ਸਾਰ:**

ਤੈਰਨਾ ਬਹੁਤ ਹੀ ਵਧੀਆ ਕਸਰਤ ਮੰਨੀ ਜਾ ਚੁੱਕੀ ਹੈ। ਗੱਲ ਸਿਰਫ਼ ਇਹ ਗੌਰ ਕਰਨਯੋਗ ਹੈ ਕਿ ਅੱਜ ਦੇ ਦਿਨ ਰਾਜਸਥਾਨ ਦੇ ਕੁੱਝ ਹਿੱਸਿਆਂ ਵਿਚ ਲੋਕ ਪੀਣ ਦੇ ਪਾਣੀ ਨੂੰ ਤਰਸ ਰਹੇ ਹਨ ਤੇ ਗੰਦਾ ਪਾਣੀ ਪੀਣ ਲਈ ਮਜਬੂਰ ਹਨ। ਅਸੀਂ ਵੀ ਪੰਜਾਬ ਵਿਚ ਧਰਤੀ ਹੇਠਲਾ ਪਾਣੀ ਤੇਜ਼ੀ ਨਾਲ ਮੁਕਾਉਣ ਵੱਲ ਵਧ ਰਹੇ ਹਾਂ। ਜੇ ਪੀਣ ਨੂੰ ਵੀ ਪਾਣੀ ਨਾ ਰਿਹਾ ਤਾਂ ਤੈਰਨ ਬਾਰੇ ਕੌਣ ਸੋਚੇਗਾ?

ਅੰਤ ਵਿਚ ਇਹੋ ਕਹਿਣਾ ਹੈ ਕਿ ਜੇ ਕਿਸੇ ਨੂੰ ਤੈਰਨ ਤੋਂ ਡਰ ਲੱਗਦਾ ਹੈ ਤਾਂ ਏਨਾ ਹੀ ਯਾਦ ਕਰ ਲਵੇ ਕਿ ਮਾਂ ਦੇ ਢਿੱਡ ਅੰਦਰ ਹਰ ਬੱਚੇ ਨੂੰ ਕੁਦਰਤ ਨੇ ਪਾਣੀ ਵਿਚ ਪੁੱਠਾ ਲਟਕ ਕੇ ਤੈਰਨਾ ਸਿਖਾਇਆ ਹੁੰਦਾ ਹੈ। ਸੋ ਹੁਣ ਕਿਹੜੀ ਗੱਲੋਂ ਡਰਨਾ? ਕਿਸੇ ਵੀ ਸਫ਼ਲ ਤੈਰਾਕ ਤੋਂ ਥੋੜ੍ਹਾ ਜਿਹਾ ਸਿੱਖ ਕੇ, ਕਿਸੇ ਵੀ ਉਮਰ ਵਿਚ ਤੈਰਿਆ ਜਾ ਸਕਦਾ ਹੈ।

## ਸ੍ਰੀ ਗੁਰੂ ਅਰਜਨ ਦੇਵ ਜੀ



ਜੂਨ ਦਾ ਮਹੀਨਾ ਗਰਮੀ ਸੀ ਕਹਿਰ ਦੀ।
ਮਘਦੀ ਸੀ ਧੁੱਪ ਸਿਰ 'ਤੇ ਦੁਪਹਿਰ ਦੀ।
ਤੱਤੀ ਤਵੀ ਉੱਤੇ ਗੁਰੂ ਸਾਹਿਬ ਬਹਿ ਗਏ।
ਜ਼ਾਲਮਾਂ ਦਾ ਹੋ ਜਾਏਗਾ ਨਾਸ਼ ਕਹਿ ਗਏ।

ਪਾ ਕੇ ਸ਼ਹੀਦੀ ਇਤਿਹਾਸ ਰਚ ਗਏ।
ਸੂਰਜ ਦੇ ਵਾਂਗ ਇਕ ਆਸ ਰਚ ਗਏ।
ਇਹੋ ਜਿਹਾ ਦੁਨੀਆਂ 'ਤੇ ਹੋਰ ਹੋਣਾ ਨਈਂ।
ਆਪਾ ਜ਼ਿੰਦਗਾਨੀ ਦਾ ਕਿਸੇ ਵੀ ਖੋਣਾ ਨਈਂ।

ਸਾਲ ਤਰਤਾਲੀ ਤੇ ਮਹੀਨਾ, ਸੋਲ੍ਹਾਂ ਦਿਨ।
ਸ਼ਹੀਦੀ ਨੂੰ ਉਹ ਦੇ ਗਏ, ਸਦੀਆਂ ਦੇ ਛਿਣ।
ਗੁਰੂ ਰਾਮ ਦਾਸ ਜੀ ਦੇ ਘਰ ਪੈਦਾ ਹੋਏ।
ਫਿਰ ਮਾਤਾ ਭਾਨੀ ਜੀ ਦੀ ਖ਼ੁਸ਼ੀ ਨਾ ਸਮੋਏ।

ਜਨਮ ਸਥਾਨ ਸੀਗਾ ਗੋਇੰਦਵਾਲ ਜੀ,
ਨੇਕੀ ਵਾਲੇ ਫੁੱਲਾਂ ਨਾਲ ਭਰੀ ਡਾਲ ਜੀ।
ਹੋਇਆ ਸੀ ਵਿਆਹ
ਮਾਤਾ ਗੰਗਾ ਨਾਲ ਜੀ।
ਪੈਦਾ ਹੋਏ ਫਿਰ ਹਰਿਗੋਬਿੰਦ ਲਾਲ ਜੀ,

ਅੰਮ੍ਰਿਤਸਰ ਪ੍ਰਚਾਰ ਦਾ ਸਥਾਨ ਸੋਹਣਾ ਸੀ।
ਵਾਤਾਵਰਨ ਕੁਦਰਤ ਦਾ ਮਨਮੋਹਣਾ ਸੀ।
ਅਨੇਕਾਂ ਹੀ ਭਾਸ਼ਾਵਾਂ ਦੇ ਗਿਆਤਾ ਹੋਏ ਨੇ।
ਗ੍ਰੰਥ ਦੀ ਸੰਪਾਦਨਾ ਦੇ ਦਾਤਾ ਹੋਏ ਨੇ।

ਚੌਦਾਂ ਸੌ ਤੀਹ ਪੰਨਿਆਂ ਨੂੰ ਸਿਰਜਿਆ।
ਸੱਚੇ ਸੁੱਚੇ ਕਵੀਆਂ ਨੂੰ ਮਾਣ ਬਖਸ਼ਿਆ।
ਭੱਟ, ਗੁਰਸਿੱਖ, ਭਗਤਾਂ ਦੀ ਬਾਣੀ ਹੈ।
ਗੁਰੂ ਜੀ ਦੀ ਬਾਣੀ ਇਸ 'ਚ ਲਾਸਾਨੀ ਹੈ।

ਜਾਤ ਪਾਤ ਰੰਗ ਰੂਪ ਨੂੰ ਤਿਆਗ ਕੇ।
ਇਨਸਾਨੀ ਕਦਰਾਂ ਤੇ ਕੀਮਤਾਂ ਪਿਆਰ ਕੇ।
ਗੁਰੂ ਜੀ ਦੇ ਦੋ ਸੌ ਸਤੱਤਰ ਸਲੋਕ ਨੇ।
ਚੰਨ ਅਤੇ ਤਾਰਿਆਂ ਦੇ ਵਾਂਗ ਬੋਲ ਨੇ।

ਉਨ੍ਹਾਂ ਦਾ ਸੀ ਯਾਰ ਮੀਆਂ ਮੀਰ ਬਾਲਮਾ।
ਉੱਚ ਕੋਟੀ ਵਾਲਾ ਸੀ ਫ਼ਕੀਰ 'ਬਾਲਮਾ'।
ਇਹੋ ਜਿਹੇ ਯਾਰਨੇ ਟਾਂਵੇਂ-ਟਾਂਵੇਂ 'ਬਾਲਮਾ'।
ਜਗਦੇ ਨੇ ਦੀਵੇ ਛਾਂਵੇਂ-ਛਾਂਵੇਂ 'ਬਾਲਮਾ'।
ਸੂਰਜ ਦਾ ਜਗਦਾ ਪੈਗਾਮ ਰਵੇਗਾ।
ਗੁਰੂ ਜੀ ਦਾ ਜੱਗ ਉੱਤੇ ਨਾਮ ਰਵੇਗਾ।

**-ਬਲਵਿੰਦਰ 'ਬਾਲਮ'**
**ਫੋਨ: 98156-25409**

## ਸਿੱਧੂ ਮੂਸੇਵਾਲਾ

ਪੁੱਤ ਜਿਨ੍ਹਾਂ ਦਾ ਮਰ ਗਿਆ,
ਡਾਢਾ ਉਨ੍ਹਾਂ ਦਾ ਦੁੱਖ।
ਜੀਉਂਦੇ ਜੀਅ ਰਹੂ ਵਿਲਕਦੀ,
ਜਨਮ ਦਿੱਤਾ ਜਿਸ ਕੁੱਖ।

ਨਿੱਕੇ ਜਿਹੇ ਆਪਣੇ ਪਿੰਡ ਦਾ,
ਨਾਮ ਗਿਆ ਚਮਕਾ।
ਪੈੜਾਂ ਜਿਹੜੀਆਂ ਪਾ ਗਿਆ,
ਨਾ ਹੋਰ ਸਕੂ ਕੋਈ ਪਾ।

ਨਾਲ ਟੌਹਰ ਦੇ ਜੀਊਣ ਦਾ,
ਰੱਖਦਾ ਸੀ ਉਹ ਸ਼ੌਕ।
ਜਿੰਨਾ ਵੀ ਉਹ ਜੀ ਲਿਆ,
ਜੀ ਲਿਆ ਹੋ ਕੇ ਬੇਖੌਫ਼।

ਕਲਮ ਸੀ ਉਹਦੀ ਲਿਖਦੀ,
ਮਿੱਤਰੋ ਸੱਚੋ ਸੱਚ।
ਲਿਖਿਆ ਜਦੋਂ ਸੀ ਗਾਂਵਦਾ,
ਪਾ ਦਿੰਦਾ ਧਮੱਚ।

ਬਹੁਤੇ ਦਿਲੋਂ ਸੀ ਚਾਹਵਦੇ,
ਕੁੱਝ ਕੁ ਖਾਂਦੇ ਸੀ ਖਾਰ।
ਦਿਲ ਦਾ ਸਾਫ਼ ਸਪੱਸ਼ਟ ਸੀ,
ਸਭ 'ਤੇ ਕਰਦਾ ਇਤਬਾਰ।

ਮਿਹਨਤ ਦੇ ਵਿਚ ਰੱਖਦਾ,
ਉਹ ਸੀ ਸਦਾ ਯਕੀਨ।
ਰੱਬ ਸੀ ਉਸਨੂੰ ਬਖਸ਼ਤੀ,
ਬੁੱਧੀ ਬਹੁਤ ਮਹੀਨ।

ਸ਼ਰਮ ਕਰੋ ਕੁੱਝ ਲੀਡਰੋ,
ਤੁਸੀਂ ਲਵੋ ਪੰਜਾਬ ਬਚਾਅ।
ਨਸ਼ਿਆਂ ਨੇ ਕੁੱਝ ਖਾ ਲਿਆ,
ਕੁੱਝ ਗੈਂਗਸਟਰ ਰਹੇ ਨੇ ਖਾ।

'ਸਿੱਧੂ' ਜਿਨ੍ਹਾਂ ਨੇ ਮਾਰਿਆ,
ਘਨਘੋਰ ਕੀਤਾ ਏ ਪਾਪ।
ਘਰੇ ਉਨ੍ਹਾਂ ਦੇ 'ਨਾਗਰਾ',
ਪੈ ਜਾਊ ਛੇਤੀ ਵਿਰਲਾਪ।

*-ਜਸਪਾਲ ਸਿੰਘ ਨਾਗਰਾ*
*'ਮਹਿੰਦਪੁਰੀ'*
*ਯੂਬਾ ਸਿਟੀ, ਕੈਲੀਫੋਰਨੀਆ*
*ਫੋਨ: +13604481989*

---

## ਨੀਵੇਂ ਕਿਰਦਾਰ

ਭਗਤ ਪੀਰ ਅਵਤਾਰ,
ਸਾਰੇ ਸ਼ਰਮਸਾਰ ਹੋ ਗਏ
ਅੱਜ-ਕੱਲ੍ਹ ਇਨਸਾਨਾਂ ਦੇ,
ਨੀਵੇਂ ਕਿਰਦਾਰ ਹੋ ਗਏ।

ਹਵਾਵਾਂ, ਪਾਣੀਆਂ, ਰੁੱਖਾਂ ਪ੍ਰਤੀ,
ਬੇਰੁਖੀਆਂ ਏਹ
ਆਫ਼ਤਾਂ ਦੇ ਜਰਨੈਲ ਏਹ,
ਇਕਮੁੱਠ ਯਾਰ ਹੋ ਗਏ।

ਪੈਸਾ ਪੈਸਾ ਪੈਸਾ,
ਬਸ ਜਪਦੇ ਪੈਸਾ ਪੈਸਾ
ਪੈਸੇ ਪਿੱਛੇ ਨੱਚਦੇ,
ਸਭ ਨਚਾਰ ਹੋ ਗਏ।

ਝੁਲਸਾ ਝੁਲਸਾ ਕੇ ਏਹਨਾਂ,
ਪਹਿਲਾਂ ਪਰਿੰਦੇ ਮਾਰੇ
ਹੁਣ ਹਤਿਆਰੇ ਬੱਚਿਆਂ ਦੇ,
ਗੁਨਾਹਗਾਰ ਹੋ ਗਏ।

ਮਾਰਦੇ ਰਹੇ ਪਹਿਲਾਂ ਕੁੱਖੀਂ,
ਸਾੜਦੇ ਸ਼ਰ੍ਹੇਆਮ ਹੁਣ
ਪ੍ਰਤੱਖ ਸ਼ੈਤਾਨਾਂ ਦੇ ਹੁਣ ਤਾਂ,
ਦੀਦਾਰ ਹੋ ਗਏ।

ਪੰਜਾਬ ਦੀ ਧਰਤੀ ਨੂੰ ਕਿਹਦਾ,
ਸਰਾਪ ਹੈ ਲੱਗਿਆ
ਅਕਲੋਂ ਵਾਂਝੇ ਕਿਉਂ ਸਾਡੇ,
ਸਰਦਾਰ ਹੋ ਗਏ।

ਬੋਦਲਾਂ ਦੇ ਸੁੱਖਵਿੰਦਰਾ,
ਬਣੇ ਕੁਦਰਤ ਦੇ ਵੈਰੀ
ਆਪਣੀਆਂ ਹੀ ਅਰਥੀਆਂ 'ਤੇ,
ਸਵਾਰ ਹੋ ਗਏ।

*-ਸੁੱਖਵਿੰਦਰ ਬੋਦਲਾਂਵਾਲਾ*
*360-281-2624*

*ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਅਦਾਕਾਰ ਬਲਰਾਜ ਸਾਹਨੀ (1 ਮਈ 1913-13 ਅਪਰੈਲ 1973) ਲਿਖਾਰੀ ਵੀ ਸੀ। ਉਸ ਨੇ ਆਪਣੇ ਫਿਲਮੀ ਰੁਝੇਵਿਆਂ ਵਿਚੋਂ ਲਿਖਣ ਲਈ ਸਮਾਂ ਕੱਢਿਆ ਅਤੇ ਪੰਜਾਬੀ ਸਾਹਿਤ ਜਗਤ ਦੀ ਝੋਲੀ ਵਾਰਤਕ ਦੀਆਂ ਕਈ ਕਿਤਾਬਾਂ ਪਾਈਆਂ। ਅਦਾਕਾਰੀ ਦੀ ਦੁਨੀਆ ਵਿਚ ਆਉਣ ਤੋਂ ਪਹਿਲਾਂ ਉਹ ਸ਼ਾਂਤੀ ਨਿਕੇਤਨ ਵਿਚ ਅੰਗਰੇਜ਼ੀ ਪੜ੍ਹਾਉਂਦਾ ਹੁੰਦਾ ਸੀ। ਇਥੇ ਹੀ ਉਸ ਨੂੰ ਰਾਬਿੰਦਰਨਾਥ ਟੈਗੋਰ ਤੋਂ ਸਬਕ ਮਿਲਿਆ ਕਿ ਕੋਈ ਵੀ ਬੰਦਾ ਆਪਣੀ ਮਾਂ-ਬੋਲੀ ਵਿਚ ਹੀ ਆਪਣੇ ਵਿਚਾਰ ਆਹਲਾ ਢੰਗ ਨਾਲ ਪ੍ਰਗਟ ਕਰ ਸਕਦਾ ਹੈ। ਅਸੀਂ ਆਪਣੇ ਪਾਠਕਾਂ ਨਾਲ ਉਸ ਦੀ ਲੰਮੀ ਅਤੇ ਦਿਲਚਸਪ ਲਿਖਤ 'ਮੇਰੀ ਫਿਲਮੀ ਆਤਮ-ਕਥਾ' ਸਾਂਝੀ ਕੀਤੀ ਹੈ। ਇਹ ਇਸ ਲਿਖਤ ਦੀ ਆਖਰੀ ਕਿਸ਼ਤ ਹੈ।*

# 1947: ਦਮੋ ਦੀ ਅਲਵਿਦਾ ਤੇ ਪੰਜਾਬ ਦੀ ਵੱਢ-ਟੁੱਕ



ਬਲਰਾਜ ਪਤਨੀ ਸੰਤੋਸ਼, ਪਰੀਕਸ਼ਿਤ, ਧੀਆਂ ਸ਼ਬਨਮ ਤੇ ਸਨੋਬਰ ਨਾਲ।





ਸ੍ਰੀ ਸਾਊਂਡ ਸਟੂਡੀਓ ਵਿਚ 'ਧਰਤੀ ਕੇ ਲਾਲ' ਤੋਂ ਬਾਅਦ ਸਾਡੀ 'ਗੁੜੀਆ' ਨਾਂ ਦੀ ਪਿਕਚਰ ਬਣੀ। ਉਸ ਦੇ ਨਿਰਮਾਤਾ ਰਜਨੀ ਕਾਂਤ ਪਾਂਡੇ ਆਪ ਸਨ, ਤੇ ਨਿਰਦੇਸ਼ਕ ਅਚਯੁਤ ਰਾਓ ਰਾਨਾਡੇ ਜਿਨ੍ਹਾਂ ਮਗਰੋਂ ਫਿਲਮਾਂ ਤਿਆਗ ਕੇ ਰਿਹਾ-ਸ਼ੁਦਾ ਕੈਦੀਆਂ ਨੂੰ ਵਸਾਉਣ ਦੇ ਕੰਮ ਵਿਚ ਆਪਣਾ ਜੀਵਨ ਅਰਪਣ ਕਰ ਦਿੱਤਾ। ਉਹ ਬੜੇ ਉਚੇ ਦਰਜੇ ਦੇ ਵਿਦਵਾਨ ਤੇ ਇਖਲਾਕ ਵਾਲੇ ਆਦਮੀ ਸਨ। 'ਗੁੜੀਆ' ਦਾ ਕਥਾਨਕ ਉਹਨਾਂ ਇਬਸਨ ਦੇ ਮਸ਼ਹੂਰ ਡਰਾਮੇ 'ਡਾਲਸ ਹਾਊਸ' ਦੇ ਆਧਾਰ 'ਤੇ ਤਿਆਰ ਕੀਤਾ ਸੀ। ਦਮੋ ਤੇ ਮੈਂ ਉਸ ਵਿਚ ਮੁੱਖ ਪਾਤਰ ਖੇਡ ਰਹੇ ਸਾਂ।

ਇਕ ਦਿਨ ਇਕ ਗੀਤ ਫਿਲਮਾਇਆ ਜਾ ਰਿਹਾ ਸੀ। ਦਮੋ ਬਗੀਚੇ ਵਿਚ ਬੈਠ ਕੇ ਗਾਉਂਦੀ ਹੈ:

"ਆਜ ਮੇਰੇ ਮਨ ਮੇਂ ਚਾਂਦਨੀ ਸਮਾ ਗਈ।"

ਅਤੇ ਮੈਂ ਕੋਲ ਬਹਿ ਕੇ ਸੁਣਦਾ ਹਾਂ।

ਸ਼ਾਟ ਦੀ ਲਾਈਟਿੰਗ ਹੋ ਰਹੀ ਸੀ। ਥੋੜ੍ਹੀ ਦੇਰ ਬਾਹਰ ਹਵਾ ਵਿਚ ਖਲੋਣ ਲਈ ਅਸੀਂ ਨਿਕਲ ਆਏ - ਰਜਨੀ ਕਾਂਤ, ਦਮੋ ਤੇ ਮੈਂ। ਉਸੇ ਵੇਲੇ ਇਕ ਵੱਡੀ ਸਾਰੀ ਮੋਟਰ ਆ ਕੇ ਰੁਕੀ ਜਿਸ ਵਿਚੋਂ ਇਕ ਆਦਮੀ ਨੇ ਸਹਾਰਾ ਦੇ ਕੇ ਕੇ.ਐਲ. ਸਹਿਗਲ ਨੂੰ ਉਤਾਰਿਆ। ਕੀ ਇਹ ਉਹੀ ਸਹਿਗਲ ਸੀ ਜਿਸ ਨੂੰ ਅਸਾਂ ਛੇ ਸਾਲ ਪਹਿਲਾਂ ਕਲਕੱਤੇ 'ਪਰੈਜ਼ੀਡੈਂਟ' ਫਿਲਮ ਦੇ ਸੈੱਟ 'ਤੇ ਠਠੋਲੀਆਂ ਕਰਦੇ ਵੇਖਿਆ ਸੀ? ਅੱਖਾਂ ਨੂੰ ਯਕੀਨ ਨਹੀਂ ਸੀ ਆ ਰਿਹਾ। ਸਹਿਗਲ ਦੇ ਸਾਰੇ ਵਾਲ ਚਿੱਟੇ ਹੋ ਚੁੱਕੇ ਸਨ। ਅੱਖਾਂ ਉਤੇ ਕਾਲੀ ਐਨਕ ਚਾੜ੍ਹੀ ਹੋਈ ਸੀ ਪਰ ਇੰਜ ਲਗਦਾ ਸੀ ਜਿਵੇਂ ਨਜ਼ਰ ਜਵਾਬ ਦੇ ਚੁੱਕੀ ਹੈ। ਚਿੱਟੇ ਮਲਮਲ ਦੇ ਕੁੜਤੇ ਤੇ ਚੂੜੀਦਾਰ ਪਜਾਮੇ ਵਿਚੋਂ ਉਸ ਦਾ ਪਿੰਜਰ ਹੋਰ ਵੀ ਉਘੜਿਆ ਹੋਇਆ ਸੀ। ਇੰਜ ਲੜਖੜਾ ਰਿਹਾ ਸੀ ਜਿਵੇਂ ਕੁਝ ਦਿਨਾਂ ਦਾ ਮਹਿਮਾਨ ਹੋਵੇ। ਅਜੇ ਤਾਂ ਉਸ ਦੀ ਜਵਾਨੀ ਦਾ ਸਿਖਰ ਦੁਪਹਿਰਾ ਸੀ। ਇਹ ਕੀ ਹੋ ਗਿਆ ਉਹਨੂੰ? ਕਿਹੜਾ ਰੋਗ ਖਾ ਗਿਆ ਉਹਨੂੰ ਅੰਦਰ-ਅੰਦਰ? ਕਿਹੜਾ ਰਾਖਸ਼ ਨਿਗਲ ਗਿਆ ਉਸ ਦੀਆਂ ਰੌਣਕਾਂ ਨੂੰ?

## ਆਖਰੀ ਕਿਸ਼ਤ

ਸਹਿਗਲ ਨੂੰ ਬਾਹੋਂ ਫੜ ਕੇ ਉਹ ਵਿਅਕਤੀ ਸਾਡੇ ਕੋਲ ਲੈ ਆਇਆ। ਅਸਾਂ ਵੀ ਅਗੇ ਵਧ ਕੇ ਸੁਆਗਤ ਕੀਤਾ।



ਬਲਰਾਜ ਸਾਹਨੀ ਆਪਣੀ ਪਤਨੀ ਦਮਯੰਤੀ ਨਾਲ।

"ਸਹਿਗਲ ਸਾਹਬ, ਹੁਣ ਕੈਸੀ ਤਬੀਅਤ ਹੈ ਆਪ ਦੀ?" ਰਜਨੀ ਕਾਂਤ ਨੇ ਅੰਗਰੇਜ਼ੀ ਵਿਚ ਕਿਹਾ ਪਰ ਸਹਿਗਲ ਨੂੰ ਜਿਵੇਂ ਕੁਝ ਸੁਣਾਈ ਨਹੀਂ ਦਿੱਤਾ। ਰਜਨੀ ਕਾਂਤ ਨੇ ਮੌਕੇ ਨੂੰ ਸਾਂਭਦਿਆਂ ਉਚੇਰੀ ਆਵਾਜ਼ ਵਿਚ ਕਿਹਾ, "ਆਓ, ਤੁਹਾਡਾ ਦਮਯੰਤੀ ਸਾਹਨੀ ਨਾਲ ਤੁਆਰਫ ਕਰਾਵਾਂ ਜਿਸ ਨੇ ਇੰਡਸਟਰੀ ਵਿਚ ਪੈਰ ਰੱਖਦਿਆਂ ਹੀ ਇਤਨੀ ਸ਼ੁਹਰਤ ਹਾਸਲ ਕਰ ਲਈ ਹੈ। ਅਜ ਉਹ ਇਕ ਗੀਤ ਫਿਲਮਾ ਰਹੀ ਹੈ।"

"ਗੀਤ?" ਸਹਿਗਲ ਝਟ ਚੌਂਕ ਪਿਆ। ਉਸ ਦਾ ਮੂੰਹ ਉਤਾਂਹ ਚੁੱਕਿਆ ਗਿਆ ਜਿਵੇਂ ਦੂਰੋਂ ਉਸ ਨੂੰ ਕਿਸੇ ਬੁਲਾਇਆ ਹੋਵੇ, ਜਾਂ ਯਾਦ ਵਿਚੋਂ ਕਿਸੇ ਗੀਤ ਦੇ ਬੋਲ ਮੁੜ ਆਏ ਹੋਣ। ਕਾਫੀ ਚਿਰ ਉਹ ਉਵੇਂ ਹੀ ਖੜ੍ਹਾ ਰਿਹਾ ਜਿਵੇਂ ਹੌਲੀ-ਹੌਲੀ ਉਸ ਦਾ ਮਨ ਸਾਡੇ ਵੱਲ ਵਾਪਸ ਆਉਣ ਦੀ ਕੋਸ਼ਿਸ਼ ਕਰ ਰਿਹਾ ਹੋਵੇ। ਉਸ ਦੇ ਚਿਹਰੇ ਉਤੇ ਇਕ ਮੁਸਕਣੀ ਫੁੱਟੀ। ਉਹਨੇ ਦਮੋ ਨੂੰ ਆਪਣੇ ਕੋਲ ਖਿੱਚ ਲਿਆ, ਤੇ ਪਿਆਰ ਨਾਲ ਉਸ ਦੇ ਸਿਰ 'ਤੇ ਹੱਥ ਫੇਰਨ ਲੱਗ ਪਿਆ। ਫੇਰ ਅੰਗਰੇਜ਼ੀ ਵਿਚ ਕਿਹਾ, "ਏ ਸਾਂਗ? ਗੋ ਐਂਡ ਸਿੰਗ ਮਾਈ ਡੀਅਰ ਚਾਈਲਡ, ਦੇਅਰਾ ਇਜ਼ ਨਥਿੰਗ ਇਨ ਦਿਸ ਵਰਡ ਲਾਈਕ ਏ ਸਾਂਗ!" (ਗੀਤ? ਜਾ, ਗਾ ਮੇਰੀ ਬੱਚੀ, ਇਸ ਦੁਨੀਆ ਵਿਚ ਗੀਤ ਜਿਹੀ ਹੋਰ ਕੋਈ ਚੀਜ਼ ਨਹੀਂ!)

ਦਮੋ ਦੀਆਂ ਅੱਖਾਂ ਵਿਚੋਂ ਹੰਝੂ ਫੁੱਟ ਪਏ, ਤੇ ਜਜ਼ਬਾਤ ਬੇਕਾਬੂ ਹੋਣ ਤੋਂ ਪਹਿਲਾਂ ਉਹ ਸਟੂਡੀਓ ਅੰਦਰ ਨੱਠ ਗਈ।

ਉਸ ਦਿਨ ਕਿਤਨਾ ਚਿਰ ਉਸ ਤੋਂ ਕੰਮ ਨਾ ਹੋ ਸਕਿਆ। ਅਨਗਿਣਤ ਲੋਕਾਂ ਵਾਂਗ ਉਸ ਦੇ ਭਾਵੁਕ ਜੀਵਨ ਦੀ ਨਸ-ਨਾੜੀ ਵਿਚ ਵੀ ਸਹਿਗਲ ਸਮਾਇਆ ਹੋਇਆ ਸੀ। ਉਹ ਰੋਂਦੀ ਜਾਂਦੀ ਤੇ ਮੁੜ-ਮੁੜ ਕਹਿੰਦੀ, "ਬਲਰਾਜ, ਕੀ ਸਹਿਗਲ ਮਰ ਜਾਏਗਾ? ਕੀ ਉਹਨੂੰ ਬਚਾਉਣ ਦਾ ਕੋਈ ਉਪਾਅ ਨਹੀਂ ਹੋ ਸਕਦਾ? ਕੀ ਅਸੀਂ ਸੋਚ ਵੀ ਸਕਦੇ ਹਾਂ ਕਿ ਇਕ ਦਿਨ ਦੁਨੀਆ ਵਿਚ ਸਹਿਗਲ ਨਹੀਂ ਹੋਵੇਗਾ?"

ਤੇ ਕਿਤਾਬ ਦਾ ਸਫਾ ਪਰਤਣ ਜਿਤਨੀ ਦੇਰ ਪਿੱਛੋਂ ਨਾ ਦੁਨੀਆ ਵਿਚ ਸਹਿਗਲ ਸੀ, ਨਾ ਦਮੋ। ਦੋਵੇਂ ਆਪਣਾ-ਆਪਣਾ ਪਿੰਜਰਾ ਲੈ ਕੇ ਉੱਡ ਗਏ ਸਨ; ਤੇ ਮੈਂ ਉਹਨਾਂ ਤੋਂ ਖਾਲੀ ਦੁਨੀਆ ਦੀ ਕਲਪਨਾ ਹੀ ਨਹੀਂ ਸਾਂ ਕਰ ਰਿਹਾ, ਉਸ ਵਿਚ ਸਾਹ ਲੈ ਰਿਹਾ ਸਾਂ, ਉਸ ਦੀਆਂ ਕੌੜੀਆਂ ਛੋਹਾਂ ਨਾਲ ਟਕਰਾ ਰਿਹਾ ਸਾਂ।

27 ਅਪਰੈਲ 1947 ਨੂੰ ਦਮੋ ਦੀ ਮ੍ਰਿਤੂ ਹੋਈ। 15 ਅਗਸਤ 1947 ਨੂੰ ਪੰਜਾਬ ਟੁੱਕਿਆ ਗਿਆ। ਸਾਡਾ ਸਾਰਾ ਪਰਿਵਾਰ ਪਿੰਡੀਓਂ ਉੱਜੜ ਕੇ ਥਾਂ-ਥਾਂ ਬਿਖਰ ਗਿਆ। ਮੇਰਾ ਤਾਸ਼ ਦਾ ਘਰ ਢਹਿ ਕੇ ਢੇਰੀ ਹੋ ਗਿਆ। ***(ਸਮਾਪਤ)***

**ਮੇਰੀ ਫਿਲਮੀ ਆਤਮ-ਕਥਾ**



**ਬਲਰਾਜ ਸਾਹਨੀ**



ਬਲਰਾਜ ਸਾਹਨੀ ਆਪਣੀ ਦੂਜੀ ਪਤਨੀ ਸੰਤੋਸ਼ ਸਾਹਨੀ ਨਾਲ।



ਬਲਰਾਜ ਸਾਹਨੀ ਆਪਣੇ ਪੁੱਤਰ ਪਰੀਕਸ਼ਿਤ ਸਾਹਨੀ ਨਾਲ।







ਤਿੰਨ ਵੱਖ-ਵੱਖ ਫਿਲਮਾਂ ਵਿਚ ਅਦਾਕਾਰ ਬਲਰਾਜ ਸਾਹਨੀ।

# ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ, ਸ਼ਿਕਾਗੋ

ਤੇਰਾ ਕੀਤਾ ਮੀਠਾ ਲਾਗੈ॥ ਹਰਿ ਨਾਮੁ ਪਦਾਰਥ ਨਾਨਕ ਮਾਂਗੈ॥



## ਸ਼ਹੀਦਾਂ ਦੇ ਸਿਰਤਾਜ, ਬਾਣੀ ਦੇ ਬੋਹਿਥ, ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ ਅਤੇ ਜੂਨ 1984 ਨੂੰ ਸ਼ਹੀਦ ਹੋਏ ਸਮੂਹ ਸ਼ਹੀਦਾਂ ਦੀ ਸ਼ਹਾਦਤ ਨੂੰ ਸਿਜਦਾ



ਅੰਮ੍ਰਿਤਪਾਲ ਸੰਘਾ (ਪ੍ਰਧਾਨ)

### ਕਲੱਬ ਮੈਂਬਰ



ਲਖਵੀਰ ਸਿੰਘ ਸਹੋਤਾ (ਮੀਤ ਪ੍ਰਧਾਨ)



ਹਰਵਿੰਦਰ ਸਿੰਘ ਬਿੱਲਾ



ਜਸਕਰਨ ਸਿੰਘ ਧਾਲੀਵਾਲ




ਗੁਰਮੀਤ ਸਿੰਘ ਭੋਲਾ



ਯਾਦਵਿੰਦਰ ਸਿੰਘ ਗਰੇਵਾਲ



ਲਵਦੀਪ ਸਿੰਘ ਦੁੱਲਤ




ਹੈਪੀ ਸਿੰਘ ਹੀਰ




ਡਾ. ਹਰਜਿੰਦਰ ਸਿੰਘ ਖਹਿਰਾ




ਹਰਦੀਪ ਗਿੱਲ



ਜਿੰਦੀ ਦਿਆਲ



ਨਰਿੰਦਰ ਸਰਾਂ



ਮਿੱਢਾ ਮਾਹਲਪੁਰੀਆ

## ਹੋਰ ਜਾਣਕਾਰੀ ਲਈ ਸੰਪਰਕ ਕਰੋ:

ਅੰਮ੍ਰਿਤਪਾਲ ਸਿੰਘ ਸੰਘਾ, ਫੋਨ: 630-673-9000
ਜਿੰਦੀ ਦਿਆਲ, ਫੋਨ: 214-457-1808
ਹੈਪੀ ਹੀਰ, ਫੋਨ: 630-398-7052
ਲਵਦੀਪ ਦੁੱਲਤ, ਫੋਨ: 224-425-0705
ਜਸਕਰਨ ਸਿੰਘ ਧਾਲੀਵਾਲ, ਫੋਨ: 630-290-7993
ਗੁਰਮੀਤ ਸਿੰਘ ਭੋਲਾ, ਫੋਨ: 773-406-2131
ਨਰਿੰਦਰ ਸਰਾਂ, ਫੋਨ: 630-205-9264
ਹਰਵਿੰਦਰ ਸਿੰਘ, ਫੋਨ: 708-228-8520
ਲਖਵੀਰ ਸਹੋਤਾ, ਫੋਨ: 847-489-7773
ਹਰਦੀਪ ਗਿੱਲ, ਫੋਨ: 847-226-2515
ਜਸਪਾਲ ਮਿੱਢਾ, ਫੋਨ: 224-578-5885
ਯਾਦਵਿੰਦਰ ਸਿੰਘ ਗਰੇਵਾਲ, ਫੋਨ: 773-627-9113
ਡਾ. ਹਰਜਿੰਦਰ ਸਿੰਘ ਖਹਿਰਾ, ਫੋਨ: 630-479-0031